










Twelfth Year in Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 39, September 24, 2011 | 20451 N Plum Grove Rd. Palatine, IL 60074 | Ph:847-359-0746, Fax:847-705-9388




*ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਸਟੇਜ 'ਤੇ ਬੈਠੇ ਪ੍ਰਕਾਸ਼ ਸਿੰਘ ਬਾਦਲ*

## ਮੋਦੀ ਦੀ ਪਿੱਠ ਥਾਪੜ ਕੇ ਬਾਦਲ ਕਸੂਤੇ ਫਸੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵੱਲੋਂ ਰੱਖੇ ਵਰਤ ਵਿਚ ਸ਼ਿਰਕਤ ਕਰਕੇ ਕਸੂਤੇ ਫਸ ਗਏ ਹਨ। ਉਨ੍ਹਾਂ ਨੂੰ ਵਿਰੋਧੀ ਧੜਿਆਂ ਦੇ ਤਿੱਖੇ ਸਾਵਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਵੱਲੋਂ ਇਹ ਸਟੰਟ ਸਾਲ 2002 ਦੇ ਦੰਗਿਆਂ ਦੇ ਦਾਗ਼ ਧੋਣ ਦੀ ਕੋਸ਼ਿਸ਼ ਤਹਿਤ 'ਅਮਨ ਤੇ ਭਾਈਚਾਰਕ ਸਾਂਝ' ਦਾ ਸੁਨੇਹਾ ਦੇਣ ਲਈ ਤਿੰਨ ਰੋਜ਼ਾ ਵਰਤ ਰੱਖ ਕੇ ਕੀਤਾ ਗਿਆ ਸੀ। ਸ. ਬਾਦਲ ਸ਼੍ਰੋਮਣੀ ਕਮੇਟੀ ਚੋਣਾਂ ਦਾ ਸਿਖਰ 'ਤੇ ਪੁੱਜਾ ਪ੍ਰਚਾਰ ਵਿਚਾਲੇ ਹੀ ਛੱਡ ਕੇ ਸ੍ਰੀ ਮੋਦੀ ਦੀ ਹਮਾਇਤ ਲਈ ਗੁਜਰਾਤ ਜਾ ਪੁੱਜੇ। ਸ੍ਰੀ ਮੋਦੀ ਨੇ ਇਸ 'ਸਦਭਾਵਨਾ ਵਰਤ' ਮੌਕੇ ਵੀ ਰਾਜ ਵਿਚ ਗੋਧਰਾ ਕਾਂਡ ਤੋਂ ਬਾਅਦ ਹੋਏ ਦੰਗਿਆਂ 'ਤੇ ਕੋਈ ਅਫ਼ਸੋਸ ਜ਼ਾਹਰ ਨਹੀਂ ਕੀਤਾ।

ਸੁਪਰੀਮ ਕੋਰਟ ਵੱਲੋਂ ਅਹਿਸਾਨ ਜ਼ਾਫ਼ਰੀ ਕਤਲ ਕੇਸ ਵਿਚ ਆਪਣੇ ਖ਼ਿਲਾਫ਼ ਕੋਈ ਟਿੱਪਣੀ ਨਾ ਕੀਤੇ ਜਾਣ ਅਤੇ ਅਮਰੀਕੀ ਕਾਂਗਰਸ ਦੀ ਰਿਪੋਰਟ ਵਿਚ ਤਾਰੀਫ਼ ਹੋਣ ਤੋਂ ਉਤਸ਼ਾਹ ਵਿਚ ਆਏ ਸ੍ਰੀ ਮੋਦੀ ਨੇ ਗੁਜਰਾਤ ਯੂਨੀਵਰਸਿਟੀ ਦੇ ਏਅਰਕੰਡੀਸ਼ਨਡ ਕਨਵੈਨਸ਼ਨ ਹਾਲ ਵਿਚ ਆਪਣਾ

*(ਬਾਕੀ ਸਫਾ 7 'ਤੇ)*

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਾਦਲਾਂ ਦਾ ਗੜ੍ਹ ਬਰਕਰਾਰ

## *157 ਸੀਟਾਂ 'ਤੇ ਕਾਬਜ਼, ਜਿੱਤ ਲਈ ਤਾਕਤ ਦੀ ਖੁੱਲ੍ਹ ਕੇ ਵਰਤੋਂ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਮੇ ਸਮੇਂ ਤੋਂ ਸਿੱਖਾਂ ਦੀ ਅਹਿਮ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਕਿਲਾ ਇਸ ਵਾਰ ਸਾਰੀਆਂ ਪੰਥਕ ਧਿਰਾਂ ਮਿਲ ਕੇ ਵੀ ਨਹੀਂ ਤੋੜ ਸਕੀਆਂ। 18 ਸਤੰਬਰ ਨੂੰ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬ) ਕੁੱਲ 170 ਸੀਟਾਂ ਵਿਚੋਂ 157 ਜਿੱਤ ਲਈਆਂ ਹਨ ਜਦਕਿ 13 ਸੀਟਾਂ 'ਤੇ ਪੰਥਕ ਮੋਰਚੇ ਜਾਂ ਅਕਾਲੀ ਦਲ ਦੇ ਬਾਗ਼ੀ ਉਮੀਦਵਾਰ ਜੇਤੂ ਰਹੇ ਹਨ।



*ਵੋਟਾਂ ਦੌਰਾਨ ਹੋਈ ਲੜਾਈ ਵਿਚ ਜ਼ਖਮੀ ਹੋਇਆ ਵਿਅਕਤੀ ਅੰਮ੍ਰਿਤਸਰ ਦੇ ਹਸਪਤਾਲ ਵਿਚ ਜ਼ੇਰੇ-ਇਲਾਜ*

ਅਤੇ ਸੰਤ ਸਮਾਜ ਦੇ ਉਮੀਦਵਾਰਾਂ ਨੇ ਹੂੰਝਾ ਫੇਰੂ ਜਿੱਤ ਦਰਜ ਕੀਤੀ ਹੈ ਪਰ ਨਾਲ ਹੀ ਇਸ ਜਿੱਤ ਲਈ ਹਕੂਮਤ ਦੀ ਤਾਕਤ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਅਕਾਲੀ ਦਲ ਅਤੇ ਸੰਤ ਸਮਾਜ ਗਠਜੋੜ ਨੇ

ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਬਾਵਜੂਦ ਪਤਿਤ ਸਿੱਖਾਂ ਵੱਲੋਂ ਧੜਾਧੜ ਵੋਟਾਂ ਪਾਈਆਂ ਗਈਆਂ ਜਿਸ ਦਾ ਮੀਡੀਆ 'ਚ ਖੁਲਾਸਾ ਹੋਣ ਤੋਂ

*(ਬਾਕੀ ਸਫਾ 6 'ਤੇ)*

## ਪੰਜਾਬ ਟਾਈਮਜ਼ ਨਾਲ ਮਾਨ ਮਨਦੀਪ ਦਾ ਸਬੰਧ ਨਹੀਂ

ਪੰਜਾਬ ਟਾਈਮਜ਼ ਦੇ ਬੇਕਰਜ਼ਫੀਲਡ ਤੋਂ ਫਰੀਲਾਂਸ ਪੱਤਰਕਾਰ ਮਾਨ ਮਨਦੀਪ ਉਰਫ ਮਨਦੀਪ ਮਾਨ (ਫੋਨ 661-889-1927) 15 ਸਤੰਬਰ, 2011 ਤੋਂ ਸੇਵਾ ਮੁਕਤ ਕਰ ਦਿੱਤੇ ਗਏ ਹਨ ਅਤੇ ਹੁਣ ਪੰਜਾਬ ਟਾਈਮਜ਼ ਲਈ ਕੰਮ ਨਹੀਂ ਕਰਦੇ। ਉਨ੍ਹਾਂ ਨਾਲ ਪੰਜਾਬ ਟਾਈਮਜ਼ ਲਈ ਜਾਂ ਇਸ ਦੀ ਤਰਫੋਂ ਕੋਈ ਲੈਣ-ਦੇਣ ਨਾ ਕੀਤਾ ਜਾਵੇ। ਅਜਿਹਾ ਹੋਣ ਦੀ ਸੂਰਤ ਵਿਚ ਅਦਾਰਾ ਪੰਜਾਬ ਟਾਈਮਜ਼ ਜ਼ਿੰਮੇਵਾਰ ਨਹੀਂ ਹੋਵੇਗਾ। ***-ਸੰਪਾਦਕ***

Mann Mandeep alias Mandeep Mann, a freelance reporter from Bakersfield, CA is no more working with Punjab Times from September 15, 2011. **Punjab Times** will not be responsible for any dealings with him for or on behalf of Punjab Times. *-Editor*










*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ*

## ਭਾਰਤੀ ਉਪ ਮਹਾਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## 8 ਅਕਤੂਬਰ 2011

ਸਨਿਚਰਵਾਰ 12 ਤੋਂ 8 ਵਜੇ ਤੱਕ

**ਸਥਾਨ:ਐਸ.ਈ.ਐਸ. ਹਾਲ 10428,
ਈਸਟ ਸਟਾਕਟਨ ਬੁਲੇਵਾਰਡ,
ਐਲਕਗਰੋਵ, ਸੈਕਰਾਮੈਂਟੋ।**

**ਪੈਰੀਂ ਬੇੜੀਆਂ ਦੁਆਲੇ ਸੰਗੀਨਾਂ ਦੀ ਛਾਂ, ਜਾ ਰਿਹਾ ਕੋਈ ਸਜ ਧਜ ਕੇ ਉਹਦੀ ਫੱਬਤ ਤਾਂ ਵੇਖ**




*ਲਾਲਾ ਹਰਦਿਆਲ*



*ਹਰਨਾਮ ਸਿੰਘ ਟੁੰਡੀਲਾਟ*



*ਦੁੱਲਾ ਸਿੰਘ ਜਲਾਲਦੀਵਾਲਾ*



*ਸੋਹਣ ਸਿੰਘ ਭਕਨਾ*



*ਬਾਬਾ ਰਾਮ ਸਿੰਘ*


ਸਤਿਕਾਰਯੋਗ ਭੈਣੋ ਤੇ ਭਰਾਵੋ,

ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਕਿਹਾ ਸੀ, ਆਜ਼ਾਦੀ ਕੇਵਲ ਸ਼ਾਂਤਮਈ ਸੰਘਰਸ਼ ਨਾਲ ਹੀ ਪ੍ਰਾਪਤ ਨਹੀਂ ਹੋਈ, ਇਸ ਵਿਚ ਗਦਰੀ ਯੋਧਿਆਂ ਦੇ ਖ਼ੂਨ ਦੀ ਲਾਲੀ ਵੀ ਡਲ੍ਹਕਾਂ ਮਾਰਦੀ ਹੈ। ਕੂਕਾ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਨਾ ਹਰ ਭਾਰਤੀ ਦਾ ਫਰਜ਼ ਬਣਦਾ ਹੈ। ਇਹ ਮੇਲਾ ਵਿਸ਼ੇਸ਼ ਤੌਰ 'ਤੇ ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਸਮਰਪਿਤ ਹੈ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਭਾਰਤੀ ਰਾਜਨੀਤਕ, ਆਰਥਕ ਤੇ ਭਾਈਚਾਰਕ ਆਜ਼ਾਦੀ ਮਾਣ ਰਹੇ ਹਨ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਸ ਮੇਲੇ ਵਿਚ ਹੁਮ ਹੁਮਾ ਕੇ ਪੁਜੋ, ਭਾਈਚਾਰਕ ਜਥੇਬੰਦੀਆਂ ਨੂੰ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦੇ ਹਾਂ।

## ਮੇਲੇ ਵਿਚ ਪੁੱਜ ਰਹੇ ਕਲਾਕਾਰ

ਸੁਲਤਾਨ ਅਖਤਰ, ਬੱਬੂ ਗੁਰਪਾਲ, ਪੂਨਮ ਮਲਹੋਤਰਾ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ ਤੇ ਹਰਜੀਤ ਦੁਆਬੀਆ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*



*ਮੁੱਖ ਕਲਾਕਾਰ
ਨਰਿੰਦਰ ਮਾਵੀ*

**ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦੇ ਕੇਂਦਰ ਹੋਣਗੇ**

**ਮੁਫਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫਤ**

### ਪ੍ਰਬੰਧਕ

ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਸਮਿੱਤਰ ਸਿੰਘ ਉਪਲ, ਗਿਆਨ ਸਿੰਘ ਬਿਲਗਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਸੰਧੂ, ਜਗਜੀਤ ਸਿੰਘ ਗਿੱਲ, ਪਰਮਜੀਤ ਸੰਧੂ ਕਬੱਡੀ ਕੋਚ, ਨਿਰਮਲਜੀਤ ਸਿੰਘ ਭੁੱਲਰ ਕਾਸਤਰੋ ਵੈਲੀ, ਕਸ਼ਮੀਰ ਸਿੰਘ ਕਾਂਗਣਾ, ਰਸ਼ਪਾਲ ਸਿੰਘ ਫਰਵਾਲਾ, ਜਸਚਰਨ ਸਿੰਘ ਗਿੱਲ, ਕਮਲ ਬੰਗਾ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਜੁਝਾਰ ਸਿੰਘ ਗਿੱਲ, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਕਰਮਜੀਤ ਸਿੰਘ ਕੰਗ, ਸੰਨੀ, ਸੁਰਿੰਦਰ ਸਿੰਘ ਖੈੜਾ, ਹਰਪਾਲ ਸਿੰਘ ਸੰਘਾ, ਬਲਵਿੰਦਰ ਸਿੰਘ ਸੰਧ-ਲੈਥਰੋਪ, ਫਰੈਂਕ ਜੌਹਨਸ, ਅਮਰਜੀਤ ਰਾਏ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੌਡ, ਮੱਖਣ ਦੌਲਤਪੁਰੀ।

**ਸਪਾਂਸਰ:**ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਸਟਾਕਟਨ, ਅਮੋਲਕ ਸਿੰਘ ਗਾਖਲ ਚੇਅਰਮੈਨ ਯੂਨਾਈਟਿਡ ਸਪੋਰਟਸ ਕਲੱਬ, ਬਲਵੀਰ ਸਿੰਘ ਭਾਟੀਆ ਪ੍ਰਧਾਨ, ਪੰਜਾਬੀ ਸਾਹਿਤ ਸਭਾ ਬੇ-ਏਰੀਆ ਪ੍ਰਧਾਨ ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ਼ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਸ਼ਿੰਗਾਰਾ ਰਾਮ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੇਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜੂ ਭਗਵੰਤ, ਦੇਵਾ ਸਿੰਘ ਧੂਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ।

### ਪੁੱਜ ਰਹੀਆਂ ਸ਼ਖਸੀਅਤਾਂ

*ਬਾਬਾ ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਬੀਬੀ ਗਿਆਨ ਕੌਰ
*ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ
*ਜਗਮੋਹਣ ਸਿੰਘ ਕੈਨੇਡਾ-ਬਾਬਾ ਅਕਾਲੀ ਠਾਕਰ ਸਿੰਘ ਦਾ ਪੋਤਾ
*ਸ. ਕ੍ਰਿਪਾਲ ਸਿੰਘ ਸੰਧੂ, ਫਰਿਜ਼ਨੋ
*ਅਰਜੀਤ ਸਿੰਘ ਸਪੁੱਤਰ ਭਾਈ ਕਪੂਰ ਸਿੰਘ ਕਾਉਂਕੇ

**ਵਲੋਂ:ਪ੍ਰਧਾਨ ਸੁਰਿੰਦਰ ਬਿੰਦਰਾ (916-420-2390), ਖਜ਼ਾਨਚੀ ਪ੍ਰਿਤਪਾਲ ਸਿੰਘ ਭੋਗਲ (661-978-5100),
ਨਾਮਧਾਰੀ ਸੰਗਤ:ਕੇਵਲ ਸਿੰਘ (707-208-4931), ਬਲਦੇਵ ਸਿੰਘ (408-390-5577), ਸਕੱਤਰ ਬਲਜਿੰਦਰ ਸਿੰਘ ਭੱਟੀ (209-480-2275)
ਪਰਮਜੀਤ ਸਿੰਘ ਸੰਧੂ (510-387-6997), ਸੁਮਿੱਤਰ ਸਿੰਘ ਉਪਲ (530-695-1716), ਬਲਵੰਤ ਬਾਂਕਾ (916-271-4216)**

## ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

# ਝੂਠ ਕੌਣ ਬੋਲਦਾ? ਸੈਨ ਹੋਜ਼ੇ ਗੁਰੂਘਰ ਪ੍ਰਬੰਧਕ ਕਮੇਟੀ ਜਾਂ ਸੁਧਾਰਕ?

## ਦੇਖੋ ਤਸਵੀਰਾਂ ਦੀ ਜ਼ੁਬਾਨੀ

ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ 14-20 ਸਤੰਬਰ ਦੇ ਅੰਕ ਵਿਚ ਪੰਨਾ ਏ 3 ਉਤੇ ਗੁਰਦੁਆਰਾ ਸੁਧਾਰ ਕਮੇਟੀ ਵੱਲੋਂ "ਸਿੱਖ ਗੁਰਦਵਾਰਾ ਸੈਨ ਹੋਜ਼ੇ ਦੀ ਕਮੇਟੀ ਦੇ ਝੂਠ ਦੇ ਪ੍ਰਤੱਖ ਪ੍ਰਮਾਣ" ਦੀ ਸੁਰਖੀ ਨਾਲ ਇਸ਼ਤਿਹਾਰ ਦਿੱਤਾ ਗਿਆ। ਆਓ! ਆਪਾਂ ਇਸ "ਪ੍ਰਤੱਖ ਪ੍ਰਮਾਣ" ਦੀ ਚੀਰ-ਫਾੜ ਕਰੀਏ। ਅੰਮ੍ਰਿਤਸਰ ਟਾਈਮਜ਼ ਵਿਚ ਛਪੀਆਂ ਇਨ੍ਹਾਂ ਤਸਵੀਰਾਂ ਵਿਚੋਂ ਤਸਵੀਰ ਨੰਬਰ ਇਕ ਨੂੰ ਦੇਖੋ, ਜਿੱਥੇ ਸ. ਸੁਖਦੇਵ ਸਿੰਘ ਬੈਨੀਵਾਲ ਚਿੱਟੀ ਪਾਲਕੀ ਪਿੱਛੇ ਖੜ੍ਹੇ ਹਨ। ਦੋਹਾਂ ਪਾਲਕੀਆਂ ਵਿਚ ਤਾਬਿਆ 'ਤੇ ਦੋ ਸਿੰਘ ਬੈਠੇ ਹਨ, ਚਿੱਟੇ ਰੰਗ ਦੀ ਪਾਲਕੀ 'ਤੇ ਸ. ਭੁਪਿੰਦਰ ਸਿੰਘ ਤਾਬਿਆ ਵਿਚ ਬੈਠੇ ਹਨ ਜਦੋਂਕਿ ਭੂਰੇ ਰੰਗ ਦੀ ਪਾਲਕੀ 'ਤੇ ਸ. ਹਰਮੀਤ ਸਿੰਘ ਬੈਠੇ ਹਨ। ਇਨ੍ਹਾਂ ਦਾ ਸਬੰਧ ਸੁਧਾਰ ਕਮੇਟੀ ਨਾਲ ਹੈ। ਇਨ੍ਹਾਂ ਦੋਹਾਂ ਨੂੰ ਤਸਵੀਰ ਨੰਬਰ ਦੋ ਵਿਚ ਸਪਸ਼ਟ ਦੇਖਿਆ ਜਾ ਸਕਦਾ ਹੈ। ਕੀ ਸੁਧਾਰ ਕਮੇਟੀ ਕ੍ਰਿਪਾ ਕਰਕੇ ਦੱਸੇਗੀ ਕਿ ਇਨ੍ਹਾਂ ਤਸਵੀਰਾਂ ਵਿਚ ਉਨ੍ਹਾਂ ਦੇ ਆਪਣੇ ਮੈਂਬਰ ਮਹਾਂਭਾਰਤ ਦਾ ਪ੍ਰਕਾਸ਼ ਕਰੀ ਬੈਠੇ ਹਨ ਜਾਂ ਨਹੀਂ? ਉਨ੍ਹਾਂ ਨੂੰ ਸੁਖਦੇਵ ਸਿੰਘ ਬੈਨੀਵਾਲ ਪਾਲਕੀਆਂ ਦੇ ਮਗਰ ਖੜ੍ਹਾ ਦਿਖਾਈ ਦੇ ਗਿਆ, ਪਰ ਤਾਬਿਆ ਵਿਚ ਬੈਠੇ ਆਪਣੇ ਬੰਦਿਆਂ ਨੂੰ ਦੇਖਣ ਵੇਲੇ ਅੱਖ ਦਾ ਟੀਰ ਕਿਉਂ ਮਾਰ ਗਿਆ? ਇਹ ਪ੍ਰਮਾਣ ਤਾਂ ਜ਼ਾਹਿਰ ਕਰਦਾ ਹੈ ਕਿ ਸੁਧਾਰ ਕਮੇਟੀ ਵਾਲੇ ਹੀ ਮਹਾਂਭਾਰਤ ਅਤੇ ਦਸਮ ਗ੍ਰੰਥ ਦਾ ਪ੍ਰਕਾਸ਼ ਕਰੀ ਬੈਠੇ ਹਨ। ਉਨ੍ਹਾਂ ਦੇ ਭੁਗਤਾਏ ਪ੍ਰਮਾਣ ਤਾਂ ਖੁਦ ਉਨ੍ਹਾਂ ਨੂੰ ਹੀ ਝੂਠਾ ਸਾਬਤ ਕਰਦੇ ਹਨ, ਨਾ ਕਿ ਗੁਰੂਘਰ ਪ੍ਰਬੰਧਕ ਕਮੇਟੀ ਸੈਨ ਹੋਜ਼ੇ ਨੂੰ!



ਤਸਵੀਰ ਨੰਬਰ 1

ਦੂਜੀ ਗੱਲ, ਤਸਵੀਰ ਨੰਬਰ ਇਕ ਦੀ ਕੈਪਸ਼ਨ ਪੜ੍ਹੋ। ਚਿੱਟੇ ਰੰਗ ਦੀ ਪਾਲਕੀ ਵਿਚ ਮਹਾਂਭਾਰਤ ਨੂੰ ਦਰਸਾਇਆ ਗਿਆ ਹੈ। ਤਸਵੀਰ ਨੰਬਰ 2 ਵਿਚ ਤੀਰਾਂ ਰਾਹੀਂ ਚਿੱਟੇ ਰੰਗ ਦੀ ਪਾਲਕੀ ਵਿਚ ਦਸਮ ਗ੍ਰੰਥ ਦਿਖਾਏ ਹਨ। ਸੁਧਾਰਕਾਂ ਨੂੰ ਇਲਮ ਨਹੀਂ ਕਿ ਸੰਗਤਾਂ ਨੂੰ ਬੇਵਕੂਫ ਬਣਾਉਂਦੇ ਸਮੇਂ ਉਹ ਖੁਦ ਬੇਵਕੂਫ਼ ਬਣ ਗਏ ਹਨ। ਸਵਾਲ ਹੈ, ਕਿਉਂ ਨਾ ਸੰਗਤ ਦੇ ਹਿਰਦੇ ਨਾਲ ਖੇਲਣ ਲਈ ਸੁਧਾਰਕਾਂ ਨੂੰ ਸੰਗਤ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ? ਉਨ੍ਹਾਂ ਦੇ ਪ੍ਰਤੱਖ ਪ੍ਰਮਾਣ ਤਾਂ ਇਹ ਜ਼ਾਹਰ ਕਰਦੇ ਹਨ ਕਿ ਉਹ ਸਿਰੇ ਦੇ ਕਪਟੀ ਵੀ ਹਨ ਤੇ ਬੇਈਮਾਨ ਵੀ।

ਜਦ ਅਸੀਂ ਵਾਰ ਵਾਰ ਕਹਿ ਚੁੱਕੇ ਹਾਂ ਕਿ ਮਹਾਂਭਾਰਤ ਦਾ ਪ੍ਰਕਾਸ਼ ਅਣਭੋਲ ਵਿਚ ਹੋਈ ਗਲਤੀ ਨਾਲ ਹੋਇਆ ਸੀ, ਨਾ ਤੁਹਾਨੂੰ ਇਲਮ ਸੀ, ਨਾ ਸਾਨੂੰ, ਅਤੇ ਜਸਵੀਰ ਸਿੰਘ ਥਾਂਦੀ ਇਹ ਕਹਿ ਚੁੱਕੇ ਹਨ ਕਿ ਇਹ ਅਣਭੋਲ ਹੋਈ ਗਲਤੀ ਸੀ, ਫਿਰ ਵੀ ਸਮਝ ਨਹੀਂ ਆਉਂਦੀ ਕਿ ਸੁਧਾਰਕ ਪਾਣੀ ਨੂੰ ਕਿਉਂ ਰਿੜਕ ਰਹੇ ਹਨ? ਇੱਥੋਂ ਤੱਕ ਕਿ ਉਦੋਂ ਸੁਧਾਰ ਕਮੇਟੀ ਵਾਲੇ ਇਹੋ ਹਰਮੀਕ ਸਿੰਘ ਤੇ ਭੁਪਿੰਦਰ ਸਿੰਘ ਆਪ ਭੁਲੇਖੇ ਵਿਚ ਸਨ ਅਤੇ ਸੁਖਦੇਵ ਸਿੰਘ ਬੈਨੀਵਾਲ ਨੂੰ ਦਸ ਰਹੇ ਸਨ ਕਿ ਲੱਗਦੈ ਇਹ ਦਸਮ ਗ੍ਰੰਥ ਦੇ ਦੋ ਭਾਗ ਹਨ; ਪਰ ਜਦ ਹੀ ਅਸਲੀਅਤ ਦਾ ਪਤਾ ਲੱਗਾ, ਆਪਾਂ ਸਾਰਿਆਂ ਮਹਾਂਭਾਰਤ ਨੂੰ ਹਟਾ ਦਿੱਤਾ। ਅਸੀਂ ਵੀ ਕਹਿ ਸਕਦੇ ਹਾਂ ਕਿ ਸਾਡੇ ਨਾਲ ਸੁਧਾਰਕਾਂ ਨੇ ਸਾਜ਼ਿਸ਼ ਕੀਤੀ ਕਿਉਂਕਿ ਤਾਬਿਆ 'ਤੇ ਤਾਂ ਸੁਧਾਰਕ ਹੀ ਬਿਰਾਜਮਾਨ ਹਨ। ਇੱਥੋਂ ਤਕ ਕਿ ਗੁਰਮੇਲ ਸਿੰਘ ਵੀ ਮਹਾਂਭਾਰਤ ਅੱਗੇ ਜਲ ਤਰੌਂਕ ਰਹੇ ਹਨ ਪਰ ਇਸ ਤਰ੍ਹਾਂ ਕਹਿਣਾ ਕੂੜ ਹੋਵੇਗਾ ਕਿਉਂਕਿ ਇਹ ਅਨਭੋਲਪੁਣੇ ਵਿਚ ਹੋਈ ਗਲਤੀ ਸੀ। ਵਾਹਿਗੁਰੂ ਸਭ ਨੂੰ ਅਜਿਹੀ ਗਲਤੀ ਨਾ ਹੋਣ ਦੇਣ ਦੀ ਸੁਮੱਤ ਬਖਸ਼ੇ।




ਤਸਵੀਰ ਨੰਬਰ 2

ਅਸਲ ਵਿਚ ਸੁਧਾਰਕਾਂ ਦੀ ਫਿਤਰਤ ਹੀ ਬੇਈਮਾਨ ਹੈ। ਕੀ ਸੁਧਾਰਕ ਜਿਹੜੇ ਆਪਣੇ-ਆਪ ਨੂੰ ਦਮਦਮੀ ਟਕਸਾਲ ਦੇ ਪੈਰੋਕਾਰ ਮੰਨਦੇ ਹਨ, ਸੰਤ ਭਿੰਡਰਾਂਵਾਲਿਆਂ ਦੀਆਂ ਸੁੰਦਰ ਤਸਵੀਰਾਂ ਘਰਾਂ ਵਿਚ ਸਜਾਈ ਬੈਠੇ ਹਨ, ਨਹੀਂ ਜਾਣਦੇ ਕਿ ਟਕਸਾਲ ਵੀ ਆਪਣੇ ਵਿਦਿਆਰਥੀਆਂ ਨੂੰ ਮਹਾਂਭਾਰਤ ਦਾ ਗਿਆਨ ਦਿੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਨੂੰ ਹਿੰਦੂ ਧਰਮ ਅਤੇ ਬਾਕੀ ਹੋਰ ਧਰਮਾਂ ਦੀ ਜਾਣਕਾਰੀ ਤੋਂ ਬਗੈਰ ਸਮਝਿਆ ਹੀ ਨਹੀਂ ਜਾ ਸਕਦਾ!

ਅਸੀਂ ਤਾਂ ਅਣਭੋਲਪੁਣੇ ਵਿਚ ਪ੍ਰਕਾਸ਼ ਕੀਤੇ, ਤੁਸੀਂ ਵੀ ਤਾਂ ਸਾਡੇ ਨਾਲ ਸੀ। ਫਿਰ ਇਕੱਲੇ ਅਸੀਂ ਹੀ ਗਲਤ ਕਿਉਂ? ਅਸੀਂ ਮਹਾਂਭਾਰਤ ਦੀ ਕੋਈ ਮਨੌਤ ਨਹੀਂ ਕਰਦੇ, ਸਭ ਸੰਗਤ ਜਾਣਦੀ ਹੈ। ਗੁਰੂਘਰ ਵਿਚ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਹਿੰਦੈ। ਸੱਚ ਕੀ ਹੈ, ਤੁਹਾਨੂੰ ਵੀ ਪਤਾ ਹੈ, ਪਰ ਤੁਹਾਡੀ ਕਪਟੀ ਪਹੁੰਚ ਤੁਹਾਨੂੰ ਸੱਚ ਨਹੀਂ ਬੋਲਣ ਦਿੰਦੀ। ਤੁਹਾਡਾ ਅਤੇ ਸਾਡਾ ਬੱਸ ਇਹੀ ਫਰਕ ਹੈ। ਅਸੀਂ ਸੱਚ ਸਵੀਕਾਰ ਕੀਤੈ, ਤੁਸੀਂ ਸੱਚ ਤੋਂ ਮੁੱਖ ਫੇਰ ਕੇ ਮਹਾਂਭਾਰਤ ਦਾ ਰਾਗ ਅਲਾਪਣਾ ਸ਼ੁਰੂ ਕੀਤਾ ਹੋਇਐ। ਜਾਓ, ਟਕਸਾਲੀਆਂ ਨੂੰ ਵੀ ਕਹਿ ਦਿਓ ਕਿ ਖ਼ਬਰਦਾਰ, ਅਗਰ ਮਹਾਂਭਾਰਤ ਦਾ ਕੋਈ ਵਰਕਾ ਫਰੋਲਿਆ ਤਾਂ?

ਉਪਰੋਕਤ ਤਸਵੀਰਾਂ ਦੇ ਪ੍ਰਮਾਣ ਤੁਹਾਡਾ ਘਰ ਪੂਰਾ ਕਰਦੇ ਹਨ। ਸਾਡਾ ਸੁਧਾਰਕਾਂ ਨੂੰ ਸੁਝਾਅ ਹੈ ਕਿ ਕੋਈ ਉਸਾਰੂ ਗੱਲ ਕਰਨ, ਕਿਉਂ ਐਵੇਂ ਪਾਣੀ ਵਿਚ ਮਧਾਣੀ ਪਾ ਰੱਖੀ ਹੈ? ਨਾਲੇ ਆਪਣਾ ਸਮਾਂ ਬਰਬਾਦ ਕਰਦੇ ਹਨ, ਨਾਲੇ ਸਾਡਾ ਅਤੇ ਸੰਗਤ ਦਾ!!!

**ਆਪਣੇ ਮੂੰਹੋਂ ਮੀਆਂ ਮਿੱਠੂ:** ਇਸੇ ਹੀ ਇਸ਼ਤਿਹਾਰ ਵਿਚ ਇਕ ਛੋਟੀ ਸੁਰਖੀ ਹੈ-"ਸੰਗਤਾਂ ਵੱਲੋਂ ਡਾ. ਨਾਹਲ ਦਾ ਧੰਨਵਾਦ"। ਇਸ ਸ਼ਖ਼ਸ ਨੂੰ ਆਪਣੀ ਫੋਕੀ ਤਾਰੀਫ਼ ਦੀ ਕਿੰਨੀ ਭੁੱਖ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਨਾਹਲ ਸਾਹਿਬ ਇਸ਼ਤਿਹਾਰ ਵੀ ਆਪ ਦੇ ਰਹੇ ਹਨ, ਥੱਲੇ ਟੈਲੀਫੋਨ ਨੰਬਰ ਵੀ ਉਨ੍ਹਾਂ ਦਾ ਹੀ ਹੈ। ਆਪਣਾ ਧੰਨਵਾਦ ਆਪ ਹੀ ਕਰੀ ਜਾ ਰਹੇ ਹਨ!! ਇਹਨੂੰ ਕਹਿੰਦੇ ਨੇ "ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਣ।" ਨਾਹਲ ਸਾਹਿਬ ਨੂੰ ਟਟੀਹਰੀ ਦੇ ਅਸਮਾਨ ਥੰਮਣ ਦੇ ਵਹਿਮ ਵਾਂਗ ਐਵੇਂ ਭਰਮ ਹੋ ਗਿਆ ਲੱਗਦੈ ਕਿ ਉਨ੍ਹਾਂ ਸੰਗਤ ਨੂੰ ਹੱਕ ਦਿਵਾਏ ਹਨ। ਸੰਗਤ ਸੁਪਰੀਮ ਹੈ ਅਤੇ ਉਸੇ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਤਾਂ ਅਸੀਂ ਇਹ ਗੁਰੂਘਰ ਦਾ ਪ੍ਰਾਜੈਕਟ ਮੁਕੰਮਲ ਕਰਨ ਵਿਚ ਕਾਮਯਾਬ ਹੋਏ ਹਾਂ। ਅਨੇਕਾਂ ਹੋਰ ਪ੍ਰੋਜੈਕਟ ਜਿਵੇਂ ਖੇਡ ਮੈਦਾਨ, ਸੋਲਰ ਸਿਸਟਮ ਆਦਿਕ 'ਤੇ ਵਿਚਾਰ ਹੋ ਰਿਹਾ ਹੈ। ਜੇ ਅਸੀਂ ਸੰਗਤ ਦੇ ਹੱਕ ਮਾਰੇ ਸਨ ਤਾਂ 10 ਅਪਰੈਲ 2011 ਤੱਕ ਨਾਹਲ ਸਾਹਿਬ ਵੀ ਸਾਡੇ ਨਾਲ ਸਨ। ਅਸੀਂ ਫਿਰ ਦੁਹਰਾਉਂਦੇ ਹਾਂ ਕਿ ਨਾਹਲ ਸਾਹਿਬ ਸੰਗਤ ਨੂੰ ਸਪਸ਼ਟ ਕਰਨ ਕਿ ਪਿਛਲੇ 25-26 ਸਾਲ ਜਦ ਕਮੇਟੀਆਂ ਸਰਬਸੰਮਤੀ ਨਾਲ ਹੀ ਚੁਣ ਹੁੰਦੀਆਂ ਰਹੀਆਂ ਹਨ ਤਾਂ ਉਹ ਵੀ ਵਿਚ ਹੀ ਸ਼ਾਮਲ ਰਹੇ ਹਨ। ਕੀ ਇਸ ਸਮੇਂ ਦੌਰਾਨ ਉਹ ਵੀ ਸੰਗਤ ਦੇ ਹੱਕ ਮਾਰ ਕੇ ਬੈਠੇ ਸਨ? ਜੇ ਉਨ੍ਹਾਂ ਨਹੀਂ ਸੀ ਮਾਰੇ ਤਾਂ ਅਸੀਂ ਵੀ ਨਹੀਂ ਮਾਰੇ!! ਜੇ ਉਨ੍ਹਾਂ ਮਾਰੇ ਸਨ ਤਾਂ ਜਿਹੜੀ ਸਜ਼ਾ ਉਹ ਖੁਦ ਲਈ ਤਜਵੀਜ਼ ਕਰਨ ਉਹ ਸਾਨੂੰ ਵੀ ਦੱਸ ਦੇਣ। ਐਵੇਂ ਉਨ੍ਹਾਂ ਨੂੰ ਆਪਣੀ ਪੀ ਐਚ ਡੀ ਕਰਕੇ ਮਹਾਨ ਵਿਦਵਾਨ ਕਹਾਉਣ ਦਾ ਬੇਵਜ੍ਹਾ ਸ਼ੌਕ ਸਤਾਈ ਜਾਂਦੈ। ਇਨ੍ਹਾਂ ਹਰਕਤਾਂ ਨਾਲ ਉਨ੍ਹਾਂ ਸੈਨ ਹੋਜ਼ੇ ਦੀ ਸੰਗਤ ਦੇ ਇਤਫਾਕ ਨੂੰ ਢਾਹ ਲਾਈ ਹੈ ਅਤੇ ਬੇਵਜ੍ਹਾ ਕੇਸ ਕਰਕੇ ਗੁਰੂਘਰ ਦਾ ਨੁਕਸਾਨ ਵੀ ਕੀਤੈ।

**ਰਿਸੀਵਰ ਦੀ ਮੰਗ:** ਪਿਛਲੇ ਕੁਝ ਹਫਤਿਆਂ ਤੋਂ ਨਾਹਲ ਸਾਹਿਬ ਕਹਿੰਦੇ ਆ ਰਹੇ ਹਨ ਕਿ 'ਅਸੀਂ ਰਿਸੀਵਰ ਦੀ ਮੰਗ ਨਹੀਂ ਕੀਤੀ।' ਕਹਾਵਤ ਹੈ, "ਜਿਨ੍ਹੇਂ ਲਾਹ ਲਈ ਲੋਈ, ਉਹਦਾ ਕੀ ਕਰੂਗਾ ਕੋਈ।" ਜਿਸ ਬੰਦੇ ਨੇ ਧਾਰ ਹੀ ਲਈ ਹੋਵੇ ਕਿ ਆਪਾਂ ਝੂਠ-ਤੂਫ਼ਾਨ ਗੰਢ ਕੇ ਸੰਗਤ ਨੂੰ ਗੁੰਮਰਾਹ ਕਰੀ ਹੀ ਜਾਣੈ, ਅਜਿਹੇ ਲੋਕਾਂ ਦਾ ਉਦੋਂ ਤੱਕ ਕੋਈ ਇਲਾਜ ਨਹੀਂ ਹੁੰਦਾ ਜਦੋਂ ਤੱਕ ਮੱਕੜੀ ਵਾਂਗ ਉਹ ਖੁਦ ਆਪਣੇ ਹੀ ਜਾਲੇ ਵਿਚ ਬੁਰੀ ਤਰ੍ਹਾਂ ਫਸ ਨਾ ਜਾਣ। ਆਪਣੇ ਜਾਲੇ ਨੂੰ ਬੁਣਦਿਆਂ ਉਨ੍ਹਾਂ ਪਿਛਲੇ ਹਫ਼ਤੇ ਦੀ ਅਦਾਲਤੀ ਤਰੀਕ ਤੇ ਫਰੀਮਾਂਟ ਗੁਰੂਘਰ ਦੀ ਤਰਜ਼ 'ਤੇ ਰਿਸੀਵਰ ਦੀ ਮੰਗ ਫਿਰ ਦੁਹਰਾਈ ਪਰ ਹਾਥੀ ਦੇ ਦੰਦਾਂ ਵਾਂਗ ਪਤਾ ਨਹੀਂ ਕਿਸ ਮੂੰਹ ਨਾਲ ਅਖਬਾਰਾਂ ਰਾਹੀਂ ਸੰਗਤ ਨੂੰ ਇਹੋ ਦੱਸੀ ਜਾ ਰਹੇ ਹਨ ਕਿ ਅਸੀਂ ਰਿਸੀਵਰ ਦੀ ਮੰਗ ਨਹੀਂ ਕੀਤੀ। ਯਾਦ ਰਹੇ, ਫਰੀਮਾਂਟ ਗੁਰਘਰ ਦਾ ਉਸ ਵਕਤ ਤਕਰੀਬਨ 4 ਲੱਖ 85 ਹਜ਼ਾਰ ਡਾਲਰ ਸਿਰਫ਼ ਰਿਸੀਵਰ 'ਤੇ ਖਰਚ ਆਇਆ ਸੀ। ਸਾਨੂੰ ਸਮਝ ਨਹੀਂ ਆਉਂਦੀ, ਜਦ ਅਸੀਂ ਸਾਫ ਸੁਥਰੀਆਂ ਚੋਣਾਂ ਦੇ ਹਾਮੀ ਹਾਂ, ਫਿਰ ਇਹ ਲੋਕ ਗੁਰੂਘਰ ਦੀ ਗੋਲਕ ਦਾ ਉਜਾੜਾ ਕਿਉਂ ਚਾਹੁੰਦੇ ਹਨ?

**ਬੇਥਵੀਆਂ ਸ. ਨਾਹਲ ਦੀਆਂ:** ਸੁਧਾਰਕ ਆਪਣੇ ਇਸ਼ਤਿਹਾਰ ਵਿਚ ਦਾਅਵਾ ਕਰਦੇ ਹਨ ਕਿ ਗੁਰੂਘਰ ਦੇ ਨਿਰਮਾਣ ਦਾ ਸਿਹਰਾ ਸੰਗਤ ਨੂੰ ਜਾਂਦਾ ਹੈ। ਬਈ ਅਸੀਂ ਤਾਂ ਬੜੀ ਵਾਰ ਆਖ ਚੁਕੇ ਹਾਂ ਕਿ ਸੰਗਤ ਦੇ ਸਹਿਯੋਗ ਨਾਲ ਹੀ ਏਡਾ ਵੱਡਾ ਕਾਰਜ ਨੇਪਰੇ ਚੜ੍ਹਿਆ ਹੈ, ਪਰ ਸੁਧਾਰਕਾਂ ਦੇ ਦੋਗਲੇਪਣ ਦੀ ਹੱਦ ਹੈ-ਜਦੋਂ ਗੱਲ ਗੁਰੂਘਰ ਦੇ ਨਿਰਮਾਣ ਦੀ ਆਉਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਇਸ ਦਾ ਸਿਹਰਾ ਸੰਗਤ ਨੂੰ ਜਾਂਦਾ ਹੈ ਕਮੇਟੀ ਨੂੰ ਨਹੀਂ, ਪਰ ਜਦੋਂ ਗੱਲ ਕਿਸ਼ਤ ਅਤੇ ਕਰਜ਼ੇ ਦੀ ਆਉਂਦੀ ਹੈ ਤਾਂ ਕਹਿੰਦੇ ਹਨ ਕਿ ਮੌਜੂਦਾ ਪ੍ਰਬੰਧਕਾਂ ਨੇ ਗੁਰੂਘਰ ਦੇ ਸਿਰ ਕਰਜ਼ਾ ਚਾੜ੍ਹ ਦਿੱਤਾ ਹੈ। ਨਾਹਲ ਸਾਹਿਬ ਏਨੇ ਈਰਖਾਲੂ ਹਨ ਕਿ ਉਹ ਸਾਨੂੰ ਕਰੈਡਿਟ ਹੀ ਨਹੀਂ ਦੇਣਾ ਚਾਹੁੰਦੇ। ਚਲੋ, ਗੁਰੂ ਅਤੇ ਗੁਰੂ ਕੀ ਸੰਗਤ ਸਭ ਜਾਣਦੇ ਹਨ ਕਿ ਕਿਨ੍ਹਾਂ ਨੇ ਗੁਰੂਘਰ ਦੇ ਨਿਰਮਾਣ ਲਈ ਦਿਨ ਰਾਤ ਇਕ ਕੀਤਾ, ਤੇ ਕਿਨ੍ਹਾਂ ਨੇ ਗੁਰੂਘਰ ਦਾ ਲੋਨ ਰੁਕਵਾਉਣ ਦੀ ਕੋਸ਼ਿਸ਼ ਕਰਕੇ ਅੜਿੱਕੇ ਡਾਹੇ, ਤੇ ਕਿਨ੍ਹਾਂ ਨੂੰ ਗੁਰੂਘਰ ਬਣਨ ਉਪਰੰਤ ਹੀ ਸੁਧਾਰ ਦਾ ਚੇਤਾ ਆਇਆ?

ਗੁਰੂਘਰ ਦੇ ਨਿਰਮਾਣ ਦਾ 2 ਕਰੋੜ ਡਾਲਰ ਦਾ ਪ੍ਰੋਜੈਕਟ ਸੀ। ਸੰਗਤ ਦੀ ਕ੍ਰਿਪਾ ਨਾਲ 65 ਲੱਖ ਡਾਲਰ ਪੇਸ਼ਗੀ (ਡਾਊਨ) ਵਜੋਂ ਗਿਆ। ਇਕ ਕਰੋੜ 35 ਲੱਖ ਡਾਲਰ ਦਾ ਲੋਨ ਹੈ ਜਿਸ ਦੀ ਮਹੀਨਾਵਾਰ ਕਿਸ਼ਤ 65,000 ਡਾਲਰ ਜਾਂਦੀ ਹੈ। ਇਕ ਨੁਕਤਾ ਤੁਹਾਨੂੰ ਸਪਸ਼ਟ ਕਰ ਦੇਈਏ ਕਿ ਜੇ ਅਸੀਂ ਫਰੇਮਿੰਗ ਕੰਟਰੈਕਟਰ ਵਾਲੀ ਹੀ ਤੁਹਾਡੀ ਬਿਡ ਲੈ ਲੈਂਦੇ, ਤਾਂ ਅੱਜ ਗੁਰੂਘਰ 'ਤੇ 1 ਕਰੋੜ 35 ਲੱਖ ਡਾਲਰ ਦੀ ਬਜਾਏ 1 ਕਰੋੜ 75 ਲੱਖ ਡਾਲਰ ਦਾ ਕਰਜ਼ਾ ਹੋਣਾ ਸੀ। ਕਰਜ਼ਾ ਤਾਂ ਫਿਰ ਚੜ੍ਹਨਾ ਸੀ!!! ਨਾਹਲ ਸਾਹਿਬ, ਥੋੜ੍ਹਾ ਬਹੁਤਾ ਤਾਂ ਸੱਚ ਬੋਲ ਦਿਓ, ਕਿਉਂ ਬੇਥਵੀਆਂ ਮਾਰਦੇ ਹੋ? ਕੀ ਆਪਾਂ ਆਪਣੀਆਂ ਨਿੱਜੀ ਜ਼ਿੰਦਗੀਆਂ ਵਿਚ ਘਰਾਂ-ਬਿਜਨਸਾਂ ਵਗੈਰਾ ਦੇ ਕਰਜ਼ੇ ਦਾ ਭੁਗਤਾਨ ਨਹੀਂ ਕਰਦੇ? ਅਸੀਂ ਗੁਰੂ ਬਖ਼ਸ਼ੀ ਬੁੱਧੀ ਨਾਲ ਜਿੰਨਾ ਹੋ ਸਕਿਆ, ਸੰਗਤ ਦੇ ਸਹਿਯੋਗ ਨਾਲ ਗੁਰੂਘਰ ਬਣਾਉਣ ਲਈ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਸੀ। ਅਕਾਲ ਪੁਰਖ ਨੇ ਕ੍ਰਿਪਾ ਕਰਕੇ ਉਸ ਨੂੰ ਸੰਪੂਰਨ ਕਰਵਾ ਦਿੱਤਾ ਹੈ। ਸੱਚ ਤੋਂ ਮੁਨਕਰ ਹੋਣ ਨਾਲ ਕਦੇ ਸੱਚ ਨੇ ਬਦਲ ਨਹੀਂ ਜਾਣਾ।

**ਕੌਣ ਗੰਦ ਮੰਦ ਲਿਖਦੈ:** ਸੁਧਾਰਕ ਆਪਣੇ ਇਸ਼ਤਿਹਾਰ ਵਿਚ ਕਹਿੰਦੇ ਹਨ ਕਿ "ਅਸੀਂ ਗੰਦ ਮੰਦ ਲਿਖਣ ਦੇ ਆਦੀ ਨਹੀਂ।" ਇਸ ਤਰ੍ਹਾਂ ਆਖਿਆਂ ਝੂਠ ਨੇ ਸੱਚ ਤਾਂ ਨਹੀਂ ਹੋ ਜਾਣਾ। ਜੇ ਤੁਸੀਂ ਆਪਣੇ ਲਿਖੇ ਗੰਦ ਮੰਦ ਦੀ ਬੋਅ ਸੁੰਘਣਾ ਚਾਹੁੰਦੇ ਹੋ ਤਾਂ ਆਪਣੇ ਸਾਥੀ ਕੁਲਵੰਤ ਸਿੰਘ ਦੀਆਂ ਲਿਖਤਾਂ ਦੀ ਪੜਚੋਲ ਕਰ ਲਓ, ਜਿੱਥੇ ਕੁਲਵੰਤ ਸਿੰਘ ਨੂੰ 26 ਵਰ੍ਹਿਆਂ ਤੋਂ ਸਜਿਆ ਅੰਮ੍ਰਿਤਧਾਰੀ ਸਿੱਖ ਗੁਰਮੀਤ ਸਿੰਘ ਖਾਲਸਾ ਅਜੇ ਵੀ 'ਖਾਨ' ਲੱਗਦੈ; ਜਿੱਥੇ ਗੁਰੂ ਤੋਂ ਬੇਮੁਖ ਹੋ ਜਾਣ ਪਿਛੋਂ ਮੁੜ ਸਿੱਖੀ ਵਿਚ ਪ੍ਰਵੇਸ਼ ਕੀਤੇ ਸ. ਪਾਹਵਾ ਤੁਹਾਡੇ ਗੰਦ ਮੰਦ ਦਾ ਇੰਜ ਸ਼ਿਕਾਰ ਹੁੰਦੈ ਕਿ ਇਹ "ਜਿਸ ਥਾਲੀ ਵਿਚ ਖਾਂਦੈ, ਉਸੇ ਵਿਚ ਛੇਕ ਕਰਦੈ"; ਜਿੱਥੇ ਕਿਸੇ ਦੀ ਬੇਟੀ ਦੇ ਵਿਆਹ 'ਤੇ ਟੇਡੇ ਢੰਗ ਨਾਲ ਉਂਗਲ ਉਠਾਈ ਜਾਂਦੀ ਹੈ, ਜਿੱਥੇ ਪ੍ਰਬੰਧਕਾਂ ਦੀਆਂ ਨਿਜੀ ਜ਼ਿੰਦਗੀਆਂ ਦਾ ਅਖ਼ਬਾਰ ਵਿਚ ਮਜ਼ਾਕ ਉਡਾਇਆ ਜਾਂਦੈ। ਲੱਖ ਲਾਹਣਤ ਹੈ ਇਹੋ ਜਿਹੇ ਵਿਦਵਾਨਾਂ ਦੇ, ਜਿਹੜੇ ਫਿਰ ਵੀ ਲਿਖਦੇ ਹਨ ਕਿ "ਅਸੀਂ ਗੰਦ ਮੰਦ ਲਿਖਣ ਦੇ ਆਦੀ ਨਹੀਂ।" ਅਣਭੋਲਪੁਣੇ ਵਿਚ ਹੋਏ ਮਹਾਂਭਾਰਤ ਦੇ ਪ੍ਰਕਾਸ਼ ਨਾਲ ਤਾਂ ਤੁਸੀਂ ਕਹਿੰਦੇ ਹੋ ਕਿ ਤੁਹਾਡੇ ਹਿਰਦੇ ਬਹੁਤ ਵਲੂੰਧਰੇ ਗਏ ਪਰ ਜਦੋਂ ਕੁਲਵੰਤ ਸਿੰਘ ਦਸਮ ਗ੍ਰੰਥ ਨੂੰ "ਕੰਜਰ ਕਵਿਤਾ" ਕਹਿੰਦਾ ਹੈ, ਤੁਹਾਡੇ ਕਿਸੇ ਦੇ ਹਿਰਦੇ ਨੂੰ ਠੇਸ ਨਹੀਂ ਪਹੁੰਚਦੀ? ਅਸੀਂ ਕੁਲਵੰਤ ਸਿੰਘ ਦੀ ਜ਼ਿੰਦਗੀ ਦੇ ਗੰਦ ਨੂੰ ਛੇੜ ਕੇ ਛਿੱਟੇ ਨਹੀਂ ਪਵਾਉਣਾ ਚਾਹੁੰਦੇ। ਇਹ ਗੱਲ ਸੰਗਤ 'ਤੇ ਛੱਡਦੇ ਹਾਂ ਕਿ ਜਿਹੜਾ ਪੁੱਤ ਆਪਣੇ ਪਿਓ ਦੀ ਦਾੜ੍ਹੀ ਨੂੰ ਹੱਥ ਪਾਉਣਾ ਆਪਣਾ ਹੱਕ ਸਮਝੇ, ਉਹ ਕਿੰਨਾ ਕੁ ਸਲਗ ਪੁੱਤਰ ਹੋ ਸਕਦੈ? ਸੁਧਾਰ ਕਮੇਟੀ ਵਾਲੇ ਦੱਸਣ ਕਿ ਤੁਹਾਡੀ ਪੁਸ਼ਤਪਨਾਹੀ ਵਿਚ ਉਹ ਗੰਦ ਮੰਦ ਲਿਖਦੈ ਕਿ ਨਹੀਂ?

**ਵੋਟਰ ਲਿਸਟ:** ਸੁਧਾਰਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਵੋਟਾਂ ਵੋਟਰ ਲਿਸਟ ਨੂੰ ਨਹੀਂ, ਕੰਮਾਂ ਨੂੰ ਪੈਣੀਆਂ ਹਨ। ਇਸ ਫਲਸਫੇ ਨੂੰ ਉਹ ਕਿਉਂ ਨਹੀਂ ਮੰਨਦੇ ਕਿ ਸੰਗਤ ਮਹਾਨ ਹੈ। ਅਸੀਂ ਸਾਰੀ ਗੱਲ ਸੰਗਤ 'ਤੇ ਛੱਡ ਦਿੱਤੀ ਹੈ ਕਿ ਜੋ ਵੀ ਮੈਂਬਰ ਚਾਹੇ, ਆਪਣੀ ਨਿਜੀ ਜਾਣਕਾਰੀ ਰਿਲੀਜ਼ ਜਾਂ ਬਲਾਕ ਕਰ ਸਕਦਾ ਹੈ। ਇਥੇ ਅਸੀਂ ਐਲਾਮੀਡਾ ਸੁਪੀਰੀਅਰ ਕੋਰਟ ਵਲੋਂ 5 ਅਗਸਤ ਨੂੰ ਜਾਰੀ ਕੀਤੇ ਹੁਕਮਾਂ ਦਾ ਹਿੱਸਾ ਛਾਪ ਰਹੇ ਹਾਂ। ਕਿਸੇ ਨੂੰ ਕਿਉਂ ਇਤਰਾਜ਼ ਹੈ? ਸੰਗਤ ਨੂੰ ਫੈਸਲਾ ਕਰਨ ਦਿੱਤਾ ਜਾਵੇ। ਸੁਧਾਰਕ ਕੋਰਟ ਨੂੰ ਕਹਿੰਦੇ ਹਨ ਕਿ ਜਦ ਤੱਕ ਜਿੱਤਣ ਦੀ ਉਮੀਦ ਨਾ ਹੋਈ, ਉਦੋਂ ਤੱਕ ਚੋਣਾਂ ਨਹੀਂ ਚਾਹੁੰਦੇ? ਚੋਣਾਂ ਦੀ ਮੰਗ ਵੀ ਕਰਦੇ ਹੋ, ਪਰ ਚੋਣਾਂ ਹੋਣ ਵੀ ਨਹੀਂ ਦਿੰਦੇ। ਵੋਟਰ ਲਿਸਟ ਬਾਰੇ ਤੁਹਾਡੀ ਪਾਈ ਭਸੂੜੀ ਕਰਕੇ ਹੀ ਚੋਣਾਂ ਲੇਟ ਹੋ ਰਹੀਆਂ ਹਨ।

> 2. The Court's order of July 14, 2011, is modified as follows:
> (1) All disclosures of members' private information are stayed. The parties are prohibited from disclosing all (1) members' names; (2) addresses; (3) e-mail addresses; (4) and phone numbers of registered members of Sikh Gurdwara-San Jose unless and until the Court orders otherwise after trial of this matter.

**ਸੰਗਤ ਨੂੰ ਅਪੀਲ:** ਗੁਰੂ ਪਿਆਰੀ ਸਾਧ ਸੰਗਤ ਜੀ, ਅਸੀਂ ਆਪ ਜੀ ਦੀ ਕ੍ਰਿਪਾ ਸਦਕਾ, ਆਪਣੀ ਤੁਛ ਬੁੱਧੀ ਮੁਤਾਬਕ, ਜਿੰਨੀ ਹੋ ਸਕੀ, ਸੇਵਾ ਕੀਤੀ ਹੈ। ਸੇਵਾ ਦੌਰਾਨ ਭੁੱਲਾਂ ਵੀ ਹੋਈਆਂ ਹੋਣਗੀਆਂ, ਆਪਣੇ ਝਾੜੂਬਰਦਾਰ ਸਮਝ ਕੇ ਮੁਆਫ਼ ਕਰ ਦਿਓ। ਸਾਡੀ ਦ੍ਰਿੜਤਾ, ਵਚਨਬੱਧਤਾ ਅਤੇ ਸੁਹਿਰਦਤਾ ਦੀ ਨਿਸ਼ਾਨੀ ਹੈ-ਆਪ ਜੀ ਵਾਸਤੇ ਉਤਰੀ ਅਮਰੀਕਾ ਦਾ ਸਭ ਤੋਂ ਵੱਡਾ ਗੁਰੂਘਰ "ਗੁਰਦੁਆਰਾ ਸਾਹਿਬ ਸੈਨ ਹੋਜ਼ੇ" ਜਿੱਥੇ ਅੱਜ ਪੂਰੇ ਉਤਰੀ ਅਮਰੀਕਾ ਦੀਆਂ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਹਨ। ਦੂਜੇ ਪਾਸੇ ਉਹ ਲੋਕ ਹਨ ਜਿਹੜੇ ਫੋਕੀ ਮਰਿਆਦਾ ਦੀ ਦੁਹਾਈ ਦੇ ਰਹੇ ਹਨ ਪਰ ਆਪ ਕਿਸੇ ਮਰਿਆਦਾ ਦੇ ਧਾਰਨੀ ਨਹੀਂ ਹਨ, ਜਿਨ੍ਹਾਂ ਦਾ ਮਨੋਰਥ ਕਿਸੇ ਨਾ ਕਿਸੇ ਢੰਗ ਨਾਲ ਗੁਰੂਘਰ ਦੇ ਪ੍ਰਬੰਧ ਉਤੇ ਕਬਜ਼ੇ ਤੋਂ ਵੱਧ ਹੋਰ ਕੁਝ ਵੀ ਨਹੀਂ। ਉਨ੍ਹਾਂ ਵੱਲੋਂ ਗੁਰੂਘਰ ਬਣਾਉਣ ਲਈ ਦਿੱਤਾ ਯੋਗਦਾਨ ਅਸੀਂ ਆਪ ਜੀ ਨਾਲ ਸਾਂਝਾ ਕਰ ਚੁੱਕੇ ਹਾਂ। ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ, ਸਾਨੂੰ ਅਤੇ ਸਾਡੇ ਵਿਰੋਧੀਆਂ ਨੂੰ ਦ੍ਰਿੜਤਾ, ਈਮਾਨਦਾਰੀ ਅਤੇ ਸੇਵਾ ਦੀ ਕਸਵੱਟੀ 'ਤੇ ਜ਼ਰੂਰ ਪਰਖਿਓ, ਫੈਸਲਾ ਆਪ ਜੀ ਨੇ ਕਰਨਾ ਹੈ।

**ਗੁਰੂ ਪੰਥ ਦੇ ਦਾਸ**

**ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ**

Ad Space Sponsored By: Bob Dhillon

# ਯੂ.ਪੀ.ਏ. ਸਰਕਾਰ ਨੇ ਅਤਿਵਾਦ ਬਾਰੇ 'ਕੌੜਾ ਸੱਚ' ਕਬੂਲਿਆ

**ਨਵੀਂ ਦਿੱਲੀ:** ਮੁੰਬਈ ਤੇ ਦਿੱਲੀ ਵਿਚ ਹਾਲ ਹੀ ਦੋ ਮਹੀਨਿਆਂ 'ਚ ਹੋਏ ਬੰਬ ਧਮਾਕਿਆਂ ਨੂੰ ਸਰਕਾਰ ਦੇ ਰਿਕਾਰਡ 'ਤੇ 'ਧੱਬਾ' ਕਰਾਰ ਦਿੰਦਿਆਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਮੰਨਿਆ ਹੈ ਕਿ ਦੇਸ਼ 'ਚ ਵਧੇ-ਫੂਲੇ ਕੁਝ ਅਨਸਰ ਅੱਜ ਵੀ ਪੂਰੇ ਭਾਰਤ 'ਚ ਸਰਗਰਮ ਹਨ ਤੇ ਉਨ੍ਹਾਂ 'ਚੋਂ ਕਈ ਟੋਲੇ ਤਾਂ ਬੰਬ ਬਣਾਉਣ ਦੇ ਵੀ ਸਮਰੱਥ ਹਨ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਨੈਸ਼ਨਲ ਕਾਊਂਟਰ ਟੈਰੋਰਿਜ਼ਮ ਸੈਂਟਰ (ਐਨ.ਸੀ.ਟੀ.ਸੀ.) ਕਾਇਮ ਕਰਨਾ ਹਾਲੇ ਵੀ ਉਨ੍ਹਾਂ ਦੇ ਏਜੰਡੇ 'ਤੇ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਉਹ ਸਰਕਾਰ ਦੀ ਪ੍ਰਵਾਨਗੀ ਲੈਣ 'ਚ ਸਫਲ ਹੋ ਜਾਣਗੇ। ਉਨ੍ਹਾਂ ਕਿਹਾ ਕਿ ਖੁਫੀਆ ਰਿਪੋਰਟਾਂ ਹਨ ਕਿ ਨਕਸਲੀ, ਬੰਗਾਲ 'ਚ ਗੁਰੀਲਾ ਅੱਡੇ ਬਣਾ ਰਹੇ ਹਨ ਜਿਸ ਕਰਕੇ ਛੱਤੀਸਗੜ੍ਹ, ਝਾਰਖੰਡ, ਬਿਹਾਰ ਤੇ ਉੜੀਸਾ 'ਚ ਹਿੰਸਾ ਘਟ ਨਹੀਂ ਰਹੀ। ਉਨ੍ਹਾਂ ਨੇ ਉਤਰ-ਪੂਰਬੀ ਰਾਜਾਂ 'ਚ ਸੁਰੱਖਿਆ ਬਲਾਂ ਦੀ ਵਧੇਰੇ ਗਿਣਤੀ 'ਤੇ ਜ਼ੋਰ ਦਿੱਤਾ।

ਇਸੇ ਦੌਰਾਨ ਜੰਮੂ-ਕਸ਼ਮੀਰ 'ਚ ਗਰਮੀਆਂ ਦੀ ਰੁੱਤ ਅਮਨ-ਅਮਾਨ ਨਾਲ ਲੰਘ ਜਾਣ 'ਤੇ ਜੰਮੂ-ਕਸ਼ਮੀਰ ਦੀ ਪੁਲਿਸ ਤੇ ਸੀ.ਆਰ. ਪੀ.ਐਫ. ਨੂੰ ਵਧਾਈ ਤੇ ਸ਼ਾਬਾਸ਼ ਦਿੰਦਿਆਂ ਉਨ੍ਹਾਂ ਨੇ ਸੱਦਾ ਦਿੱਤਾ ਕਿ ਸਮਾਜਿਕ ਤਣਾਅ ਜਾਂ ਸਮਾਜਿਕ ਲਹਿਰਾਂ ਨਾਲ ਨਜਿੱਠਣ ਮੌਕੇ ਗੈਰ-ਮਾਰੂ ਢੰਗ-ਤਰੀਕੇ ਵਰਤੇ ਜਾਣ। ਉਨ੍ਹਾਂ ਨੇ ਕਿਹਾ ਕਿ ਪੱਥਰਬਾਜ਼ੀ ਦੀਆਂ ਘਟਨਾਵਾਂ ਜਿਹੀ ਹਿਲਜੁਲ ਵੀ ਗੈਰ-ਮਾਰੂ ਢੰਗ-ਤਰੀਕਿਆਂ ਨਾਲ ਨਜਿੱਠੀ ਜਾਵੇ।

ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਤੇ ਪਾਕਿਸਤਾਨ ਦਹਿਸ਼ਤ ਦੇ ਕੇਂਦਰ ਹਨ। ਕੇਂਦਰੀ ਗ੍ਰਹਿ ਮੰਤਰੀ ਨੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਵੱਲੋਂ ਨਵੀਂ ਦਿੱਲੀ 'ਚ ਡੀ.ਜੀ.ਪੀਜ਼, ਆਈ.ਜੀ.ਪੀਜ਼ ਦੀ ਕਾਨਫਰੰਸ ਦੌਰਾਨ ਉਪਰੋਕਤ ਗੱਲਾਂ ਕਹੀਆਂ। ਉਨ੍ਹਾਂ ਕਿਹਾ ਪੰਜ ਪ੍ਰਮੁੱਖ ਦਹਿਸ਼ਤਗਰਦ ਜਥੇਬੰਦੀਆਂ ਵਿਚੋਂ ਚਾਰ ਪਾਕਿਸਤਾਨ 'ਚ ਹਨ ਤੇ ਇਨ੍ਹਾਂ 'ਚੋਂ ਤਿੰਨ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਤੇ ਹਿਜ਼ਬੁਲ ਮੁਜਾਹਿਦੀਨ ਲਗਾਤਾਰ ਭਾਰਤ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਦੋ ਮਹੀਨਿਆਂ 'ਚ ਮੁੰਬਈ ਤੇ ਦਿੱਲੀ 'ਚ ਦੋ ਦਹਿਸ਼ਤੀ ਹਮਲੇ ਹੋ ਜਾਣੇ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ ਰਿਕਾਰਡ 'ਤੇ ਵੱਡਾ ਦਾਗ ਹਨ।ਪਰ ਨਾਲ ਹੀ ਉਨ੍ਹਾਂ ਕਿਹਾ ਕਿ 'ਦਹਿਸ਼ਤਗਰਦੀ' ਦੀ ਚੁਣੌਤੀ ਵੱਡਾ ਖਤਰਾ ਹੈ ਤੇ ਕੋਈ ਵੀ ਮੁਲਕ ਇਸ ਤੋਂ ਬਚਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਭਾਵਿਕ ਹੈ ਕਿ ਕੇਂਦਰ ਸਰਕਾਰ ਤੇ ਸੁਰੱਖਿਆ ਬਲਾਂ ਦੀ ਬੁਰੀ ਤਰ੍ਹਾਂ ਆਲੋਚਨਾ ਕੀਤੀ ਜਾ ਰਹੀ ਹੈ। ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰੀ ਚੁੱਕਦਿਆਂ ਤੇ ਆਲੋਚਨਾ ਨੂੰ ਸਿਰ ਮੱਥੇ ਲੈਂਦਿਆਂ, ਉਨ੍ਹਾਂ ਕਿਹਾ ਕਿ ਉਸ ਸੰਦਰਭ ਦੀ ਸ਼ਨਾਖਤ ਕਰਨੀ ਬਣਦੀ ਹੈ ਜਿਸ 'ਚ ਅਜਿਹੇ ਅਤਿਵਾਦੀ ਕਾਰੇ ਹੁੰਦੇ ਹਨ।

## ਅਦਾਲਤ ਵਲੋਂ ਪਠਾਨਕੋਟ ਤੇ ਫਗਵਾੜਾ ਨੂੰ ਨਿਗਮ ਬਣਾਉਣ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਠਾਨਕੋਟ ਤੇ ਫਗਵਾੜਾ ਨੂੰ ਵੱਡੇ ਸ਼ਹਿਰੀ ਇਲਾਕੇ ਐਲਾਨਣ ਬਾਰੇ ਨੋਟੀਫਿਕੇਸ਼ਨ 'ਤੇ ਸਟੇਅ ਲਾਉਂਦਿਆਂ ਇਨ੍ਹਾਂ ਸ਼ਹਿਰਾਂ ਦੀਆਂ ਨਗਰ ਕੌਂਸਲਾਂ ਨੂੰ ਨਗਰ ਨਿਗਮ 'ਚ ਤਬਦੀਲ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ। ਇਸ ਬਾਰੇ ਦੋ ਪਟੀਸ਼ਨਾਂ ਤਾਜਪਾਲ ਬਸਰਾ ਤੇ ਹੋਰਾਂ ਵੱਲੋਂ ਪੰਜਾਬ ਸਰਕਾਰ ਵਿਰੁਧ ਦਾਇਰ ਕੀਤੀਆਂ ਗਈਆਂ ਸਨ। ਪਟੀਸ਼ਨਰਾਂ ਨੇ ਸਰਕਾਰ ਦੇ 26 ਜੁਲਾਈ ਦੇ ਉਸ ਨੋਟਿਸ ਨੂੰ ਚੁਣੌਤੀ ਦਿੱਤੀ ਹੈ ਜਿਸ ਵਿਚ ਦੋਹਾਂ ਸ਼ਹਿਰਾਂ ਨੂੰ ਵੱਡੇ ਦੇਹਾਤੀ ਇਲਾਕੇ ਐਲਾਨਦਿਆਂ ਸ਼ਹਿਰਾਂ ਦੀਆਂ ਮਿਊਂਸਪਲ ਕੌਂਸਲਾਂ ਨੂੰ ਭੰਗ ਕਰਕੇ ਮਿਊਂਸਪਲ ਕਾਰਪੋਰੇਸ਼ਨ ਬਣਾਉਣ ਦੀ ਗੱਲ ਕਹੀ ਗਈ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 22 ਜੁਲਾਈ ਨੂੰ ਜਲੰਧਰ ਲਾਗੇ ਇਕ ਸਮਾਗਮ ਦੌਰਾਨ ਫਗਵਾੜਾ, ਪਠਾਨਕੋਟ ਤੇ ਮੋਗਾ ਨੂੰ ਨਗਰ ਨਿਗਮਾਂ 'ਚ ਤਬਦੀਲ ਕਰਨ ਦਾ ਐਲਾਨ ਕੀਤਾ ਸੀ ਤੇ 27 ਜੁਲਾਈ ਨੂੰ ਇਸ ਬਾਰੇ ਨੋਟੀਫਿਕੇਸ਼ਨ ਕਰ ਦਿੱਤਾ ਸੀ। ਨੋਟੀਫਿਕੇਸ਼ਨ ਬਾਰੇ ਕਾਂਗਰਸ, ਬਸਪਾ ਤੇ ਅਜ਼ਾਦ ਮੈਂਬਰਾਂ ਨੇ ਸਾਂਝੇ ਤੌਰ 'ਤੇ ਪਟੀਸ਼ਨ ਹਾਈ ਕੋਰਟ 'ਚ ਦਾਇਰ ਕੀਤੀ ਸੀ ਜਿਸ 'ਚ ਕਈ ਖ਼ਾਮੀਆਂ ਦਰਸਾਈਆਂ ਗਈਆਂ ਸਨ।

ਦੋਵਾਂ ਸ਼ਹਿਰਾਂ ਦੀ ਆਬਾਦੀ ਨਗਰ ਨਿਗਮ ਬਣਾਏ ਜਾਣ ਲਈ ਤੈਅ ਆਬਾਦੀ 3 ਲੱਖ ਤੋਂ ਕਾਫੀ ਘੱਟ ਹੈ। 1999 ਦੇ ਨੋਟੀਫਿਕੇਸ਼ਨ ਅਨੁਸਾਰ 3 ਲੱਖ ਤੋਂ ਉਪਰ ਦੀ ਆਬਾਦੀ ਨੂੰ ਹੀ ਨਗਰ ਨਿਗਮ ਦਾ ਦਰਜਾ ਮਿਲਦਾ ਹੈ। ਫਗਵਾੜਾ ਦੀ ਅਬਾਦੀ ਤਕਰੀਬਨ 9800 ਹੈ।

# ਵੋਟਰ ਰਜਿਸਟ੍ਰੇਸ਼ਨ ਸਮੇਂ ਸੁਧਾਰ ਕਮੇਟੀ ਨੂੰ ਮਿਲੇ ਹੁੰਗਾਰੇ ਤੋਂ ਪ੍ਰਬੰਧਕ ਭੈਅ-ਭੀਤ:ਡਾ. ਨਾਹਲ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਮਾਮਲੇ ਨੂੰ ਲੈ ਕੇ ਹੋਂਦ ਵਿਚ ਆਈ ਸੁਧਾਰ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਵੋਟਰ ਰਜਿਸਟ੍ਰੇਸ਼ਨ ਦੌਰਾਨ ਗੁਰਦੁਆਰਾ ਸੁਧਾਰ ਕਮੇਟੀ ਨੂੰ ਮਿਲੇ ਹੁੰਗਾਰੇ ਤੋਂ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਭੈਅ-ਭੀਤ ਹੋ ਗਈ ਹੈ।

ਸੁਧਾਰ ਕਮੇਟੀ ਦੀ ਤਰਫੋਂ ਡਾ. ਤਰਲੋਚਨ ਸਿੰਘ ਨਾਹਲ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਸ ਨੇ ਪ੍ਰਬੰਧਕ ਕਮੇਟੀ ਨੂੰ ਵੋਟਰਾਂ ਦੀ ਰਜਿਸਟ੍ਰੇਸ਼ਨ ਖੋਲ੍ਹਣ ਲਈ ਮਜਬੂਰ ਕਰ ਦਿੱਤਾ ਹੈ ਜੋ ਕਿ ਪ੍ਰਬੰਧਕ ਕਮੇਟੀ ਬਿਲਕੁਲ ਨਹੀਂ ਸੀ ਖੋਲ੍ਹਣਾ ਚਾਹੁੰਦੀ। ਬਿਆਨ ਅਨੁਸਾਰ 11 ਸਤੰਬਰ ਤੋਂ ਲੈ ਕੇ 18 ਸਤੰਬਰ ਤੱਕ 754 ਨਵੇਂ ਮੈਂਬਰ ਰਜਿਸਟਰ ਹੋ ਚੁਕੇ ਹਨ। ਰਜਿਸਟ੍ਰੇਸ਼ਨ ਕਮੇਟੀ ਵਲੋਂ ਸਿਰਫ ਦੋ ਹਫਤੇ ਲਈ ਹੀ ਖੋਲ੍ਹੀ ਗਈ ਹੈ ਜਦ ਕਿ ਵਿਰੋਧੀ ਧਿਰ ਗੁਰਦੁਆਰਾ ਸੁਧਾਰ ਕਮੇਟੀ ਇਹ ਰਜਿਸਟ੍ਰੇਸ਼ਨ ਘਟ ਟੋਂ ਘਟ ਚਾਰ ਹਫਤੇ ਲਈ ਖੋਲ੍ਹਣ ਦੀ ਮੰਗ ਕਰ ਹੀ ਸੀ।



ਗੁਰਦੁਆਰਾ ਸੁਧਾਰ ਕਮੇਟੀ ਦੇ ਵੋਟਰ ਰਜਿਸਟ੍ਰੇਸ਼ਨ ਬੂਥ ਦਾ ਦ੍ਰਿਸ਼

ਡਾ. ਨਾਹਲ ਨੇ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਬੇਸ਼ੱਕ ਦੋਹਾਂ ਧਿਰਾਂ ਦਾ ਆਪਣੇ ਪੱਖ ਦੇ ਵੋਟਰ ਬਣਾਉਣ ਲਈ ਅੱਡੀ-ਚੋਟੀ ਦਾ ਜੋਰ ਲੱਗਾ ਹੋਇਆ ਹੈ ਪਰ ਸੰਗਤਾਂ ਤੋਂ ਜੋ ਹੁੰਗਾਰਾ ਸੁਧਾਰ ਕਮੇਟੀ ਨੂੰ ਮਿਲਿਆ ਹੈ ਉਸ ਨੇ ਪ੍ਰਬੰਧਕ ਕਮੇਟੀ ਦੀ ਨੀਂਦ ਹਰਾਮ ਕਰ ਦਿੱਤੀ ਹੈ।

ਬਿਆਨ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਅੱਠਾਂ ਦਿਨਾਂ ਵਿਚ ਤਿੰਨ ਦਿਨ ਰਜਿਸਟ੍ਰੇਸ਼ਨ ਹੋਈ ਹੈ ਅਤੇ ਤਿੰਨੇ ਹੀ ਦਿਨ ਸੁਧਾਰ ਕਮੇਟੀ ਨੇ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਮਾਤ ਪਾ ਦਿੱਤੀ ਹੈ ਅਤੇ ਸਾਬਤ ਕਰ ਦਿੱਤਾ ਹੈ ਕਿ ਇਸ ਕਮੇਟੀ ਨੇ ਜਨਰਲ ਬਾਡੀ ਨਾਲ ਵਿਸਾਹਘਾਤ ਕਰ ਕੇ ਸੰਵਿਧਾਨ ਵਿਚ ਤਬਦੀਲੀਆਂ ਰਾਹੀਂ ਵੋਟਾਂ ਤੋਂ ਬਿਨਾ ਹੀ ਆਪਣੇ ਆਪ ਨੂੰ ਪੰਜ ਸਾਲਾਂ ਲਈ ਚੁਣ ਕੇ ਅਤੇ ਉਮਰ ਭਰ ਟਿਕੇ ਰਹਿਣ ਦੀ ਨਾਕਾਮ ਯੋਜਨਾ ਬਣਾ ਕੇ ਭੂੰਡਾਂ ਦੀ ਖੱਖਰ ਨੂੰ ਹੱਥ ਪਾ ਲਿਆ ਹੈ। ਦੋਸ਼ ਲਾਇਆ ਗਿਆ ਹੈ ਕਿ ਇਸ ਕਮੇਟੀ ਦਾ ਮੋਹਰੀ ਬਾਬ ਢਿੱਲੋਂ ਅਤੇ ਸਾਰੀ ਕਮੇਟੀ ਹੁਣ ਤਰਲੋ ਮੱਛੀ ਹੋਈ ਫਿਰਦੀ ਹੈ ਅਤੇ ਕੁਰਸੀ ਨਾਲ ਟਿਕੇ ਰਹਿਣ ਲਈ ਕਈ ਤਰ੍ਹਾਂ ਦੇ ਹੱਥ ਕੰਡੇ ਵਰਤ ਰਹੀ ਹੈ।

ਡਾ. ਨਾਹਲ ਨੇ ਕਿਹਾ ਹੈ, "ਅਸੀਂ ਸੰਗਤਾਂ ਵਲੋਂ ਮਿਲੇ ਹੁੰਗਾਰੇ ਤੋਂ ਬਹੁਤ ਸੰਤੁਸ਼ਟ ਹਾਂ ਅਤੇ ਜਿਵੇਂ ਜਿਵੇਂ ਸੰਗਤਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਸਲੀ ਕਿਰਦਾਰ ਦਾ ਪਤਾ ਲੱਗ ਰਿਹਾ ਹੈ ਉਹ ਗੁਰਦੁਆਰਾ ਸੁਧਾਰ ਕਮੇਟੀ ਨਾਲ ਜੁੜ ਰਹੀਆਂ ਹਨ। 25 ਸਾਲ ਤੋਂ ਪ੍ਰਬੰਧ 'ਤੇ ਕਾਬਜ ਕਮੇਟੀ ਨੇ ਜਨਰਲ ਬਾਡੀ ਦੇ ਵੋਟ ਪਾਉਣ ਦੇ ਹੱਕ ਹੀ ਹੜੱਪ ਕਰ ਲਏ ਸਨ ਅਤੇ ਉਮਰ ਭਰ ਲਈ ਕਬਜਾ ਕਰਨ ਦੀ ਕੋਸ਼ਸ ਕੀਤੀ ਸੀ। ਇਹ ਹੱਕ ਗੁਰਦੁਆਰਾ ਸੁਧਾਰ ਕਮੇਟੀ ਨੇ ਬਹੁਤ ਹੀ ਔਖੀ ਅਤੇ ਮਹਿੰਗੀ ਕਾਨੂੰਨੀ ਲੜਾਈ ਲੜ ਕੇ ਬਹਾਲ ਕਰਾਏ ਹਨ।

ਡਾ. ਨਾਹਲ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਉਣ ਵਾਲੇ ਬੁਧਵਾਰ (21 ਸਤੰਬਰ) ਨੂੰ ਸ਼ਾਮ ਨੂੰ 7-9 ਵਜੇ ਤਕ ਵੋਟਰ ਰਜਿਸਟ੍ਰੇਸ਼ਨ ਫਿਰ ਖੁਲ੍ਹੇਗੀ, ਸੰਗਤ ਦੇ ਜੋ ਮੈਂਬਰ ਕਿਸੇ ਵਜ੍ਹਾ ਕਰ ਕੇ ਅਜੇ ਮੈਂਬਰ ਨਹੀਂ ਬਣ ਸਕੇ, ਉਹ ਜਰੂਰ ਮੈਂਬਰ ਬਣਨ।

## ਜਥੇਦਾਰ ਕਾਤਰੋਂ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ


**ਸੈਨ ਹੋਜ਼ੇ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਗਧੀਰ ਸਿੰਘ ਕਾਤਰੋਂ ਦੇ ਅਚਾਨਕ ਅਕਾਲ ਚਲਾਣੇ ਉਤੇ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪਾਰਟੀ ਅਤੇ ਪੰਥ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ ਹੈ। ਸ. ਕਾਤਰੋਂ ਪਹਿਲੀ ਵਾਰ 1996 ਵਿਚ ਜ਼ਿਲ੍ਹਾ ਸੰਗਰੂਰ ਦੇ ਹਲਕਾ ਧੂਰੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਸਾਲ 2004 ਤੱਕ ਮੈਂਬਰ ਰਹੇ। ਉਹ ਅਕਾਲ ਚਲਾਣੇ ਤੱਕ ਪਾਰਟੀ ਦੇ ਜਨਰਲ ਸਕੱਤਰ ਰਹੇ। ਪਿਛਲੇ ਕੁਝ ਸਮੇਂ ਤੋਂ ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਦੀ ਲਪੇਟ ਵਿਚ ਆ ਗਏ ਸਨ।

ਪਾਰਟੀ ਆਗੂਆਂ ਕੁਲਜੀਤ ਸਿੰਘ ਨਿੱਝਰ, ਭੁਪਿੰਦਰ ਸਿੰਘ ਚੀਮਾ, ਦਰਸ਼ਨ ਸਿੰਘ ਸੰਧੂ, ਪ੍ਰੀਤਮ ਸਿੰਘ ਜੋਗਾਨੰਗਲ, ਕਮਲ ਸਿੰਘ ਗੋਲਡੀ ਅਤੇ ਕੁਲਵੰਤ ਸਿੰਘ ਮਿੰਟੂ ਨੇ ਜਥੇਦਾਰ ਕਾਤਰੋਂ ਦੇ ਚਲਾਣੇ ਉਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਵਲੋਂ ਪੰਥਕ ਸੇਵਾ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੋਵੇਗੀ।

## ਬਾਬਾ ਫਰੀਦ ਆਗਮਨ ਪੁਰਬ 'ਤੇ ਰਿਓ ਲਿੰਡਾ ਗੁਰੂ ਘਰ 'ਚ ਸਮਾਗਮ 25 ਨੂੰ

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਸਭਾ, ਰਿਓ ਲਿੰਡਾ ਦੀਆਂ ਸੰਗਤਾਂ ਵਲੋਂ ਸ਼ੇਖ ਬਾਬਾ ਫਰੀਦ ਜੀ ਦਾ ਆਗਮਨ ਪੁਰਬ ਆਉਂਦੀ 25 ਸਤੰਬਰ ਨੂੰ ਸਵੇਰੇ 10 ਵਜੇ ਤੋਂ ਮਨਾਇਆ ਜਾਏਗਾ।

ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਲੋਕ ਸੰਪਰਕ ਇੰਚਾਰਜ ਭਾਈ ਜਸਵਿੰਦਰ ਸਿੰਘ ਬੰਗਾ ਨੇ ਦੱਸਿਆ ਕਿ ਇਸ ਸਮਾਗਮ ਸਬੰਧੀ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਪੰਥ ਪ੍ਰਸਿਧ ਰਾਗੀ, ਢਾਡੀ ਜਥਿਆਂ ਵਲੋਂ ਬਾਬਾ ਫਰੀਦ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾਏਗਾ। ਪੰਜਾਬ ਤੋਂ ਆਏ ਲੋਕ ਗਾਇਕ ਲਖਵਿੰਦਰ ਲੱਕੀ ਉਚੇਚੇ ਤੌਰ 'ਤੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਬੰਗਾ ਨੇ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਹੈ।


Ph:510-415-7700, 800-498-3626, 408-480-4500
S&S Satellite System - e-mail: sns_satellite@yahoo.com

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



Bhupinder Gill
Attorney at Law
(Admitted in CA)

*Call for free initial consultation*

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

# ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕ ਖੇਡ ਮੈਦਾਨ ਬਣਾਉਣ ਲਈ ਸਹਿਮਤ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਗੁਰੂ ਘਰ ਦੇ ਨਾਲ ਖੇਡਾਂ ਦਾ ਮੈਦਾਨ ਬਣਾਏਗੀ। ਇਸ ਸਬੰਧੀ ਹਾਮੀ ਗੁਰੂ ਘਰ ਦੇ ਸਕੱਤਰ ਭਾਈ ਭੁਪਿੰਦਰ ਸਿੰਘ (ਬਾਬ) ਢਿੱਲੋਂ ਨੇ ਇਥੋਂ ਦੇ ਰੇਡੀਓ ਚੜ੍ਹਦੀ ਕਲਾ ਵਲੋਂ ਗੁਰੂ ਘਰਾਂ ਦੇ ਨਾਲ ਖੇਡ ਮੈਦਾਨ ਬਣਾਏ ਜਾਣ ਬਾਰੇ ਕਰਵਾਏ ਗਏ ਟਾਕ ਸ਼ੋਅ ਦੌਰਾਨ ਗੱਲ ਕਰਦਿਆਂ ਭਰੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ ਆਉਣ ਵਾਲੇ ਸਮੇਂ ਵਿਚ ਬਜ਼ੁਰਗਾਂ ਲਈ ਸਹੂਲਤਾਂ ਦੇ ਪ੍ਰਬੰਧ ਦੇ ਨਾਲ ਨਾਲ ਖੇਡ ਮੈਦਾਨ ਵੀ ਬਣਾਇਆ ਜਾਏਗਾ ਕਿਉਂਕਿ ਇਹ ਸਮੇਂ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਪਾਸ ਖੇਡ ਮੈਦਾਨ ਲਈ ਲੋੜੀਂਦੀ ਜ਼ਮੀਨ ਮੌਜੂਦ ਹੈ।

ਇਸੇ ਦੌਰਾਨ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਭਾਈ ਭੁਪਿੰਦਰ ਸਿੰਘ ਢਿੱਲੋਂ ਦੇ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਕਿ ਖੇਡ ਮੈਦਾਨ ਜਾਂ ਹੋਰ ਭਾਈਚਾਰਕ ਕੰਮਾਂ ਲਈ ਉਹ ਆਪਣੀ ਪੂਰੀ ਸਮਰਥਾ ਨਾਲ ਗੁਰੂ ਘਰ ਨੂੰ ਸਹਿਯੋਗ ਦੇਣਗੇ। ਉਨ੍ਹਾਂ ਸਮੂਹ ਸਮਾਜਿਕ ਤੇ ਸਭਿਆਚਾਰਕ ਕਲੱਬਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਸਬੰਧੀ ਗੁਰੂ ਘਰਾਂ ਨੂੰ ਸਹਿਯੋਗ ਦੇਣ।

ਰੇਡੀਓ ਟਾਕ ਸ਼ੋਅ ਦੌਰਾਨ ਬਹੁਤੇ ਸਰੋਤਿਆਂ ਦਾ ਖਿਆਲ ਸੀ ਕਿ ਜਿਥੇ ਵੀ ਸੰਭਵ ਹੈ, ਗੁਰੂ ਘਰਾਂ ਦੇ ਨਾਲ ਖੇਡ ਮੈਦਾਨ ਵੀ ਬਣਾਏ ਜਾਣ ਅਤੇ ਪ੍ਰਬੰਧਕਾਂ ਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਪਾਸੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਨਾਲ ਸਿੱਖ ਭਾਈਚਾਰੇ ਦਾ ਪੈਸਾ ਵੀ ਬਚੇਗਾ ਅਤੇ ਬਾਹਰ ਖੇਡ ਮੇਲੇ ਕਰਵਾਉਣ ਨਾਲ ਆਉਂਦੀਆਂ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਵੀ ਹੱਲ ਹੋਣਗੀਆਂ। ਇਥੇ ਦਿਲਚਸਪ ਗੱਲ ਇਹ ਵੀ ਹੈ ਕਿ ਗੁਰਦੁਆਰਾ ਫਰੀਮਾਂਟ ਵਲੋਂ ਕੁਝ ਸਾਲ ਪਹਿਲਾਂ ਖਰੀਦੀ ਗਈ ਸੌ ਏਕੜ ਜ਼ਮੀਨ ਦਾ ਮਾਮਲਾ ਵੀ ਉਠਿਆ ਪਰ ਪ੍ਰਬੰਧਕਾਂ ਵਿਚੋਂ ਕਿਸੇ ਨੇ ਵੀ ਇਸ ਰੇਡੀਓ ਟਾਕ ਸ਼ੋਅ ਦੌਰਾਨ ਕੋਈ ਹੁੰਗਾਰਾ ਨਹੀਂ ਦਿੱਤਾ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਯੂਨੀਅਨ ਸਿਟੀ ਦੇ ਇਕ ਡਾਕਟਰ ਗੋਨੀ ਸੰਧੂ ਨੂੰ ਪਹਾੜੀ ਵਾਲੀ ਜ਼ਮੀਨ ਉਤੇ ਘਰ ਬਣਾਉਣ ਲਈ ਇਜਾਜ਼ਤ ਮਿਲਣ ਦੀ ਖਬਰ ਨਸ਼ਰ ਹੋਣ ਉਪਰੰਤ ਗੁਰਦੁਆਰਾ ਫਰੀਮਾਂਟ ਦੀ ਸੰਗਤ ਵਿਚ ਇਹ ਮਾਮਲਾ ਉਭਰ ਕੇ ਸਾਹਮਣੇ ਆਇਆ ਹੈ ਕਿ ਜੇ ਕੋਈ ਇਕ ਵਿਅਕਤੀ ਆਪਣੇ ਯਤਨਾਂ ਨਾਲ ਪਹਾੜੀ ਉਤੇ ਘਰ ਬਣਾਉਣ ਲਈ ਇਜਾਜ਼ਤ ਲੈ ਸਕਦਾ ਹੈ ਤਾਂ ਫਿਰ ਪੂਰਾ ਸਿੱਖ ਭਾਈਚਾਰਾ ਖੇਡ ਮੈਦਾਨ, ਫਿਊਨਰਲ ਹੋਮ ਜਾਂ ਅਜਿਹੇ ਹੋਰ ਭਾਈਚਾਰਕ ਕੰਮਾਂ ਲਈ ਇਸ ਜ਼ਮੀਨ ਦੀ ਵਰਤੋਂ ਵਾਸਤੇ ਟੀ ਮਈਅਰ ਵਿਚ ਛੋਟਾਂ ਕਿਉਂ ਨਹੀਂ ਹਾਸਲ ਕਰ ਸਕਦਾ?

## ਸਿੱਖ ਜਥੇਬੰਦੀਆਂ ਵਲੋਂ ਡਾ. ਮਨਮੋਹਨ ਸਿੰਘ ਵਿਰੁਧ ਮੁਜਾਹਰਾ 24 ਨੂੰ

**ਨਿਊ ਯਾਰਕ (ਬਿਊਰੋ):** ਟਰਾਈ ਸਟੇਟ ਦੀਆਂ ਸਮੂਹ ਪੰਥਕ ਜਥੇਬੰਦੀਆਂ ਵਲੋਂ ਯੂ. ਐਨ. ਓ. ਦੇ ਸਾਲਾਨਾ ਸੈਸ਼ਨ ਵਿਚ ਹਿੱਸਾ ਲੈਣ ਲਈ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਨਿਚਰਵਾਰ 24 ਸਤੰਬਰ ਨੂੰ ਪਹੁੰਚਣ 'ਤੇ ਸਵੇਰੇ 9 ਵਜੇ ਇੱਕ ਜੋਰਦਾਰ ਮੁਜਾਹਰਾ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਇਸ ਮੁਜਾਹਰੇ ਨੂੰ ਕਾਮਯਾਬ ਕਰਨ ਲਈ ਪੰਥਕ ਜਥੇਬੰਦੀਆਂ ਵਲੋਂ ਬਣਾਈ ਗਈ ਕੋਆਰਡੀਨੇਸ਼ਨ ਕਮੇਟੀ ਨੇ ਟਰਾਈ ਸਟੇਟ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਹੈ ਕਿ 1984 ਦੀ ਸਿੱਖ ਨਸਲਕੁਸ਼ੀ ਸਮੇਤ ਸਿੱਖਾਂ ਨਾਲ ਲਗਾਤਾਰ ਹੋ ਰਹੀਆਂ ਬੇਇਨਸਾਫੀਆਂ ਵਿਰੁਧ ਇਸ 'ਇਨਸਾਫ ਰੈਲੀ' ਵਿਚ ਜਰੂਰ ਪਹੁੰਚਣ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਹਿੰਦੂਤਵੀ-ਨਿਜ਼ਾਮ ਜਿੰਮੇਵਾਰ

**ਸਟਾਕਟਨ (ਬਿਊਰੋ):** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਭਾਰਤ ਦਾ ਹਿੰਦੂਤਵੀ-ਨਿਜ਼ਾਮ ਜਿੰਮੇਵਾਰ ਹੈ। ਇਹ ਧਾਰਨਾ ਇਥੋਂ ਦੇ ਇਤਿਹਾਸਕ ਗੁਰਦੁਆਰਾ ਸਟਾਕਟਨ ਵਿਚ ਲੰਘੀ 17 ਸਤੰਬਰ ਨੂੰ ਕੈਲੀਫ਼ੋਰਨੀਆ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਦੀ ਬੈਠਕ ਵਿਚ ਉਭਰ ਕੇ ਸਾਹਮਣੇ ਆਈ। ਮੀਟਿੰਗ ਦੇ ਏਜੰਡੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਨਿਖੇਧੀ, ਹਿੰਦੂਤਵ-ਧਾਰਨੀ ਸਿੱਖ ਸੰਸਥਾਵਾਂ ਨੂੰ ਚਿਤਾਵਨੀ ਅਤੇ ਭਾਰਤ ਸਰਕਾਰ ਦੇ ਕਥਿਤ ਸਿੱਖ-ਵਿਰੋਧੀ ਚੇਹਰੇ ਨੂੰ ਨੰਗਾ ਕਰਨਾ ਆਦਿ ਮੁੱਦੇ ਸ਼ਾਮਲ ਸਨ।

ਰੋਪੜ ਜਿਲੇ ਦੇ ਕਸਬਾ ਮੋਰਿੰਡਾ ਨੇੜੇ ਪਿੰਡ ਉਧਮਪੁਰ ਨਲਾਂ ਦੇ ਗੁਰੂ ਘਰ 'ਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੁਕ ਕੇ ਖੂਹ ਵਿਚ ਸੁੱਟੇ ਜਾਣ ਪਿਛੋਂ ਉਤਰ ਪ੍ਰਦੇਸ਼ ਦੇ ਸ਼ਹਿਰ ਪੀਲੀਭੀਤ ਨੇੜੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਉਪਰ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਵਖ ਵਖ ਬੁਲਾਰਿਆਂ ਨੇ ਕਿਹਾ ਕਿ ਭਾਰਤੀ ਹਿੰਦੂਤਵ ਪੱਖੀ ਨਿਜ਼ਾਮ ਇੱਕ ਵਾਰੀ ਫ਼ੇਰ ਸਿੱਖੀ ਨੂੰ ਨਿਸ਼ਾਨਾ ਬਣਾ ਕੇ, ਅਤਿਵਾਦ ਦਾ ਹਊਆ ਖੜ੍ਹਾ ਕਰ ਕੇ ਘੱਟ-ਗਿਣਤੀਆਂ ਤੇ ਦਲਿਤਾਂ ਦੀ ਨਸਲਕੁਸ਼ੀ ਕਰਨਾ ਚਾਹੁੰਦਾ ਹੈ।

ਗੁਰਦੁਆਰਾ ਸਟਾਕਟਨ ਦੇ ਪ੍ਰਧਾਨ ਮਨਜੀਤ ਸਿੰਘ ਉਪਲ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਭਾਰਤੀ ਮੂਲ ਨਿਵਾਸੀਆਂ ਦਾ ਚਾਨਣ-ਮੁਨਾਰਾ ਹੈ। ਹਿੰਦੂਤਵ ਦੇ ਏਜੰਡੇ ਵਿਚ ਮੂਲ-ਨਿਵਾਸੀਆਂ ਨੂੰ ਗਿਆਨ-ਵਿਹੂਣਾ ਬਣਾ ਕੇ ਆਪਣੇ ਸੌੜੇ ਉਦੇਸ਼ਾਂ ਲਈ ਵਰਤਣਾ ਹੈ ਪਰ ਹੁਣ ਲੋਕ ਜਾਗ੍ਰਿਤ ਹੋ ਚੁੱਕੇ ਹਨ।

ਗੁਰਦੁਆਰਾ ਲੋਡਾਈ ਦੇ ਪ੍ਰਧਾਨ ਅਮਰਜੀਤ ਸਿੰਘ ਦੁਸਾਂਝ ਨੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਗੁਰਮਤਿ-ਵਿਰੋਧੀ ਤਾਕਤਾਂ ਨੂੰ ਪਛਾੜਨ ਲਈ ਕੋਈ ਠੋਸ ਪ੍ਰੋਗਰਾਮ ਦੇਣ। ਭਾਰਤੀ ਸਿਆਸਤਦਾਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਸਰਨਾ, ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਜਿਹੇ ਲੋਕ ਹਿੰਦੂਤਵ ਦੇ ਗੋਗੇ ਗਾ ਗਾ ਕੇ ਆਪਣੇ ਰਾਹ ਤੋਂ ਭਟਕੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਇਨ੍ਹਾਂ ਨੂੰ ਬਰਾਬਰ ਦੇ ਜਿੰਮੇਵਾਰ ਠਹਿਰਾਉਣਾ ਚਾਹੀਦਾ ਹੈ।

ਮੀਟਿੰਗ ਵਿਚ ਸੁਝਾ ਦਿਤਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਯੂ ਐਨ ਓ ਨੂੰ ਅਪੀਲ ਕੀਤੀ ਜਾਵੇ ਕਿ ਭਾਰਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਦਬੀ ਵਿਰੁਧ ਹਾਅ ਦਾ ਨਾਅਰਾ ਮਾਰਨ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਡਡਵਾਲ, ਸੁਖਵੰਤ ਸਿੰਘ, ਗੁਰਮੇਲ ਖੇਲਾ, ਦਲਜੀਤ ਸਿੰਘ, ਰਵਿੰਦਰ ਰੰਧਾਵਾ, ਬਲਜਿੰਦਰ ਸਿੰਘ ਪੰਨੂ, ਅਵਤਾਰ ਸਿੰਘ ਰੰਧਾਵਾ, ਭਜਨ ਸਿੰਘ ਭਿੰਡਰ, ਜਸਵੀਰ ਗੋਰਾਇਆ, ਹਰਨੇਕ ਅਟਵਾਲ, ਅਮਰੀਕ ਸਿੰਘ ਪੰਨੂ, ਕੁਲਵਿੰਦਰ ਸਿੰਘ ਪੰਨੂ, ਬਲਜੀਤ ਸਿੰਘ ਢੀਂਡਸਾ, ਬਲਜਿੰਦਰ ਸਿੰਘ, ਰਣਜੀਤ ਸਿੰਘ ਰਾਏ, ਈਸ਼ਰ ਸਿੰਘ, ਜਸਵਿੰਦਰ ਸਿੰਘ, ਅਮਨਦੀਪ ਸਿੰਘ, ਤੀਰਥ ਸਿੰਘ, ਸਰਵਣ ਸਿੰਘ ਤੇ ਅਮਰਜੀਤ ਸਿੰਘ ਹਾਜਰ ਸਨ। ਸਟਾਕਟਨ, ਲੋਡਾਈ, ਮਨਟੀਕਾ, ਟਰੇਸੀ, ਐਲ ਸਬਰਾਂਟੇ ਅਤੇ ਮਾਡੈਸਟੋ ਗੁਰੂ ਘਰਾਂ ਤੋਂ ਭਰਵੀਂ ਪ੍ਰਤੀਨਿਧਤਾ ਰਹੀ।


ਇੰਡੀਅਨ ਸਟੋਰ ਵਿਕਾਊ ਹੈ

ਟਰੇਸੀ, ਕੈਲੀਫੋਰਨੀਆ ਵਿਚ ਵਧੀਆ ਚਲਦਾ 15 ਸਾਲ ਪੁਰਾਣਾ ਦੇਸੀ ਗਰੌਸਰੀ ਅਤੇ ਮਿਠਾਈਆਂ ਦਾ ਸਟੋਰ ਵਿਕਾਊ ਹੈ। ਸਟੋਰ ਦੇ ਨਾਲ ਕੈਰੀਆਊਟ ਫੂਡ ਲਈ ਕਿਚਨ ਵੀ ਹੈ।

**Indian Grocery Store For Sale**

**Good running Indian Grocery Store and Sweet House in Tracy, CA is on sale. The store has a kitchen also for carry-out food. The store is running since 15 years.**

**Contact: Ph. 209-481-5576**





Amardeep Singh
**Ph:916-712-2735**
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230




**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $1000**

We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.

*-Shilpa and Naveen Reddy*

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California:**
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਤਿਤ ਸਿੱਖਾਂ ਦੀਆਂ ਵੋਟਾਂ ਬਾਰੇ ਜਾਂਚ ਦੇ ਹੁਕਮ

**ਚੰਡੀਗੜ੍ਹ:** ਸਹਿਜਧਾਰੀਆਂ ਅਤੇ ਪਤਿਤ ਸਿੱਖਾਂ ਵੱਲੋਂ ਪਾਈਆਂ ਗਈਆਂ ਅਣ-ਅਧਿਕਾਰਤ ਵੋਟਾਂ ਅਤੇ ਬੋਗਸ ਵੋਟਿੰਗ ਦਾ ਮੁੱਦਾ ਭਖ ਗਿਆ ਹੈ, ਤੇ ਕੇਂਦਰੀ ਗ੍ਰਹਿ ਵਿਭਾਗ ਨੇ ਵੀ ਅਜਿਹੀਆਂ ਸ਼ਿਕਾਇਤਾਂ ਦਾ ਸਖ਼ਤ ਨੋਟਿਸ ਲੈਂਦਿਆਂ ਸਿੱਖ ਗੁਰਦੁਆਰਾ ਕਮਿਸ਼ਨ ਤੋਂ ਇਸ ਸਾਰੇ ਮਸਲੇ ਬਾਰੇ ਰਿਪੋਰਟ ਮੰਗ ਲਈ ਹੈ।

ਗੁਰਦੁਆਰਾ ਚੋਣ ਕਮਿਸ਼ਨ ਦੇ ਚੀਫ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਦੱਸਿਆ ਕਿ ਉਨ੍ਹਾਂ ਪ੍ਰਾਪਤ ਸ਼ਿਕਾਇਤਾਂ ਅਤੇ ਮੀਡੀਆ ਵਿਚ ਗੈਰ-ਕੇਸਾਧਾਰੀਆਂ ਵੱਲੋਂ ਕੀਤੀ ਗਈ ਵੋਟਿੰਗ ਬਾਰੇ ਖ਼ਬਰਾਂ ਦੇ ਆਧਾਰ 'ਤੇ ਆਪਣੇ ਕਮਿਸ਼ਨਰਾਂ ਤੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਇਸ ਸਾਰੇ ਮਾਮਲੇ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ ਤੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਆਦੇਸ਼ ਦਿੱਤੇ ਹਨ ਕਿ ਅਜਿਹੇ ਚੋਣ ਅਧਿਕਾਰੀਆਂ ਦੀ ਪਛਾਣ ਕੀਤੀ ਜਾਵੇ ਜੋ ਗੈਰ-ਕੇਸਾਧਾਰੀਆਂ ਦੀਆਂ ਵੋਟਾਂ ਪਵਾਉਣ ਲਈ ਜ਼ਿੰਮੇਵਾਰ ਸਨ ਅਤੇ ਅਜਿਹੇ ਅਧਿਕਾਰੀਆਂ ਵਿਰੁਧ ਬਣਦੀ ਕਾਰਵਾਈ ਕਰਕੇ ਕਮਿਸ਼ਨ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਕਮਿਸ਼ਨ ਨੂੰ ਚੋਣਾਂ ਦੌਰਾਨ ਗੈਰ-ਕੇਸਾਧਾਰੀਆਂ ਦੀਆਂ ਵੋਟਾਂ ਅਤੇ ਬੋਗਸ ਵੋਟਾਂ ਬਾਰੇ ਤਿੰਨ ਸ਼ਿਕਾਇਤਾਂ ਹਾਸਲ ਹੋਈਆਂ ਹਨ ਜਿਨ੍ਹਾਂ ਵਿਚੋਂ ਇਕ ਸ਼ਿਕਾਇਤ ਫਿਰੋਜ਼ਪੁਰ ਤੋਂ ਉਮੀਦਵਾਰ ਕਰਨੈਲ ਸਿੰਘ ਪੀਰਮੁਹੰਮਦ ਵੱਲੋਂ ਦਿੱਤੀ ਗਈ ਜਿਨ੍ਹਾਂ ਆਪਣੇ ਦੋਸ਼ਾਂ ਦੇ ਹੱਕ ਵਿਚ ਵੀਡੀਓਗ੍ਰਾਫੀ, ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਅਤੇ ਫੋਟੋਆਂ ਵੀ ਕਮਿਸ਼ਨ ਨੂੰ ਦਿੱਤੀਆਂ। ਜਸਟਿਸ ਬਰਾੜ ਨੇ ਸਪੱਸ਼ਟ ਕੀਤਾ ਕਿ ਭਾਵੇਂ ਕੋਈ ਡਿਪਟੀ ਕਮਿਸ਼ਨਰ ਹੋਵੇ ਜਾਂ ਸਕੱਤਰ ਪੱਧਰ ਦਾ ਅਧਿਕਾਰੀ, ਉਸ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਗਿੱਦੜਬਾਹਾ ਹਲਕੇ ਦੇ ਅਬਜ਼ਰਵਰ ਵੱਲੋਂ ਭੇਜੀ ਰਿਪੋਰਟ ਵਿਚ ਕੁਝ ਪੋਲਿੰਗ ਬੂਥਾਂ 'ਤੇ ਕਬਜ਼ੇ ਅਤੇ ਬੋਗਸ ਵੋਟਾਂ ਪਾਉਣ ਦੀ ਪੁਸ਼ਟੀ ਕੀਤੀ ਗਈ ਹੈ ਪਰ ਉਕਤ ਪੋਲਿੰਗ ਬੂਥ ਦੀਆਂ ਕੁਲ ਵੋਟਾਂ ਕੋਈ 12 ਤੋਂ 13 ਸੌ ਹੋਣ ਕਾਰਨ ਕਮਿਸ਼ਨ ਵੱਲੋਂ ਉਥੇ ਮੁੜ ਚੋਣ ਨਾ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ ਕਿਉਂਕਿ ਜਿੱਤਣ ਵਾਲੇ ਉਮੀਦਵਾਰ ਦਾ ਫਰਕ ਕੋਈ 37 ਹਜ਼ਾਰ ਦਾ ਦੱਸਿਆ ਜਾ ਰਿਹਾ ਹੈ ਜਦੋਂਕਿ ਨਿਯਮਾਂ ਅਨੁਸਾਰ ਅਜਿਹੇ ਵੱਡੇ ਫਰਕ ਦੇ ਹੁੰਦਿਆਂ ਮੁੜ ਚੋਣ ਕਰਾਉਣ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ।

ਜਸਟਿਸ ਬਰਾੜ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਵੱਲੋਂ ਇਸ ਬਾਰੇ ਸਾਰੇ ਚੋਣ ਅਧਿਕਾਰੀਆਂ ਨੂੰ 3 ਵਾਰ ਪੱਤਰ ਲਿਖ ਕੇ ਚਿਤਾਵਨੀ ਦਿੱਤੀ ਸੀ ਕਿ ਚੋਣਾਂ ਮੌਕੇ ਸਿਰਫ ਕੇਸਾਧਾਰੀ ਸਿੱਖਾਂ ਨੂੰ ਹੀ ਵੋਟ ਦਾ ਅਧਿਕਾਰ ਹੋਵੇਗਾ ਅਤੇ ਪਤਿਤ ਸਿੱਖ ਜਾਂ ਸਹਿਜਧਾਰੀ ਸਿੱਖ ਇਸ ਚੋਣ ਵਿਚ ਨਾ ਵੋਟਰ ਬਣਾਏ ਗਏ ਹਨ ਤੇ ਨਾ ਹੀ ਵੋਟ ਪਾ ਸਕਣਗੇ।

# ਅਕਾਲੀ ਦਲ (ਅੰਮ੍ਰਿਤਸਰ) ਵਲੋਂ ਚੋਣ ਨਤੀਜੇ ਰੱਦ, ਅਦਾਲਤ ਦਾ ਦਰ ਖੜਕਾਉਣ ਦਾ ਫੈਸਲਾ

**ਚੰਡੀਗੜ੍ਹ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੇ ਲੋਕਤੰਤਰ ਨੂੰ ਗ੍ਰਹਿਣ ਲਗਾ ਕੇ ਰੱਖ ਦਿੱਤਾ ਹੈ। ਇਨ੍ਹਾਂ ਧਾਰਮਿਕ ਚੋਣਾਂ 'ਚ ਹੋਈ ਧਾਂਦਲੀ, ਸੀਨਾਜ਼ੋਰੀ ਅਤੇ ਬੁਰਛਾਗਰਦੀ ਨੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਹੈ ਕਿ ਸਿੱਖ ਪਾਰਲੀਮੈਂਟ ਉਪਰ ਕਬਜ਼ਾ ਕਰਨ ਲਈ ਹਿੰਦੁਤਵੀ ਤਾਕਤਾਂ ਅਤੇ ਉਨ੍ਹਾਂ ਦੇ ਪਿਛਲੱਗ ਕੁਝ ਵੀ ਕਰ ਸਕਦੇ ਹਨ। ਇਹ ਟਿੱਪਣੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਜਨਰਲ ਸਕੱਤਰ ਜਥੇਦਾਰ ਗੁਰਿੰਦਰਪਾਲ ਸਿੰਘ ਧਨੌਲਾ ਨੇ ਇਥੇ ਜਾਰੀ ਪਾਰਟੀ ਦੇ ਇਕ ਨੀਤੀ ਬਿਆਨ ਵਿਚ ਕਰਦਿਆਂ ਕਿਹਾ ਕਿ ਬੇਸ਼ੱਕ ਬਾਦਲ ਦਲੀਏ ਜਿੱਤ ਦੇ ਦਮਗਜੇ ਮਾਰ ਰਹੇ ਹਨ ਪਰ ਇਖਲਾਕੀ ਤੌਰ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਇਹ ਇਤਿਹਾਸਕ ਹਾਰ ਹੋਈ ਹੈ ਕਿਉਂਕਿ ਬਾਦਲ ਪਰਿਵਾਰ ਨੇ ਗੁਰਦੁਆਰਾ ਚੋਣਾਂ ਵਿਚ ਵੀ ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਅਪਨਾ ਕੇ ਗ਼ੈਰ ਅਕਾਲੀ ਸਰਕਾਰਾਂ ਅਤੇ ਗ਼ੈਰ ਸਿੱਖ ਮੁੱਖ ਮੰਤਰੀਆਂ ਲਈ ਗੁਰਦੁਆਰਾ ਚੋਣਾਂ ਵਿਚ ਸਿੱਧੀ ਦਖਲਅੰਦਾਜ਼ੀ ਕਰ ਕੇ ਗੁਰੂ ਘਰਾਂ 'ਤੇ ਕਬਜ਼ਾ ਕਰਨ ਲਈ ਰਸਤਾ ਸੌਖਾ ਕਰ ਦਿੱਤਾ ਹੈ।

ਜਥੇਦਾਰ ਧਨੌਲਾ ਨੇ ਆਪਣਾ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਦੀ ਚੋਣ ਮਰਿਆਦਾ ਕੋਝਾ ਮਜ਼ਾਕ ਬਣ ਕੇ ਰਹਿ ਗਈ ਹੈ। ਇਨ੍ਹਾਂ ਚੋਣਾਂ ਵਿਚ ਕੇਵਲ ਕੇਸਧਾਰੀ ਵੋਟਰਾਂ ਦੇ ਵੋਟ ਪਾਏ ਜਾਣ ਦੇ ਹੁਕਮ ਦਾ ਮੌਜੂ ਉਡਾਉਂਦਿਆਂ ਰਿਟਰਨਿੰਗ ਅਫਸਰਾਂ, ਪ੍ਰੋਜ਼ਾਈਡਿੰਗ ਅਫਸਰਾਂ ਅਤੇ ਬਾਦਲ ਦਲੀਆਂ ਨੇ ਬੂਥਾਂ ਅੰਦਰ ਕਾਨੂੰਨ ਅਤੇ ਚੋਣ ਮਰਿਆਦਾ ਛਿੱਕੇ ਟੰਗ ਕੇ ਘੋਨ ਮੋਨ ਵਿਅਕਤੀਆਂ ਦੀਆਂ ਵੋਟਾਂ ਸ਼ਰ੍ਹੇਆਮ ਭੁਗਤਾਈਆਂ। ਇਸ ਦੀ ਗਵਾਹੀ ਮੀਡੀਏ ਵਿਚ ਆਈਆਂ ਖ਼ਬਰਾਂ ਅਤੇ ਫੋਟੋਆਂ ਦੇ ਰਹੀਆਂ ਹਨ। ਬੂਥਾਂ ਉਪਰ ਡਿਊਟੀ ਦੇ ਰਹੇ ਮੁਲਾਜ਼ਮਾਂ ਨੂੰ ਡਰਾਇਆ-ਧਮਕਾਇਆ ਗਿਆ ਕਿ ਜੇਕਰ ਬਾਦਲ ਦਲ ਦੀ ਮਦਦ ਨਾ ਕੀਤੀ ਤਾਂ ਨੌਕਰੀ ਖ਼ਤਰੇ ਵਿਚ ਪੈ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼ਰਾਬ ਤੇ ਭੁੱਕੀ ਦੀ ਖੁੱਲ੍ਹੇਆਮ ਵਰਤੋਂ ਹੋਈ ਅਤੇ ਵੋਟਾਂ ਦੀ ਖਰੀਦੋ-ਫ਼ਰੋਖਤ ਵੀ ਜੰਮ ਕੇ ਹੋਈ, ਸਾਰੀ ਸਰਕਾਰੀ ਮਸ਼ੀਨਰੀ ਬਾਦਲ ਦਲ ਦੀ ਪਾਰਟੀ ਵਰਕਰ ਬਣ ਕੇ ਕੰਮ ਕਰਦੀ ਰਹੀ।

ਜਥੇਦਾਰ ਧਨੌਲਾ ਨੇ ਇਹ ਵੀ ਕਿਹਾ ਕਿ ਮੁੱਖ ਚੋਣ ਕਮਿਸ਼ਨਰ ਨੇ ਕੇਂਦਰੀ ਸੁਰੱਖਿਆ ਬਲ ਮੰਗਵਾਉਣ ਦੀ ਹਦਾਇਤ ਕੀਤੀ ਸੀ ਪਰ ਪੰਜਾਬ ਦੇ ਗ੍ਰਹਿ ਸਕੱਤਰ ਨੇ ਕੋਈ ਪ੍ਰਵਾਹ ਨਹੀ ਕੀਤੀ। ਉਨ੍ਹਾਂ ਇਹ ਨਤੀਜੇ ਰੱਦ ਕਰਦਿਆਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਨਤੀਜਿਆਂ 'ਤੇ ਰੋਕ ਲਾ ਕੇ ਬੇਨਿਯਮੀਆਂ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਖਿਲਾਫ਼ ਪਹਿਲਾਂ ਗੁਰਦੁਆਰਾ ਚੋਣ ਕਮਿਸ਼ਨ ਅਤੇ ਬਾਅਦ ਵਿਚ ਸਰਬ-ਉਚ ਅਦਾਲਤ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਚੋਣ ਵਿਚ ਆਖਰੀ ਪਲਾਂ 'ਤੇ ਕਾਂਗਰਸ ਵੀ ਬਾਦਲ ਦੇ ਟਰੈਕਟਰ ਉਤੇ ਜਾ ਚੜ੍ਹੀ, ਨਹੀਂ ਤਾਂ ਡੇਢ ਸਾਲ ਤੋਂ ਕਾਂਗਰਸ ਦੀ ਘੋੜੀ ਬਣਿਆ ਫਿਰਦਾ ਸਰਨਾ ਪੰਜ ਦਸ ਸੀਟਾਂ ਜ਼ਰੂਰ ਜਿੱਤ ਲੈਂਦਾ।

ਜਥੇਦਾਰ ਧਨੌਲਾ ਨੇ ਪੰਥਕ ਮੋਰਚੇ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਨੇ ਅਸਲ ਵਿਚ ਅਸਿੱਧੇ ਤੌਰ 'ਤੇ ਬਾਦਲ ਦਲ ਨੂੰ ਜਿਤਾਉਣ ਵਿਚ ਹੀ ਮਦਦ ਕੀਤੀ ਹੈ ਜੋ ਕਿ ਇਸ ਗੱਲੋਂ ਬਿਲਕੁਲ ਹੀ ਸਪਸ਼ਟ ਹੈ ਕਿ ਬਹੁਤ ਸਾਰੀਆਂ ਸੀਟਾਂ ਉਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਹਾਰੇ ਹਨ। ਜੇ ਪੰਥਕ ਮੋਰਚੇ ਦੇ ਉਮੀਦਵਾਰ ਖੜ੍ਹੇ ਨਾ ਹੁੰਦੇ ਤਾਂ ਲਾਜ਼ਮੀ ਤੌਰ 'ਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਜਿੱਤਦੇ।

# ਸ਼੍ਰੋਮਣੀ ਕਮੇਟੀ ਵਿਚ ਬਾਦਲਾਂ ਦਾ ਗੜ੍ਹ ਬਰਕਰਾਰ

*(ਸਫਾ ਇਕ ਦੀ ਬਾਕੀ)*

ਬਾਅਦ ਗੁਰਦੁਆਰਾ ਚੋਣ ਕਮਿਸ਼ਨ ਨੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ (ਸੇਵਾਮੁਕਤ) ਹਰਫੂਲ ਸਿੰਘ ਬਰਾੜ ਨੇ ਪੰਜਾਬ, ਚੰਡੀਗੜ੍ਹ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਚੋਣ ਕਮਿਸ਼ਨਰਾਂ ਨੂੰ ਤੁਰੰਤ ਰਿਪੋਰਟ ਦੇਣ ਲਈ ਕਿਹਾ ਹੈ। ਉਨ੍ਹਾਂ ਨੇ ਇਹ ਕਾਰਵਾਈ ਗੈਰ-ਕੇਸਾਧਾਰੀਆਂ ਵੱਲੋਂ ਵੋਟਾਂ ਪਾਉਣ ਬਾਰੇ ਵੱਖ-ਵੱਖ ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਨੂੰ ਆਧਾਰ ਬਣਾ ਕੇ ਕੀਤੀ ਹੈ। ਜ਼ਿਕਰਯੋਗ ਹੈ ਕਿ ਚੋਣਾਂ ਦੌਰਾਨ ਪਤਿਤ ਸਿੱਖਾਂ ਨੇ ਸ਼ਰ੍ਹੇਆਮ ਵੋਟਾਂ ਪਾਈਆਂ ਜਿਨ੍ਹਾਂ ਨੂੰ ਤਾਇਨਾਤ ਚੋਣ ਅਮਲਾ ਵੀ ਨਾ ਰੋਕ ਸਕਿਆ। ਵਿਰੋਧੀ ਧਿਰਾਂ ਨੇ ਅਕਾਲੀ ਦਲ ਦੀ ਜਿੱਤ ਨੂੰ ਵੀ ਅਜਿਹੇ ਹੱਥਕੰਡਿਆਂ ਦੀ ਵਰਤੋਂ ਦਾ ਨਤੀਜਾ ਹੀ ਦੱਸਿਆ ਹੈ।

ਚੋਣਾਂ ਦੌਰਾਨ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਤੇ ਬੂਥਾਂ 'ਤੇ ਕਬਜ਼ੇ ਕਰਨ ਅਤੇ ਵੋਟਰਾਂ ਨੂੰ ਡਰਾਉਣ-ਧਮਕਾਉਣ ਦੇ ਦੋਸ਼ ਵੀ ਲੱਗੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਸੱਤਾਧਾਰੀ ਦਲ ਨੇ ਚੋਣਾਂ 'ਚ ਤਾਕਤ ਦੀ ਖੁੱਲ੍ਹ ਕੇ ਵਰਤੋਂ ਕੀਤੀ ਅਤੇ ਕਈ ਥਾਈਂ ਬੂਥਾਂ 'ਤੇ ਸ਼ਰ੍ਹੇਆਮ ਕਬਜ਼ੇ ਕਰਨ ਲਈ ਵਿਰੋਧੀਆਂ ਦੀ ਕੁੱਟਮਾਰ ਕੀਤੀ। ਇਹ ਦੋਸ਼ ਵਿਰੋਧੀਆਂ ਹੀ ਨਹੀਂ ਬਲਕਿ ਦਲ ਦੇ ਆਪਣੇ ਆਗੂਆਂ ਵੱਲੋਂ ਵੀ ਲਾਏ ਗਏ ਹਨ। ਚੋਣਾਂ ਦੌਰਾਨ ਕਈ ਥਾਈਂ ਗੋਲੀ ਚੱਲਣ ਅਤੇ ਕੁੱਟਮਾਰ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ 'ਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਵਿਰੋਧੀ ਧਿਰਾਂ ਨੇ ਪਵਿੱਤਰ ਸੰਸਥਾ ਦੀਆਂ ਚੋਣਾਂ 'ਚ ਹਿੰਸਾ ਦੀ ਵਰਤੋਂ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ।

ਇਸ ਜਿੱਤ ਪਿੱਛੇ ਬੇਸ਼ੱਕ ਅਕਾਲੀ ਦਲ ਦੀ ਸੱਤਾ ਦਾ ਪ੍ਰਭਾਵ ਵੀ ਮੰਨਿਆ ਜਾ ਸਕਦਾ ਹੈ ਪਰ ਪੰਥਕ ਮੋਰਚਾ ਵੀ ਚੋਣਾਂ 'ਚ ਕੋਈ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ। ਉਂਜ, ਇਨ੍ਹਾਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਪੰਥਕ ਮੋਰਚੇ 'ਚੋਂ ਬਾਹਰ ਰੱਖਣਾ ਵੀ ਪੰਥਕ ਧਿਰਾਂ ਦੀ ਵੱਡੀ ਭੁੱਲ ਸਾਬਤ ਹੋਇਆ ਹੈ ਕਿਉਂਕਿ ਕਈ ਸੀਟਾਂ 'ਤੇ ਜੇਕਰ ਪੰਥਕ ਮੋਰਚੇ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਵੋਟਾਂ ਮਿਲਾ ਲਈਏ ਤਾਂ ਉਹ ਸੱਤਾਧਾਰੀ ਅਕਾਲੀ ਦਲ ਤੋਂ ਕਿਤੇ ਵੱਧ ਬਣਦੀਆਂ ਹਨ।

ਇਸ ਵਾਰ ਹਰਿਆਣਾ ਵਿਚ ਵੱਖਰੀ ਕਮੇਟੀ ਲਈ ਮੁੱਖ ਦਾਅਵੇਦਾਰ ਜਗਦੀਸ਼ ਸਿੰਘ ਝੀਂਡਾ ਅਤੇ ਦੀਦਾਰ ਸਿੰਘ ਨਲਵੀ ਵੀ ਚੋਣ ਹਾਰ ਗਏ ਜਿਨ੍ਹਾਂ ਨੂੰ ਹਰਿਆਣਾ ਦੇ ਸਿੱਖਾਂ ਦੀ ਵੱਡੀ ਹਮਾਇਤ ਹਾਸਲ ਸੀ। ਇਨ੍ਹਾਂ ਧੜਿਆਂ ਦੀ ਹਾਰ ਨਾਲ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਉਂਜ, ਹਰਿਆਣਾ 'ਚ ਅਕਾਲੀ ਦਲ (ਬ) ਦੀ ਜਿੱਤ ਦਾ ਕਾਰਨ ਜਥੇਦਾਰ ਝੀਂਡਾ ਅਤੇ ਜਥੇਦਾਰ ਨਲਵੀ ਦੀ ਆਪਸੀ ਫੁੱਟ ਨੂੰ ਮੰਨਿਆ ਜਾ ਰਿਹਾ ਹੈ। ਹਰਿਆਣਾ ਵਿਚ ਕੁਰੂਕਸ਼ੇਤਰ ਸੀਟ 'ਤੇ ਹਰਭਜਨ ਸਿੰਘ ਮਸਾਣਾ ਨੇ ਦੀਦਾਰ ਸਿੰਘ ਨਲਵੀ ਨੂੰ 8 ਹਜ਼ਾਰ ਵੋਟਾਂ ਨਾਲ ਅਤੇ ਕਰਨਾਲ ਵਿਚ ਭੁਪਿੰਦਰ ਸਿੰਘ ਅਸੰਧ ਨੇ ਜਗਦੀਸ਼ ਸਿੰਘ ਝੀਂਡਾ ਨੂੰ ਹਰਾਇਆ।

ਇਸ ਤੋਂ ਬਿਨਾ ਅਕਾਲੀ ਦਲ ਦੇ ਸੀਨੀਅਰ ਲੀਡਰ ਅਵਤਾਰ ਸਿੰਘ ਮੱਕੜ ਨੇ 7000, ਸੇਵਾ ਸਿੰਘ ਸੇਖਵਾਂ ਨੇ 12000, ਰਣਧੀਰ ਸਿੰਘ ਚੀਮਾ ਨੇ 2500, ਸੁੱਚਾ ਸਿੰਘ ਲੰਗਾਹ ਨੇ 25 ਹਜ਼ਾਰ, ਕੁਲਦੀਪ ਸਿੰਘ ਵਡਾਲਾ ਨੇ 10 ਹਜ਼ਾਰ, ਤੋਤਾ ਸਿੰਘ ਨੇ 7 ਹਜ਼ਾਰ, ਸੁਖਦੇਵ ਸਿੰਘ ਭੌਰ ਨੇ 13000 ਅਤੇ ਬੀਬੀ ਜਗੀਰ ਕੌਰ ਨੇ 12 ਹਜ਼ਾਰ ਵੋਟਾਂ ਨਾਲ ਜਿੱਤ ਦਰਜ ਕੀਤੀ ਹੈ।

ਅਕਾਲੀ ਦਲ ਨੇ ਦੋਆਬੇ ਦੀਆਂ ਕੁੱਲ 22 ਸੀਟਾਂ 'ਚੋਂ 20 ਸੀਟਾਂ 'ਤੇ ਕਬਜ਼ਾ ਕੀਤਾ ਹੈ। ਦੋਆਬੇ 'ਚੋਂ ਅਕਾਲੀ ਦਲ ਨੂੰ ਜੋ 2 ਸੀਟਾਂ ਗਵਾਈਆਂ, ਉਨ੍ਹਾਂ 'ਚ ਇਕ ਫਿਲੌਰ ਦੀ ਸੀਟ ਹੈ। ਇਥੋਂ ਪੰਥਕ ਮੋਰਚੇ ਦੇ ਕੁਲਬੀਰ ਸਿੰਘ ਬੜਾ ਪਿੰਡ ਨੇ ਬੀਬੀ ਨਿਰਮਲ ਕੌਰ ਪਾਸਲਾ ਨੂੰ 100 ਤੋਂ ਵੱਧ ਵੋਟਾਂ ਨਾਲ ਹਰਾਇਆ। ਗੜ੍ਹਸ਼ੰਕਰ ਤੋਂ ਬਾਗੀ ਅਕਾਲੀ ਉਮੀਦਵਾਰ ਡਾ. ਜੰਗਬਹਾਦਰ ਸਿੰਘ ਰਾਏ 1300 ਤੋਂ ਵੱਧ ਵੋਟਾਂ ਨਾਲ ਜੇਤੂ ਰਿਹਾ।

# ਸਹਿਜਧਾਰੀ ਸਿੱਖ ਵੋਟਾਂ ਦੇ ਮਾਮਲੇ 'ਤੇ ਮੁੜ ਸੁਣਵਾਈ ਦੇ ਹੁਕਮ

ਚੰਡੀਗੜ੍ਹ: ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੱਲ ਰਹੇ ਸਹਿਜਧਾਰੀ ਸਿੱਖ ਵੋਟਰਾਂ ਦੇ ਮਾਮਲੇ ਕਾਰਜਕਾਰੀ ਜਸਟਿਸ ਐਮ. ਐਮ. ਕੁਮਾਰ ਦੀ ਅਗਵਾਈ ਵਾਲੇ ਫੁੱਲ ਬੈਂਚ ਨੇ ਪਹਿਲੀ ਸਤੰਬਰ ਨੂੰ ਜਾਰੀ ਕੀਤੇ ਹੁਕਮਾਂ 'ਤੇ ਮੁੜ ਵਿਚਾਰ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਹਾਈਕੋਰਟ ਵੱਲੋਂ ਆਪਣੇ ਹੁਕਮਾਂ ਵਿਚ ਇਹ ਵੀ ਕਿਹਾ ਗਿਆ ਕਿ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਨਵੇਂ ਫੁੱਲ ਬੈਂਚ ਕੋਲ ਹੋਵੇਗੀ। ਪਟੀਸ਼ਨਰ ਦੇ ਵਕੀਲ ਅਸ਼ਵਨੀ ਚੋਪੜਾ ਤੇ ਕੇਂਦਰ ਸਰਕਾਰ ਦੇ ਵਕੀਲ ਅਨਮੋਲ ਰਤਨ ਸਿੱਧੂ ਅਤੇ ਸ. ਉਂਕਾਰ ਸਿੰਘ ਬਟਾਲਵੀ ਸਮੇਤ ਇਸ ਮਾਮਲੇ ਨਾਲ ਸਬੰਧਤ ਸਾਰੇ ਵਕੀਲਾਂ ਵੱਲੋਂ ਇਸ ਮਾਮਲੇ ਨੂੰ ਮੁੜ ਮੈਰਿਟ ਦੇ ਆਧਾਰ 'ਤੇ ਸੁਣਨ ਦੀ ਸਹਿਮਤੀ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦੇਣ ਦੇ ਅਧਿਕਾਰ 'ਤੇ ਭਾਰਤ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਰੋਕ ਲਾ ਦਿੱਤੀ ਗਈ ਸੀ। ਸ. ਪਰਮਜੀਤ ਸਿੰਘ ਰਾਣੂ ਵੱਲੋਂ ਇਸ ਫੈਸਲੇ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਸਹਿਜਧਾਰੀ ਸਿੱਖ ਵੋਟਰਾਂ ਸਬੰਧੀ ਕੇਂਦਰ ਸਰਕਾਰ ਦੇ ਵਕੀਲ ਵੱਲੋਂ ਪਹਿਲਾਂ ਦਿੱਤੇ ਬਿਆਨ ਵਾਪਸ ਲਏ ਜਾਣ ਤੋਂ ਬਾਅਦ ਹਾਈਕੋਰਟ ਵੱਲੋਂ ਆਪਣਾ ਫੈਸਲਾ ਵਾਪਸ ਲੈ ਲਿਆ ਸੀ।

ਇਸੇ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਹੈ ਕਿ ਸਹਿਜਧਾਰੀਆਂ ਨੂੰ ਵੋਟਾਂ ਦੇ ਹੱਕ ਬਾਰੇ ਕੇਸ 'ਚ ਸੀਨੀਅਰ ਐਡਵੋਕੇਟ ਹਰਭਗਵਾਨ ਸਿੰਘ ਦੀਆਂ ਸੇਵਾਵਾਂ ਲਏ ਜਾਣ ਬਾਰੇ ਕਈ ਸੰਕੇਤ ਮਿਲੇ ਹਨ।

ਹਾਈ ਕੋਰਟ ਦੀ ਇਹ ਟਿੱਪਣੀ ਇਸ ਲਈ ਵੀ ਅਹਿਮ ਹੈ ਕਿ ਹਾਲੇ ਢਾਈ ਕੁ ਹਫ਼ਤੇ ਪਹਿਲਾਂ ਹੀ ਕੇਂਦਰ ਨੇ ਸੰਸਦ ਵਿਚ ਸਪਸ਼ਟ ਕੀਤਾ ਸੀ ਕਿ ਕਾਨੂੰਨ ਜਾਂ ਗ੍ਰਹਿ ਮੰਤਰਾਲੇ 'ਚੋਂ ਕਿਸੇ ਨੇ ਵੀ ਹਰਭਗਵਾਨ ਸਿੰਘ ਨੂੰ ਵਕਾਲਤਨਾਮਾ ਨਹੀਂ ਦਿੱਤਾ। ਇਸ ਮਾਮਲੇ 'ਤੇ ਕਾਰਜਕਾਰੀ ਚੀਫ ਜਸਟਿਸ ਐਮ.ਐਮ. ਕੁਮਾਰ, ਜਸਟਿਸ ਆਲੋਕ ਸਿੰਘ ਤੇ ਜਸਟਿਸ ਗੁਰਦੇਵ ਸਿੰਘ ਦੀ ਅਗਵਾਈ ਵਾਲੇ ਫੁੱਲ ਬੈਂਚ ਨੇ ਕਿਹਾ ਹੈ ਕਿ ਐਡਵੋਕੇਟ ਹਰਭਗਵਾਨ ਸਿੰਘ ਦੀਆਂ ਸੇਵਾਵਾਂ ਲੈਣ ਬਾਰੇ ਕਈ ਸੰਕੇਤ ਮਿਲੇ ਹਨ। ਬੈਂਚ ਨੇ ਇਹ ਟਿੱਪਣੀ ਸਹਿਜਧਾਰੀ ਸਿੱਖ ਫੈਡਰੇਸ਼ਨ ਦੇ ਵਕੀਲ ਅਸ਼ਵਨੀ ਚੋਪੜਾ ਵੱਲੋਂ ਪੇਸ਼ ਕੀਤੇ ਰਿਕਾਰਡ ਦੇ ਆਧਾਰ 'ਤੇ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਮੋਦੀ ਦੀ ਪਿੱਠ ਥਾਪੜ ਕੇ ਬਾਦਲ ਕਸੂਤੇ ਫਸੇ

ਵਰਤ ਰੱਖਿਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ, "ਮੈਂ ਉਦੋਂ (2002 ਵਿਚ) ਵੀ ਕਿਹਾ ਸੀ ਕਿ ਇਕ ਸੱਭਿਅਕ ਸਮਾਜ ਵਿਚ ਇਹ ਦੰਗੇ ਨਹੀਂ ਹੋਣੇ ਚਾਹੀਦੇ, ਮੈਨੂੰ ਉਦੋਂ ਵੀ ਦਰਦ ਹੋਇਆ ਸੀ ਅਤੇ ਅੱਜ ਵੀ ਹੁੰਦਾ ਹੈ।" ਉਨ੍ਹਾਂ ਇਨ੍ਹਾਂ ਦੰਗਿਆਂ 'ਤੇ ਅਫ਼ਸੋਸ ਜਾਂ ਮੁਆਫ਼ੀ ਮੰਗੇ ਜਾਣ ਵਾਲੀ ਕੋਈ ਗੱਲ ਨਹੀਂ ਕਹੀ।

ਇਸੇ ਦੌਰਾਨ ਸ੍ਰੀ ਮੋਦੀ ਦੀ ਸਦਭਾਵਨਾ ਦੀ ਪੋਲ ਉਸ ਵੇਲੇ ਖੁੱਲ੍ਹ ਗਈ ਜਦੋਂ ਉਨ੍ਹਾਂ ਅਹਿਮਦਾਬਾਦ ਨੇੜੇ ਪਿਰਾਨਾ ਪਿੰਡ ਦੀ ਦਰਗਾਹ ਦੇ ਮੁਸਲਿਮ ਆਗੂ ਇਮਾਮ ਸ਼ਾਹੀ ਸਈਦ ਵੱਲੋਂ ਦਿੱਤੀ ਟੋਪੀ ਪਹਿਨਣ ਤੋਂ ਇਨਕਾਰ ਕਰ ਦਿੱਤਾ। ਸਟੇਜ 'ਤੇ ਜਦੋਂ ਉਹ ਸ੍ਰੀ ਮੋਦੀ ਨੂੰ ਟੋਪੀ ਪਹਿਨਣ ਵਾਸਤੇ ਪਹੁੰਚਿਆ ਤਾਂ ਉਨ੍ਹਾਂ ਟੋਪੀ ਲੈਣ ਤੋਂ ਇਨਕਾਰ ਕਰਦਿਆਂ ਸ਼ਾਲ ਭੇਟ ਕਰਨ ਲਈ ਕਿਹਾ। ਇਸ 'ਤੇ ਇਮਾਮ ਨੇ ਕਿਹਾ ਕਿ ਮੋਦੀ ਨੇ ਟੋਪੀ ਪਹਿਨਣ ਤੋਂ ਇਨਕਾਰ ਕਰਕੇ ਮੁਸਲਿਮ ਭਾਈਚਾਰੇ ਦੀ ਬੇਇੱਜ਼ਤੀ ਕੀਤੀ ਹੈ।

ਉਧਰ, ਅਕਾਲੀ ਦਲ (1920) ਦੇ ਪ੍ਰਧਾਨ ਤੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਸ. ਬਾਦਲ ਦੇ ਨਰਿੰਦਰ ਮੋਦੀ ਲਈ ਸ਼੍ਰੋਮਣੀ ਕਮੇਟੀ ਚੋਣਾਂ ਵਿਚੇ ਛੱਡ ਕੇ ਗੁਜਰਾਤ ਜਾ ਪੁੱਜਣ ਨਾਲ ਇਹ ਗੱਲ ਹੁਣ ਜੱਗ ਜ਼ਾਹਰ ਹੋ ਗਈ ਹੈ ਕਿ ਸ. ਬਾਦਲ ਨੂੰ ਨਾ ਤਾਂ ਘੱਟ ਗਿਣਤੀਆਂ ਦੇ ਹਿੱਤ ਪਿਆਰੇ ਹਨ ਤੇ ਨਾ ਹੀ ਸਿੱਖਾਂ ਦੇ। ਸ. ਬਾਦਲ ਸਿਰਫ ਰਾਜਭਾਗ 'ਤੇ ਬਣੇ ਰਹਿਣ ਲਈ ਆਰ.ਐਸ.ਐਸ. ਦੇ ਇਸ਼ਾਰੇ 'ਤੇ ਕੁਝ ਵੀ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਹੁਣ ਤੱਕ 1984 ਦੇ ਸਿੱਖ ਕਤਲੇਆਮ ਬਾਰੇ ਮਗਰਮੱਛ ਦੇ ਹੰਝੂ ਵਹਾਉਂਦੇ ਰਹੇ ਸ. ਬਾਦਲ ਨਰਿੰਦਰ ਮੋਦੀ ਨਾਲ ਖੜ੍ਹਨ ਮਗਰੋਂ ਕਿਹੜੇ ਮੂੰਹ ਨਾਲ ਮੁੜ 1984 ਦੀ ਗੱਲ ਕਰਨਗੇ?

ਸ. ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਸ੍ਰੀ ਮੋਦੀ ਦੇ ਸਮਾਗਮ 'ਚ ਸ. ਬਾਦਲ ਵੱਲੋਂ ਕੀਤੀ ਸ਼ਮੂਲੀਅਤ ਨੇ ਨਾ ਸਿਰਫ ਦੇਸ਼-ਵਿਦੇਸ਼ ਵਿਚ ਬੈਠੇ ਸਿੱਖਾਂ ਨੂੰ ਸ਼ਰਮਸਾਰ ਕੀਤਾ ਹੈ ਸਗੋਂ ਨਰਿੰਦਰ ਮੋਦੀ ਦੀ ਪਿੱਠ ਥਾਪੜਨ ਵਾਲੀ ਸ. ਬਾਦਲ ਦੀ ਇਸ ਕਾਰਵਾਈ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਇਨਸਾਫ਼ ਲਈ ਚੱਲ ਰਹੀ ਲਹਿਰ ਨੂੰ ਵੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਨਿਤੀਸ਼ ਕੁਮਾਰ ਜਿਹੇ ਧਰਮ ਨਿਰਪੱਖ ਤੇ ਸੂਝਵਾਨ ਆਗੂ ਆਪਣੇ ਸੂਬੇ ਵਿਚ ਹਜ਼ਾਰਾਂ ਮੁਸਲਮਾਨਾਂ ਦੇ ਕਤਲਾਂ ਦੀ ਸਰਪ੍ਰਸਤੀ ਕਰਨ ਵਾਲੇ ਨਰਿੰਦਰ ਮੋਦੀ ਤੋਂ ਚੋਣ ਪ੍ਰਚਾਰ ਕਰਵਾਉਣਾ ਵੀ ਪਸੰਦ ਨਹੀਂ ਪਰ ਦੂਜੇ ਪਾਸੇ ਸ. ਬਾਦਲ ਜਿਹੇ ਮਤਲਬਪ੍ਰਸਤ ਆਗੂ ਵਿਸ਼ੇਸ਼ ਤੌਰ 'ਤੇ ਗੁਜਰਾਤ ਜਾ ਕੇ ਨਰਿੰਦਰ ਮੋਦੀ ਨਾਲ ਖਲੋ ਕੇ ਘੱਟ ਗਿਣਤੀਆਂ ਨਾਲ ਦੇਸ਼ ਵਿਚ ਹੋ ਰਹੇ ਵਿਤਕਰੇ ਵਿਰੁਧ ਲੜਾਈ ਨੂੰ ਕਮਜ਼ੋਰ ਕਰ ਰਹੇ ਹਨ।

ਸ੍ਰੀ ਰਵੀਇੰਦਰ ਸਿੰਘ ਨੇ ਆਖਿਆ ਕਿ ਹੁਣ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਕੇਂਦਰ ਵਿਚ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਕੇਂਦਰ ਵਿਚ ਭਾਈਵਾਲ ਹੋਣ ਤੇ ਅਕਾਲੀਆਂ ਦਾ ਪੂਰਾ ਦਬਦਬਾ ਹੋਣ ਦੇ ਬਾਵਜੂਦ ਵੀ ਸਿੱਖ ਪੀੜਤਾਂ ਨੂੰ ਇਨਸਾਫ਼ ਕਿਉਂ ਨਹੀਂ ਸੀ ਮਿਲਿਆ। ਜਦ ਸਿੱਖਾਂ ਦੇ ਲੀਡਰ ਹੀ ਚਾਂਦੀ ਦੀਆਂ ਛਿੱਲੜਾਂ ਕਰਕੇ ਆਰ.ਐਸ.ਐਸ. ਦੇ ਇਸ਼ਾਰਿਆਂ 'ਤੇ ਚੱਲਣ ਲਈ ਤਿਆਰ ਹੋਣ ਤਾਂ ਇਨ੍ਹਾਂ ਲੀਡਰਾਂ ਰਾਹੀਂ ਇਨਸਾਫ਼ ਦੀ ਆਸ ਕਿੱਥੋਂ ਤੇ ਕਿਵੇਂ ਕੀਤੀ ਜਾ ਸਕਦੀ ਹੈ?

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਉਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਇਕ ਬੰਨੇ ਪੀਲੀਭੀਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਰੱਖੇ ਅਖੰਡ ਪਾਠ ਦੇ ਭੋਗ ਮੌਕੇ ਤਾਂ ਜਥੇਦਾਰ ਮੱਕੜ ਇਹ ਆਖ ਕੇ ਨਹੀਂ ਗਏ ਕਿ ਸ਼੍ਰੋਮਣੀ ਕਮੇਟੀ ਚੋਣਾਂ ਦਾ ਜ਼ੋਰ ਹੈ, ਦੂਜੇ ਬੰਨ੍ਹੇ ਸ. ਬਾਦਲ ਸ਼੍ਰੋਮਣੀ ਕਮੇਟੀ ਚੋਣਾਂ ਵਿਚੇ ਛੱਡ ਕੇ ਗੁਜਰਾਤ ਚਲੇ ਗਏ। ਜੇ ਸ. ਬਾਦਲ ਕੋਲ ਇੰਨਾ ਹੀ ਸਮਾਂ ਸੀ ਤਾਂ ਉਹ ਦਿਹਾੜੀ ਪਹਿਲਾਂ ਪੀਲੀਭੀਤ ਵੀ ਜਾ ਸਕਦੇ ਸਨ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਪਛਤਾਵੇ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਸਨ।

ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਦਲ ਦੇ ਸ੍ਰੀ ਮੋਦੀ ਦੇ ਵਰਤ ਮੌਕੇ ਸ਼ਾਮਲ ਹੋਣ ਨੂੰ 'ਬੇਗਾਨੀ ਸ਼ਾਦੀ ਮੇਂ ਅਬਦੁੱਲਾ ਦੀਵਾਨਾ' ਕਰਾਰ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਇਹ ਸਾਫ ਤੌਰ 'ਤੇ ਸ. ਬਾਦਲ ਦੇ ਸਿਆਸਤ ਵਿਚਲੇ ਦੋਹਰੇ ਮਾਪਦੰਡਾਂ ਨੂੰ ਦਰਸਾਉਂਦਾ ਹੈ।





## Short Sale Specialist

**We Can Sell Your Home in Short Sale at No Cost to You**



**For Buying & Selling Residential And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
*ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪਤਿਤ ਸਿੱਖਾਂ ਨੇ ਸ਼ਰੇਆਮ ਵੋਟਾਂ ਪਾਈਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਚੋਣਾਂ ਤੋਂ ਪਹਿਲਾਂ ਸਿਰਫ ਕੇਸਧਾਰੀ ਸਿੱਖਾਂ ਨੂੰ ਹੀ ਵੋਟ ਪਾਉਣ ਦੇ ਹੱਕ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ ਪਰ 18 ਸਤੰਬਰ ਨੂੰ ਥਾਂ-ਥਾਂ ਸ਼ਰੇਆਮ ਪਤਿਤ ਸਿੱਖਾਂ ਨੇ ਵੋਟਾਂ ਪਾ ਕੇ ਸਾਰੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ। ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬ) ਨੇ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦੇ ਹੱਕ ਦਾ ਸਖਤ ਵਿਰੋਧ ਕੀਤਾ ਸੀ ਤੇ ਇਸ ਲਈ ਅਦਾਲਤਾਂ ਦਾ ਦਰਵਾਜ਼ਾ ਖੜਕਾਉਣ ਦੇ ਨਾਲ-ਨਾਲ ਕਾਂਗਰਸ ਦੀ ਵੀ ਤਿੱਖੀ ਅਲਚਨਾ ਕੀਤੀ ਸੀ ਪਰ ਚੋਣਾਂ ਦੌਰਾਨ ਖ਼ੁਦ ਪਤਿਤ ਸਿੱਖਾਂ ਦੀਆਂ ਵੋਟਾਂ ਭੁਗਤਾ ਕੇ ਆਪਣੇ ਕਿਰਦਾਰ 'ਤੇ ਇਕ ਹੋਰ ਦਾਗ ਲਵਾ ਲਿਆ ਹੈ।

ਦੂਜੇ ਪਾਸੇ ਪਤਿਤ ਸਿੱਖਾਂ ਵੱਲੋਂ ਵੋਟਾਂ ਪਾਉਂਦਿਆਂ ਦੀਆਂ ਤਸਵੀਰਾਂ ਅਖ਼ਬਾਰਾਂ ਵਿਚ ਛਪਣ ਦੇ ਬਾਵਜੂਦ ਗੁਰਦੁਆਰਾ ਚੋਣ ਕਮਿਸ਼ਨ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਚੋਣਾਂ ਦੌਰਾਨ ਗੁਰਦੁਆਰਾ ਚੋਣ ਕਮਿਸ਼ਨ ਤਾਂ ਆਪਣੀਆਂ ਹੀ ਹਦਾਇਤਾਂ 'ਤੇ ਅਮਲ ਨਹੀਂ ਕਰਵਾ ਸਕਿਆ ਜਿਹੜੀਆਂ ਕਿ ਚੋਣਾਂ ਤੋਂ ਇਕ ਦਿਨ ਪਹਿਲਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਹਦਾਇਤਾਂ ਵਿਚ ਬੜਾ ਸਪੱਸ਼ਟ ਕਿਹਾ ਗਿਆ ਸੀ ਕਿ ਕੇਸਾਧਾਰੀ ਤੋਂ ਬਿਨਾਂ ਕੋਈ ਵੀ ਹੋਰ ਵਿਅਕਤੀ ਵੋਟ ਨਹੀਂ ਪਾ ਸਕੇਗਾ।

ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪਤਿਤ ਸਿੱਖਾਂ ਵੱਲੋਂ ਧੜੱਲੇ ਨਾਲ ਪਾਈਆਂ ਗਈਆਂ ਵੋਟਾਂ ਬਾਰੇ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਾ ਕਹਿਣਾ ਹੈ ਕਿ ਪਿਛਲੇ ਇਕ ਸਾਲ ਤੋਂ ਗੁਰਦੁਆਰਾ ਚੋਣ ਕਮਿਸ਼ਨ ਦੇ ਧਿਆਨ 'ਚ ਇਹ ਗੱਲ ਲਿਆਂਦੀ ਜਾ ਰਹੀ ਹੈ ਕਿ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਡੀ ਗਿਣਤੀ 'ਚ ਪਤਿਤ ਸਿੱਖਾਂ ਦੀਆਂ ਵੋਟਾਂ ਬਣਾ ਰਿਹਾ ਹੈ। ਇਨ੍ਹਾਂ ਪਤਿਤ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਲਈ ਫੋਟੋ ਵਾਲੀ ਵੋਟਰ ਸੂਚੀ ਜਾਰੀ ਕਰਨ ਤੇ ਸ਼ਨਾਖ਼ਤੀ ਕਾਰਡ ਤੋਂ ਬਿਨਾਂ ਵੋਟ ਨਾ ਪਾਉਣ ਦੇਣ ਦੀ ਮੰਗ ਕੀਤੀ ਜਾ ਰਹੀ ਸੀ ਪਰ ਗੁਰਦੁਆਰਾ ਚੋਣ ਕਮਿਸ਼ਨ ਨੇ ਉਨ੍ਹਾਂ ਦੀ ਇਕ ਨਹੀਂ ਸੁਣੀ।

ਸ. ਰਵੀਇੰਦਰ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਪਤਿਤ ਸਿੱਖਾਂ ਵੱਲੋਂ ਬਾਦਲਾਂ ਦੀ ਸਰਪ੍ਰਸਤੀ ਹੇਠ ਧੜੱਲੇ ਨਾਲ ਪਾਈਆਂ ਵੋਟਾਂ ਗੁਰਦੁਆਰਾ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾ ਗਈਆਂ ਹਨ। ਇਨ੍ਹਾਂ ਦੋਵਾਂ ਆਗੂਆਂ ਨੇ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਪੂਰੀ ਤਰ੍ਹਾਂ ਪੰਥਕ ਮੋਰਚੇ ਤੇ ਹੋਰ ਬਾਦਲ ਵਿਰੋਧੀ ਧੜਿਆਂ ਵੱਲੋਂ ਕੀਤੀਆਂ ਗਈਆਂ ਮੰਗਾਂ ਨੂੰ ਅਣਗੌਲਿਆਂ ਕਰਦਾ ਰਿਹਾ ਹੈ ਤਾਂ ਜੋ ਇਸ ਦਾ ਲਾਭ ਬਾਦਲਾਂ ਨੂੰ ਪਹੁੰਚਾਇਆ ਜਾ ਸਕੇ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਲਈ ਇਸ ਤੋਂ ਵੱਡੀ ਸ਼ਰਮ ਵਾਲੀ ਕੀ ਗੱਲ ਹੋ ਸਕਦੀ ਹੈ ਕਿ ਮੋਨੇ ਤੇ ਪਤਿਤ ਸਿੱਖਾਂ ਵੱਲੋਂ ਵੋਟਾਂ ਪਾਏ ਜਾਣ ਦੇ ਪ੍ਰਤੱਖ ਸਬੂਤ ਅਖ਼ਬਾਰਾਂ ਵਿਚ ਛਪਣ ਤੋਂ ਬਾਅਦ ਵੀ ਗੁਰਦੁਆਰਾ ਚੋਣ ਕਮਿਸ਼ਨ ਅੱਖਾਂ ਬੰਦ ਕਰੀ ਬੈਠਾ ਹੈ।



ਮੋਨਾ ਸਿੱਖ ਵੋਟ ਪਾਉਂਦਾ ਹੋਇਆ।

### ਗ਼ੈਰ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣਾ ਚੋਣ ਅਮਲੇ ਦੀ ਜ਼ਿੰਮੇਵਾਰੀ: ਸੁਖਬੀਰ

ਲੰਬੀ: ਉਪ ਮੁੱਖ ਮੰਤਰੀ ਸੁਖਬੀਰ ਸਿੰਘ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਦੇ ਨਿਯਮਾਂ ਅਨੁਸਾਰ ਕੋਈ ਵੀ ਸਹਿਜਧਾਰੀ ਜਾਂ ਗੈਰ-ਸਿੱਖ ਵੋਟਾਂ ਪਾਉਣ ਦਾ ਅਧਿਕਾਰ ਨਹੀਂ ਰੱਖਦਾ। ਇਨ੍ਹਾਂ ਨਿਰਦੇਸ਼ਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਬੂਥਾਂ 'ਚ ਤਾਇਨਾਤ ਅਮਲੇ ਦੀ ਹੈ। ਇਸ ਅਮਲੇ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

### ਬਾਦਲਾਂ ਨੇ ਸ਼੍ਰੋਮਣੀ ਕਮੇਟੀ ਦੀ ਪਵਿੱਤਰਤਾ 'ਤੇ ਦਾਗ਼ ਲਾਇਆ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਸੱਤਾਧਾਰੀ ਅਕਾਲੀ ਦਲ ਵੱਲੋਂ ਵਿਰੋਧੀਆਂ ਖ਼ਿਲਾਫ਼ ਕੀਤੇ ਗਏ ਤਾਕਤ ਤੇ ਦਹਿਸ਼ਤ ਦੇ ਇਸਤੇਮਾਲ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਅਜਿਹੀ ਰਣਨੀਤੀ ਅਪਣਾ ਕੇ ਅਸਲ 'ਚ ਆਪਣੀ ਹਾਰ ਦਾ ਸਬੂਤ ਦਿੱਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਿੰਸਾ ਦਾ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਰਗੀ ਪਵਿੱਤਰ ਸੰਸਥਾ ਦੇ ਅਕਸ ਤੇ ਪਵਿੱਤਰਤਾ 'ਤੇ ਦਾਗ਼ ਲਾਉਣ ਲਈ ਸਿੱਖ ਸਮਾਜ ਤੋਂ ਬਿਨਾਂ ਕਿਸੇ ਸ਼ਰਤ ਤੋਂ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ। ਸੱਤਾਧਾਰੀ ਅਕਾਲੀ ਵਰਕਰਾਂ ਤੇ ਆਗੂਆਂ ਵੱਲੋਂ ਵੱਡੇ ਪੱਧਰ 'ਤੇ ਮਚਾਈ ਗਈ ਹਿੰਸਾ, ਬੂਥਾਂ 'ਤੇ ਕਬਜ਼ਾ ਕਰਨ ਤੇ ਵਿਰੋਧੀਆਂ ਨੂੰ ਧਮਕਾਉਣ ਵਾਲੀਆਂ ਖ਼ਬਰਾਂ 'ਤੇ ਕੈਪਟਨ ਨੇ ਤਿੱਖੀ ਪ੍ਰਤੀਕ੍ਰਿਆ ਜ਼ਾਹਰ ਕਰਦਿਆਂ ਕਿਹਾ ਕਿ ਅਕਾਲੀਆਂ ਵੱਲੋਂ ਫੈਲਾਈ ਦਹਿਸ਼ਤ ਨੇ ਇਨ੍ਹਾਂ ਵੱਲੋਂ ਚਾਰ ਸਾਲ ਪਹਿਲਾਂ ਪੰਚਾਇਤੀ ਚੋਣਾਂ ਦੌਰਾਨ ਕੀਤੀ ਗਈ ਹਿੰਸਾ ਨੂੰ ਯਾਦ ਕਰਵਾ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਭੱਜਦੌੜ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹੁਕਮਰਾਨ ਧਿਰ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸਪੱਸ਼ਟ ਬਹੁਮਤ ਹਾਸਲ ਕਰਨ ਤੋਂ ਬਾਅਦ ਹੁਣ ਇਸ ਸੰਸਥਾ ਦੇ ਪ੍ਰਧਾਨ ਦੇ ਅਹੁਦੇ ਲਈ ਦੌੜ ਸ਼ੁਰੂ ਹੋ ਗਈ ਹੈ। ਇਸ ਅਹੁਦੇ ਲਈ ਕਈ ਨਾਵਾਂ ਦੀ ਚਰਚਾ ਹੈ ਪਰ ਆਖਰੀ ਫ਼ੈਸਲਾ ਬਾਦਲ ਦਾ ਚਿੱਠੀ ਨੇ ਹੀ ਕਰਨਾ ਹੈ। ਸਿੱਖ ਗੁਰਦੁਆਰਾ ਐਕਟ 1925 ਦੇ ਲਾਗੂ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਹੁਣ ਤਕ 13 ਵਾਰ ਚੋਣਾਂ ਹੋ ਚੁੱਕੀਆਂ ਹਨ ਤੇ ਹੁਣ 13ਵਾਂ ਨਵਾਂ ਸਦਨ ਕਾਇਮ ਹੋਵੇਗਾ। 191 ਮੈਂਬਰੀ ਸਦਨ ਵਿਚ 170 ਮੈਂਬਰ ਵੋਟਾਂ ਰਾਹੀਂ ਚੁਣ ਕੇ ਆਉਣਗੇ ਤੇ 15 ਮੈਂਬਰ ਨਾਮਜ਼ਦ ਕੀਤੇ ਜਾਣਗੇ। ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਵਿਚੋਂ ਪੰਜ ਮੈਂਬਰ ਪੰਜਾਬ ਤੋਂ ਤੇ 10 ਮੈਂਬਰ ਹੋਰ ਸੂਬਿਆਂ ਤੋਂ ਸ਼ਾਮਲ ਹੋਣਗੇ। ਇਨ੍ਹਾਂ ਮੈਂਬਰਾਂ ਵਿਚ ਸਿੰਘ ਸਾਹਿਬਾਨ ਵੀ ਸ਼ਾਮਲ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਨੇ 170 ਵਿਚੋਂ 157 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ ਤੇ ਉਸ ਨੂੰ ਸਪੱਸ਼ਟ ਬਹੁਮਤ ਮਿਲ ਗਿਆ ਹੈ। ਇਸ ਤੋਂ ਪਹਿਲਾਂ ਹੋਈਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ 134 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ। ਬਹੁਮਤ ਹਾਸਲ ਹੋਣ ਤੋਂ ਬਾਅਦ ਇਸ ਸੰਸਥਾ ਦੇ ਪ੍ਰਧਾਨ ਦੇ ਅਹੁਦੇ ਦੀ ਪ੍ਰਾਪਤੀ ਲਈ ਦੌੜ ਸ਼ੁਰੂ ਹੋ ਗਈ ਹੈ। ਇਸ ਦੌੜ ਵਿਚ ਕਈ ਅਹਿਮ ਆਗੂਆਂ ਦੇ ਨਾਂ ਸ਼ਾਮਲ ਹਨ। ਮੂਹਰਲੀ ਕਤਾਰ ਵਿਚ ਮੌਜੂਦਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਨਾਂ ਸ਼ਾਮਲ ਹੈ। ਉਹ ਲਗਾਤਾਰ ਛੇ ਵਾਰ ਇਸ ਸੰਸਥਾ ਦੇ ਪ੍ਰਧਾਨ ਰਹਿ ਚੁੱਕੇ ਹਨ। ਉਨ੍ਹਾਂ ਤੋਂ ਪਹਿਲਾਂ ਸਭ ਤੋਂ ਵੱਧ ਸਮਾਂ ਪ੍ਰਧਾਨ ਰਹਿਣ ਦਾ ਮਾਣ ਸਵ. ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਾਂ ਹੈ।


ਮੁੜ ਪ੍ਰਧਾਨਗੀ ਦਾ ਤਾਜ ਮਿਲਣ ਲਈ ਕੀਤੇ ਜਾ ਰਹੇ ਦਾਅਵੇ ਵਿਚ ਉਨ੍ਹਾਂ ਬਾਰੇ ਇਹ ਗੱਲ ਅਹਿਮ ਹੈ ਕਿ ਉਹ ਹੁਣ ਤਕ ਨਿਰਵਿਵਾਦ ਸ਼ਖ਼ਸੀਅਤ ਰਹੇ ਹਨ ਤੇ ਬਾਦਲ ਪਰਿਵਾਰ ਦੇ ਵਫ਼ਾਦਾਰ ਸਾਥੀਆਂ ਵਿਚ ਸ਼ਾਮਲ ਹਨ। ਅਗਾਂਹ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੜ ਜਥੇਦਾਰ ਅਵਤਾਰ ਸਿੰਘ ਨੂੰ ਇਸ ਸੰਸਥਾ ਦਾ ਪ੍ਰਧਾਨ ਥਾਪਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸ਼ਹਿਰੀ ਸਿੱਖ ਵਾਲਾ ਚਿਹਰਾ ਵੀ ਉਨ੍ਹਾਂ ਦੇ ਹੱਕ ਵਿਚ ਹੈ। ਪ੍ਰਧਾਨਗੀ ਦੇ ਉਮੀਦਵਾਰਾਂ ਦੀ ਕਤਾਰ ਵਿਚ ਜਥੇਦਾਰ ਸੇਵਾ ਸਿੰਘ ਸੇਖਵਾਂ ਦਾ ਨਾਂ ਵੀ ਸ਼ਾਮਲ ਹੈ। ਜਥੇ. ਸੇਖਵਾਂ ਇਸ ਵੇਲੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਹਨ। ਉਹ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹਿ ਚੁੱਕੇ ਹਨ ਤੇ ਹੁਣ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਹਨ। ਪੰਥਕ ਮਾਹਿਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਸੂਬੇ ਵਿਚ ਦਲਿਤ ਹਮਾਇਤ ਹਾਸਲ ਕਰਨ ਲਈ ਇਹ ਪੱਤਾ ਖੇਡ ਸਕਦੀ ਹੈ। ਜਥੇਦਾਰ ਸੇਖਵਾਂ ਭਾਰਤੀ ਘੱਟ ਗਿਣਤੀ ਤੇ ਦਲਿਤ ਫਰੰਟ ਦੇ ਆਗੂ ਵੀ ਹਨ ਤੇ ਬਾਦਲ ਪਰਿਵਾਰ ਦੇ ਨੇੜਲੇ ਤੇ ਵਫ਼ਾਦਾਰ ਸਾਥੀਆਂ ਵਿਚ ਵੀ ਸ਼ਾਮਲ ਹਨ।

ਇਸ ਤੋਂ ਇਲਾਵਾ ਗੁਰਦਾਸਪੁਰ ਹਲਕੇ ਵਿਚਲੀ ਅਕਾਲੀ ਸਿਆਸਤ ਦੀ ਗੁੰਝਲ ਨੂੰ ਹੱਲ ਕਰਨ ਲਈ ਵੀ ਇਹ ਫੈਸਲਾ ਲਿਆ ਜਾ ਸਕਦਾ ਹੈ। ਇਸੇ ਤਰ੍ਹਾਂ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਤੇ ਜਥੇਦਾਰ ਤੋਤਾ ਸਿੰਘ ਸਾਬਕਾ ਮੰਤਰੀ ਦਾ ਵੀ ਨਾਂ ਸ਼ਾਮਲ ਹੈ। ਜੇਕਰ ਇਸ ਸੰਸਥਾ ਦੇ ਵਕਾਰੀ ਅਹੁਦੇ ਲਈ ਮੁੜ ਔਰਤ ਪ੍ਰਧਾਨ ਦੀ ਚੋਣ ਹੁੰਦੀ ਹੈ ਤਾਂ ਇਹ ਗੁਣਾ ਬੀਬੀ ਜਗੀਰ ਕੌਰ 'ਤੇ ਵੀ ਆ ਸਕਦਾ ਹੈ। ਉਹ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਰਹਿ ਚੁੱਕੇ ਹਨ ਪਰ ਉਨ੍ਹਾਂ ਖਿਲਾਫ ਚਲ ਰਿਹਾ ਅਦਾਲਤੀ ਕੇਸ ਇਸ ਮਾਮਲੇ ਵਿਚ ਅੜਿੱਕਾ ਹੋ ਸਕਦਾ ਹੈ। ਇਸੇ ਤਰ੍ਹਾਂ ਬੀਬੀ ਕਿਰਨਜੋਤ ਕੌਰ ਦਾ ਵੀ ਨਾਂ ਸ਼ਾਮਲ ਹੈ। ਉਹ ਦੋ ਵਾਰ ਇਸ ਸੰਸਥਾ ਦੀ ਜਨਰਲ ਸਕੱਤਰ ਰਹਿ ਚੁੱਕੀ ਹੈ ਤੇ ਮਾਸਟਰ ਤਾਰਾ ਸਿੰਘ ਦੇ ਪਰਿਵਾਰ ਨਾਲ ਸਬੰਧਤ ਹਨ।

ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੀ ਚੋਣ ਪ੍ਰਕਿਰਿਆ ਬਾਰੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਦੱਸਿਆ ਕਿ ਹੁਣ ਸਭ ਤੋਂ ਪਹਿਲਾਂ ਮੁੱਖ ਗੁਰਦੁਆਰਾ ਚੋਣ ਕਮਿਸ਼ਨ 170 ਮੈਂਬਰਾਂ ਦੀ ਚੋਣ ਬਾਰੇ ਨੋਟੀਫਿਕੇਸ਼ਨ ਜਾਰੀ ਹੋਵੇਗਾ। ਇਸ ਦੇ ਨਾਲ ਹੀ ਭਾਰਤ ਸਰਕਾਰ ਦੀ ਮਦਦ ਨਾਲ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ 15 ਮੈਂਬਰਾਂ ਦੀ ਨਾਮਜ਼ਦਗੀ ਲਈ ਮੀਟਿੰਗ ਸੱਦੀ ਜਾਵੇਗੀ। ਇਹ ਮੀਟਿੰਗ ਨੋਟੀਫਿਕੇਸ਼ਨ ਤੋਂ 15 ਦਿਨਾਂ ਦੇ ਵਿਚ ਸੱਦੀ ਜਾਵੇਗੀ ਜਿਸਦੀ ਪ੍ਰਧਾਨਗੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਵੇਗੀ।

ਮੀਟਿੰਗ ਵਿਚ ਡਿਪਟੀ ਕਮਿਸ਼ਨਰ ਹਾਊਸ ਦਾ ਚੇਅਰਮੈਨ ਚੁਣੇਗਾ ਜੋ ਅਗਲੀ ਕਾਰਵਾਈ ਨੂੰ ਅੰਜਾਮ ਦਿੰਦਿਆਂ 15 ਮੈਂਬਰ ਨਾਮਜ਼ਦ ਕਰਨ ਦਾ ਐਲਾਨ ਕਰੇਗਾ। ਨਾਮਜ਼ਦ ਕੀਤੇ ਗਏ ਮੈਂਬਰਾਂ ਬਾਰੇ ਨੋਟੀਫਿਕੇਸ਼ਨ ਤੋਂ ਤੁਰੰਤ ਬਾਅਦ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਇਕੱਤਰਤਾ ਸੱਦ ਕੇ ਪ੍ਰਧਾਨ ਦੀ ਚੋਣ ਹੋਵੇਗੀ। ਪ੍ਰਧਾਨ ਦੀ ਚੋਣ ਉਪਰੰਤ ਪ੍ਰਧਾਨ ਵਲੋਂ ਬਾਕੀ ਅਹੁਦੇਦਾਰਾਂ ਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਹ ਸਮੁੱਚੀ ਪ੍ਰਕਿਰਿਆ ਇਕ ਮਹੀਨੇ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ।






# ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਲਈ ਮੁਹਿੰਮ ਨੂੰ ਵੱਡਾ ਧੱਕਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਮੰਗ ਇਕ ਵਾਰ ਕਮਜ਼ੋਰ ਪੈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਵੱਖਰੀ ਮੰਗ ਦਾ ਮੁੱਦਾ ਲੈ ਕੇ ਉਠੇ ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ ਖਿਲਾਫ ਫਤਵਾ ਦੇ ਕੇ ਲੋਕਾਂ ਨੇ ਰਾਜ ਦੀਆਂ ਸਿਆਸੀ ਪਾਰਟੀਆਂ ਨੂੰ ਵੀ ਹੈਰਾਨ ਕਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੀਆਂ 18 ਸਤੰਬਰ ਨੂੰ ਹੋਈਆਂ ਚੋਣਾਂ ਵਿਚ ਹਰਿਆਣੇ ਦੀਆਂ ਕੁੱਲ ਗਿਆਰਾਂ ਸੀਟਾਂ ਉਤੇ ਝੀਂਡਾ ਸਮੇਤ ਉਸ ਦੇ ਸਾਰੇ ਉਮੀਦਵਾਰ ਹਾਰ ਗਏ ਹਨ ਜਦੋਂਕਿ ਦੂਜੇ ਬਾਗ਼ੀ ਸਿੱਖ ਨੇਤਾ ਦੀਦਾਰ ਸਿੰਘ ਨਲਵੀ ਤੇ ਪੰਥਕ ਮੋਰਚਾ ਗਠਜੋੜ ਦੇ ਦੋ ਉਮੀਦਵਾਰ ਨੂੰ ਹੀ ਜਿੱਤ ਹਾਸਲ ਹੋ ਸਕੀ ਹੈ। ਵੱਖਰੀ ਮੰਗ ਦੇ ਉਲਟ ਡਟਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਅੱਠ ਸੀਟਾਂ ਉਤੇ ਜਿੱਤ ਹਾਸਲ ਕੀਤੀ ਹੈ ਜਿਸ ਤੋਂ ਸਮਝਿਆ ਜਾ ਰਿਹਾ ਹੈ ਕਿ ਹਰਿਆਣਾ ਦੇ ਸਿੱਖ ਨੇ ਵੱਖਰੀ ਕਮੇਟੀ ਦੇ ਗਠਨ ਦੀ ਮੁਹਿੰਮ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਪੰਥਕ ਮੋਰਚਾ ਗਠਜੋੜ ਦੇ ਦੋਵੇਂ ਉਮੀਦਵਾਰ ਅੰਬਾਲਾ ਡਬਲ ਸੀਟ ਤੋਂ ਜਿੱਤੇ ਹਨ ਜਦੋਂਕਿ ਸਿਰਸਾ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਬਾਗ਼ੀ ਉਮੀਦਵਾਰ ਬਾਜ਼ੀ ਮਾਰ ਗਿਆ ਹੈ।


ਕਰਨਾਲ ਤੋਂ ਅਕਾਲੀ ਦਲ ਦੇ ਉਮੀਦਵਾਰ ਭੁਪਿੰਦਰ ਸਿੰਘ ਅਸੰਧ ਤੋਂ ਹਾਰੇ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਹਰਿਆਣਾ ਦੇ ਸਿੱਖਾਂ ਨੇ ਰਾਜਸੀ ਦਬਾਅ ਹੇਠ ਆ ਕੇ ਵੱਖਰੀ ਕਮੇਟੀ ਦੇ ਵਿਰੋਧ ਵਿਚ ਫ਼ਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦੀ ਮੰਗ ਨੂੰ ਮੁੜ ਤੋਂ ਉਠਾਉਣ ਲਈ ਰਾਜ ਦੇ ਸਿੱਖਾਂ ਨੂੰ ਮੁੜ ਇਕ ਪਲੇਟ ਫਾਰਮ ਉਤੇ ਇਕੱਠਿਆਂ ਕੀਤਾ ਜਾਵੇਗਾ।

ਕਰੂਕਸ਼ੇਤਰ ਤੋਂ ਅਕਾਲੀ ਦਲ ਦੇ ਉਮੀਦਵਾਰ ਹਰਭਜਨ ਸਿੰਘ ਤੋਂ ਹਾਰੇ ਉਮੀਦਵਾਰ ਦੀਦਾਰ ਸਿੰਘ ਨਲਵੀ ਦਾ ਕਹਿਣਾ ਹੈ ਕਿ ਵੱਖਰੀ ਕਮੇਟੀ ਦੀ ਮੰਗ ਨੂੰ ਮਰਿਆ ਨਹੀਂ ਕਿਹਾ ਜਾ ਸਕਦਾ। ਰਾਜ ਦੇ ਲੋਕ ਇਨੈਲੋ ਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤੇ ਨੌਕਰੀਆਂ ਝਾਂਸੇ ਵਿਚ ਆ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹਰਿਆਣੇ ਲਈ ਵੱਖਰੀ ਕਮੇਟੀ ਦੀ ਮੰਗ ਕਰਨ ਵਾਲਿਆਂ ਦੇ ਦੋ ਧੜਿਆਂ ਝੀਂਡਾ ਤੇ ਨਲਵੀ ਧੜਾ ਵਿਚ ਵੰਡੇ ਜਾਣ ਕਾਰਨ ਇਨੈਲੋ ਤੇ ਅਕਾਲੀ ਦਲ ਨੂੰ ਜਿੱਤ ਮਿਲੀ ਹੈ।

ਕਰਨਾਲ ਤੋਂ ਜੇਤੂ ਅਕਾਲੀ ਦਲ ਦੇ ਭੁਪਿੰਦਰ ਸਿੰਘ ਅਸੰਧ ਦਾ ਕਹਿਣਾ ਹੈ ਕਿ ਵੱਖਰੀ ਕਮੇਟੀ ਦੀ ਮੰਗ ਮੁੱਠੀ ਭਰ ਲੋਕਾਂ ਵੱਲੋਂ ਆਪਣੀਆਂ ਲੋੜਾਂ ਲਈ ਉਠਾਈ ਗਈ ਸੀ ਜਦੋਂਕਿ ਰਾਜ ਦੇ ਸਿੱਖ ਇਸ ਦੇ ਬਿਲਕੁਲ ਉਲਟ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਚੋਣ ਨਤੀਜਿਆਂ ਤੋਂ ਸਪਸ਼ਟ ਹੋ ਗਿਆ ਹੈ ਕਿ ਹਰਿਆਣਾ ਦੇ ਸਿੱਖ ਪੰਥ ਦੀਆਂ ਵੰਡੀਆਂ ਨਹੀਂ ਚਾਹੁੰਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਹਰਿਆਣਾ ਦੇ ਸਿੱਖਾਂ ਨੇ ਵੱਖਰੀ ਕਮੇਟੀ ਦੀ ਮੰਗ ਰੱਦ ਕਰ ਦਿੱਤੀ ਹੈ ਤੇ ਹੁਣ ਇਸ ਮੰਗ ਦੀ ਕੋਈ ਤੁਕ ਨਹੀਂ ਬਣਦੀ।

ਰਾਜ ਦੀਆਂ ਕੁੱਲ 11 ਸੀਟਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੇ ਅੱਠ ਉਤੇ ਜਿੱਤ ਪ੍ਰਾਪਤ ਕੀਤੀ ਜਦੋਂ ਕਿ ਪਿਛਲੀ ਵਾਰ ਦਲ ਦੀ ਝੋਲੀ ਵਿਚ ਸਿਰਫ 4 ਸੀਟਾਂ ਹੀ ਪਈਆਂ ਸਨ। ਦਲ ਨੇ ਜਿਹੜੀਆਂ ਸੀਟਾਂ ਹਾਰੀਆਂ ਹਨ, ਉਨ੍ਹਾਂ ਵਿਚ ਸਿਰਸਾ ਤੇ ਅੰਬਾਲਾ (ਦੋਹਰੀ ਸੀਟ) ਸ਼ਾਮਲ ਹਨ। ਯਮੁਨਾ ਨਗਰ ਤੋਂ ਦਲ ਦੇ ਬਲਦੇਵ ਸਿੰਘ ਕੈਮਪੁਰ, ਯਮੁਨਾ ਨਗਰ (ਔਰਤ) ਤੋਂ ਮਨਜੀਤ ਕੌਰ, ਕੁਰੂਕਸ਼ੇਤਰ ਤੋਂ ਹਰਭਜਨ ਸਿੰਘ, ਕਰਨਾਲ ਸਿੰਘ ਅਸੰਧ, ਕੈਥਲ ਤੋਂ ਅਮੀਰ ਸਿੰਘ ਵਿਰਕ ਰਸੀਦਾਂ, ਹਿਸਾਰ ਤੋਂ ਬਲਦੇਵ ਸਿੰਘ ਖਾਲਸਾ ਤੇ ਡਬਵਾਲੀ ਤੋਂ ਜਗਸੀਰ ਸਿੰਘ ਚੋਣ ਜਿੱਤ ਗਏ ਹਨ। ਹਿਸਾਰ ਤੋਂ ਔਰਤਾਂ ਦੀ ਰਾਖਵੀਂ ਸੀਟ ਵੀ ਸ਼੍ਰੋਮਣੀ ਅਕਾਲੀ ਦਲ ਨੇ ਜਿੱਤੀ ਹੈ।

### ਝੀਂਡਾ ਤੇ ਨਲਵੀ ਖ਼ਿਲਾਫ਼ ਲੋਕ ਫਤਵਾ




# ਵਾਸ਼ਿੰਗਟਨ ਡੀ ਸੀ ਗੁਰਦੁਆਰਾ ਸ਼੍ਰੋਮਣੀ ਕਮੇਟੀ ਨੂੰ ਨਾ ਦੇਣ ਦਾ ਫੈਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਕਲਚਰਲ ਸੁਸਾਇਟੀ, ਵਾਸ਼ਿੰਗਟਨ ਡੀ ਸੀ ਨੇ ਆਪਣੀ ਲੱਖਾਂ ਡਾਲਰ ਦੀ ਜਾਇਦਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾ ਦੇਣ ਦਾ ਫੈਸਲਾ ਕੀਤਾ ਹੈ। ਸੁਸਾਇਟੀ ਨੇ ਸ਼੍ਰੋਮਣੀ ਕਮੇਟੀ ਨਾਲ ਇਸ ਕਰਕੇ ਰਾਬਤਾ ਬਣਾਇਆ ਸੀ ਤਾਂ ਕਿ ਗੁਰਦੁਆਰੇ ਨੂੰ ਕਰਜ਼ਾ ਮੁਕਤ ਕੀਤਾ ਜਾ ਸਕੇ। ਯਾਦ ਰਹੇ ਕਿ ਜਦੋਂ ਇਹ ਗੁਰਦੁਆਰਾ ਸੰਗਤਾਂ ਨੂੰ ਸਮਰਪਤ ਕੀਤਾ ਗਿਆ ਸੀ ਤਾਂ ਨਾਮੀ ਅਖਬਾਰ 'ਵਾਸ਼ਿੰਗਟਨ ਪੋਸਟ' ਦੇ ਸਟਾਫ ਰਿਪੋਰਟਰ ਮਿਸ਼ੈਲ ਬਰੂਸਟਨ ਨੇ 18 ਫਰਵਰੀ, 2006 ਵਾਲੇ ਅੰਕ ਵਿਚ ਲੇਖ 'ਏ ਮਾਈਲਸਟੋਨ ਇਨ ਸਿੱਖਸ ਇਨ ਡੀ.ਸੀ.' ਲਿਖਿਆ ਸੀ। ਇਹ ਜਾਇਦਾਦ ਵ੍ਹਾਈਟ ਹਾਊਸ ਦੇ ਨੇੜੇ ਸਫਾਰਤਖਾਨਿਆਂ ਵਾਲੀ ਕਤਾਰ ਵਿਚ ਹੈ।



ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਸੁਸਾਇਟੀ ਨੇ ਨੈਸ਼ਨਲ ਗੁਰਦੁਆਰਾ, ਵਾਸ਼ਿੰਗਟਨ ਸਬੰਧੀ ਸਾਰੇ ਦਸਤਾਵੇਜ਼ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੂੰ ਭੇਜੇ ਸਨ। ਇਸ ਸਮਝੌਤੇ ਵਿਚ ਦਰਜ ਕੀਤਾ ਗਿਆ ਸੀ ਕਿ ਜੇ 15 ਸਤੰਬਰ, 2010 ਤੱਕ ਕੋਈ ਫੈਸਲਾ ਨਾ ਕੀਤਾ ਗਿਆ ਤਾਂ ਸੁਸਾਇਟੀ ਦੀ ਇਹ ਪੇਸ਼ਕਸ਼ ਰੱਦ ਮੰਨੀ ਜਾਵੇਗੀ। ਪੇਸ਼ਕਸ਼ ਕੀਤੀ ਨੂੰ ਤਕਰੀਬਨ ਡੇਢ ਸਾਲ ਹੋ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਨੇ ਅਜੇ ਤੱਕ ਦਸਤਾਵੇਜ਼ਾਂ ਉਤੇ ਸਹੀ ਵੀ ਨਹੀਂ ਪਾਈ ਹੈ। ਸਿੱਟੇ ਵਜੋਂ ਪੇਸ਼ਕਸ਼ ਵਾਲਾ ਸਮਾਂ ਲੰਘ ਗਿਆ ਹੈ।

ਇਸੇ ਦੌਰਾਨ ਜਥੇਦਾਰ ਅਵਤਾਰ ਸਿੰਘ ਜੋ ਪਿਛਲੇ ਦਿਨੀਂ ਚੋਣਾਂ ਵਿਚ ਵਾਹਵਾ ਰੁੱਝੇ ਰਹੇ ਹਨ, ਨੇ ਇਹ ਪੇਸ਼ਕਸ਼ ਸਿਰੇ ਨਾ ਚੜ੍ਹਨ ਦਾ ਭਾਂਡਾ ਕੇਂਦਰ ਸਰਕਾਰ ਸਿਰ ਭੰਨ੍ਹਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੇਸ਼ਕਸ਼ ਸਵੀਕਾਰ ਕਰਨ ਲਈ ਪਹਿਲਾਂ ਵਾਸ਼ਿੰਗਟਨ ਦੇ ਗੁਰਦੁਆਰੇ ਦਾ 8 ਕਰੋੜ ਰੁਪਏ ਦਾ ਕਰਜ਼ਾ ਉਤਾਰਨਾ ਪੈਣਾ ਸੀ। ਇਹ ਰਕਮ ਅਦਾ ਕਰਨ ਲਈ ਕੇਂਦਰ ਸਰਕਾਰ ਤੋਂ ਆਗਿਆ ਮੰਗੀ ਗਈ ਸੀ ਪਰ ਸਬੰਧਤ ਫਾਈਲ ਅਜੇ ਵੀ ਦਿੱਲੀ ਵਿਚ ਵੱਖ ਵੱਖ ਮੰਤਰਾਲਿਆਂ ਵਿਚ ਘੁੰਮ ਰਹੀ ਹੈ।

ਉਂਜ ਸ. ਸ਼ਮਸ਼ੇਰ ਸਿੰਘ ਨੇ ਜਥੇਦਾਰ ਅਵਤਾਰ ਸਿੰਘ ਦੇ ਇਸ ਬਿਆਨ ਦਾ ਖੰਡਨ ਕੀਤਾ ਹੈ। ਉਨ੍ਹਾਂ ਮੁਤਾਬਕ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਕੋਈ ਵੀ ਕਾਰਵਾਈ ਅੱਗੇ ਨਹੀਂ ਤੋਰੀ ਹੈ। ਅਜੇ ਤੱਕ ਸਮਝੌਤੇ 'ਤੇ ਦਸਤਖਤ ਵੀ ਨਹੀਂ ਕੀਤੇ ਹਨ। ਹੋਰ ਤਾਂ ਹੋਰ ਅਜੇ ਤੱਕ ਸੁਸਾਇਟੀ ਦੀ ਇਕ ਵੀ ਚਿੱਠੀ ਦਾ ਜਵਾਬ ਨਹੀਂ ਦਿੱਤਾ ਗਿਆ। ਇੱਥੋਂ ਤੱਕ ਕਿ ਸੁਸਾਇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਫਦ ਦੀ ਮੇਜ਼ਬਾਨੀ ਕਰਨ ਅਤੇ ਫਿਰ ਇਸ ਸਬੰਧੀ ਕਾਨੂੰਨੀ ਚਾਰਾਜੋਈ ਲਈ ਪ੍ਰਬੰਧ ਕਰਨ ਦਾ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸੁਸਾਇਟੀ ਨੇ ਸ਼੍ਰੋਮਣੀ ਕਮੇਟੀ ਨੂੰ ਕੁੱਲ 1.8 ਮਿਲੀਅਨ ਡਾਲਰਾਂ ਵਿਚੋਂ ਪਹਿਲਾਂ ਸਿਰਫ 25 ਹਜ਼ਾਰ ਡਾਲਰ ਦੇਣ ਦੀ ਬੇਨਤੀ ਕੀਤੀ ਸੀ ਪਰ ਕਿਸੇ ਨੇ ਇਸ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਅਤੇ ਹੁਣ ਸਾਰਾ ਦੋਸ਼ ਕੇਂਦਰ ਸਿਰ ਮੜ੍ਹਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੁਸਾਇਟੀ ਨੇ ਇਹ ਜਾਇਦਾਦ ਦਾਨ ਕਰਨ ਦਾ ਫੈਸਲਾ 2009 ਵਿਚ ਕੀਤਾ ਸੀ। ਪਹਿਲਾਂ ਪਹਿਲ ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ ਨਾਲ ਗੱਲ ਤੋਰੀ ਗਈ। ਅਪਰੈਲ, 2010 ਨੂੰ ਸ੍ਰੀ ਬਾਦਲ ਅਤੇ ਦਿੱਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਕੋ ਵੇਲੇ ਪੇਸ਼ਕਸ਼ ਰੱਖੀ ਗਈ। ਦਿੱਲੀ ਗੁਰਦੁਆਰਾ ਕਮੇਟੀ ਨੇ ਤਾਂ ਬਹੁਤਾ ਹੁੰਗਾਰਾ ਨਹੀਂ ਭਰਿਆ ਪਰ ਸ੍ਰੀ ਬਾਦਲ ਨੇ ਵਾਹਵਾ ਹੁੰਗਾਰਾ ਭਰਿਆ। ਸ਼੍ਰੋਮਣੀ ਕਮੇਟੀ ਅਤੇ ਸੁਸਾਇਟੀ ਦੇ ਨੁਮਾਇੰਦਿਆਂ ਦੀਆਂ ਤਤਕਾਲੀ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਘਰ ਮੀਟਿੰਗਾਂ ਹੋਈਆਂ। ਉਦੋਂ ਹੀ ਦੋਹਾਂ ਧਿਰਾਂ ਵੱਲੋਂ ਸਮਝੋਤੇ ਲਈ ਸਾਂਝਾ ਦਸਤਾਵੇਜ਼ ਤਿਆਰ ਕੀਤਾ ਗਿਆ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਦੋ ਵਫਦਾਂ ਨੇ ਵਾਸ਼ਿੰਗਟਨ ਦਾ ਦੌਰਾ ਕੀਤਾ।

ਉਨ੍ਹਾਂ ਦੱਸਿਆ ਕਿ 2005 ਵਿਚ ਬਣਾਇਆ ਨੈਸ਼ਨਲ ਗੁਰਦੁਆਰਾ ਘਾਟੇ ਵਿਚ ਚੱਲ ਰਿਹਾ ਹੈ ਕਿਉਂਕਿ ਵਾਸ਼ਿੰਗਟਨ ਵਿਚ ਸਿੱਖ ਸੰਗਤ ਬਹੁਤ ਘੱਟ ਹੈ। ਹੁਣ ਖਰਚ ਕੱਢਣ ਲਈ ਸੁਸਾਇਟੀ ਨੇ ਕੁਝ ਜਗ੍ਹਾ ਵੇਚਣ ਦਾ ਫੈਸਲਾ ਕੀਤਾ ਹੈ ਅਤੇ ਕਰਜ਼ਾ ਲਾਹਿਆ ਜਾਵੇਗਾ।


Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ


www.punjabtimesusa.com


FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

# ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ 'ਚ ਮਿਲੀਆਂ ਸਿਹਤ ਸਹੂਲਤਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਸਿਹਤ ਸਹੂਲਤਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ। ਉਸ ਦੀ ਪਿੱਠ ਦਾ ਇਲਾਜ ਮੁੜ ਚਾਲੂ ਹੋ ਗਿਆ ਹੈ। ਸ. ਹਵਾਰਾ ਤਿਹਾੜ ਜੇਲ੍ਹ ਵਿਚ ਬੰਦ ਹੈ ਤੇ ਉਸ ਨੂੰ ਮਾਡਲ ਜੇਲ੍ਹ ਬੁੜੈਲ ਨੂੰ ਉਡਾਉਣ ਦੇ ਕੇਸ ਵਿਚ ਅਦਾਲਤ ਵਿਚ ਪੇਸ਼ ਕੀਤਾ ਗਿਆ।

ਕੇਸ ਦੀ ਸੁਣਵਾਈ ਮੌਕੇ ਅਦਾਲਤ ਵਿਚ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੇ ਦੱਸਿਆ ਕਿ ਹਵਾਰਾ ਦੀ ਪਿੱਠ ਦਾ ਇਲਾਜ ਸ਼ੁਰੂ ਕੀਤਾ ਗਿਆ ਹੈ ਤੇ ਉਸ ਨੂੰ ਦੂਜੀਆਂ ਸਿਹਤ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ। ਜੇਲ੍ਹ ਦੇ ਡਿਪਟੀ ਸੁਪਰਡੈਂਟ ਨੇ ਇਹ ਵੀ ਦੱਸਿਆ ਕਿ ਉਸ ਦੇ ਪਖ਼ਾਨੇ ਵਿਚ ਬਕਾਇਦਾ ਅੰਗਰੇਜ਼ੀ ਸੀਟ ਲਵਾ ਦਿੱਤੀ ਗਈ ਹੈ। ਉਸ ਨੇ ਇਹ ਵੀ ਕਿਹਾ ਕਿ ਹੁਣ ਦੋਹਾਂ ਮੁਲਜ਼ਮਾਂ ਨੂੰ ਦਿੱਲੀ ਤੋਂ ਚੰਡੀਗੜ੍ਹ ਤਕ ਲਿਆਉਣ ਸਮੇਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦੀ ਸ਼ਿਕਾਇਤ ਨਹੀਂ ਰਹੀ।



*ਚੰਡੀਗੜ੍ਹ ਵਿਖੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਜਗਤਾਰ ਸਿੰਘ ਹਵਾਰਾ ਨੂੰ ਅਦਾਲਤ 'ਚ ਲੈ ਕੇ ਜਾਂਦੀ ਹੋਈ ਪੁਲਿਸ।*

ਸ. ਹਵਾਰਾ ਦੇ ਵਕੀਲ ਅਰਵਿੰਦ ਠਾਕਰ ਨੇ ਦੱਸਿਆ ਕਿ ਹਵਾਰਾ ਨੇ ਅਦਾਲਤ ਅੱਗੇ ਜੇਲ੍ਹ ਅਧਿਕਾਰੀਆਂ ਵੱਲੋਂ ਇਲਾਜ ਦੀ ਸਹੂਲਤ ਦੇਣ ਦੀ ਪੁਸ਼ਟੀ ਕੀਤੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਅਦਾਲਤ ਨੇ ਉਸ ਨੂੰ ਕਿਹਾ ਕਿ ਭਵਿੱਖ ਵਿਚ ਸਿਹਤ ਸਹੂਲਤਾਂ ਬੰਦ ਕਰਨ ਦੀ ਸੂਰਤ ਵਿਚ ਮਾਮਲਾ ਸਬੰਧਤ ਜੱਜ ਦੇ ਧਿਆਨ ਵਿਚ ਲਿਆਂਦਾ ਜਾਵੇ ਤੇ ਸ਼ਿਕਾਇਤ ਉੱਤੇ ਮੁੜ ਤੋਂ ਬਣਦੀ ਕਾਰਵਾਈ ਕੀਤੀ ਜਾਵੇਗੀ।।

ਜ਼ਿਕਰਯੋਗ ਹੈ ਕਿ ਹਵਾਰਾ ਦੇ ਵਕੀਲ ਠਾਕੁਰ ਨੇ ਕੇਸ ਦੀ ਪਿਛਲੀ ਸੁਣਵਾਈ ਮੌਕੇ ਉਸ ਨੂੰ ਸਿਹਤ ਸਹੂਲਤਾਂ ਨਾ ਦੇਣ ਤੇ ਪੇਸ਼ੀ ਮੌਕੇ ਰਸਤੇ ਵਿਚ ਗੱਡੀ ਵਿਚ ਖੜ੍ਹੇ ਰੱਖਣ ਦਾ ਮਾਮਲਾ ਉਠਾਇਆ ਸੀ ਜਿਸ ਉੱਤੇ ਅਦਾਲਤ ਵੱਲੋਂ ਜੇਲ੍ਹ ਅਧਿਕਾਰੀਆਂ ਦੀ ਜਵਾਬਤਲਬੀ ਕੀਤੀ ਗਈ ਸੀ। ਹਵਾਰਾ ਦੀ ਰੀੜ੍ਹ ਦੀ ਹੱਡੀ ਦਾ ਚੰਡੀਗੜ੍ਹ ਦੇ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਕੁਝ ਸਾਲ ਪਹਿਲਾਂ ਅਪਰੇਸ਼ਨ ਹੋਇਆ ਸੀ। ਹਵਾਰਾ ਨੂੰ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਕਤਲ ਕੇਸ ਵਿਚ ਵੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਤੇ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ।

ਚੰਡੀਗੜ੍ਹ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਬਾਅਦ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਕੇਸ ਦੀ ਸੁਣਵਾਈ ਮੌਕੇ ਪਰਮਜੀਤ ਸਿੰਘ ਭਿਉਰਾ ਨੂੰ ਵੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਦੋਵੇਂ ਜਣੇ ਦੋ ਹੋਰਾਂ ਸਮੇਤ ਬੁੜੈਲ ਜੇਲ੍ਹ ਤੋੜ ਕੇ ਫਰਾਰ ਹੋ ਗਏ ਸਨ। ਇਸੇ ਜਥੇਬੰਦੀ ਦਾ ਇਕ ਹੋਰ ਖਾੜਕੂ ਜਗਤਾਰ ਸਿੰਘ ਤਾਰਾ ਅਜੇ ਵੀ ਕਾਬੂ ਨਹੀਂ ਕੀਤਾ ਜਾ ਸਕਿਆ ਹੈ। ਇਕ ਵੱਖਰੀ ਜਾਣਕਾਰੀ ਅਨੁਸਾਰ ਅਦਾਲਤ ਨੇ ਕੇਸ ਦੇ ਇਕ ਗਵਾਹ ਤੇ ਚੰਡੀਗੜ੍ਹ ਪੁਲੀਸ ਦੇ ਸਹਾਇਕ ਇੰਸਪੈਕਟਰ ਸੁਰਿੰਦਰ ਕੁਮਾਰ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ।

ਸਬ ਇੰਸਪੈਕਟਰ ਉੱਤੇ ਤਿੰਨ ਵਾਰ ਨੋਟਿਸ ਦੇਣ ਉੱਤੇ ਵੀ ਅਦਾਲਤ ਵਿਚ ਪੇਸ਼ ਨਾ ਹੋਣ ਦਾ ਦੋਸ਼ ਹੈ। ਬੁੜੈਲ ਜੇਲ੍ਹ ਨੂੰ ਉਡਾਉਣ ਦੇ ਕੇਸ ਦੀ ਸੁਣਵਾਈ ਚੰਡੀਗੜ੍ਹ ਦੇ ਚੀਫ ਜੁਡੀਸ਼ਲ ਮੈਜਿਸਟ੍ਰੇਟ ਜੇ.ਐਸ. ਸਿੱਧੂ ਦੀ ਅਦਾਲਤ ਵਿਚ ਚੱਲ ਰਹੀ ਹੈ ਪਰ ਸ. ਸਿੱਧੂ ਦੇ ਛੁੱਟੀ ਉੱਤੇ ਹੋਣ ਕਰਕੇ ਕੇਸ ਦੀ ਸੁਣਵਾਈ ਵਧੀਕ ਸੀ.ਜੇ.ਐਮ. ਕੇ.ਕੇ. ਗੋਇਲ ਨੇ ਕੀਤੀ। ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਦੀ ਸਹੂਲਤ ਸ਼ੁਰੂ ਹੋ ਗਈ ਹੈ। ਇਸ ਵਾਰ ਦੋਹਾਂ ਨੂੰ ਇਸ ਕਰਕੇ ਇੱਥੇ ਲਿਆਉਣਾ ਪਿਆ ਹੈ ਕਿਉਂਕਿ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਇਸ ਦੀ ਸੂਚਨਾ ਨਹੀਂ ਮਿਲ ਸਕੀ ਸੀ। ਅਗਲੀ ਵਾਰ ਵੀਡੀਓ ਕਾਨਫਰੰਸਿੰਗ ਸ਼ੁਰੂ ਹੋਣ ਦੀ ਸੂਰਤ ਵਿਚ ਸ਼ਾਇਦ 14 ਅਕਤੂਬਰ ਨੂੰ ਉਨ੍ਹਾਂ ਨੂੰ ਇੱਥੇ ਲਿਆਉਣ ਦੀ ਲੋੜ ਨਾ ਪਵੇ।

# 'ਪੰਥਕ ਸਰਕਾਰ' ਨੇ ਵਹਾਇਆ ਪਵਿੱਤਰ ਸ਼ਹਿਰਾਂ 'ਚ ਸ਼ਰਾਬ ਦਾ ਦਰਿਆ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਪੰਥਕ ਕਹਾਉਣ ਵਾਲੀ ਸ਼੍ਰੋਮਣੀ ਅਕਾਲੀ ਦਲ (ਬ) ਸਰਕਾਰ ਵੱਲੋਂ ਪਵਿੱਤਰ ਸ਼ਹਿਰਾਂ ਵਿਚ ਵੀ ਸ਼ਰਾਬ ਦੇ ਦਰਿਆ ਵਹਾ ਦਿੱਤੇ ਹਨ। ਸਰਕਾਰ ਵੱਲੋਂ ਇਨ੍ਹਾਂ ਸ਼ਹਿਰਾਂ 'ਚ ਸ਼ਰਾਬ ਰੱਖਣ ਦੇ ਲਾਇਸੈਂਸ ਵੰਡੇ ਜਾ ਰਹੇ ਹਨ। ਇੱਥੋਂ ਤੱਕ ਕਿ ਸ਼ਰਾਬ ਦੇ ਗੋਦਾਮ ਵੀ ਪਵਿੱਤਰ ਸ਼ਹਿਰਾਂ 'ਚ ਖੋਲ੍ਹ ਦਿੱਤੇ ਗਏ ਹਨ। ਪਵਿੱਤਰ ਸ਼ਹਿਰਾਂ ਦੀ ਹਦੂਦ 'ਚੋਂ ਸਿਰਫ ਸ਼ਰਾਬ ਦੇ ਠੇਕੇ ਹੀ ਬਾਹਰ ਕੱਢੇ ਗਏ ਹਨ। ਪਹਿਲਾਂ ਕਾਂਗਰਸ ਹਕੂਮਤ ਨੇ ਵੀ ਇਹੋ ਕੀਤਾ ਤੇ ਹੁਣ ਮੌਜੂਦਾ ਸਰਕਾਰ ਵੀ ਇਸੇ ਰਾਹ 'ਤੇ ਹੈ ਜਿਸ ਕਰਕੇ ਪਵਿੱਤਰ ਸ਼ਹਿਰਾਂ ਦੀ ਜੂਹ ਦੇ ਅੰਦਰ ਸ਼ਰਾਬ ਰੱਖਣ ਦੀ ਕੋਈ ਰੋਕ-ਟੋਕ ਨਹੀਂ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਸ਼ਰਾਬ ਰੱਖਣ ਦੇ ਲਾਇਸੈਂਸ ਜਾਰੀ ਕਰਨ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੇ ਟੇਢੇ ਢੰਗ ਨਾਲ ਸ਼ਰਾਬ ਦੇ ਸੇਵਨ ਦਾ ਮੌਕਾ ਦੇ ਦਿੱਤਾ ਹੈ। ਲਾਇਸੈਂਸਾਂ ਨਾਲ ਪਵਿੱਤਰ ਸ਼ਹਿਰਾਂ ਦੀ ਪਵਿੱਤਰਤਾ ਭੰਗ ਹੋਈ ਹੈ। ਉਨ੍ਹਾਂ ਆਖਿਆ ਕਿ ਜਿਸ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦਿੱਤਾ ਗਿਆ ਹੈ, ਉੱਥੇ ਇਸ ਤਰ੍ਹਾਂ ਦੇ ਲਾਇਸੈਂਸ ਜਾਰੀ ਨਹੀਂ ਹੋਣੇ ਚਾਹੀਦੇ ਹਨ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਵੇਰਵਿਆਂ ਅਨੁਸਾਰ ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਐਨ ਨੇੜੇ ਮੁਹੱਲਾ ਦਰਬਾਰ ਸਾਹਿਬ ਵਿਚ ਸਰਕਾਰੀ ਅਧਿਕਾਰੀ ਨੂੰ ਉਮਰ ਭਰ ਲਈ ਸ਼ਰਾਬ ਰੱਖਣ ਦਾ ਲਾਇਸੈਂਸ ਦੇ ਦਿੱਤਾ ਗਿਆ ਹੈ। ਤਲਵੰਡੀ ਸਾਬੋ ਦੇ ਹੀ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਲਾਇਸੈਂਸ ਜਾਰੀ ਕੀਤਾ ਗਿਆ ਹੈ ਜਿਸ ਤਹਿਤ ਉਹ ਇਕ ਸਾਲ ਲਈ ਆਪਣੇ ਘਰ ਦੋ ਡੱਬੇ ਸ਼ਰਾਬ ਰੱਖ ਸਕਦਾ ਹੈ। ਇੰਜ ਹੀ ਦਮਦਮਾ ਸਾਹਿਬ ਦੇ ਸਿਵਲ ਹਸਪਤਾਲ ਦੇ ਇਕ ਡਾਕਟਰ ਨੂੰ ਆਪਣੇ ਘਰ ਦੋ ਡੱਬੇ ਅੰਗਰੇਜ਼ੀ ਸ਼ਰਾਬ ਰੱਖਣ ਲਈ ਉਮਰ ਭਰ ਵਾਸਤੇ ਲਾਇਸੈਂਸ ਦਿੱਤਾ ਗਿਆ ਹੈ।

ਆਬਕਾਰੀ ਤੇ ਕਰ ਵਿਭਾਗ ਬਠਿੰਡਾ ਵੱਲੋਂ ਜ਼ਿਲ੍ਹੇ ਭਰ 'ਚ ਹੁਣ ਤੱਕ 200 ਲਾਇਸੈਂਸ (ਜਸ ਨੂੰ ਸਰਕਾਰੀ ਭਾਸ਼ਾ 'ਚ ਐਲ-50 ਲਾਇਸੈਂਸ ਆਖਦੇ ਹਨ, ਜਾਰੀ ਕੀਤੇ ਗਏ ਹਨ। ਵਿਭਾਗ ਵੱਲੋਂ ਉਮਰ ਭਰ ਲਈ ਲਾਇਸੈਂਸ ਦੇਣ ਲਈ ਪੰਜ ਹਜ਼ਾਰ ਰੁਪਏ ਫੀਸ ਲਈ ਜਾਂਦੀ ਹੈ। ਇਕ ਸਾਲ ਦੀ ਫੀਸ 500 ਰੁਪਏ ਹੈ। ਲਾਇਸੈਂਸ ਮਿਲਣ ਮਗਰੋਂ ਕੋਈ ਵੀ ਵਿਅਕਤੀ ਦੋ ਡੱਬੇ (24 ਬੋਤਲਾਂ) ਅੰਗਰੇਜ਼ੀ ਸ਼ਰਾਬ ਦੇ ਕਾਨੂੰਨੀ ਤੌਰ 'ਤੇ ਆਪਣੇ ਘਰ ਰੱਖ ਸਕਦਾ ਹੈ। ਜ਼ਿਲ੍ਹਾ ਬਠਿੰਡਾ 'ਚ ਚਾਲੂ ਮਾਲੀ ਸਾਲ ਦੌਰਾਨ ਇਕ ਸਾਲ ਵਾਸਤੇ 128 ਲਾਇਸੈਂਸ ਜਾਰੀ ਕੀਤੇ ਗਏ ਹਨ।।

ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਤਲਵੰਡੀ ਸਾਬੋ, ਚਮਕੌਰ ਸਾਹਿਬ, ਭੈਣੀ ਸਾਹਿਬ, ਕੀਰਤਪੁਰ ਸਾਹਿਬ, ਖਡੂਰ ਸਾਹਿਬ, ਤਰਨ ਤਾਰਨ ਤੇ ਸੁਲਤਾਨਪੁਰ ਲੋਧੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਹਾਸਲ ਹੈ। ਇਨ੍ਹਾਂ ਸ਼ਹਿਰਾਂ 'ਚ ਸ਼ਰਾਬ, ਤੰਬਾਕੂ ਤੇ ਮੀਟ ਦੀ ਵਿਕਰੀ ਦੀ ਮੁਕੰਮਲ ਮਨਾਹੀ ਹੈ। ਅਜਿਹੀ ਮਨਾਹੀ ਦੇ ਬਾਵਜੂਦ ਸਰਕਾਰ ਵੱਲੋਂ ਖੁਦ ਹੀ ਸ਼ਰਾਬ ਰੱਖਣ ਦੇ ਲਾਇਸੈਂਸ ਹਰ ਵਰ੍ਹੇ ਵੰਡੇ ਜਾ ਰਹੇ ਹਨ। ਪਵਿੱਤਰ ਸ਼ਹਿਰ ਮੁਕਤਸਰ ਦੇ ਇਤਿਹਾਸਕ ਗੁਰਦੁਆਰਾ ਟਿੱਬੀ ਸਾਹਿਬ ਨੂੰ ਜਾਂਦੀ ਸੜਕ 'ਤੇ ਤਾਂ ਅੰਗਰੇਜੀ ਸ਼ਰਾਬ ਦਾ ਗੋਦਾਮ ਹੀ ਖੋਲ੍ਹ ਦਿੱਤਾ ਗਿਆ ਹੈ।



ਆਬਕਾਰੀ ਤੇ ਕਰ ਵਿਭਾਗ ਮੁਕਤਸਰ ਵੱਲੋਂ ਦਿੱਤੀ ਸੂਚਨਾ ਅਨੁਸਾਰ ਮੁਕਤਸਰ ਦੀ ਮਲੋਟ ਰੋਡ ਤੇ ਕੋਟਕਪੂਰਾ ਬਾਈਪਾਸ 'ਤੇ ਵੀ ਸ਼ਰਾਬ ਦੇ ਦੋ ਗੋਦਾਮ ਕਾਨੂੰਨੀ ਤੌਰ 'ਤੇ ਕਾਇਮ ਕੀਤੇ ਗਏ ਹਨ। ਇਕੱਲੇ ਗੋਦਾਮ ਹੀ ਨਹੀਂ ਖੋਲ੍ਹੇ ਬਲਕਿ ਇਸ ਪਵਿੱਤਰ ਸ਼ਹਿਰ ਵਿਚ 23 ਵਿਅਕਤੀਆਂ ਨੂੰ ਤਾਂ ਉਮਰ ਭਰ ਲਈ ਸ਼ਰਾਬ ਰੱਖਣ ਵਾਸਤੇ ਲਾਇਸੈਂਸ ਜਾਰੀ ਕੀਤੇ ਗਏ ਹਨ। ਇਸ ਮਾਲੀ ਸਾਲ ਦੌਰਾਨ ਇਸ ਤਰ੍ਹਾਂ ਦੇ 25 ਲਾਇਸੈਂਸ ਜਾਰੀ ਕੀਤੇ ਗਏ ਹਨ। ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਸਾਹਿਬ 'ਚ ਲੰਘੇ ਸੱਤ ਵਰ੍ਹਿਆਂ ਦੌਰਾਨ 1347 ਵਿਅਕਤੀਆਂ ਨੂੰ ਇਕ ਸਾਲ ਲਈ ਸ਼ਰਾਬ ਰੱਖਣ ਦੇ ਲਾਇਸੈਂਸ ਜਾਰੀ ਕੀਤੇ ਗਏ।

ਇਨ੍ਹਾਂ 'ਚ ਇਕ ਲਾਇਸੈਂਸ ਖਾਲਸਾ ਕਾਲਜ ਦੇ ਕੈਂਪਸ ਵਿਚ ਰਹਿ ਰਹੇ ਵਿਅਕਤੀ ਦਾ ਵੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇਕ ਸਾਬਕਾ ਰਜਿਸਟਰਾਰ ਵੀ ਇਕ-ਇਕ ਸਾਲ ਲਈ ਸ਼ਰਾਬ ਰੱਖਣ ਦਾ ਲਾਇਸੈਂਸ ਲੈਂਦਾ ਰਿਹਾ ਹੈ। ਪਵਿੱਤਰ ਸ਼ਹਿਰ ਖਡੂਰ ਸਾਹਿਬ 'ਚ ਵੀ ਦੋ ਵਿਅਕਤੀ ਇਕ-ਇਕ ਸਾਲ ਲਈ ਲਾਇਸੈਂਸ ਲੈ ਚੁੱਕੇ ਹਨ। ਇਵੇਂ ਹੀ ਤਰਨ ਤਾਰਨ ਸ਼ਹਿਰ 'ਚ ਵੀ ਅੱਧੀ ਦਰਜਨ ਵਿਅਕਤੀ ਲਾਇਸੈਂਸ ਹਾਸਲ ਕਰ ਚੁੱਕੇ ਹਨ। ਬਾਕੀ ਪਵਿੱਤਰ ਸ਼ਹਿਰਾਂ 'ਚ ਇਹੋ ਹਾਲ ਹੈ। ਆਬਕਾਰੀ ਤੇ ਕਰ ਵਿਭਾਗ ਪੰਜਾਬ ਦੇ ਸਕੱਤਰ ਐਸ.ਐਸ. ਬਰਾੜ ਦਾ ਕਹਿਣਾ ਸੀ ਕਿ ਪਵਿੱਤਰ ਸ਼ਹਿਰਾਂ 'ਚ ਆਮ ਵਿਅਕਤੀ ਤਾਂ ਆਪਣੇ ਘਰ ਵਿਚ ਸ਼ਰਾਬ ਰੱਖ ਸਕਦਾ ਹੈ। ਸ਼ਰਾਬ ਜਨਤਕ ਤੌਰ 'ਤੇ ਵੇਚਣ ਜਾਂ ਪੀਣ 'ਤੇ ਪਾਬੰਦੀ ਹੈ।


**Philips-66 Truck Stop**
**Convenience Store**
***For Lease to Own***

**11 Pumps, 30 Truck Parkings**
**Diesel & Gas**
**With Restaurant, Liquor, Lottery**
**Prime Location (4 States Traffic Area on State Hwy 71/I-44 in Missouri)**

Serious Parties Only, Please.
**Contact: 417-825-7602**
Email:shawnmann5@gmail.com



**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਅਲ-ਕਾਇਦਾ ਦੇ ਖਾਤਮੇ ਲਈ ਕਿਤੇ ਵੀ ਹਮਲਾ ਸੰਭਵ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਅਲ-ਕਾਇਦਾ ਦੇ ਖਾਤਮੇ ਲਈ ਦੁਨੀਆਂ ਭਰ ਵਿਚ ਕਿਤੇ ਵੀ ਹਮਲਾ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ਜਿਨ੍ਹਾਂ ਵਿਚ ਉਹ ਦੇਸ਼ ਵੀ ਸ਼ਾਮਲ ਹਨ ਜਿਹੜੇ ਆਪਣੇ ਤੌਰ 'ਤੇ ਇਸ ਦਹਿਸ਼ਤਪਸੰਦ ਤਨਜੀਮ ਖ਼ਿਲਾਫ਼ ਕਾਰਵਾਈ ਕਰਨ ਲਈ ਤਿਆਰ ਨਹੀਂ ਹਨ। ਇਹ ਗੱਲ ਵ੍ਹਾਈਟ ਹਾਊਸ ਦੇ ਅਤਿਵਾਦ ਵਿਰੋਧੀ ਚੋਟੀ ਦੇ ਸਲਾਹਕਾਰ ਜੌਹਨ ਬਰੈਨਨ ਨੇ ਹਾਰਵਰਡ ਲਾਅ ਸਕੂਲ ਵਿਚ ਇਕ ਤਕਰੀਰ ਦੌਰਾਨ ਕਹੀ।

ਉਨ੍ਹਾਂ ਕਿਹਾ ਕਿ ਅਮਰੀਕਾ ਨੇ ਭਾਵੇਂ ਇਸ ਦਹਿਸ਼ਤਪਸੰਦ ਜਥੇਬੰਦੀ ਨੂੰ ਕਾਫੀ ਹੱਦ ਤੱਕ ਨਕਾਰਾ ਕਰ ਦਿੱਤਾ ਹੈ ਪਰ ਤਾਂ ਵੀ ਖ਼ਾਸਕਰ ਪਾਕਿਸਤਾਨ ਵਿਚ ਆਧਾਰਤ ਅਲ-ਕਾਇਦਾ ਦਹਿਸ਼ਤਗਰਦ ਹਾਲੇ ਵੀ ਆਪਣੀਆਂ ਕੋਸ਼ਿਸ਼ਾਂ ਵਿਚ ਜੁੱਟੇ ਹੋਏ ਹਨ ਤੇ ਇਹ ਲੋਕ ਅਮਰੀਕਾ ਵਿਚ ਹਮਲੇ ਕਰਨ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਅਲ-ਕਾਇਦਾ ਖ਼ਿਲਾਫ਼ ਫ਼ੌਜ ਦੀ ਵਰਤੋਂ ਸਿਰਫ਼ ਅਫ਼ਗਾਨਿਸਤਾਨ ਦੇ ਭਖਵੇਂ ਮੈਦਾਨ-ਏ-ਜੰਗ ਤੱਕ ਹੀ ਮਹਿਦੂਦ ਨਹੀਂ ਹੈ ਸਗੋਂ ਅਮਰੀਕਾ ਵੱਲੋਂ ਦੁਨੀਆਂ ਵਿਚ ਕਿਤੇ ਵੀ ਅਜਿਹੇ ਮਸ਼ਕੂਕ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ ਜੋ ਇਸ ਲਈ ਖ਼ਤਮ ਬਣੇਗਾ।

ਰੋਜ਼ਨਾਮਾ 'ਨਿਊਯਾਰਕ ਟਾਈਮਜ਼' ਮੁਤਾਬਕ ਅਮਰੀਕਾ ਨੂੰ ਕੌਮਾਂਤਰੀ ਕਾਨੂੰਨਾਂ ਤਹਿਤ ਅਜਿਹਾ ਕਰਨ ਦਾ ਹੱਕ ਹਾਸਲ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਮਰੀਕਾ ਅੰਨ੍ਹੇਵਾਹ ਤਾਕਤ ਦੀ ਵਰਤੋਂ ਕਰੇਗਾ ਸਗੋਂ ਇਸ ਦੌਰਾਨ 'ਕੌਮਾਂਤਰੀ ਕਾਨੂੰਨੀ ਸਿਧਾਂਤਾਂ ਤੇ ਸਬੰਧਤ ਮੁਲਕ ਦੀ ਪ੍ਰਭੂਤਾ' ਦਾ ਖ਼ਿਆਲ ਰੱਖਿਆ ਜਾਵੇਗਾ। ਅਲ-ਕਾਇਦਾ 'ਚ ਹਾਲੇ ਵੀ ਅਮਰੀਕਾ ਵਿਚ ਹਮਲੇ ਕਰਨ ਦੀ ਸਮਰੱਥਾ ਹੈ ਤੇ ਇਹ ਲੋਕ ਪਾਕਿਸਤਾਨ, ਯਮਨ ਤੇ ਅਫ਼ਰੀਕਾ ਦੇ ਵੱਖ-ਵੱਖ ਮੁਲਕਾਂ 'ਚ ਲੁਕ ਕੇ ਆਪਣਾ 'ਮਾਰੂ' ਏਜੰਡਾ ਜਾਰੀ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਅਲ-ਕਾਇਦਾ ਦਾ ਮੁੱਖ ਧੁਰਾ ਇਸ ਵੇਲੇ ਪਾਕਿਸਤਾਨ ਵਿਚ ਹੈ ਤੇ ਇਨ੍ਹਾਂ ਦਾ ਭਾਵੇਂ ਲੱਕ ਤੋੜ ਦਿੱਤਾ ਗਿਆ ਹੈ ਪਰ ਇਹ ਤਾਂ ਵੀ ਅਮਰੀਕਾ 'ਤੇ ਹਮਲੇ ਕਰ ਸਕਦੇ ਹਨ।

## 22 ਸਮਗਲਰਾਂ ਨੂੰ ਫਾਂਸੀ

**ਤਹਿਰਾਨ:** ਇਰਾਨ ਵਿਚ ਨਸ਼ੇ ਦੀ ਤਸਕਰੀ ਦੇ ਦੋਸ਼ੀ 22 ਵਿਅਕਤੀਆਂ ਨੂੰ ਤਹਿਰਾਨ ਦੀਆਂ ਏਵਿਨ ਤੇ ਰਜਾਈ ਸ਼ਹਿਰ ਜੇਲ੍ਹਾਂ 'ਚ ਸਮੂਹਿਕ ਫਾਂਸੀ ਦਿੱਤੀ ਗਈ। ਨਸ਼ੇ ਦੇ ਇਨ੍ਹਾਂ ਤਸਕਰਾਂ 'ਤੇ ਲੰਮਾ ਸਮਾਂ ਚੱਲੇ ਮੁਕੱਦਮੇ ਤੋਂ ਬਾਅਦ ਇਸਲਾਮਿਕ ਰਿਵਲਿਊਸ਼ਨਰੀ ਕੋਰਟ ਨੇ ਪ੍ਰਾਪਤ ਸਬੂਤਾਂ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਦੋਸ਼ੀ ਪਾਉਂਦਿਆ ਫਾਂਸੀ ਦੀ ਸਜ਼ਾ ਸੁਣਾਈ। ਮੌਤ ਦੀ ਸਜ਼ਾ ਦੇਣ ਦੇ ਮਾਮਲੇ 'ਚ ਚੀਨ ਤੋਂ ਬਾਅਦ ਇਰਾਨ ਦਾ ਦੂਜਾ ਸਥਾਨ ਹੈ। ਇਰਾਨ ਦੇ ਇਸਲਾਮਿਕ ਕਾਨੂੰਨ ਮੁਤਾਬਕ ਕਤਲ, ਵਿਭਚਾਰ, ਬਲਾਤਕਾਰ, ਨਸ਼ੇ ਦੇ ਵਪਾਰ ਤੇ ਪਤਿਤਪੁਣਾ ਮੌਤ ਦੀ ਸਜ਼ਾ ਯੋਗ ਅਪਰਾਧ ਹਨ।

## Matrimonials

***ਜੀਵਨ ਸਾਥੀ ਦੀ ਲੋੜ***

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

US/Canadian girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com


**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

EARLY BIRD SALE!!!!

India $545
London $250

# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*
***Radio CK, PO Box 296, Fremont, CA 94537***




**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*

**MRP TRAVEL**

*Lowest International and Domestic Fares*


ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates



*Passport & Visa services also available*

SINGAPORE AIRLINES CATHAY PACIFIC KOREAN AIR Lufthansa CHINA AIRLINES

**Desi Cuts and Color Plus**

**For Men, Women & Children**



Mandeep
510-200-4415

Grand Opening

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*

FARMERS INSURANCE GROUP Symbol of Superior Service

**FARMERS**®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਬਾਦਲ ਪਰਿਵਾਰ ਨੂੰ ਲੋਕਪਾਲ ਦਾ ਸੇਕ ਲੱਗਣਾ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਜ਼ਬੂਤ ਲੋਕਪਾਲ ਦੀ ਕਾਇਮੀ ਲਈ ਅੰਨਾ ਹਜ਼ਾਰੇ ਦੀ ਹਮਾਇਤ ਕਰਨ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੀ 'ਲੋਕਪਾਲ' ਦਾ ਸੇਕ ਲੱਗਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਲੋਕਪਾਲ ਜਸਟਿਸ ਡੀ.ਐਸ. ਧਾਲੀਵਾਲ (ਸੇਵਾ ਮੁਕਤ) ਨੇ ਹੁਕਮ ਦਿੱਤਾ ਹੈ ਕਿ ਪੰਜਾਬ ਦੇ 73 ਪ੍ਰਾਈਵੇਟ ਬੱਸਾਂ ਦੇ ਰੂਟ ਪਰਮਿਟ ਚੰਡੀਗੜ੍ਹ ਤੱਕ ਵਧਾਉਣ ਦੇ ਮਾਮਲੇ ਦੀ ਜਾਂਚ ਦੀ ਜਾਂਚ ਕੀਤੀ ਜਾਵੇ। ਇਨ੍ਹਾਂ ਏਅਰ ਕੰਡੀਸ਼ਨ ਬੱਸਾਂ ਦੇ ਪ੍ਰਾਈਵੇਟ ਰੂਟ ਪਰਮਿਟਾਂ 'ਚੋਂ ਬਹੁਤੇ ਸ. ਬਾਦਲ ਦੇ ਪਰਿਵਾਰ ਨਾਲ ਸਬੰਧਤ ਹਨ। ਸੀ। ਇਸ ਤੋਂ ਪਹਿਲਾਂ 12 ਕਿੱਲੇ ਸਰਕਾਰੀ ਜ਼ਮੀਨ 'ਤੇ ਕੀਤੇ ਗਏ ਨਾਜਾਇਜ਼ ਕਬਜ਼ੇ ਦੇ ਦੋਸ਼ਾਂ ਤਹਿਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਿਰੁੱਧ ਸ਼ਿਕਾਇਤ 'ਤੇ ਵੀ ਲੋਕਪਾਲ ਨੇ ਜਾਂਚ ਖੋਲ੍ਹੀ ਹੈ।

## ਇਕ ਹੋਰ ਮਾਮਲੇ ਦੀ ਜਾਂਚ ਦੇ ਹੁਕਮ







ਲੋਕਪਾਲ ਵੱਲੋਂ ਇਸ ਮੁੱਦੇ 'ਤੇ ਪ੍ਰਾਪਤ ਹੋਈ 2 ਸਤੰਬਰ 2011 ਨੂੰ ਸ਼ਿਕਾਇਤ 'ਤੇ ਕੀਤੀ ਗਈ ਮੁਢਲੀ ਜਾਂਚ ਤੋਂ ਬਾਅਦ ਇਸ ਮਾਮਲੇ ਵਿਚ ਬਕਾਇਦਾ ਜਾਂਚ ਰਜਿਸਟਰ ਕਰਨ ਦਾ ਫੈਸਲਾ ਲਿਆ ਗਿਆ ਤੇ ਲੋਕਪਾਲ ਦੇ ਇੰਸਪੈਕਟਰ ਜਨਰਲ ਪੁਲਿਸ ਨੂੰ ਇਸ ਮਾਮਲੇ ਵਿਚ ਜਾਂਚ ਰਿਪੋਰਟ 1 ਨਵੰਬਰ 2011 ਤਕ ਪੇਸ਼ ਕਰਨ ਲਈ ਕਿਹਾ ਗਿਆ ਹੈ। ਚੰਡੀਗੜ੍ਹ ਦੇ ਇਕ ਵਕੀਲ ਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਅਰਵਿੰਦ ਠਾਕੁਰ ਨੇ ਕਮਿਸ਼ਨ ਨੂੰ ਸ਼ਿਕਾਇਤ ਦੇ ਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤੇ ਪੰਜਾਬ ਦੇ ਸਾਬਕਾ ਪ੍ਰਮੁੱਖ ਸਕੱਤਰ ਟਰਾਂਸਪੋਰਟ ਸ. ਦਮਨਬੀਰ ਸਿੰਘ ਜਸਪਾਲ ਵਿਰੁੱਧ ਸ਼ਿਕਾਇਤ ਕੀਤੀ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਮੁੱਖ ਮੰਤਰੀ ਵੱਲੋਂ ਆਪਣਾ ਅਸਰ ਰਸੂਖ ਤੇ ਸਰਕਾਰੀ ਤਾਕਤ ਦੀ ਵਰਤੋਂ ਕਰਦਿਆਂ ਇਨ੍ਹਾਂ 73 ਏਅਰਕੰਡੀਸ਼ਨਰ ਬੱਸਾਂ ਦੇ ਰੂਟ ਚੰਡੀਗੜ੍ਹ ਤੱਕ ਵਧਵਾਏ ਗਏ।

ਪਟੀਸ਼ਨ ਵਿਚ ਕਿਹਾ ਗਿਆ ਇਸ ਮੰਤਵ ਲਈ ਮੁੱਖ ਮੰਤਰੀ ਸ. ਬਾਦਲ ਵੱਲੋਂ 9 ਸਤੰਬਰ 2007 ਨੂੰ ਰਾਜ ਦੇ ਸਾਬਕਾ ਰਾਜਪਾਲ ਤੇ ਚੰਡੀਗੜ੍ਹ ਦੇ ਮੁੱਖ ਪ੍ਰਸ਼ਾਸਕ ਜਨਰਲ ਐਸ.ਐਫ. ਰੌਡਰਿਗਜ਼ ਨੂੰ ਇਨ੍ਹਾਂ 73 ਰੂਟ ਪਰਮਿਟਾਂ 'ਤੇ ਚੱਲਣ ਵਾਲੀਆਂ ਬੱਸਾਂ ਨੂੰ ਆਪਣੀਆਂ ਸਵਾਰੀਆਂ ਚੰਡੀਗੜ੍ਹ ਤੱਕ ਛੱਡਣ ਦੀ ਇਜਾਜ਼ਤ ਮੰਗੀ ਸੀ ਤੇ ਇਸ ਮੰਤਵ ਲਈ ਮੁੱਖ ਮੰਤਰੀ ਵੱਲੋਂ ਅਜਿਹੇ ਸਮੇਂ ਦੀ ਚੋਣ ਕੀਤੀ ਗਈ ਜਦੋਂ ਚੰਡੀਗੜ੍ਹ ਕੇਂਦਰੀ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਕ੍ਰਿਸ਼ਨ ਮੋਹਨ ਆਪਣਾ ਅਹੁਦਾ ਛੱਡ ਚੁੱਕੇ ਸਨ ਤੇ ਨਵੇਂ ਗ੍ਰਹਿ ਸਕੱਤਰ ਸ੍ਰੀ ਰਾਮ ਨਿਵਾਸ ਵੱਲੋਂ ਆਪਣਾ ਅਹੁਦਾ ਨਾ ਸੰਭਾਲੇ ਜਾਣ ਕਾਰਨ ਸਕੱਤਰ ਟਰਾਂਸਪੋਰਟ ਚੰਡੀਗੜ੍ਹ ਦਾ ਕੰਮਕਾਜ ਪੰਜਾਬ ਕਾਡਰ ਦੇ ਅਧਿਕਾਰੀ ਤੇ ਉਸ ਸਮੇਂ ਦੇ ਚੰਡੀਗੜ੍ਹ ਦੇ ਖਜ਼ਾਨਾ ਸਕੱਤਰ ਦੇਖ ਰਹੇ ਸਨ।

ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਕਿ ਉਸ ਸਮੇਂ ਦੇ ਸਕੱਤਰ ਖ਼ਜ਼ਾਨਾ ਰਾਹੀਂ ਇਨ੍ਹਾਂ ਬੱਸਾਂ ਦਾ ਰੂਟ ਚੰਡੀਗੜ੍ਹ ਤੱਕ ਵਧਾਉਣ ਬਾਰੇ ਹੋਏ ਨੋਟੀਫਿਕੇਸ਼ਨ ਕਾਰਨ ਚੰਡੀਗੜ੍ਹ ਪ੍ਰਸ਼ਾਸਨ ਦਾ ਵੱਡਾ ਮਾਲੀ ਨੁਕਸਾਨ ਹੋਇਆ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਪੰਜਾਬ ਦੀਆਂ ਕੋਈ 150 ਬੱਸਾਂ ਚੰਡੀਗੜ੍ਹ ਵਿਚ ਲੋੜੀਂਦੀ ਇਜਾਜ਼ਤ ਤੋਂ ਬਿਨਾਂ ਦਾਖਲ ਹੁੰਦੀਆਂ ਹਨ ਜੋ ਮੋਟਰ ਵਹੀਕਲ ਐਕਟ ਦੀ ਉਲੰਘਣਾ ਹੈ। ਚੰਡੀਗੜ੍ਹ ਦੀ ਵਿਸ਼ੇਸ਼ ਵਿਜੀਲੈਂਸ ਕੋਰਟ ਵੱਲੋਂ ਵੀ ਉਕਤ ਮਾਮਲੇ ਵਿਚ ਕਾਰਵਾਈ ਕਰਦਿਆਂ ਇਸ ਨੂੰ ਕਾਹਲੀ ਵਿਚ ਲਿਆ ਗਿਆ ਫੈਸਲਾ ਦੱਸਿਆ ਗਿਆ ਸੀ। ਲੋਕਪਾਲ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿਚ ਇਸ ਮਾਮਲੇ ਵਿਚ ਜਾਂਚ ਦਾ ਕੰਮ ਸਮਾਂਬੱਧ ਢੰਗ ਨਾਲ ਪੂਰਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਹੈ ਕਿ ਸ. ਸੁਖਬੀਰ ਸਿੰਘ ਬਾਦਲ ਦੀ ਸਰਪ੍ਰਸਤੀ 'ਚ ਚੱਲ ਰਹੇ ਟਰਾਂਸਪੋਰਟ ਮਾਫੀਆ ਦੀਆਂ ਇਹ ਪ੍ਰਾਈਵੇਟ ਬੱਸਾਂ ਚੱਲਣ ਨਾਲ ਸਰਕਾਰੀ ਟਰਾਂਸਪੋਰਟ ਨੂੰ ਨੁਕਸਾਨ ਪੁੱਜਿਆ ਹੈ ਤੇ ਇਸ ਕਾਰੋਬਾਰ 'ਚ ਸ. ਬਾਦਲ ਖ਼ੁਦ ਵੀ ਸ਼ਾਮਲ ਹਨ ਨਹੀਂ ਤਾਂ ਉਨ੍ਹਾਂ ਨੂੰ ਰਾਜਪਾਲ ਨੂੰ ਪੱਤਰ ਲਿਖਣ ਦੀ ਲੋੜ ਨਹੀਂ।

## ਹੁਣ ਚੰਡੀਗੜ੍ਹ ਤੋਂ ਉਡਣਗੇ ਵਿਦੇਸ਼ਾਂ ਨੂੰ ਜਹਾਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਸੁਪਨਮਈ ਪ੍ਰਾਜੈਕਟ ਚੰਡੀਗੜ੍ਹ ਦੇ ਹਵਾਈ ਅੱਡੇ ਨੂੰ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਦਰਜਾ ਮਿਲਣ ਦੇ ਦਿਨ ਨੇੜੇ ਆ ਗਏ ਹਨ। ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਹਵਾਈ ਅੱਡੇ ਤੋਂ ਅਕਤੂਬਰ ਮਹੀਨੇ ਦੇ ਅੰਤ ਤੱਕ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਹੋ ਜਾਣਗੀਆਂ। ਕੇਂਦਰ ਸਰਕਾਰ ਵੱਲੋਂ ਇਸ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੇ ਅਧਿਕਾਰੀਆਂ ਦੀ ਤਾਇਨਾਤੀ ਤੇ ਸਾਜ਼ੋ-ਸਾਮਾਨ ਕਾਇਮ ਕਰਨ ਨੂੰ ਪ੍ਰਵਾਨਗੀ ਦੇਣ ਤੋਂ ਬਾਅਦ ਏਅਰ ਪੋਰਟ ਅਥਾਰਟੀ ਆਫ਼ ਇੰਡੀਆ ਨੇ ਸਾਰੀਆਂ ਏਅਰ ਲਾਈਨਜ਼ ਨੂੰ ਹਵਾਈ ਅੱਡੇ 'ਤੇ ਕਸਟਮ ਕਲੀਅਰੈਂਸ ਬਾਰੇ ਸੂਚਿਤ ਕਰ ਦਿੱਤਾ ਹੈ।

'ਏਅਰ ਅਰੇਬੀਆ' ਨਾਮੀ ਏਅਰ ਲਾਈਨ ਨੇ ਚੰਡੀਗੜ੍ਹ ਤੋਂ ਸ਼ਾਰਜਾਹ ਲਈ ਉਡਾਣ ਵਾਸਤੇ ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ ਕੋਲ ਅਪਲਾਈ ਵੀ ਕਰ ਦਿੱਤਾ ਹੈ। ਚੰਡੀਗੜ੍ਹ ਤੋਂ ਦੇਸ਼ ਦੇ ਮਹੱਤਵਪੂਰਨ ਸ਼ਹਿਰਾਂ ਲੇਹ, ਜੈਪੁਰ ਤੇ ਇੰਦੌਰ ਨੂੰ ਘਰੇਲੂ ਉਡਾਣਾਂ ਅਕਤੂਬਰ ਮਹੀਨੇ ਤੋਂ ਹੀ ਸ਼ੁਰੂ ਹੋਣ ਜਾ ਰਹੀਆਂ ਹਨ। ਚੰਡੀਗੜ੍ਹ ਤੋਂ ਲੇਹ ਨੂੰ ਹਫ਼ਤੇ ਵਿਚ ਦੋ ਵਾਰੀ ਤੇ ਜੈਪੁਰ ਤੇ ਇੰਦੌਰ ਨੂੰ ਰੋਜ਼ਾਨਾ ਉਡਾਣਾਂ ਸ਼ੁਰੂ ਹੋ ਰਹੀਆਂ ਹਨ। ਇਨ੍ਹਾਂ ਤਿੰਨਾਂ ਸ਼ਹਿਰਾਂ ਨੂੰ ਜੈੱਟ ਏਅਰਵੇਜ਼ ਦੇ ਜਹਾਜ਼ ਉਡਾਰੀ ਭਰਿਆ ਕਰਨਗੇ। ਇਸ ਤੋਂ ਪਹਿਲਾਂ ਦੇਸ਼ ਦੇ ਹੋਰ ਕਈ ਸ਼ਹਿਰਾਂ ਖਾਸਕਰ ਨਵੀਂ ਦਿੱਲੀ, ਮੁੰਬਈ, ਹੈਦਰਾਬਾਦ, ਅਹਿਮਦਾਬਾਦ ਨੂੰ ਉਡਾਣਾਂ ਜਾਂਦੀਆਂ ਹਨ।

ਸੂਤਰਾਂ ਅਨੁਸਾਰ ਏਅਰ ਅਰੇਬੀਆ ਨੂੰ ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਤੋਂ ਜਲਦੀ ਹੀ ਚੰਡੀਗੜ੍ਹ ਤੋਂ ਸ਼ਾਰਜਾਹ ਅੰਤਰਰਾਸ਼ਟਰੀ ਉਡਾਣ ਭਰਨ ਦੀ ਪ੍ਰਵਾਨਗੀ ਮਿਲ ਜਾਣੀ ਹੈ ਤੇ ਇਹ ਸੰਭਵ ਹੈ ਕਿ ਇਸ ਸ਼ਹਿਰ ਤੋਂ ਪਹਿਲੀ ਅੰਤਰਰਾਸ਼ਟਰੀ ਉਡਾਣ ਯੂ.ਏ.ਈ. ਲਈ ਹੀ ਹੋਵੇ। ਚੰਡੀਗੜ੍ਹ ਤੋਂ ਸਿੰਘਾਪੁਰ, ਬੈਂਕਾਕ ਤੇ ਨੇਪਾਲ ਨੂੰ ਵੀ ਜਲਦੀ ਅਕਤੂਬਰ ਮਹੀਨੇ ਤੋਂ ਉਡਾਣਾਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਪੰਜਾਬ ਤੋਂ ਸਭ ਤੋਂ ਵੱਧ ਸੈਲਾਨੀ ਥਾਈਲੈਂਡ, ਯੂ.ਏ.ਈ. ਤੇ ਨੇਪਾਲ ਜਾਂਦੇ ਹਨ।

ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਮ 'ਤੇ ਰੱਖਿਆ ਜਾ ਰਿਹਾ ਹੈ ਪਰ ਹਰਿਆਣਾ ਨੂੰ ਇਸ ਹਵਾਈ ਅੱਡੇ ਦੇ ਨਾਲ ਮੁਹਾਲੀ ਦਾ ਨਾਮ ਜੁੜਨ 'ਤੇ ਇਤਰਾਜ਼ ਹੈ। ਸੂਤਰਾਂ ਮੁਤਾਬਕ ਹਵਾਈ ਅੱਡੇ ਦੇ ਪਿੱਛੇ ਚੰਡੀਗੜ੍ਹ ਜਾਂ ਮੁਹਾਲੀ ਸ਼ਹਿਰ ਦਾ ਨਾਮ ਜੋੜਨ ਦਾ ਮਾਮਲਾ ਕੇਂਦਰ ਸਰਕਾਰ 'ਤੇ ਛੱਡ ਦਿੱਤਾ ਗਿਆ ਹੈ।

## ਬਾਦਲ ਨੂੰ ਡੇਰਾ ਸਿਰਸਾ ਪ੍ਰਤੀ ਹੇਜ ਪੁੱਠਾ ਪਿਆ

**ਲੁਧਿਆਣਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਡੇਰਾ ਸਿਰਸਾ ਦੇ ਸ਼ਰਧਾਲੂਆਂ ਦੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਪਾਉਣ ਦੀ ਵਕਾਲਤ ਕਰਕੇ ਨਵਾਂ ਪੰਗਾ ਸਹੇੜ ਲਿਆ ਹੈ। ਸ. ਬਾਦਲ ਦੇ ਇਸ ਬਿਆਨਬਾਜ਼ੀ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਚੰਗੀ ਖਿਚਾਈ ਕੀਤੀ ਹੈ। ਸ. ਬਾਦਲ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ ਤੇ ਇਸ ਲਈ ਸ. ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ. ਬਾਦਲ ਨੇ ਬਿਆਨਾਂ ਵਿਚ ਕਿਹਾ ਹੈ ਕਿ ਡੇਰਾ ਸਿਰਸਾ ਦੇ ਜਿਨ੍ਹਾਂ ਸ਼ਰਧਾਲੂਆਂ ਦੀ ਵੋਟ ਬਣੀ ਹੋਈ ਹੈ, ਉਹ ਆਪਣੀ ਵੋਟ ਪਾ ਸਕਦੇ ਹਨ। ਸ. ਸਰਨਾ ਨੇ ਕਿਹਾ ਕਿ ਇੱਥੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਹਿਜਧਾਰੀਆਂ ਦੇ ਮੁੱਦੇ 'ਤੇ ਬਾਦਲ ਦੇ ਅੰਦਰ ਕੁਝ ਹੋਰ ਤੇ ਬਾਹਰ ਕੁਝ ਹੋਰ ਹੈ। ਸ. ਸਰਨਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜਿਹੜੀਆਂ ਤਿੰਨ ਗੱਡੀਆਂ ਸਕਿਉਰਿਟੀ ਦੀਆਂ ਮਿਲੀਆਂ ਹੋਈਆਂ ਹਨ, ਉਨ੍ਹਾਂ ਦਾ ਖਰਚਾ ਪੰਜਾਬ ਸਰਕਾਰ ਕਰਦੀ ਹੈ ਪਰ ਜਥੇਦਾਰ ਮੱਕੜ ਇਨ੍ਹਾਂ ਗੱਡੀਆਂ ਦਾ ਖਰਚਾ ਵੀ ਸ਼੍ਰੋਮਣੀ ਕਮੇਟੀ ਵਿਚੋਂ ਪੈ ਰਿਹਾ ਦੱਸ ਰਹੇ ਹਨ।

## ਪੰਜਾਬ ਵੱਲੋਂ ਸੁਪਰੀਮ ਕੋਰਟ 'ਚ ਕੇਂਦਰੀ ਜਲ ਕਮਿਸ਼ਨ ਦੀ ਰਿਪੋਰਟ ਨੂੰ ਚੁਣੌਤੀ

**ਚੰਡੀਗੜ੍ਹ:** ਪੰਜਾਬ ਨੇ ਸੁਪਰੀਮ ਕੋਰਟ ਵਿਚ ਕੇਂਦਰੀ ਜਲ ਕਮਿਸ਼ਨ ਦੇ ਇਸ ਦਾਅਵੇ 'ਤੇ ਇਤਰਾਜ਼ ਕੀਤਾ ਹੈ ਕਿ ਹਾਂਸੀ-ਬੁਟਾਣਾ ਨਹਿਰ ਨੂੰ ਮਜ਼ਬੂਤ ਬਣਾਉਣ ਨਾਲ ਹੜ੍ਹ ਨਹੀਂ ਆਵੇਗਾ ਤੇ ਹਰਿਆਣਾ ਦੀ 'ਉਕਸਾਊ ਰਾਜਨੀਤੀ' 'ਤੇ ਲਗਾਮ ਲਾਈ ਜਾਣੀ ਚਾਹੀਦੀ ਹੈ।

ਪੰਜਾਬ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ 26 ਅਗਸਤ 2011 ਨੂੰ ਕੇਂਦਰੀ ਜਲ ਕਮਿਸ਼ਨ ਦੀਆਂ ਟਿੱਪਣੀਆਂ ਬਾਰੇ ਬਿਨਾਂ ਕਿਸੇ ਦੇ ਦਸਤਖ਼ਤ ਤੋਂ ਸੰਖੇਪ ਨੋਟ ਰਾਹੀਂ ਸੁਪਰੀਮ ਕੋਰਟ ਨੂੰ ਇਤਲਾਹ ਦਿੱਤੀ ਸੀ ਜਿਸ ਵਿਚ ਇਸ ਲਈ ਅਪਣਾਈ ਗਈ ਵਿਧੀ ਤੇ ਕੱਢੇ ਗਏ ਸਿੱਟੇ ਦਾ ਕੋਈ ਖੁਲਾਸਾ ਨਹੀਂ ਕੀਤਾ। ਕੇਂਦਰ ਨੇ ਇਹ ਵੀ ਨਹੀਂ ਦੱਸਿਆ ਕਿ ਕੀ ਉਹ ਇਸ ਰਿਪੋਰਟ ਨਾਲ ਸਹਿਮਤ ਹੈ ਜਾਂ ਨਹੀਂ। ਜਸਟਿਸ ਜੇ.ਐਮ. ਪੰਚਾਲ ਤੇ ਐਚ.ਐਲ. ਗੋਖਲੇ ਦੇ ਬੈਂਚ ਸਾਹਮਣੇ ਪੰਜਾਬ ਦੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੀਵ ਧਵਨ ਨੇ ਕਿਹਾ ਕਿ ਹਰਿਆਣਾ ਵੱਲੋਂ ਆਪਹੁਦਰੇ ਢੰਗ ਨਾਲ ਨਹਿਰ ਨੂੰ ਮਜ਼ਬੂਤ ਬਣਾਉਣ ਦੀ ਕਾਰਵਾਈ ਸਹਿਯੋਗੀ ਸੰਘਵਾਦ ਦੀ ਘੋਰ ਉਲੰਘਣਾ ਹੈ। ਹਰਿਆਣਾ ਨੂੰ ਜੁਲਾਈ 2010 ਦੇ ਹੜ੍ਹਾਂ ਕਾਰਨ ਹੋਏ ਨੁਕਸਾਨੀ ਨਹਿਰ ਦੀ ਮੁਰੰਮਤ ਕਰਨ ਦੀ ਲੋੜ ਸੀ ਨਾ ਕਿ 3.5 ਕਿਲੋਮੀਟਰ ਲੰਮੀ ਟੋਅ- ਵਾਲ ਉਸਾਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਹੁਣ ਤੱਕ ਹੜ੍ਹਾਂ ਦੀ ਮਾਰ ਹਰਿਆਣਾ ਤੇ ਪੰਜਾਬ ਦੋਵਾਂ ਨੂੰ ਝੱਲਣੀ ਪੈਂਦੀ ਸੀ ਪਰ 260 ਕਰੋੜ ਰੁਪਏ ਦੀ ਲਾਗਤ ਨਾਲ ਹਰਿਆਣਾ ਵੱਲੋਂ 109 ਕਿਲੋਮੀਟਰ ਲੰਮੀ ਨਹਿਰ ਬਣਾਉਣ ਕਰਕੇ ਹੜ੍ਹ ਦੀ ਮਾਰ ਹੁਣ ਇਕੱਲੇ ਪੰਜਾਬ 'ਤੇ ਪਵੇਗੀ। ਨਹਿਰ 'ਤੇ ਹਰਿਆਣਾ ਵੱਲੋਂ ਬਣਾਈ ਕੰਧ ਦਾ ਮੰਤਵ ਪੰਜਾਬ ਦੀ ਕੀਮਤ 'ਤੇ ਆਪਣੇ ਖੇਤਰਾਂ ਨੂੰ ਬਚਾਉਣਾ ਹੈ ਤੇ ਨਹਿਰ ਦੀ 10 ਫੁੱਟ ਉੱਚੀ ਕੰਧ ਹੜ੍ਹ ਦੇ ਪਾਣੀ ਦਾ ਕੁਦਰਤੀ ਵਹਾਅ ਰੋਕ ਕੇ ਪੰਜਾਬ 'ਚ ਤਬਾਹੀ ਦਾ ਸਬੱਬ ਬਣੇਗੀ।

ਭਾਖੜਾ ਮੇਨ ਲਾਈਨ 'ਚ ਆਪਣੀ ਹਿੱਸੇ ਦੇ ਪਾਣੀ ਦੀ ਵਰਤੋਂ ਦੇ ਮਨੋਰਥ ਨਾਲ ਉਸਾਰੀ ਹਾਂਸੀ-ਬੁਟਾਣਾ ਨਹਿਰ ਹਾਲੇ ਚਾਲੂ ਨਹੀਂ ਹੋ ਸਕੀ ਕਿਉਂਕਿ ਸੁਪਰੀਮ ਕੋਰਟ ਨੇ ਪੰਜਾਬ ਦੀ ਅਪੀਲ 'ਤੇ ਹਰਿਆਣਾ ਨੂੰ ਮੇਨ-ਲਾਈਨ ਨਾਲ ਨਵਾਂ ਲਿੰਕ ਕਾਇਮ ਕਰਨ ਤੋਂ ਰੋਕ ਦਿੱਤਾ ਹੈ। ਹਰਿਆਣਾ ਦੀ ਕਾਰਵਾਈ 'ਤੇ ਰਾਜਸਥਾਨ ਨੇ ਵੀ ਇਕ ਰਿੱਟ ਪਾ ਕੇ ਇਤਰਾਜ਼ ਕੀਤਾ ਹੈ। ਪ੍ਰੋਫੈਸਰ ਡਾ. ਰਾਕੇਸ਼ ਖੋਸਾ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਪੰਜਾਬ ਨੇ ਆਖਿਆ ਕਿ ਨਹਿਰ ਦੀ ਮਜ਼ਬੂਤੀ ਕਾਰਨ ਹੜ੍ਹ ਦੀ ਹਾਲਤ ਬਦਤਰ ਹੋ ਜਾਵੇਗੀ।

# 'ਬਾਦਲ ਵੱਲੋਂ ਪੰਥਕ ਮੁੱਦਿਆਂ ਦੀ ਆਪਣੇ ਹਿੱਤਾਂ ਲਈ ਵਰਤੋਂ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਬ) ਨੇ ਹਮੇਸ਼ਾ ਹੀ ਚੋਣਾਂ ਸਮੇਂ ਪੰਥ ਦੇ ਹੱਕ ਵਿਚ ਨਾਹਰਾ ਮਾਰ ਕੇ ਪੰਜਾਬੀਆਂ ਤੇ ਸਿੱਖਾਂ ਦੀਆਂ ਵੋਟਾਂ ਲਈਆਂ ਹਨ ਪਰ ਪੰਥ ਤੇ ਸੂਬਾ ਵਾਸੀਆਂ ਨਾਲ ਕੀਤੇ ਵਾਅਦੇ ਕਦੇ ਵੀ ਪੂਰੇ ਨਹੀਂ ਕੀਤੇ। ਪੰਥ ਨੂੰ ਗੁੰਮਰਾਹ ਕਰਨ ਦਾ ਇਹ ਕਾਰੋਬਾਰ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅ) ਯੂ.ਐਸ.ਏ. ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰੇਸ਼ਮ ਸਿੰਘ ਤੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਦੱਸਿਆ ਕਿ 1997 ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿਚ ਮੁੱਖ ਮੰਤਰੀ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਵਾਲੇ ਦੋਸ਼ੀ ਪੁਲਿਸ ਅਫ਼ਸਰਾਂ ਵਿਰੁੱਧ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ਤੇ ਪੀੜਤਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ। ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਰਿਹਾਅ ਕਰਵਾ ਕੇ ਯੋਗ ਮੁਆਵਜ਼ਾ ਦੇਣ ਦੇ ਨਾਲ-ਨਾਲ ਮੁੜ-ਵਸੇਬਾ ਕਰਵਾਇਆ ਜਾਵੇਗਾ।



ਸਿੱਖਾਂ ਨੇ ਬਾਦਲ ਦੀਆਂ ਗੱਲਾਂ ਵਿਚ ਫਸ ਕੇ ਅਕਾਲੀ ਦਲ ਨੂੰ ਜਿਤਾਇਆ ਪਰ ਬਾਦਲ ਕੁਰਸੀ 'ਤੇ ਬੈਠਦਿਆਂ ਹੀ ਚੋਣਾਂ ਵਿਚ ਕੀਤੇ ਵਾਅਦੇ ਭੁੱਲ ਗਏ। ਪੁਲਿਸ ਅਫ਼ਸਰਾਂ ਨੂੰ ਸਜ਼ਾ ਦਿਵਾਉਣ ਦੀ ਗੱਲ ਤਾਂ ਦੂਰ ਰਹੀ, ਉਲਟਾ ਉਨ੍ਹਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਵਿਚ ਉਸ ਦੇ ਪਿਤਾ, ਮਾਸੜ ਤੇ ਇਕ ਹੋਰ ਨੂੰ ਘਰੋਂ ਚੁੱਕ ਕੇ ਖਪਾਉਣ ਵਾਲੇ ਉਸ ਸਮੇਂ ਦੇ ਐਸ.ਐਸ.ਪੀ. ਸੁਮੇਧ ਸੈਣੀ ਵਿਰੁੱਧ ਹਾਈ ਕੋਰਟ ਵਿਚ ਪਟੀਸ਼ਨ ਦੇ ਜਵਾਬ ਵਿਚ ਬਾਦਲ ਸਰਕਾਰ ਨੇ ਲਿਖਿਆ ਕਿ ਸੁਮੇਧ ਸੈਣੀ ਈਮਾਨਦਾਰ, ਦੇਸ਼ ਦੀ ਅਖੰਡਤਾ ਤੇ ਏਕਤਾ ਲਈ ਕੰਮ ਕਰਨ ਵਾਲਾ ਮਿਹਨਤੀ ਪੁਲਿਸ ਅਫ਼ਸਰ ਹੈ।

ਇਹ ਵੀ ਲਿਖਿਆ ਗਿਆ ਕਿ ਪਟੀਸ਼ਨਕਰਤਾ ਪ੍ਰੋ. ਭੁੱਲਰ ਅਪਰਾਧੀ ਕਿਸਮ ਦਾ ਖ਼ਤਰਨਾਕ ਅਤਿਵਾਦੀ ਹੈ। ਇਸ ਲਈ ਅਜਿਹੇ ਅਪਰਾਧੀ ਦੀ ਪਟੀਸ਼ਨ 'ਤੇ ਕਾਰਵਾਈ ਕਰਨ ਨਾਲ ਪੁਲਿਸ ਵਿਭਾਗ ਦਾ ਮਨੋਬਲ ਡਿੱਗੇਗਾ। ਇਥੋਂ ਤੱਕ ਕਿ ਪ੍ਰੋ. ਭੁੱਲਰ ਦੀ ਪੰਜਾਬ ਜੇਲ੍ਹ ਵਿਚ ਤਬਦੀਲੀ ਲਈ ਅਕਾਲੀ-ਭਾਜਪਾ ਸਰਕਾਰ ਵੱਲੋਂ ਕਿਹਾ ਗਿਆ ਕਿ ਪ੍ਰੋ. ਭੁੱਲਰ ਖ਼ਤਰਨਾਕ ਅਤਿਵਾਦੀ ਹੈ, ਉਸ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਨਾਲ ਹਾਲਾਤ ਵਿਗੜ ਸਕਦੇ ਹਨ।

ਸ. ਰੇਸ਼ਮ ਸਿੰਘ ਨੇ ਦੱਸਿਆ ਕਿ 2007 ਦੀਆਂ ਚੋਣਾਂ ਵਿਚ ਅਕਾਲੀ ਦਲ ਬਾਦਲ ਦੇ ਚੋਣ ਮੈਨੀਫੈਸਟੋ ਵਿਚ ਫਿਰ ਝੂਠੇ ਵਾਅਦੇ ਕੀਤੇ ਗਏ ਜਿਨ੍ਹਾਂ ਵਿਚ ਪੰਜਾਬ ਦੇ ਦਰਿਆਈ ਪਾਣੀ ਬਾਰੇ ਕਿਹਾ ਗਿਆ ਕਿ ਹੁਣ ਤੱਕ ਦੇ ਸਾਰੇ ਸਮਝੌਤੇ ਰੱਦ ਕਰਨ ਲਈ ਸਰਕਾਰ ਬਣਨ 'ਤੇ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿਚ ਮਤਾ ਪਾਇਆ ਜਾਵੇਗਾ ਤੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਵੀ ਮਤਾ ਪਾਸ ਕੀਤਾ ਜਾਵੇਗਾ। ਪੰਜਾਬੀਆਂ ਨੇ ਫਿਰ ਅਕਾਲੀ ਦਲ ਦੀਆਂ ਗੱਲਾਂ 'ਤੇ ਵਿਸ਼ਵਾਸ ਕਰ ਕੇ ਅਕਾਲੀ-ਭਾਜਪਾ ਸਰਕਾਰ ਬਣਾਉਣ ਵਿਚ ਸਹਿਯੋਗ ਦਿੱਤਾ ਪਰ ਹੁਣ ਸਾਢੇ ਚਾਰ ਸਾਲ ਬੀਤ ਜਾਣ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਧਾਰਾ 25 ਨੂੰ ਖ਼ਤਮ ਕਰਵਾਉਣ ਲਈ ਵੀ ਕਿਹਾ ਗਿਆ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।

ਹੁਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੇ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਅਨੰਦ ਮੈਰਿਜ ਐਕਟ ਨੂੰ ਉਛਾਲ ਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਸਮੇਂ ਪੰਜਾਬ ਵਿਚ ਅਕਾਲੀ-ਭਾਜਪਾ ਦੀ ਸਰਕਾਰ ਸੀ ਤੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਸੀ, ਉਸ ਸਮੇਂ ਅਨੰਦ ਮੈਰਿਜ ਐਕਟ ਕਿਉਂ ਨਾ ਪਾਸ ਕਰਵਾਇਆ ਗਿਆ। ਸ. ਬਾਦਲ ਨੇ ਸਿੱਖਾਂ ਦੇ ਜਜ਼ਬਾਤ ਨਾਲ ਖੇਡਦਿਆਂ 9 ਸਤੰਬਰ ਨੂੰ ਬਿਆਨ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫ਼ੀ ਲਈ ਵਿਧਾਨ ਸਭਾ ਵਿਚ ਮਤਾ ਪਾਉਣ ਲਈ ਤਿਆਰ ਹੈ।

# ਪੰਜਾਬ ਦੇ ਬਿਜਲੀ ਨਿਗਮ ਮਾਲੀ ਸੰਕਟ ਦੇ ਸ਼ਿਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਬਿਜਲੀ ਨਿਗਮਾਂ ਨੂੰ ਗੰਭੀਰ ਮਾਲੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿੱਤੀ ਅਦਾਰਿਆਂ ਵੱਲੋਂ ਕਰਜ਼ਾ ਦੇਣ ਲਈ ਦਿਲਚਸਪੀ ਨਾ ਦਿਖਾਉਣ ਕਾਰਨ ਚਲੰਤ ਮਹੀਨੇ ਦੀਆਂ ਤਨਖਾਹਾਂ ਦੇਣੀਆਂ ਵੀ ਅਸੰਭਵ ਹੋ ਸਕਦੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਨਿਗਮਾਂ ਨੂੰ ਸਤੰਬਰ ਮਹੀਨੇ ਦੌਰਾਨ ਨਿੱਤ ਦੇ ਖਰਚਿਆਂ ਤੇ ਕਰਜ਼ੇ ਦੀ ਅਦਾਇਗੀ ਲਈ 1300 ਕਰੋੜ ਰੁਪਏ ਦੀ ਜ਼ਰੂਰਤ ਸੀ ਪਰ ਨਿਗਮਾਂ ਤੋਂ ਇਸ ਪੈਸੇ ਦਾ ਬੰਦੋਬਸਤ ਨਹੀਂ ਹੋ ਰਿਹਾ।

ਵਿੱਤੀ ਸੰਕਟ ਦੇ ਚਲੱਦਿਆਂ ਨਿਗਮਾਂ ਨੇ ਕੋਇਲੇ ਦੀ ਅਦਾਇਗੀ ਰੋਕ ਦਿੱਤੀ ਹੈ ਤੇ ਜਿਨ੍ਹਾਂ ਕੰਪਨੀਆਂ ਜਾਂ ਰਾਜਾਂ ਤੋਂ ਬਿਜਲੀ ਖਰੀਦੀ ਗਈ ਹੈ, ਉਨ੍ਹਾਂ ਦਾ ਹਿਸਾਬ ਕਿਤਾਬ ਵੀ ਅਟਕ ਕੇ ਕਰਨ ਦਾ ਫੈਸਲਾ ਲਿਆ ਹੈ। ਸਰਕਾਰ ਵੱਲੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਭੰਗ ਕਰਕੇ ਨਿਗਮਾਂ ਬਣਾਉਣ ਤੋਂ ਬਾਅਦ ਹਾਲਤ ਹੋਰ ਵੀ ਵਿਗੜ ਗਏ ਹਨ। ਨਿਗਮਾਂ ਬਣਨ ਤੋਂ ਬਾਅਦ ਵਰਕਿੰਗ ਕੈਪੀਟਲ ਕਰਜ਼ਾ ਵਧ ਗਿਆ ਹੈ। ਨਿਗਮਾਂ ਦੇ ਸਿਰ ਇਸ ਸਮੇਂ ਤਕਰੀਬਨ 18 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਵਰਕਿੰਗ ਕੈਪੀਟਲ ਕਰਜ਼ੇ ਦਾ ਵਾਧਾ 11 ਹਜ਼ਾਰ ਕਰੋੜ ਤੱਕ ਪਹੁੰਚ ਗਿਆ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੀਆਂ ਨਵੀਆਂ ਹਦਾਇਤਾਂ ਕਾਰਨ ਬਿਜਲੀ ਨਿਗਮਾਂ ਦੇ ਸਾਹਮਣੇ ਵਿੱਤੀ ਸੰਕਟ ਖੜ੍ਹਾ ਹੋਇਆ ਹੈ। ਆਰ.ਬੀ.ਆਈ. ਨੇ ਬੈਂਕਾਂ ਨੂੰ ਬਿਜਲੀ ਖੇਤਰ ਵਿਚ ਵਿੱਤੀ ਮੱਦਦ ਦੇਣ ਬਾਰੇ ਸੰਕੋਚ ਤੋਂ ਕੰਮ ਲੈਣ ਲਈ ਕਿਹਾ ਹੈ। ਆਰ.ਬੀ.ਆਈ. ਵੱਲੋਂ ਇਹ ਹਦਾਇਤਾਂ ਰਾਜਸਥਾਨ ਤੇ ਤਾਮਿਲਨਾਡੂ ਦੀਆਂ ਬਿਜਲੀ ਨਿਗਮਾਂ ਦੇ ਡਿਫਾਲਟਰ ਹੋਣ ਤੋਂ ਬਾਅਦ ਦਿੱਤੀਆਂ ਗਈਆਂ ਹਨ। ਪੰਜਾਬ ਰਾਜ ਬਿਜਲੀ ਨਿਗਮ ਵੱਲੋਂ ਕਰਜ਼ਾ ਪ੍ਰਾਪਤੀ ਲਈ ਤਕਰੀਬਨ 15 ਦਿਨ ਪਹਿਲਾਂ ਟੈਂਡਰ ਕੱਢਿਆ ਗਿਆ ਸੀ। ਇਸ ਟੈਂਡਰ ਦਾ ਕਿਸੇ ਵੀ ਬੈਂਕ ਨੇ ਕੋਈ ਹੁੰਗਾਰਾ ਨਹੀਂ ਭਰਿਆ।

ਸਤੰਬਰ ਦਾ ਮਹੀਨਾ ਵੀ ਅੱਧਾ ਲੰਘ ਗਿਆ ਹੈ ਪਰ ਨਿਗਮਾਂ ਨੂੰ ਵਿੱਤੀ ਮਦਦ ਨਹੀਂ ਮਿਲ ਰਹੀ। ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਦਿੱਤੀ ਜਾਂਦੀ ਬਿਜਲੀ ਸਬਸਿਡੀ ਦਾ ਭੁਗਤਾਨ ਕਰ ਦਿੱਤਾ ਹੈ ਤੇ 500 ਕਰੋੜ ਰੁਪਏ ਦੀ ਗਰੰਟੀ ਵੀ ਦਿੱਤੀ ਹੈ ਤਾਂ ਜੋ ਵਿੱਤੀ ਸੰਕਟ 'ਚੋਂ ਬਾਹਰ ਆਇਆ ਜਾ ਸਕੇ। ਨਿਗਮਾਂ ਨੂੰ ਮਹੀਨੇ ਭਰ ਦੇ ਖਰਚਿਆਂ ਲਈ 1000 ਕਰੋੜ ਅਤੇ ਕਰਜ਼ੇ ਦੇ ਵਿਆਜ ਦੀ ਅਦਾਇਗੀ ਲਈ 300 ਕਰੋੜ ਰੁਪਏ ਵੱਖਰੇ ਚਾਹੀਦੇ ਹਨ। ਇਸ 1300 ਕਰੋੜ ਰੁਪਏ ਦਾ ਬੰਦੋਬਸਤ ਵੱਡੀ ਚੁਣੌਤੀ ਹੈ।

ਨਿਗਮ ਦੇ ਸੀਨੀਅਰ ਅਧਿਕਾਰੀ ਅਨੁਸਾਰ ਵਿੱਤੀ ਸੰਕਟ ਦੇ ਟਾਕਰੇ ਲਈ ਫਿਲਹਾਲ ਕੋਇਲੇ ਦੀ ਅਦਾਇਗੀ ਬੰਦ ਤਾਂ ਕਰ ਦਿੱਤੀ ਹੈ ਪਰ ਇਸ ਅਦਾਇਗੀ ਨੂੰ ਜ਼ਿਆਦਾ ਦੇਰ ਨਹੀਂ ਰੋਕਿਆ ਜਾ ਸਕਦਾ। ਇਸੇ ਤਰ੍ਹਾਂ ਜਿਨ੍ਹਾਂ ਕੰਪਨੀਆਂ ਜਾਂ ਰਾਜਾਂ ਤੋਂ ਬਿਜਲੀ ਦੀ ਖਰੀਦ ਕੀਤੀ ਗਈ ਹੈ, ਉਨ੍ਹਾਂ ਨੂੰ ਵੀ ਪੈਸੇ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਜੋ ਸਤੰਬਰ ਦੇ ਅੰਤ ਤੱਕ ਦੇਣੀਆਂ ਹਨ, ਦਾ ਜੁਗਾੜ ਕਰਨਾ ਮੁਸ਼ਕਲ ਹੋਇਆ ਪਿਆ ਹੈ।

ਉਧਰ ਨਿਗਮ ਦੇ ਡਾਇਰੈਕਟਰ (ਫਾਇਨਾਂਸ) ਐਸ.ਸੀ. ਅਰੋੜਾ ਦਾ ਮੰਨਣਾ ਹੈ ਕਿ ਬੈਂਕਾਂ ਵੱਲੋਂ ਵਿੱਤੀ ਮੱਦਦ ਦੇਣ ਤੋਂ ਬੇਰੁਖੀ ਵਾਲਾ ਰਵੱਈਆ ਅਪਨਾਉਣ ਕਾਰਨ ਨਿਗਮਾਂ ਲਈ ਮਾਲੀ ਸੰਕਟ ਖੜ੍ਹਾ ਹੋਇਆ ਹੈ। ਸ੍ਰੀ ਅਰੋੜਾ ਦਾ ਕਹਿਣਾ ਹੈ ਕਿ ਵਿੱਤੀ ਅਦਾਰਿਆਂ ਨਾਲ ਗੱਲਬਾਤ ਚੱਲ ਰਹੀ ਹੈ ਤੇ ਜਲਦੀ ਹੀ ਕਰਜ਼ਾ ਮਿਲਣ ਤੋਂ ਬਾਅਦ ਸੰਕਟ 'ਚੋਂ ਨਿਕਲ ਆਉਣ ਦੀ ਸੰਭਾਵਨਾ ਹੈ।


ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.


99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



ਦਲ ਖਾਲਸਾ ਅਲਾਇੰਸ

"ਸਿੱਖ ਰਹਿਤ ਮਰਿਆਦਾ ਦਰਸ਼ਨ" ਪੁਸਤਕ 'ਤੇ ਸੈਮੀਨਾਰ ਅਤੇ ਕਵੀ ਦਰਬਾਰ

24 ਸਤੰਬਰ 2011 ਦਿਨ ਸਨਿਚਰਵਾਰ (ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ), ਸਥਾਨ: ਗੁਰਦੁਆਰਾ ਐਲ ਸਬਰਾਂਟੇ

ਇਕ ਓਂਕਾਰ ਸਾਡਾ ਇਕ, ਖੰਡਾ ਸਾਡਾ ਇਕ, ਝੰਡਾ ਸਾਡਾ ਇਕ, ਫਤਿਹ ਸਾਡੀ ਇਕ, ਜੈਕਾਰਾ ਸਾਡਾ ਇਕ, ਨਾਅਰਾ ਸਾਡਾ ਇਕ। ਪੰਥ ਪ੍ਰਮਾਣਿਤ ਰਹਿਤ ਮਰਿਆਦਾ ਸਾਡੀ ਇਕ, ਗੁਰੂ ਗ੍ਰੰਥ ਸਾਡਾ ਇਕ, ਗੁਰੂ ਪੰਥ ਸਾਡਾ ਇਕ। ਫਿਰ ਅੱਜ ਸਾਡੀ ਰਹਿਤ-ਬਹਿਤ ਇਕ ਨਹੀਂ-ਅਲੱਗ ਅਲੱਗ ਕਿਉਂ?

ਪ੍ਰੋ. ਸੁਰਜੀਤ ਸਿੰਘ ਨਨੂਆ ਨੇ ਸਿੱਖ ਕੌਮ ਵਿਚ ਪ੍ਰਚਲਿਤ ਅਲੱਗ ਅਲੱਗ ਰਹਿਤ ਮਰਿਆਦਾ ਨੂੰ ਇਕ ਜਿਲਦ ਵਿਚ ਇਕਠਿਆਂ ਕਰਕੇ "ਸਿੱਖ ਰਹਿਤ ਮਰਿਆਦਾ ਦਰਸ਼ਨ" ਦੇ ਨਾਂ ਥੱਲੇ ਪੁਸਤਕ ਰੂਪ ਵਿਚ ਸਿੱਖ ਕੌਮ ਦੀ ਝੋਲੀ ਪਾਇਆ ਹੈ। ਅੱਲਗ-ਅੱਲਗ ਰਹਿਤ ਮਰਿਆਦਾ ਰਾਹੀਂ ਵੰਡੀ ਪਈ ਸਿੱਖ ਕੌਮ ਨੂੰ ਇਕ ਕੇਸਰੀ ਨਿਸ਼ਾਨ ਸਾਹਿਬ ਥੱਲੇ ਲਿਆਉਣ ਦੀ ਲੋਕ ਲਹਿਰ ਪੈਦਾ ਕਰਨ ਲਈ ਇਹ ਪੁਸਤਕ ਮੁੱਖ ਭੂਮਿਕਾ ਅਦਾ ਕਰਨ ਦੇ ਸਮਰੱਥ ਹੈ।

"ਸਿੱਖ ਰਹਿਤ ਮਰਿਆਦਾ ਦਰਸ਼ਨ" ਪੁਸਤਕ 'ਤੇ ਸੈਮੀਨਾਰ

ਸੈਮੀਨਾਰ ਦੇ ਪੰਜ ਵਿਸ਼ੇ ਹੋਣਗੇ-(1) ਪੁਸਤਕ ਵਿਚ ਕੀ ਊਣਤਾਈਆਂ ਰਹਿ ਗਈਆਂ ਹਨ (2) ਪੁਸਤਕ ਵਿਚ ਹੋਰ ਕੀ ਦਰਜ਼ ਕੀਤਾ ਜਾਵੇ (3) ਪੁਸਤਕ ਲਈ ਪ੍ਰਸ਼ੰਸਾ ਪੱਤਰ (4) ਅਲੱਗ ਅਲੱਗ ਰਹਿਤ-ਬਹਿਤ ਦੀ ਘੁੰਮਣਘੇਰੀ 'ਚੋਂ ਸਿੱਖ ਕੌਮ ਨੂੰ ਕੱਢ ਕੇ ਇਕ ਰਹਿਤ-ਬਹਿਤ ਹੇਠ ਕਿਵੇਂ ਲਿਆਂਦਾ ਜਾਵੇ (5) ਪੁਸਤਕ ਸਬੰਧੀ ਲੇਖਕ ਨੂੰ ਸਵਾਲ-ਜਵਾਬ।

ਪੰਜਾਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਾਬਕਾ ਜਨਰਲ ਸਕੱਤਰ ਅਤੇ ਗੁਰੂ ਗੋਬਿੰਦ ਸਿੰਘ ਚੇਅਰ ਮੁੰਬਈ ਦੇ ਮੌਜੂਦਾ ਮੁੱਖੀ ਡਾ. ਗੁਰਬਚਨ ਸਿੰਘ ਬਚਨ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਅਤੇ ਪ੍ਰਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚ ਰਹੇ ਹਨ। ਤਕਰੀਬਨ 30 ਤੋਂ ਵੱਧ ਪੰਥਕ ਸਿੱਖ ਬੁਧੀਜੀਵੀ ਬੁਲਾਰੇ ਪਹੁੰਚ ਰਹੇ ਹਨ।

ਸਿੱਖ ਰਹਿਤ ਮਰਿਆਦਾ 'ਤੇ ਕਵੀ ਦਰਬਾਰ

ਇਸ ਕਵੀ ਦਰਬਾਰ ਵਿਚ ਤਕਰੀਬਨ 20 ਪੰਥਕ ਕਵੀ ਆਪਣੀਆਂ ਪੰਥਕ ਰਚਨਾਵਾਂ ਰਾਹੀਂ ਸਿੱਖ ਰਹਿਤ ਮਰਿਆਦਾ 'ਤੇ ਚਾਨਣਾ ਪਾਉਣਗੇ। ਆਉ, ਪੰਥ ਦਰਦੀਉ, ਧਾਰਮਿਕ ਅਤੇ ਰਾਜਨੀਤਕ ਨੇਤਾਵਾਂ ਪਾਸੋਂ, ਸਿੱਖ ਮਸਲਿਆਂ ਦੇ ਹੱਲ ਲਈ ਬਹੁਤੀਆਂ ਉਮੀਦਾਂ ਰੱਖਣ ਦੀ ਥਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਪਾਵਨ ਤੁਕ "ਆਪਣ ਹੱਥੀ ਆਪਣਾ ਆਪੇ ਹੀ ਕਾਜ ਸੁਆਰੀਐ" ਅਨੁਸਾਰ ਇਕ ਹੰਭਲਾ ਮਾਰਦਿਆਂ ਸਿੱਖ ਪੰਥ ਵਿਚ ਏਕਤਾ ਕਰਨ ਲਈ ਇਕ ਸੱਚੀ ਸ਼ੁਰੂਆਤ ਕਰੀਏ। ਸਮੁੱਚੀ ਸਿੱਖ ਸੰਗਤ ਨੂੰ ਇਸ ਸੈਮੀਨਾਰ ਵਿਚ ਆਪਣੇ ਵਿਚਾਰ ਪੇਸ਼ ਕਰਨ ਅਤੇ ਸੁਣਨ ਹਿੱਤ ਸ਼ਾਮਲ ਹੋਣ ਲਈ ਬੇਨਤੀ ਹੈ। ਬੁਲਾਰੇ ਜਾਂ ਕਵੀ ਦੇ ਤੌਰ 'ਤੇ ਸ਼ਾਮਲ ਹੋਣ ਲਈ ਹੇਠ ਲਿਖੇ ਸਾਧਨਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪ੍ਰੋ. ਸੁਰਜੀਤ ਸਿੰਘ ਨਨੂਆ ਦਾ ਦਲ ਖਾਲਸਾ ਅਲਾਇੰਸ ਵੱਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।

ਕਵੀਆਂ ਅਤੇ ਬੁਲਾਰਿਆਂ ਵਿਚੋਂ ਫਸਟ, ਸੈਕਿੰਡ, ਥਰਡ ਦੀ ਚੋਣ ਕਰਕੇ ਉਨ੍ਹਾਂ ਦਾ ਸ਼ੀਲਡਾਂ ਨਾਲ ਸਨਮਾਨ ਕੀਤਾ ਜਾਵੇਗਾ।

ਦਲ ਖਾਲਸਾ ਅਲਾਇੰਸ ਵੱਲੋਂ ਇਹ ਸੈਮੀਨਾਰ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਸੰਸਥਾਵਾਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਾਰੇ ਪ੍ਰੋਗਰਾਮ ਨੂੰ ਗੁਰੂ ਘਰ ਦੀ ਵੈਬਸਾਈਟ www.elsobrantesikhcenter.org ਰਾਹੀਂ ਸੁਣਿਆ ਜਾ ਸਕੇਗਾ।

ਭਾਈ ਘਨਈਆ ਸੁਸਾਇਟੀ ਵੱਲੋਂ ਛੋਲੇ-ਭਠੂਰਿਆਂ ਆਦਿ ਰਾਹੀਂ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ।

ਪੰਥਕ ਏਕਤਾ ਲਈ, ਹੰਭਲਾ ਸਾਡਾ-ਸਾਥ ਤੁਹਾਡਾ।

ਗੁਰੂ ਗ੍ਰੰਥ 'ਤੇ ਪੰਥ ਦੀ ਸੇਵਾ ਵਿਚ

ਪਰਮਜੀਤ ਸਿੰਘ ਸੇਖੋਂ (ਦਾਖਾ)
ਪ੍ਰਧਾਨ, ਦਲ ਖਾਲਸਾ ਅਲਾਇੰਸ

ਗਗਨਜੀਤ ਸਿੰਘ
ਇੰਟਰਨੈਸ਼ਨਲ ਅੰਬੈਸਡਰ, ਦਲ ਖਾਲਸਾ ਅਲਾਇੰਸ

ਬਲਜੀਤ ਸਿੰਘ
ਜਨਰਲ ਸਕੱਤਰ, ਯੂ ਐਸ ਏ ਯੂਨਿਟ

Dal Khalsa Alliance:1700 Shattuck Ave, #303, Berkeley, CA 94709, USA, Ph:510-774-5909 dalkhalsa@dalkhalsaalliance.org

ਪੰਜਾਬ ਟਾਈਮਜ਼

*ਸਨਿਚਰਵਾਰ, 24 ਸਤੰਬਰ 2011*

# ਬਾਦਲ ਜਿੱਤਿਆ ਪਰ ਹਾਰਿਆ ਕੌਣ?

ਚੋਣ ਪਿੜ ਦੇ ਮਹਾਰਥੀ ਪ੍ਰਕਾਸ਼ ਸਿੰਘ ਬਾਦਲ ਦੇ ਬੋਝੇ ਵਿਚ ਇਕ ਹੋਰ ਜਿੱਤ ਪੈ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਐਤਕੀਂ ਵੀ ਮੁਕਾਬਲਾ ਇਕਪਾਸੜ ਜਿਹਾ ਹੀ ਹੋ ਨਿਬੜਿਆ। ਕਈ ਧਿਰਾਂ ਜੋੜ ਕੇ ਬਣਾਇਆ ਪੰਥਕ ਮੋਰਚਾ ਆਪਣੇ ਅੰਤਰ-ਵਿਰੋਧਾਂ ਕਰਕੇ ਮੁੱਢ ਤੋਂ ਹੀ ਡਾਵਾਂਡੋਲ ਹੋ ਗਿਆ ਸੀ, ਰਹਿੰਦੀ ਕਸਰ ਸੱਤਾਧਾਰੀ ਧਿਰ ਵੱਲੋਂ ਕੀਤੀ ਢਾਹ-ਭੰਨ੍ਹ ਨੇ ਕੱਢ ਦਿੱਤੀ। ਲੈ-ਦੇ ਕੇ ਇਨ੍ਹਾਂ ਚੋਣਾਂ ਵਿਚ ਉਹ ਪਿੜ ਨਹੀਂ ਬੱਝ ਸਕਿਆ ਜਿਸ ਦੀ ਤਵੱਕੋ ਕੀਤੀ ਜਾ ਰਹੀ ਸੀ। ਮੋਰਚੇ ਦੀਆਂ ਕੁਝ ਧਿਰਾਂ ਤਾਂ ਚੋਣਾਂ ਵਿਚ ਰੜਕੀਆਂ ਹੀ ਨਾ, ਹਾਲਾਂ ਕਿ ਦਾਅਵੇ ਬਹੁਤ ਜ਼ਿਆਦਾ ਕੀਤੇ ਜਾ ਰਹੇ ਸਨ। ਸ. ਸਿਮਰਨਜੀਤ ਸਿੰਘ ਮਾਨ ਦੋਹਾਂ ਧਿਰਾਂ ਨਾਲੋਂ ਵੱਖਰੇ ਹੋ ਕੇ ਆਪਣੇ ਬਲਬੁੱਤੇ ਮੈਦਾਨ ਵਿਚ ਸਨ, ਇਨ੍ਹਾਂ ਦੇ ਦਲ ਨੇ ਕੁਝ ਥਾਈਂ ਸੱਤਾਧਾਰੀ ਧਿਰ ਨੂੰ ਵੰਗਾਰਿਆ ਵੀ। ਇਸ ਦੇ ਕੁਝ ਉਮੀਦਵਾਰ ਬਹੁਤ ਹੀ ਘੱਟ ਵੋਟਾਂ ਦੇ ਫਰਕ ਨਾਲ ਹਾਰੇ। ਉਂਜ, ਐਤਕੀਂ ਸੱਤਾਧਾਰੀ ਧਿਰ ਨੇ ਜਿਸ ਪੱਧਰ 'ਤੇ ਖੁੱਲ੍ਹ ਖੇਡੀ, ਸ਼੍ਰੋਮਣੀ ਕਮੇਟੀ ਦੇ ਇਤਿਹਾਸ ਵਿਚ ਸ਼ਾਇਦ ਹੀ ਕਦੀ ਅਜਿਹਾ ਹੋਇਆ ਹੋਵੇ। ਸਹਿਜਧਾਰੀਆਂ ਦੇ ਮਾਮਲੇ 'ਤੇ ਬਾਦਲਕਿਆਂ ਨੇ ਕਿੰਨਾ ਰੌਲਾ ਪਾਇਆ ਪਰ ਵੋਟਾਂ ਵਾਲੇ ਦਿਨ ਕੋਈ ਗਿਣਤੀ ਹੀ ਨਾ ਰਹੀ ਕਿ ਅਜਿਹੀਆਂ ਕਿੰਨੀਆਂ ਵੋਟਾਂ ਭੁਗਤਾਈਆਂ ਗਈਆਂ ਹਨ। ਕਈ ਥਾਂਈਂ ਤਾਂ ਜਾਪਦਾ ਸੀ ਕਿ ਪਤਿਤ ਵੋਟਰ ਗਿਣਤੀ ਵਿਚ ਗੁਰਸਿੱਖ ਵੋਟਰਾਂ ਨੂੰ ਵੀ ਪਿੱਛੇ ਛੱਡ ਗਏ। ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸ੍ਰੀ ਬਾਦਲ ਤੇ ਨਾਲ ਹੀ ਦਲ ਦੇ 'ਵਾਰਿਸ' ਸੁਖਬੀਰ ਸਿੰਘ ਬਾਦਲ ਦਾ ਬਿਆਨ ਧਿਆਨ ਮੰਗਦਾ ਹੈ। ਉਨ੍ਹਾਂ ਆਖਿਆ ਕਿ ਗੈਰ-ਸਿੱਖਾਂ ਅਤੇ ਪਤਿਤਾਂ ਨੂੰ ਵੋਟਾਂ ਪਾਉਣ ਤੋਂ ਰੋਕਣਾ ਚੋਣ ਅਮਲੇ ਦਾ ਕੰਮ ਹੈ। ਸਵਾਲ ਹੈ ਕਿ ਇਹ ਵੋਟਾਂ ਬਣਾਈਆਂ ਕਿਸ ਨੇ ਹਨ? ਅਖਬਾਰਾਂ ਅਤੇ ਚੈਨਲਾਂ 'ਤੇ ਨਸ਼ਰ ਤਸਵੀਰਾਂ ਅਤੇ ਵੀਡੀਓ ਗਵਾਹ ਹਨ ਕਿ ਚੋਣਾਂ ਵਿਚ ਕਿੰਨੀ ਮਨਮਰਜ਼ੀ ਕੀਤੀ ਗਈ ਅਤੇ ਕਿੰਨੀਆਂ ਚੰਮ ਦੀਆਂ ਚਲਾਈਆਂ ਗਈਆਂ! ਇਸ ਬਾਰੇ ਚੋਣ ਕਮਿਸ਼ਨ ਬਹੁਤ ਪਛੜ ਕੇ ਬੋਲਿਆ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਵੀ ਖਾਮੋਸ਼ ਹੈ। ਜਥੇਦਾਰ ਨੇ ਤਾਂ ਉਂਜ ਪਹਿਲਾਂ ਹੀ ਬਹੁਤ ਕੁਝ ਸਪਸ਼ਟ ਕਰ ਦਿੱਤਾ ਸੀ। ਨਸ਼ਿਆਂ ਦੀ ਵਰਤੋਂ ਰੋਕਣ ਬਾਰੇ ਜਦੋਂ ਕੁਝ ਮੋਹਤਬਰ ਉਨ੍ਹਾਂ ਨੂੰ ਮਿਲੇ ਸਨ ਤਾਂ ਉਨ੍ਹਾਂ ਇਹੀ ਆਖਿਆ ਸੀ ਕਿ ਉਨ੍ਹਾਂ ਕੋਲ ਸ਼ਿਕਾਇਤ ਪੁੱਜਣ ਦੀ ਸੂਰਤ ਵਿਚ ਉਹ ਜ਼ਰੂਰ ਬਰ ਜ਼ਰੂਰ ਕਾਰਵਾਈ ਕਰਨਗੇ।

ਦਰਅਸਲ, ਮਸਲਾ ਤਾਂ ਸਾਰਾ ਸ਼ਿਕਾਇਤ ਦਾਇਰ ਕਰਨ ਦਾ ਹੀ ਹੈ। ਬਾਦਲਾਂ ਦੀ ਬੁਰਛਾਗਰਦੀ ਅਤੇ ਦਬਾਅ ਨੇ ਸਭ ਦੇ ਮੂੰਹ ਬੰਦ ਕੀਤੇ ਹੋਏ ਹਨ। ਜਿਹੜੇ ਕੁਝ ਕੁ ਜਣੇ ਬੋਲਣ ਦਾ ਹੀਆ ਕਰਦੇ ਹਨ, ਉਨ੍ਹਾਂ ਦੁਆਲੇ ਇੰਜ ਨਾਗ ਵਲ ਪਾਇਆ ਜਾਂਦਾ ਹੈ ਕਿ ਅਗਲਾ ਆਪ ਚਰਨੀਂ ਲੱਗ ਜਾਂਦਾ ਹੈ। ਇਸ ਮਾਮਲੇ ਵਿਚ ਸਭ ਤੋਂ ਸਟੀਕ ਮਿਸਾਲ ਹਰਿਆਣਾ ਦੇ ਸਿੱਖਾਂ ਦੀ ਸਾਹਮਣੇ ਆਈ ਹੈ। ਐਤਕੀਂ ਇਸ ਸੂਬੇ ਵਿਚ ਬਾਦਲਾਂ ਦਾ ਇੰਨਾ ਦਬਦਬਾ ਰਿਹਾ ਹੈ ਕਿ ਡਰੇ ਹੋਏ ਲੋਕਾਂ ਨੇ ਵੱਖਰੀ ਕਮੇਟੀ ਲਈ ਲੜ ਰਹੇ ਲੀਡਰਾਂ ਨੂੰ ਵੀ ਪਛਾੜ ਦਿੱਤਾ ਹੈ। ਵੱਖਰੀ ਕਮੇਟੀ ਦਾ ਮਾਮਲਾ ਉਭਰਨ ਦਾ ਮੁੱਖ ਕਾਰਨ ਅਸਲ ਵਿਚ ਬਾਦਲਾਂ ਦੇ ਦਾਬੇ ਨੂੰ ਤੋੜਨਾ ਹੀ ਸੀ ਪਰ ਇੰਨੀ ਲਾਮਬੰਦੀ ਤੋਂ ਬਾਅਦ ਵੀ ਹਾਲਾਤ ਫਿਰ ਸਿਫਰ 'ਤੇ ਆਣ ਟਿਕੇ ਹਨ। ਹਰਿਆਣਾ ਦਾ ਇਹ ਮਾਮਲਾ ਲੀਹ ਪਾੜੂ ਅਤੇ ਮਿਸਾਲੀ ਬਣ ਸਕਦਾ ਸੀ, ਜੇ ਕਿਤੇ ਬਾਦਲ ਦੀ ਸਿਆਸਤ ਨੂੰ ਰੋਜ਼ ਨਿੰਦਣ ਵਾਲੀਆਂ ਟਧਿਰਾਂ ਰਲ ਕੇ ਹੰਭਲਾ ਮਾਰਦੀਆਂ, ਪਰ ਇਸ ਮਾਮਲੇ ਨੂੰ ਨਿਰੋਲ ਹਰਿਆਣੇ ਦਾ ਮਾਮਲਾ ਮੰਨ ਕੇ ਸਿਰਫ ਹਰਿਆਣਾ ਦੇ ਸਿੱਖਾਂ ਅਤੇ ਲੀਡਰਾਂ ਤੱਕ ਹੀ ਮਹਿਦੂਦ ਕਰ ਦਿੱਤਾ ਗਿਆ। ਆਖਰ ਸੱਤਾਧਾਰੀ ਧਿਰ ਦੇ ਦਾਬੇ ਥੱਲੇ ਕਿੰਨੀ ਕੁ ਦੂਰ ਤੁਰਿਆ ਜਾ ਸਕਦਾ ਸੀ? ਹੁਣ ਨਤੀਜਾ ਸਭ ਦੇ ਸਾਹਮਣੇ ਹੈ।

ਸ਼੍ਰੋਮਣੀ ਕਮੇਟੀ ਦੀਆਂ ਇਨ੍ਹਾਂ ਚੋਣਾਂ ਨੇ ਸੰਗਤ ਅੱਗੇ ਸਵਾਲ-ਦਰ-ਸਵਾਲ ਰੱਖੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਕੋਈ ਜਵਾਬ ਨਹੀਂ ਆਇਆ ਹੈ। ਜਿਸ ਢੰਗ ਨਾਲ ਸੱਤਾਧਾਰੀ ਧਿਰ ਦੀ ਜਿੱਤ ਹੋਈ ਹੈ, ਉਸ ਤੋਂ ਜਾਪਦਾ ਹੈ ਕਿ ਅਜੇ ਲੰਮਾ ਸਮਾਂ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਣ ਲੱਗਾ। ਸਭ ਤੋਂ ਵੱਡਾ ਮਸਲਾ ਧਾਰਮਿਕ ਮਾਮਲਿਆਂ ਵਿਚ ਸਿਆਸਤ ਦੇ ਦਖਲ ਦਾ ਹੈ। ਸੁੱਚੀ ਸੋਚ ਮੁਤਾਬਕ ਧਰਮ ਨੇ ਸਿਆਸਤ ਦਾ ਰਾਹ-ਦਸੇਰਾ ਬਣਨਾ ਸੀ ਪਰ ਹੁਣ ਸਿਆਸਤ, ਧਰਮ ਉਤੇ ਭਾਰੂ ਹੋਈ ਪਈ ਹੈ। ਸਿਆਸਤ ਦੇ ਧਰਮ ਵਿਚ ਅੰਨ੍ਹੇ ਦਖਲ ਨੂੰ, ਧਰਮ ਦਾ ਸਿਆਸਤ ਨੂੰ ਰਾਹ-ਦਸੇਰਾ ਬਣਾਉਣ ਨਾਲ ਰਲਗੱਡ ਕਰ ਦਿੱਤਾ ਗਿਆ ਹੈ। ਇਸੇ ਕਾਰਨ ਹੁਣ ਧਾਰਮਿਕ ਸਥਾਨਾਂ ਦੇ ਪ੍ਰਬੰਧ ਵੀ ਅਸਰਅੰਦਾਜ਼ ਹੋ ਰਹੇ ਹਨ। ਸ਼੍ਰੋਮਣੀ ਕਮੇਟੀ, ਗੁਰਦੁਆਰਿਆਂ ਦੇ ਸੁਚਾਰੂ ਪ੍ਰਬੰਧਾਂ ਲਈ ਹੀ ਹੋਂਦ ਵਿਚ ਆਈ ਸੀ। ਗੁਰਦੁਆਰਿਆਂ ਦੇ ਪ੍ਰਬੰਧਾਂ ਉਤੇ ਕਾਬਜ਼ ਮਹੰਤਾਂ ਦੀਆਂ ਆਪਹੁਦਰੀਆਂ ਰੋਕਣਾ ਉਸ ਗੁਰਦੁਆਰਾ ਲਹਿਰ ਦਾ ਮੁੱਖ ਉਦੇਸ਼ ਸੀ। ਹੁਣ ਗੁਰਦੁਆਰਿਆਂ ਦੇ ਪ੍ਰਬੰਧਾਂ ਵਿਚ ਆਪਾਧਾਪੀ ਦਾ ਜੋ ਮਾਹੌਲ ਹੈ, ਉਹ ਕੁੱਲ ਮਿਲਾ ਕੇ ਮਹੰਤਾਂ ਦੇ ਵੇਲਿਆਂ ਦੀ ਹੀ ਯਾਦ ਦਿਵਾਉਂਦਾ ਹੈ। ਚਿਰਾਂ ਤੋਂ ਵਿਰੋਧੀ ਧਿਰ ਵਿਚ ਅਜਿਹਾ ਕੋਈ ਲੀਡਰ ਨਹੀਂ ਉੱਠ ਸਕਿਆ ਜੋ ਨੰਗੇ ਧੜ ਬਾਦਲਕਿਆਂ ਨੂੰ ਵੰਗਾਰ ਸਕਿਆ ਹੋਵੇ। ਕੇਂਦਰ ਵਿਚ ਬੈਠ ਕੇ ਸਰਕਾਰ ਅਤੇ ਦੇਸ਼ ਚਲਾ ਰਹੇ ਸੱਜਣਾਂ ਨੂੰ ਵੀ ਬਾਦਲਕਿਆਂ ਵਰਗੇ ਲੀਡਰ ਵੱਧ ਵਾਰਾ ਖਾਂਦੇ ਹਨ। ਇਨ੍ਹਾਂ ਵਿਚਕਾਰ ਜਿੰਨਾ ਮਰਜ਼ੀ ਤਕਰਾਰ ਦੇਖਣ ਨੂੰ ਮਿਲੇ, ਸਿਆਸਤ ਦੇ ਪਿੜ ਵਿਚ ਇਹ ਇਕ-ਦੂਜੇ ਦੇ ਹੀ ਪੂਰਕ ਹਨ। ਇਸ ਸੂਰਤ ਵਿਚ ਸਾਰੀ ਜ਼ਿੰਮੇਦਾਰੀ ਸੰਗਤ ਸਿਰ ਆ ਜਾਂਦੀ ਹੈ। ਸੰਗਤ ਲਈ ਹੁਣ ਸਿਰ ਜੋੜਨ ਦਾ ਸਮਾਂ ਹੈ ਕਿ ਸਿਆਸੀ ਸਰਗਰਮੀ ਦੀ ਥਾਂ ਧਾਰਮਿਕ ਪੱਧਰ 'ਤੇ ਕਿੰਨੀ ਕੁ ਲਾਮਬੰਦੀ ਕੀਤੀ ਜਾ ਸਕਦੀ ਹੈ ਕਿਉਂਕਿ ਚੋਣ ਪਿੜ ਦਾ ਹਸ਼ਰ ਤਾਂ ਸਭ ਦੇ ਹੀ ਸਾਹਮਣੇ ਹੈ। ਹੁਣ ਤਾਂ ਮੁੱਦਾ ਅਸਲ ਮਸਲਿਆਂ ਬਾਰੇ ਘਰ ਘਰ ਹੋਕਾ ਦੇਣ ਦਾ ਹੈ। ਇਸ ਹੋਕੇ ਲਈ ਕਿਸੇ ਸਿਆਸੀ ਧਿਰ ਦੀ ਸ਼ਰਨ ਵਿਚ ਜਾਣ ਦੀ ਥਾਂ ਹੋਰ ਕਿਹੜਾ ਰਾਹ ਲੱਭਣਾ ਚਾਹੀਦਾ ਹੈ, ਉਸ ਪਾਸੇ ਰੂਹ ਨਾਲ ਵਿਚਾਰਾਂ ਕਰਨਾ ਬਣਦਾ ਹੈ!

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਜਿੱਤ ਕਿ ਹਾਰ?*

ਲੱਗੀ ਧਰਮ ਨੂੰ ਸਿਉਂਕ ਸਿਆਸਤਾਂ ਦੀ, ਹਾਲਤ ਪੰਥ ਦੀ ਹੋਈ ਬੀਮਾਰ ਵਰਗੀ।
ਕੌਮੀ ਕਾਜ ਦੀ ਕਿਸੇ ਨੂੰ ਫਿਕਰ ਹੈ ਨੀਂ, ਆਗੂ ਕਰਨ ਕਰਤੂਤ ਗੱਦਾਰ ਵਰਗੀ।
ਕਾਲ ਪੈ ਗਿਆ ਦੀਨ ਈਮਾਨ ਵਾਲਾ, ਕੂਟਲ-ਨੀਤੀ ਐ ਅਤਿਆਚਾਰ ਵਰਗੀ।
ਸਭ ਕੁਝ ਝੂਠ ਦੀ 'ਤੱਕੜੀ' ਤੁਲਦਾ ਏ, ਸ਼ੈਅ ਲੱਭਦੀ ਨਹੀਂ ਸਚਿਆਰ ਵਰਗੀ।
ਰਾਜ-ਭਾਗ ਹਕੂਮਤਾਂ ਵਾਲਿਆਂ ਨੇ ਛੱਡੀ ਗੱਲ ਨਾ ਕੌਮੀ-ਕਿਰਦਾਰ ਵਰਗੀ।
ਧਨ, ਧੌਂਸ ਤੇ ਕਪਟ ਦੇ ਆਸਰੇ ਜੋ, ਸਮਝੋ ਜਿੱਤ ਵੀ ਉਨ੍ਹਾਂ ਦੀ ਹਾਰ ਵਰਗੀ!

# ਪਾਕਿਸਤਾਨ ਦਾ ਸੱਭਿਆਚਾਰਕ ਸੰਕਟ

***ਪਾਕਿਸਤਾਨ ਭਾਵੇਂ ਧਰਮ ਦੇ ਆਧਾਰ 'ਤੇ ਬਣਿਆ ਸੀ ਪਰ ਇਸ ਵਿਚ ਵਸਣ ਵਾਲਿਆਂ ਦਾ ਸਭਿਆਚਾਰ ਆਪਣਾ ਆਪਣਾ ਹੈ। ਸੱਭਿਆਚਾਰ ਧਰਮ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ ਪਰ ਉਹ ਅਣਚਾਹੇ ਰੂਪ ਨਾਲ ਧਰਮ ਨਾਲ ਜੁੜਿਆ ਹੋਇਆ ਨਹੀਂ ਹੁੰਦਾ। ਧਰਮ ਅਤੇ ਸਭਿਆਚਾਰ ਦੇ ਇਸ ਰਿਸ਼ਤੇ ਵਿਚੋਂ ਅਗਾਂਹ ਕਈ ਲੜੀਆਂ ਤੁਰਦੀਆਂ ਹਨ। ਸ਼ਾਇਦ ਇਸੇ ਕਰਕੇ ਹੀ ਪਾਕਿਸਤਾਨ ਦੇ ਬੁੱਧੀਜੀਵੀਆਂ ਨੂੰ ਇਕ ਸਵਾਲ ਵਾਰ-ਵਾਰ ਤੰਗ ਕਰ ਰਿਹਾ ਹੈ ਕਿ ਉਨ੍ਹਾਂ ਦਾ ਸੱਭਿਆਚਾਰਕ ਪਿਛੋਕੜ ਕੀ ਹੈ? ਮਨੁੱਖ ਜਿਸ ਧਰਤੀ 'ਤੇ ਸਦੀਆਂ ਤੋਂ ਰਹਿੰਦਾ ਆ ਰਿਹਾ ਹੋਵੇ, ਉਥੇ ਉਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਚਲੀਆਂ ਜਾਂਦੀਆਂ ਹਨ ਅਤੇ ਉਥੇ ਉਸ ਦੀਆਂ ਕੁਝ ਮਾਨਤਾਵਾਂ, ਰੀਤੀ-ਰਿਵਾਜ, ਪ੍ਰੰਪਰਾਵਾਂ, ਵਿਸ਼ਵਾਸ ਪੈਦਾ ਹੋ ਜਾਂਦੇ ਹਨ ਜੋ ਸਮੂਹਿਕ ਰੂਪ ਨਾਲ ਉਸ ਧਰਤੀ ਵਿਚ ਖਾਸ ਸੱਭਿਆਚਾਰ ਨੂੰ ਵਿਕਸਿਤ ਕਰ ਦਿੰਦੇ ਹਨ।***

■ ਡਾ. ਮਹੀਪ ਸਿੰਘ



ਸੱਭਿਆਚਾਰ ਸਿੱਧੇ ਰੂਪ ਵਿਚ ਧਰਤੀ ਨਾਲ ਜੁੜਿਆ ਹੁੰਦਾ ਹੈ ਅਤੇ ਧਰਮ ਦਾ ਸਿੱਧਾ ਸਰੋਕਾਰ ਲੋਕਾਂ ਦੀਆਂ ਪਰਾਲੌਕਿਕ ਅਤੇ ਲੌਕਿਕ ਆਸਥਾਵਾਂ ਅਤੇ ਵਿਸ਼ਵਾਸਾਂ ਨਾਲ ਹੁੰਦਾ ਹੈ। ਇਹੀ ਕਾਰਨ ਹੈ ਕਿ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਸਾਂਝਾ ਸੱਭਿਆਚਾਰ ਹੋ ਸਕਦਾ ਹੈ ਅਤੇ ਸਾਂਝਾ ਧਰਮ ਮੰਨਣ ਵਾਲਿਆਂ ਦੇ ਵੱਖ-ਵੱਖ ਸੱਭਿਆਚਾਰ ਹੋ ਸਕਦੇ ਹਨ। ਜਦੋਂ ਵੀ ਇਕ ਧਰਤੀ 'ਤੇ ਰਹਿਣ ਵਾਲੇ ਲੋਕ ਦੂਜੀ ਧਰਤੀ 'ਤੇ ਜਾ ਕੇ ਵਸਦੇ ਹਨ ਤਾਂ ਸੱਭਿਆਚਾਰਕ ਸੰਕਟ ਸ਼ੁਰੂ ਹੋ ਜਾਂਦਾ ਹੈ ਪਰ ਇਹ ਸੰਕਟ ਕੁਝ ਪੀੜ੍ਹੀਆਂ ਦੀ ਟਕਰਾਅ ਭਰੀ ਹਾਲਤ ਤੋਂ ਬਾਅਦ ਆਪਣੀ ਹੋਂਦ ਬਣਾ ਲੈਂਦਾ ਹੈ ਅਤੇ ਸਾਂਝਾ ਸੱਭਿਆਚਾਰ ਵਿਕਸਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਇਕ ਧਰਮ ਕਿਸੇ ਦੂਜੇ ਦੇਸ਼ ਵਿਚ ਜਾਂਦਾ ਹੈ ਤਾਂ ਉਹ ਆਪਣੀਆਂ ਧਾਰਮਿਕ ਮਾਨਤਾਵਾਂ ਦੇ ਨਾਲ ਹੀ ਮੁਕਾਮੀ (ਸਥਾਨਕ) ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਵੀ ਸਵੀਕਾਰ ਕਰ ਲੈਂਦਾ ਹੈ। ਬੁੱਧ ਧਰਮ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਗਿਆ ਪਰ ਕਿਤੇ ਵੀ ਉਸ ਦਾ ਉਨ੍ਹਾਂ ਦੇਸ਼ਾਂ ਦੇ ਸੱਭਿਆਚਾਰਾਂ ਨਾਲ ਕੋਈ ਟਕਰਾਅ ਨਹੀਂ ਹੋਇਆ। ਸ੍ਰੀਲੰਕਾ ਦੀ ਬਹੁਤੀ ਆਬਾਦੀ ਬੋਧੀ ਹੈ ਅਤੇ ਜਾਪਾਨ ਦੀ ਵੀ। ਧਾਰਮਿਕ ਮਾਨਤਾਵਾਂ ਦੀ ਸਮਰੂਪਤਾ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਸੱਭਿਆਚਾਰ ਆਪਣੇ-ਆਪਣੇ ਮਹੱਤਵ ਦੇ ਨਾਲ ਜਿਉਂਦੇ ਅਤੇ ਵਿਕਸਿਤ ਹੁੰਦੇ ਹਨ। ਇਸਾਈ ਧਰਮ ਦੀ ਹਾਲਤ ਵੀ ਅਜਿਹੀ ਹੀ ਹੈ। ਸੰਸਾਰ ਦੇ ਕਿੰਨੇ ਹੀ ਦੇਸ਼ਾਂ ਵਿਚ ਇਸਾਈ ਲੋਕ ਹਨ ਪਰ ਕੇਰਲ ਦੇ ਇਸਾਈਆਂ ਦੇ ਸੱਭਿਆਚਾਰ ਦਾ ਰੋਮ ਦੇ ਇਸਾਈਆਂ ਦੇ ਸੱਭਿਆਚਾਰ ਨਾਲ ਦੂਰ-ਦੂਰ ਦਾ ਵੀ ਵਾਸਤਾ ਨਹੀਂ ਹੈ।

ਇਸ ਪ੍ਰਸੰਗ ਵਿਚ ਪਾਕਿਸਤਾਨ ਦੀ ਆਪਣੀ ਸਮੱਸਿਆ ਹੈ। ਇਸ ਦੇਸ਼ ਦਾ ਨਿਰਮਾਣ ਧਾਰਮਿਕ ਵਖਰੇਵੇਂ ਕਾਰਨ ਹੋਇਆ, ਸੱਭਿਆਚਾਰਕ ਵਖਰੇਵੇਂ ਦੇ ਕਾਰਨ ਨਹੀਂ। ਪੰਜਾਬ, ਸਿੰਧ, ਸਰਹੱਦੀ ਸੂਬਾ, ਬਲੋਚਿਸਤਾਨ ਅਤੇ ਬੰਗਾਲ ਵਿਚ ਮੁਸਲਮਾਨ, ਹਿੰਦੂ, ਸਿੱਖ ਸਦੀਆਂ ਤੋਂ ਇਕੱਠੇ ਰਹਿ ਰਹੇ ਸਨ। ਉਨ੍ਹਾਂ ਵਿਚ ਧਾਰਮਿਕ ਭਿੰਨਤਾਵਾਂ ਸਨ ਪਰ ਸੱਭਿਆਚਾਰਕ ਦ੍ਰਿਸ਼ਟੀ ਨਾਲ ਬਹੁਤ ਸਾਂਝ ਸੀ। ਪੰਜਾਬ ਵਿਚ ਲੋਹੜੀ, ਵਿਸਾਖੀ, ਬਸੰਤ ਵਰਗੇ ਤਿਉਹਾਰ ਸਭ ਪੰਜਾਬੀਆਂ ਵੱਲੋਂ ਸਮਾਨ ਰੂਪ ਵਿਚ ਮਨਾਏ ਜਾਂਦੇ ਸਨ। ਅਣਗਿਣਤ ਲੋਕਾਂ ਦੀਆਂ ਪ੍ਰੰਪਰਾਵਾਂ ਇਕੋ ਜਿਹੀਆਂ ਸਨ। ਅੱਜ ਦੀ ਹਾਲਤ ਵੀ ਲਗਭਗ ਅਜਿਹੀ ਹੀ ਹੈ। ਵੰਡ ਕਾਰਨ ਪਾਕਿਸਤਾਨ ਵਿਚ ਉਨ੍ਹਾਂ ਮੁਸਲਮਾਨਾਂ ਦੀ ਵੀ ਵੱਡੀ ਸੰਖਿਆ ਉਥੇ ਪੁੱਜੀ ਜੋ ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਵਰਗੇ ਖੇਤਰਾਂ ਦੇ ਵਸਨੀਕ ਸਨ। ਇਨ੍ਹਾਂ ਦੀਆਂ ਸੱਭਿਆਚਾਰਕ ਪ੍ਰੰਪਰਾਵਾਂ ਪੰਜਾਬੀਆਂ, ਪਖਤੂਨਾਂ, ਸਿੰਧੀਆਂ ਅਤੇ ਬੰਗਾਲੀਆਂ ਤੋਂ ਬਹੁਤ ਵੱਖ ਸਨ। ਇਨ੍ਹਾਂ ਵਿਚ ਕੇਵਲ ਧਰਮ ਜਾਂ ਮਜ਼੍ਹਬ ਦੀ ਸਮਾਨਤਾ ਸੀ। ਪਾਕਿਸਤਾਨ ਦੇ ਦੋ ਹਿੱਸਿਆਂ-ਪੱਛਮੀ ਅਤੇ ਪੂਰਬੀ, ਵਿਚ ਵੀ ਕੋਈ ਸੱਭਿਆਚਾਰਕ ਸਮਰੂਪਤਾ ਨਹੀਂ ਸੀ। ਚਾਰ ਦਹਾਕੇ ਪਹਿਲਾਂ ਪੂਰਬੀ ਪਾਕਿਸਤਾਨ ਦਾ ਸਮੁੱਚੇ ਪਾਕਿਸਤਾਨ ਤੋਂ ਟੁੱਟ ਕੇ ਵੱਖ ਹੋ ਜਾਣਾ, ਇਸ ਸੱਭਿਆਚਾਰਕ ਭਿੰਨਤਾ ਦੇ ਕਾਰਨ ਹੀ ਹੋਇਆ ਸੀ।

ਅੱਜ ਦੇ ਪਾਕਿਸਤਾਨ ਦਾ 66 ਫੀਸਦੀ ਖੇਤਰ (ਪੱਛਮੀ) ਪੰਜਾਬ ਹੈ। ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਪਛਾਨਣ ਦੀ ਤੜਫ ਵੀ ਇਨ੍ਹਾਂ ਲੋਕਾਂ ਵਿਚ ਵਧੇਰੇ ਹੈ। ਇਨ੍ਹਾਂ ਵਿਚ ਵਿਚਾਰ ਦਾ ਮੁੱਦਾ ਇਹ ਹੈ ਕਿ ਇਸ ਖੇਤਰ ਵਿਚ ਇਸਲਾਮ ਨੂੰ ਆਇਆਂ ਤਾਂ ਕੁਝ ਹਜ਼ਾਰ ਸਾਲ ਹੀ ਹੋਏ ਹਨ ਪਰ ਜੋ ਖੇਤਰ ਪਾਕਿਸਤਾਨ ਵਿਚ ਹੈ, ਉਸ ਦਾ ਇਤਿਹਾਸ ਤਾਂ ਕਈ ਹਜ਼ਾਰ ਸਾਲ ਪੁਰਾਣਾ ਹੈ। ਸਿੰਧ ਘਾਟੀ ਦੀ ਸੱਭਿਅਤਾ ਅਤੇ ਹੜੱਪਾ ਅਤੇ ਮੋਹਨ ਜੋਦਾੜੋ ਵਰਗੇ ਖੰਡਰ ਪਾਕਿਸਤਾਨ ਵਿਚ ਹੀ ਹਨ। ਕੀ ਇਸ ਸੱਭਿਅਤਾ ਦੇ ਉਹ ਵਾਰਸ ਨਹੀਂ ਹਨ? ਕੀ ਇਸਲਾਮ ਗ੍ਰਹਿਣ ਕਰ ਲੈਣ ਨਾਲ ਹੀ ਉਨ੍ਹਾਂ ਦਾ ਸਬੰਧ ਉਸ ਸੱਭਿਆਚਾਰ ਅਤੇ ਸੱਭਿਅਤਾ ਨਾਲੋਂ ਟੁੱਟ ਜਾਂਦਾ ਹੈ ਜੋ ਉਨ੍ਹਾਂ ਦੇ ਇਸਲਾਮ ਗ੍ਰਹਿਣ ਕਰਨ ਤੋਂ ਪਹਿਲਾਂ ਇਥੇ ਸੀ? ਪੰਜਾਬ ਦਾ ਪ੍ਰਾਚੀਨ ਨਾਂ ਸਪਤ ਸਿੰਧੂ ਅਰਥਾਤ ਸੱਤ ਨਦੀਆਂ ਦਾ ਪ੍ਰਦੇਸ਼ ਸੀ। ਇਨ੍ਹਾਂ ਸੱਤ ਨਦੀਆਂ ਵਿਚ ਸਾਂਝੇ ਪੰਜਾਬ ਦੀਆਂ ਪੰਜ ਨਦੀਆਂ ਅਤੇ ਸਿੰਧੂ ਤੇ ਸਰਸਵਤੀ ਨਦੀਆਂ ਸਨ। ਪ੍ਰਾਚੀਨ ਆਰੀਆ ਸੱਭਿਆਚਾਰ ਦਾ ਵਿਕਾਸ ਇਸੇ ਪ੍ਰਦੇਸ਼ ਵਿਚ ਹੋਇਆ ਸੀ। ਇਸੇ ਪ੍ਰਦੇਸ਼ ਵਿਚ ਵੇਦਾਂ ਦੀ ਰਚਨਾ ਹੋਈ ਸੀ। ਅੱਜ ਵੀ ਇਸ ਪ੍ਰਦੇਸ਼ ਦੀ ਭਾਸ਼ਾ (ਪੰਜਾਬੀ) ਉੱਤੇ ਵੈਦਿਕ ਸੱਭਿਆਚਾਰ ਦੀ ਗਹਿਰੀ ਛਾਪ ਹੈ। ਸਪਤ ਸਿੰਧੂ ਦਾ 70 ਫੀਸਦੀ ਤੋਂ ਵੱਧ ਭਾਗ ਅੱਜ ਦੇ ਪਾਕਿਸਤਾਨ ਵਿਚ ਹੈ। ਰਾਵਲਪਿੰਡੀ ਦੇ ਆਸ-ਪਾਸ ਦੇ ਖੇਤਰ ਨੂੰ ਪੋਠੋਹਾਰ ਕਿਹਾ ਜਾਂਦਾ ਹੈ। ਇਥੇ ਬੋਲੀ ਜਾਣ ਵਾਲੀ ਪੰਜਾਬੀ (ਪੋਠੋਹਾਰੀ) ਦੇ ਅਣਗਿਣਤ ਸ਼ਬਦ ਸਿੱਧੇ ਵੈਦਿਕ ਸੰਸਕ੍ਰਿਤ ਨਾਲ ਜੁੜੇ ਦਿਖਾਈ ਦਿੰਦੇ ਹਨ। ਇਸਲਾਮ ਦੇ ਪ੍ਰਭਾਵ ਕਾਰਨ ਇਸ ਭਾਸ਼ਾ ਵਿਚ ਅਰਬੀ, ਫਾਰਸੀ ਦੇ ਬਹੁਤ ਸਾਰੇ ਸ਼ਬਦ ਆ ਗਏ ਪਰ ਬੋਲਚਾਲ ਦੀ ਭਾਸ਼ਾ ਵਿਚ ਉਨ੍ਹਾਂ ਸ਼ਬਦਾਂ ਦੀ ਹੀ ਬਹੁਤਾਤ ਹੈ ਜੋ ਵੈਦਿਕ, ਸੰਸਕ੍ਰਿਤ ਵਿਚੋਂ ਨਿਕਲੇ ਹਨ। ਸਿੰਧੀ ਅਤੇ ਪਸ਼ਤੋ ਵਰਗੀਆਂ ਭਾਸ਼ਾਵਾਂ ਦੀ ਹਾਲਤ ਵੀ ਅਜਿਹੀ ਹੀ ਹੈ। ਪਾਕਿਸਤਾਨ ਦੀ ਜਨਤਾ ਆਪਣੀਆਂ ਇਨ੍ਹਾਂ ਸੱਭਿਆਚਾਰਕ ਪ੍ਰੰਪਰਾਵਾਂ ਨਾਲ ਜੁੜੀ ਹੋਈ ਹੈ ਪਰ ਇਸਲਾਮਿਕ ਕੱਟੜਪੰਥੀ ਉਨ੍ਹਾਂ ਨੂੰ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਤੋਂ ਪਿੱਛੇ ਨਹੀਂ ਲਿਜਾਣਾ ਚਾਹੁੰਦੇ ਅਤੇ ਇਨ੍ਹਾਂ ਤੋਂ ਪਹਿਲਾਂ ਦੇ ਸੱਭਿਆਚਾਰਕ ਇਤਿਹਾਸ ਨੂੰ ਹਿੰਦੂ ਇਤਿਹਾਸ ਕਹਿ ਕੇ ਉਹ ਭੁਲਾ ਦੇਣਾ ਚਾਹੁੰਦੇ ਹਨ। ਇਹ ਹਾਲਤ ਪਾਕਿਸਤਾਨ ਦੇ ਇਤਿਹਾਸਕਾਰਾਂ, ਬੁੱਧੀਜੀਵੀਆਂ ਅਤੇ ਲੋਕ-ਜੀਵਨ ਦੇ ਵਿਦਵਾਨਾਂ ਦੇ ਸਨਮੁਖ ਗਹਿਰਾ ਸੰਕਟ ਖੜ੍ਹਾ ਕਰ ਦਿੰਦੀ ਹੈ। ਜਦੋਂ ਉਹ ਇਸਲਾਮ ਪੂਰਬ ਦੇ ਸੱਭਿਆਚਾਰ ਅਤੇ ਸੱਭਿਅਤਾ ਨਾਲ ਆਪਣਾ ਨਾਤਾ ਜੋੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੁਲਾਣਿਆਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਉਹ ਕੱਟੜਪੰਥੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਸੰਪੂਰਨ ਵਿਰਾਸਤ ਨੂੰ ਇਕ ਹਜ਼ਾਰ ਸਾਲਾਂ ਦੇ ਘੇਰੇ ਵਿਚ ਸੀਮਤ ਕਰ ਦੇਣਾ ਪੈਂਦਾ ਹੈ ਜਿਸ ਨੂੰ ਸਹੀ ਸੋਚ ਵਾਲਾ ਕੋਈ ਵੀ ਬੁੱਧੀਜੀਵੀ ਸਹਿਜੇ ਹੀ ਸਵੀਕਾਰ ਨਹੀਂ ਕਰ ਸਕਦਾ।

ਅੱਜ ਪਾਕਿਸਤਾਨ ਦੇ ਬੁੱਧੀਜੀਵੀਆਂ ਵਿਚ ਇਹ ਵਿਵਾਦ ਵਾਰ-ਵਾਰ ਛਿੜਦਾ ਹੈ ਕਿ ਜਿਹਲਮ ਨਦੀ ਦੇ ਕੰਢੇ 'ਤੇ ਯੂਨਾਨੀ ਹਮਲਾਵਰ ਸਿਕੰਦਰ ਨਾਲ ਲੋਹਾ ਲੈਣ ਵਾਲੇ ਰਾਜਾ ਪੋਰਸ (ਪੂਰੂ) ਨੂੰ ਆਪਣਾ ਵਡੇਰਾ ਸਵੀਕਾਰ ਕਰਨ ਜਾਂ ਨਾ? ਅੱਠਵੀਂ ਸਦੀ ਦੇ ਸ਼ੁਰੂ ਵਿਚ ਸਿੰਧ ਦੇ ਰਾਜਾ ਦਾਹਿਰ ਨੂੰ ਹਰਾ ਕੇ ਸਿੰਧ 'ਤੇ ਅਰਬਾਂ ਦਾ ਸ਼ਾਸਨ ਕਾਇਮ ਕਰਨ ਵਾਲਾ ਮੁਹੰਮਦ-ਇੱਬਨ-ਕਾਸਿਮ ਉਨ੍ਹਾਂ ਦਾ ਆਦਰਸ਼ ਹੈ ਜਾਂ ਆਪਣੇ ਰਾਜ ਦੀ ਰੱਖਿਆ ਵਿਚ ਦੁਸ਼ਮਣ ਨਾਲ ਯੁੱਧ ਕਰਦੇ ਹੋਏ ਮੌਤ ਪ੍ਰਾਪਤ ਕਰਨ ਵਾਲਾ ਰਾਜਾ ਦਾਹਿਰ ਉਨ੍ਹਾਂ ਦਾ ਨਾਇਕ ਹੈ।

ਇਸ ਦੇਸ਼ ਦੇ ਬਹੁਤ ਸਾਰੇ ਤਿਉਹਾਰਾਂ ਦਾ ਸਬੰਧ ਮੌਸਮ ਤਬਦੀਲੀ ਅਤੇ ਲੋਕ-ਜੀਵਨ ਨਾਲ ਹੈ। ਪਿਛਲੇ ਕਾਫੀ ਸਮੇਂ ਤੋਂ ਉਨ੍ਹਾਂ ਦੇ ਨਾਲ ਕੁਝ ਧਾਰਮਿਕ ਕਥਾਵਾਂ ਵੀ ਜੁੜ ਗਈਆਂ ਹਨ। ਪੰਜਾਬ ਦੀ ਲੋਹੜੀ (ਮਕਰ ਸੰਕ੍ਰਾਂਤੀ) ਦਾ ਤਿਉਹਾਰ ਸਰਦ ਰੁੱਤ ਦੇ ਖਤਮ ਹੋਣ ਦਾ ਸੂਚਕ ਹੈ। ਬਸੰਤ ਵੀ ਇਸੇ ਤਰ੍ਹਾਂ ਨਵੀਂ ਰੁੱਤ ਦੇ ਆਗਮਨ ਦਾ ਤਿਉਹਾਰ ਹੈ। ਪਾਕਿਸਤਾਨ ਦੀਆਂ ਕੱਟੜਪੰਥੀ ਤਾਕਤਾਂ ਨੇ ਵਾਰ-ਵਾਰ ਇਹ ਐਲਾਨ ਕੀਤਾ ਕਿ ਬਸੰਤ ਹਿੰਦੂ ਤਿਉਹਾਰ ਹੈ, ਇਸ ਲਈ ਨਹੀਂ ਮਨਾਉਣਾ ਚਾਹੀਦਾ ਪਰ ਉਥੋਂ ਦੇ ਲੋਕਾਂ ਨੇ ਤਰਕ ਦਿੱਤਾ ਕਿ ਇਹ ਮੌਸਮ ਦੀ ਤਬਦੀਲੀ ਦਾ ਤਿਉਹਾਰ ਹੈ, ਉਸੇ ਤਰ੍ਹਾਂ ਜਿਵੇਂ ਲੋਹੜੀ ਤੇ ਵਿਸਾਖੀ ਹਨ, ਇਸ ਲਈ ਇਸ ਨੂੰ ਗ਼ੈਰ-ਇਸਲਾਮੀ ਕਹਿਣਾ ਗ਼ਲਤ ਹੈ। ਇਹ ਧਰਤੀ ਨਾਲ ਜੁੜਿਆ ਤਿਉਹਾਰ ਹੈ। ਇਸ ਦਾ ਆਪਣਾ ਸੱਭਿਆਚਾਰਕ ਪਿਛੋਕੜ ਹੈ।

ਪਾਕਿਸਤਾਨ ਵਿਚ ਸੱਭਿਆਚਾਰਕ ਸੰਕਟ ਦੇ ਬਹੁਤਾ ਸ਼ਿਕਾਰ ਉਹ ਲੋਕ ਰਹੇ ਹਨ ਜੋ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚੋਂ ਨਿਕਲ ਕੇ ਪਾਕਿਸਤਾਨ ਵਿਚ ਗਏ ਸਨ। ਇਨ੍ਹਾਂ ਵਿਚ ਬਹੁਗਿਣਤੀ ਗੰਗਾ, ਜਮਨਾ ਸੱਭਿਆਚਾਰ ਦੇ ਲੋਕਾਂ ਦੀ ਹੈ ਅਤੇ ਇਨ੍ਹਾਂ ਦਾ ਸੱਭਿਆਚਾਰਕ ਮਨ ਇਸ ਖੇਤਰ ਦੀਆਂ ਆਪਣੀਆਂ ਪ੍ਰੰਪਰਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਉਥੇ ਜਾ ਕੇ ਆਪਣੇ-ਆਪ ਨੂੰ ਉਥੋਂ ਦੀਆਂ ਸੱਭਿਆਚਾਰਕ ਇਕਾਈਆਂ ਦੇ ਅਨੁਰੂਪ ਨਹੀਂ ਬਣਾਇਆ। ਇਸ ਲਈ ਉਥੋਂ ਦੇ ਕਿਸੇ ਵੀ ਵਰਗ ਨਾਲ ਇਨ੍ਹਾਂ ਦਾ ਸਬੰਧ ਕਾਇਮ ਨਹੀਂ ਹੋਇਆ। ਪਾਕਿਸਤਾਨੀ ਖੇਤਰਾਂ ਵਿਚੋਂ ਜੋ ਹਿੰਦੂ, ਸਿੱਖ ਇਸ ਪਾਸੇ ਆਏ ਸਨ, ਉਨ੍ਹਾਂ ਨੇ ਕੁਝ ਹੀ ਸਮੇਂ ਵਿਚ ਆਪਣੇ-ਆਪ ਨੂੰ ਮੁਕਾਮੀ ਸੱਭਿਆਚਾਰਾਂ ਦੇ ਅਨੁਰੂਪ ਢਾਲ ਲਿਆ ਅਤੇ ਉਨ੍ਹਾਂ ਵਿਚ ਰਚ-ਮਿਚ ਗਏ। ਸ਼ਾਇਦ ਇਹੀ ਕਾਰਨ ਹੈ ਕਿ ਇਨ੍ਹਾਂ ਨੂੰ ਉਸ ਸਮੇਂ 'ਸ਼ਰਨਾਰਥੀ' ਨਾਂ ਦਾ ਜੋ ਸ਼ਬਦ ਮਿਲਿਆ ਸੀ, ਉਹ ਕੁਝ ਸਾਲਾਂ ਵਿਚ ਲੋਪ ਹੋ ਗਿਆ ਪਰ ਇਧਰੋਂ ਗਏ ਮੁਸਲਮਾਨ ਉਧਰ ਅਜੇ ਵੀ ਮੁਹਾਜਰ (ਸ਼ਰਨਾਰਥੀ) ਬਣੇ ਹੋਏ ਹਨ। ਇਨ੍ਹਾਂ ਦੀ ਮੁਸ਼ਕਿਲ ਇਹ ਹੈ ਕਿ ਨਾ ਇਹ ਪੰਜਾਬੀ ਹਨ, ਨਾ ਸਿੰਧੀ ਹਨ, ਨਾ ਪਸ਼ਤੋ ਹਨ, ਨਾ ਬੰਗਾਲੀ ਹਨ ਜੋ ਉਥੋਂ ਦੀਆਂ ਸੱਭਿਆਚਾਰਕ ਇਕਾਈਆਂ ਹਨ। ਇਨ੍ਹਾਂ ਦਾ ਸੱਭਿਆਚਾਰਕ ਸੰਕਟ ਬਹੁਤ ਗਹਿਰਾ ਹੈ। ਇਨ੍ਹਾਂ ਨੂੰ ਪਾਕਿਸਤਾਨ ਨਾਲ ਸਿਰਫ ਉਨ੍ਹਾਂ ਦਾ ਮਜ਼੍ਹਬ ਜੋੜਦਾ ਹੈ, ਸੱਭਿਆਚਾਰ ਨਹੀਂ।


ਕੁਝ ਸਾਲ ਪਹਿਲਾਂ ਮੈਂ ਪਾਕਿਸਤਾਨ ਗਿਆ ਸੀ। ਉਥੇ ਇਸਲਾਮਾਬਾਦ ਵਿਚ ਇਕ ਸਰਕਾਰੀ ਅਧਿਕਾਰੀ ਨੂੰ ਮਿਲਿਆ ਸੀ। ਉਨ੍ਹਾਂ ਦੀ ਗੱਲਬਾਤ ਅਤੇ ਲਹਿਜੇ ਤੋਂ ਮੈਨੂੰ ਲੱਗਿਆ ਕਿ ਉਹ ਜਮਨਾ ਦੇ ਕਿਸੇ ਇਲਾਕੇ ਤੋਂ ਇਥੇ ਆਏ ਹਨ। ਮੈਂ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?" ਉਨ੍ਹਾਂ ਨੇ ਉੱਤਰ ਦਿੱਤਾ, "ਮੈਂ ਉਨਾਵ ਦਾ ਹਾਂ।"

ਜਦ ਮੈਂ ਉਨ੍ਹਾਂ ਦੱਸਿਆ ਕਿ ਮੇਰਾ ਜਨਮ ਵੀ ਉਨਾਵ ਜ਼ਿਲ੍ਹੇ ਵਿਚ ਹੋਇਆ ਸੀ ਅਤੇ ਸਿੱਖਿਆ ਕਾਨ੍ਹਪੁਰ ਵਿਚ, ਤਾਂ ਉਹ ਇਕਦਮ ਆਪਣੀ ਕੁਰਸੀ ਤੋਂ ਉੱਠ ਕੇ ਉਹ ਮੇਰੇ ਵੱਲ ਵਧੇ ਅਤੇ ਮੇਰੇ ਨਾਲ ਚਿੰਬੜ ਗਏ। ਉਸ ਸਮੇਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਸਨ।...ਮਜ਼੍ਹਬ ਨੂੰ ਆਧਾਰ ਬਣਾ ਕੇ ਉਹ ਪਾਕਿਸਤਾਨ ਚਲੇ ਗਏ ਸਨ। ਸੰਭਵ ਹੈ ਮਜ਼੍ਹਬੀ ਤ੍ਰਿਪਤੀ ਉਨ੍ਹਾਂ ਨੂੰ ਉਥੇ ਮਿਲੀ ਹੋਵੇ ਪਰ ਸੱਭਿਆਚਾਰਕ ਦ੍ਰਿਸ਼ਟੀ ਨਾਲ ਉਨ੍ਹਾਂ ਵਿਚ ਜੋ ਖਾਲੀਪਣ ਆ ਗਿਆ ਸੀ, ਉਹ ਲੰਬਾ ਸਮਾਂ ਬੀਤ ਜਾਣ ਦੇ ਬਾਅਦ ਵੀ ਨਹੀਂ ਭਰਿਆ। ਅਜਿਹਾ ਲਗਦਾ ਹੈ ਕਿ ਇਸ ਕਮੀ ਨੂੰ ਲੈ ਕੇ ਉਹ ਹਮੇਸ਼ਾ ਵਿਆਕੁਲ ਰਹੇ। ਮੈਂ ਜਾਣਦਾ ਹਾਂ ਕਿ ਬੰਦੇ ਦਾ ਸੱਭਿਆਚਾਰਕ ਲਗਾਓ ਉਸ ਦੇ ਧਾਰਮਿਕ ਲਗਾਓ ਤੋਂ ਕਿਤੇ ਜ਼ਿਆਦਾ ਡੂੰਘਾ ਹੁੰਦਾ ਹੈ। ਧਰਮ ਤਬਦੀਲੀ ਕਰ ਲੈਣ ਨਾਲ ਬੰਦਾ ਆਪਣੀਆਂ ਪ੍ਰੰਪਰਾਵਾਂ ਨਾਲੋਂ ਓਨਾ ਨਹੀਂ ਟੁੱਟਦਾ, ਜਿੰਨਾ ਉਹ ਆਪਣੇ ਸੱਭਿਆਚਾਰ ਤੋਂ ਦੂਰ ਹੋ ਕੇ ਟੁੱਟਣ ਦਾ ਅਹਿਸਾਸ ਕਰਦਾ ਹੈ। ਪਾਕਿਸਤਾਨ ਦੇ ਬੰਦੇ ਦੀ ਸਮੱਸਿਆ ਇਹ ਹੈ ਕਿ ਇਸਲਾਮ ਨੂੰ ਸਵੀਕਾਰ

***(ਬਾਕੀ ਸਫਾ 16 'ਤੇ)***

# ਬੁਸ਼-ਓਬਾਮਾ ਦੀ ਤਰਜ਼ ਉਤੇ ਮਨਮੋਹਨ-ਮੋਦੀ

ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873

***ਅਮਰੀਕਾ ਵੱਲੋਂ ਮੋਦੀ ਦੀ ਗੁਜਰਾਤ ਵਿਚ ਭ੍ਰਿਸ਼ਟਾਚਾਰ ਮੁਕਤ ਰਾਜ ਮੁਹੱਈਆ ਕਰਨ ਲਈ ਤਾਰੀਫ਼, ਅੰਨਾ ਹਜ਼ਾਰੇ ਵੱਲੋਂ ਮੋਦੀ ਦੀ ਸਿਫ਼ਤ, ਵਿਸ਼ਵ ਬੈਂਕ ਵੱਲੋਂ ਆਲਮੀ ਪੱਧਰ ਉੱਤੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮਾਂ ਦੀ ਵਿੱਤੀ ਇਮਦਾਦ ਅਤੇ ਭਾਜਪਾ ਦੀ ਅਕਸ ਬਦਲੀ ਦੀ ਮਸ਼ਕ ਇਕੋ ਰੁਝਾਨ ਦੀਆਂ ਕੜੀਆਂ ਜਾਪਦੀਆਂ ਹਨ। ਮੌਜੂਦਾ ਇਕ ਧਰੁਵੀ ਆਲਮ ਵਿਚ ਆਗੂਆਂ, ਸਿਆਸੀ ਪਾਰਟੀਆਂ ਅਤੇ ਕੰਪਨੀਆਂ ਦੇ ਬਦਲ ਹਨ ਪਰ ਸਿਆਸੀ ਸੋਚ ਇਕੋ ਹੈ। ਮਨੁੱਖ ਦੀ ਖਪਤਕਾਰ ਵਜੋਂ ਪਛਾਣ ਨਾਲ ਜੁੜਿਆ ਰਾਜਤੰਤਰ ਸਾਰੇ ਸਿਆਸੀ ਇਤਫ਼ਰਕਿਆਂ ਨੂੰ ਮਿਟਾਉਣ ਲਈ ਮੁਨਾਫ਼ੇ ਅਤੇ ਵਿਕਾਸ ਦਰ ਦਾ ਰੰਦਾ ਫੇਰ ਰਿਹਾ ਹੈ। ਇਸ ਨਾਲ ਬੁਸ਼-ਓਬਾਮਾ ਦੀ ਤਰਜ਼ ਉੱਤੇ ਮਨਮੋਹਨ-ਨਰਿੰਦਰ ਮੋਦੀ ਦਾ ਫ਼ਰਕ ਮਿਟ ਗਿਆ ਹੈ। ਅਕਸ ਬਦਲੀ ਦੀ ਮਸ਼ਕ ਇਸ ਮਨਸੂਈ ਫ਼ਰਕ ਨੂੰ ਧੁੰਧਲਾ ਕਰਨ ਦਾ ਤਰਦੱਦ ਨਹੀਂ ਤਾਂ ਹੋਰ ਕੀ ਹੈ?***

ਨਰਿੰਦਰ ਮੋਦੀ ਨੇ ਸਰਵਉੱਚ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਗੁਜਰਾਤੀਆਂ ਦੇ ਨਾਮ ਖੁੱਲ੍ਹਾ ਖ਼ਤ ਲਿਖਿਆ ਅਤੇ ਆਪਣੇ ਜਨਮ ਦਿਨ ਮੌਕੇ ਤਿੰਨ ਦਿਨਾਂ ਦੇ ਵਰਤ ਦਾ ਆਲੀਸ਼ਾਨ ਸਮਾਗਮ ਕੀਤਾ। ਭਾਜਪਾ ਦੇ ਕੱਦਾਵਰ ਆਗੂਆਂ ਦੇ ਨਾਲ-ਨਾਲ ਪੱਕੀਆਂ ਭਾਈਵਾਲ ਪਾਰਟੀਆਂ ਦੇ ਆਗੂ ਇਸ ਮੌਕੇ ਅਹਿਮਦਾਬਾਦ ਪਹੁੰਚੇ। ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਵਾਅਦਾ ਕਰ ਕੇ ਨਹੀਂ ਪਹੁੰਚ ਸਕੀ ਪਰ ਦੂਜੇ ਤਾਮਿਲ ਆਗੂਆਂ ਨੇ ਉਸ ਦੀ ਨੁਮਾਇੰਦਗੀ ਕੀਤੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ੂਨ ਤੋਂ ਪਕੇਰੀ ਪਰਿਵਾਰਕ ਸਾਂਝ ਦਾ ਸਬੂਤ ਦੇਣ ਪਹੁੰਚੇ। ਭਾਜਪਾ ਦੇ ਟਕਸਾਲੀ ਆਗੂ ਐਲ.ਕੇ. ਅਡਵਾਨੀ ਨੇ ਅਮਰੀਕਾ ਦੇ ਗ੍ਰਹਿ ਮੰਤਰਾਲੇ ਦੀ ਰਪਟ ਆਪਣੇ ਬਲੌਗ ਉੱਤੇ ਛਾਪ ਦਿੱਤੀ ਜਿਸ ਵਿਚ ਨਰਿੰਦਰ ਮੋਦੀ ਦੀ ਗੁਜਰਾਤ ਦੇ ਕਾਮਯਾਬ ਮੁੱਖ ਮੰਤਰੀ ਵਜੋਂ ਸਿਫ਼ਤ ਕੀਤੀ ਗਈ ਹੈ। ਇਸ ਤਰ੍ਹਾਂ ਅਮਰੀਕਾ ਅਤੇ ਅਡਵਾਨੀ ਇਕਸੁਰ ਹੋ ਕੇ ਭਾਰਤ ਦੇ ਪ੍ਰਧਾਨਮੰਤਰੀ ਵਜੋਂ ਨਰਿੰਦਰ ਮੋਦੀ ਦੀ ਦਾਅਵੇਦਾਰੀ ਪੇਸ਼ ਕਰ ਰਹੇ ਹਨ। ਨਰਿੰਦਰ ਮੋਦੀ ਦੇ ਖੁੱਲ੍ਹੇ ਖ਼ਤ ਅਤੇ ਇਸ ਸਮਾਗਮ ਦੀ ਸਿਆਸਤ ਅਦਾਲਤੀ ਫ਼ੈਸਲੇ ਦਾ ਫ਼ੌਰੀ ਜਸ਼ਨ ਹੋਣ ਦੇ ਨਾਲ-ਨਾਲ ਚਿਰਕਾਲੀ ਵਿਉਂਤਬੰਦੀ ਦੀ ਠੋਸ ਪਹਿਲਕਦਮੀ ਜਾਪਦੀ ਹੈ।

ਅਦਾਲਤੀ ਫ਼ੈਸਲੇ, ਮੋਦੀ ਦੇ ਵਰਤ, ਮੀਡੀਆ ਮਸ਼ਕ ਅਤੇ ਅਮਰੀਕੀ ਕਵਾਇਦ ਇਸ ਵੇਲੇ ਫੈਲੀ ਬੇਤਰਤੀਬੀ ਵਿਚੋਂ ਉਘੜਦੀ ਤਰਤੀਬ ਦੀ ਦੱਸ ਪਾਉਂਦੇ ਹਨ। ਗੁਜਰਾਤ ਵਿਚ ਹੋਏ ਫਿਰਕੂ ਕਤਲੇਆਮ ਬਾਬਤ ਮੁਕੱਦਮਿਆਂ ਦੀ ਕਾਰਵਾਈ ਲਗਾਤਾਰ ਚੱਲ ਰਹੀ ਹੈ। ਗਵਾਹਾਂ ਉੱਤੇ ਦਬਾਅ, ਸਬੂਤ ਮਿਟਾਉਣ ਦੀ ਸਰਕਾਰੀ ਮਸ਼ਕ ਅਤੇ ਪੁਲੀਸ ਦੀ ਤਰਫ਼ਦਾਰੀ ਦੇ ਬਾਵਜੂਦ ਰਪਟਾਂ ਦਰਜ ਕਰਵਾਉਣ ਵਿਚ ਕਾਮਯਾਬ ਹੋਏ ਪੀੜਤਾਂ ਦੀ ਇਨਸਾਫ਼ ਲਈ ਭੱਜ-ਦੌੜ 2002 ਤੋਂ ਜਾਰੀ ਹੈ। ਸ਼ੁਰੂ ਤੋਂ ਹੀ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਗੁਜਰਾਤ ਤੋਂ ਬਾਹਰ ਕਰਨ ਦੀ ਮੰਗ ਹੁੰਦੀ ਰਹੀ ਹੈ। ਕੁਝ ਮਾਮਲਿਆਂ ਵਿਚ ਅਜਿਹਾ ਹੋਇਆ ਵੀ ਹੈ। ਇਸ ਦੌਰਾਨ ਸੀ.ਬੀ.ਆਈ. ਅਤੇ ਵਿਸ਼ੇਸ਼ ਜਾਂਚ ਟੀਮ (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਦੀਆਂ ਜਾਂਚਾਂ ਕੁਝ ਸਮੇਂ ਲਈ ਸਨਸਨੀ ਪੈਦਾ ਕਰਨ ਅਤੇ ਵਕਤੀ ਆਸ ਜਗਾਉਣ ਤੋਂ ਜ਼ਿਆਦਾ ਕੁਝ ਨਹੀਂ ਕਰ ਸਕੀਆਂ। ਮੁੱਖ ਮੰਤਰੀ ਨਰਿੰਦਰ ਖ਼ਿਲਾਫ਼ ਮੌਕੇ ਸਿਰ ਕਾਰਵਾਈ ਨਾ ਕਰਨ, ਦੰਗਿਆਂ ਨੂੰ ਨਜ਼ਰਅੰਦਾਜ਼ ਕਰਨ ਅਤੇ ਦੰਗਾਬਾਜ਼ਾਂ ਦੀ ਸਰਕਾਰੀ ਸਰਪ੍ਰਸਤੀ ਕਰਨ ਦੇ ਇਲਜ਼ਾਮ ਲਗਾਤਾਰ ਲੱਗਦੇ ਰਹੇ ਹਨ। ਇਸੇ ਦੌਰਾਨ ਗੁਜਰਾਤ ਦੀ ਔਰਤ ਤੇ ਬਾਲ ਕਲਿਆਣ ਮੰਤਰੀ ਮਾਇਆਬੇਨ ਕੋਦਨਾਨੀ ਨੂੰ ਕਈ ਦਿਨ ਮਫ਼ਰੂਰ ਰਹਿਣ ਤੋਂ ਬਾਅਦ ਪੁਲੀਸ ਹਵਾਲੇ ਹੋਣ ਪਿਆ। ਜਾਂਚਾਂ ਅਤੇ ਅਦਾਲਤੀ ਫ਼ੈਸਲਿਆਂ ਰਾਹੀਂ ਚੱਲ ਰਿਹਾ ਪਸ਼ੇਮਾਨੀਆਂ ਅਤੇ ਰਾਹਤਾਂ ਦਾ ਦੌਰ ਪੀੜਤਾਂ ਲਈ ਇਨਸਾਫ਼ ਦਾ ਸਬੱਬ ਨਹੀਂ ਬਣ ਸਕਿਆ। ਇਸ ਦੌਰਾਨ ਦੋਵਾਂ ਧਿਰਾਂ ਨੂੰ 'ਸੱਚ ਦੀ ਜਿੱਤ' ਦਾ ਐਲਾਨ ਕਰਨ ਦੇ ਮੌਕੇ ਮਿਲੇ।

ਨਰਿੰਦਰ ਮੋਦੀ ਖ਼ਿਲਾਫ਼ ਲੋਕ ਸਭਾ ਦੇ ਸਾਬਕਾ ਮੈਂਬਰ ਅਹਿਸਾਨ ਜ਼ਾਫ਼ਰੀ ਦੀ ਵਿਧਵਾ ਜ਼ਕੀਆ ਜ਼ਾਫ਼ਰੀ ਨੇ ਅਦਾਲਤ ਤੱਕ ਪਹੁੰਚ ਕੀਤੀ ਸੀ। ਅਹਿਸਾਨ ਜ਼ਾਫ਼ਰੀ ਨੂੰ ਅਹਿਮਦਾਬਾਦ ਦੀ ਗੁਲਬਰਗ ਸੁਸਾਇਟੀ ਦੇ ਕਤਲੇਆਮ ਦੌਰਾਨ ਕਤਲ ਕੀਤਾ ਗਿਆ ਸੀ। ਉਨ੍ਹਾਂ ਨੇ ਮਰਨ ਤੋਂ ਪਹਿਲਾਂ ਮੁੱਖ ਮੰਤਰੀ ਨਰਿੰਦਰ ਮੋਦੀ ਤੱਕ ਟੈਲੀਫੋਨ ਰਾਹੀਂ ਪਹੁੰਚ ਕੀਤੀ ਸੀ ਪਰ ਸਰਕਾਰ ਨੇ ਮੌਕੇ ਉੱਤੇ ਕਾਰਵਾਈ ਨਹੀਂ ਕੀਤੀ। ਨਤੀਜੇ ਵਜੋਂ ਅਹਿਸਾਨ ਜ਼ਾਫ਼ਰੀ ਸਮੇਤ 37 ਜੀਆਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਜਾਇਦਾਦ ਤਬਾਹ ਕਰ ਦਿੱਤੀ ਗਈ ਸੀ। ਜ਼ਕੀਆ ਜ਼ਾਫ਼ਰੀ ਨੇ ਇਸ ਮਾਮਲੇ ਵਿਚ ਮੋਦੀ ਖ਼ਿਲਾਫ਼ ਪੁਲੀਸ ਰਪਟ ਦਰਜ ਕਰਵਾਉਣ ਲਈ ਸਰਵਉੱਚ ਅਦਾਲਤ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਦੀ ਦਲੀਲ ਸੀ ਕਿ ਅਹਿਮਦਾਬਾਦ ਦੀ ਅਦਾਲਤ ਤੋਂ ਮੋਦੀ ਦੇ ਅਸਰ-ਰਸੂਖ਼ ਤੇ ਰੁਤਬੇ ਕਾਰਨ ਨਿਰਪੱਖਤਾ ਦੀ ਆਸ ਨਹੀਂ ਕੀਤੀ ਜਾ ਸਕਦੀ। ਸਰਵਉੱਚ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਤਬਦੀਲ ਨਾ ਕਰਨ ਦਾ ਫ਼ੈਸਲਾ ਸੁਣਾਇਆ ਹੈ ਅਤੇ ਸੈਸ਼ਨ ਅਦਾਲਤ ਨੂੰ ਅਗਲੀ ਕਾਰਵਾਈ ਕਰਨ ਦੀ ਸਲਾਹ ਦਿੱਤੀ ਹੈ। ਇਸ ਫ਼ੈਸਲੇ ਨਾਲ ਬੁਨਿਆਦੀ ਮਾਮਲਾ ਜਿਉਂ ਦਾ ਤਿਉਂ ਕਾਇਮ ਹੈ। ਨਰਿੰਦਰ ਮੋਦੀ ਨੇ ਇਸ ਫ਼ੈਸਲੇ ਨੂੰ ਆਪਣੇ ਖੁੱਲ੍ਹੇ ਖ਼ਤ ਵਿਚ 'ਗੁਜਰਾਤ ਵਿਚ ਗੰਧਲਾ ਮਾਹੌਲ ਪੈਦਾ ਕਰਨ ਵਾਲੇ ਬੇਬੁਨਿਆਦ ਇਲਜ਼ਾਮਾਂ ਦਾ ਅੰਤ' ਕਰਾਰ ਦਿੱਤਾ ਹੈ। ਗੁਜਰਾਤ ਦੇ ਸਾਬਕਾ ਪੁਲੀਸ ਅਫ਼ਸਰ ਅਤੇ ਦੰਗਿਆਂ ਦੇ ਮਾਮਲੇ ਵਿਚ ਅਹਿਮ ਗਵਾਹ ਮੰਨੇ ਜਾਂਦੇ ਸੰਜੀਵ ਭੱਟ ਨੇ ਜਵਾਬੀ ਖੁੱਲ੍ਹੇ ਖ਼ਤ ਵਿਚ ਲਿਖਿਆ ਹੈ, "ਸਰਵਉੱਚ ਅਦਾਲਤ ਦੇ ਫ਼ੈਸਲੇ ਵਿਚ ਕੋਈ ਧੁੰਦਲਾ ਜਿਹਾ ਇਸ਼ਾਰਾ ਤੱਕ ਨਹੀਂ ਹੈ ਕਿ ਜ਼ਕੀਆ ਜ਼ਾਫ਼ਰੀ ਦੀ ਸ਼ਿਕਾਇਤ ਬੇਬੁਨਿਆਦ ਜਾਂ ਝੂਠੀ ਹੈ।" ਭੱਟ ਨੇ ਅਦਾਲਤ ਦੇ ਫ਼ੈਸਲੇ ਦੀ ਤਫ਼ਸੀਲ ਰਾਹੀਂ ਸਾਬਤ ਕੀਤਾ ਹੈ ਕਿ ਦਰਅਸਲ ਇਹ ਫ਼ੈਸਲਾ ਅਦਾਲਤੀ ਕਾਰਵਾਈ ਨੂੰ ਅੱਗੇ ਤੋਰਨ ਵਿਚ ਸਹਾਈ ਹੋਣ ਵਾਲਾ ਹੈ। ਬਾਅਦ ਵਿਚ ਭੱਟ ਨੇ ਟਿੱਪਣੀ ਕੀਤੀ ਹੈ, "ਛੇ ਕਰੋੜ ਗੁਜਰਾਤੀਆਂ ਵਿਚ ਸ਼ਾਮਿਲ ਹੋਣ ਦੇ ਨਾਤੇ ਮੈਨੂੰ ਇਸ ਗੱਲ ਦੀ ਤਕਲੀਫ਼ ਹੋਈ ਹੈ ਕਿ ਤੁਸੀਂ (ਨਰਿੰਦਰ ਮੋਦੀ) ਜਾਣੇ-ਅਣਜਾਣੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹੋ। ਆਪਣੇ ਨਿਸ਼ਾਨਿਆਂ ਦੀ ਪੂਰਤੀ ਲਈ ਤੁਸੀਂ ਝੂਠ ਦਾ ਆਸਰਾ ਲੈ ਕੇ ਲੋਕਾਂ ਨਾਲ ਠੱਗੀ ਮਾਰ ਰਹੇ ਹੋ। ਨਾਜ਼ੀਆਂ ਵੇਲੇ ਜਰਮਨ ਦੇ ਤਾਨਾਸ਼ਾਹ ਅਡੌਲਫ਼ ਹਿਟਲਰ ਦੇ ਸਭ ਤੋਂ ਨੇੜਲੇ ਸਾਥੀਆਂ ਵਿਚ ਗਿਣੇ ਜਾਂਦੇ ਪ੍ਰਾਪੇਗੰਡਾ ਮੰਤਰੀ ਪਾਲ ਜੌਸਫ਼ ਗੋਬਲਜ਼ ਨੂੰ ਇਸ ਕਵਾਇਦ ਦੀ ਮੁਹਾਰਤ ਸੀ। ਅਜਿਹੀ ਪ੍ਰਚਾਰ ਮੁਹਿੰਮ ਕੁਝ ਦੇਰ ਲਈ ਤਾਂ ਬਹੁਗਿਣਤੀ ਅਵਾਮ ਉੱਤੇ ਅਸਰਅੰਦਾਜ਼ ਹੋ ਸਕਦੀ ਹੈ। ਇਤਿਹਾਸ ਦੇ ਤਜਰਬੇ ਤੋਂ ਅਸੀਂ ਸਾਰੇ ਜਾਣਦੇ ਹਾਂ ਕਿ ਗੋਬਲਜ਼ੀ ਤਰਜ਼ ਦੇ ਪ੍ਰਚਾਰ ਨਾਲ ਸਦਾ ਲਈ ਸਮੁੱਚੇ ਅਵਾਮ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ।"

ਭੱਟ ਨੇ ਮੋਦੀ ਵਾਂਗ ਹੀ ਛੇ ਕਰੋੜ ਗੁਜਰਾਤੀਆਂ ਨੂੰ ਖੁੱਲ੍ਹਾ ਖ਼ਤ ਲਿਖਿਆ ਹੈ। ਉਸ ਨੇ ਲਿਖਿਆ ਹੈ, "ਮੈਂ ਤੁਹਾਡੇ ਇਸ ਅਹਿਸਾਸ ਨਾਲ ਸਹਿਮਤ ਹਾਂ ਕਿ 'ਨਫ਼ਰਤ ਨੂੰ ਨਫ਼ਰਤ ਨਾਲ ਨਹੀਂ ਹਰਿਆ ਜਾ ਸਕਦਾ'। ਇਹ ਸਾਥੋਂ ਵੱਧ ਹੋਰ ਕੋਈ ਨਹੀਂ ਜਾਣ ਸਕਦਾ ਕਿਉਂਕਿ ਤੁਸੀਂ ਦਸਾਂ ਸਾਲਾਂ ਤੋਂ ਸੂਬੇ ਦੇ ਮੁੱਖ ਮੰਤਰੀ ਹੋ ਅਤੇ ਮੈਂ 23 ਸਾਲ ਭਾਰਤੀ ਪੁਲੀਸ ਸੇਵਾ ਵਿਚ ਕੰਮ ਕੀਤਾ ਹੈ। ਮੰਦੇਭਾਗੀਂ ਮੈਂ 2002 ਦੇ ਉਨ੍ਹਾਂ ਦਿਨਾਂ ਦੌਰਾਨ ਤੁਹਾਡੇ ਨਾਲ ਸੇਵਾ ਨਿਭਾਅ ਰਿਹਾ ਸਾਂ ਜਦੋਂ ਨਫ਼ਰਤ ਦਾ ਨੰਗਾ ਨਾਚ ਗੁਜਰਾਤ ਦੇ ਵੱਖ-ਵੱਖ ਇਲਾਕਿਆਂ ਵਿਚ ਹੋਇਆ ਸੀ। ਮੈਂ ਜਾਣਦਾ ਹਾਂ ਕਿ ਉਸ ਸਮੇਂ ਦੌਰਾਨ ਸਾਡੀ ਭੂਮਿਕਾ ਦੀਆਂ ਤਫ਼ਸੀਲਾਂ ਅਤੇ ਦਲੀਲਾਂ ਪੇਸ਼ ਕਰਨ ਲਈ ਇਹ ਢੁਕਵਾਂ ਮੰਚ ਨਹੀਂ ਹੈ। ਮੈਨੂੰ ਯਕੀਨ ਹੈ ਕਿ ਸਾਨੂੰ ਦੋਵਾਂ ਨੂੰ ਢੁਕਵੀਂ ਥਾਂ ਉੱਤੇ ਉਸ ਸਮੇਂ ਬਾਬਤ ਜਾਣਕਾਰੀ ਅਤੇ ਸਮਝ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣ ਦਾ ਮੌਕਾ ਮਿਲੇਗਾ। ਉਸੇ ਥਾਂ ਉੱਤੇ ਅਸੀਂ ਗੁਜਰਾਤੀ ਸਿਆਸਤ ਵਿਚ ਗੁਝੀ ਨਫ਼ਰਤ ਦੀਆਂ ਪੇਚੀਦਗੀਆਂ ਖੋਲ੍ਹ ਸਕਾਂਗੇ।"

ਗੁਜਰਾਤੀਆਂ ਦੇ ਨਾਂ ਲਿਖੇ ਇਨ੍ਹਾਂ ਖੁੱਲ੍ਹੇ ਖ਼ਤਾਂ ਵਿਚ ਕੁਝ ਮਸਲੇ ਸਾਫ਼ ਹਨ। ਮੋਦੀ ਦਾ ਦਾਅਵਾ ਭਾਵੇਂ ਤੱਥਾਂ ਦੀ ਬੁਨਿਆਦ ਉੱਤੇ ਨਹੀਂ ਟਿਕਿਆ ਹੋਇਆ ਪਰ ਇਤਿਹਾਸ ਦਾ ਤਜਰਬਾ ਉਨ੍ਹਾਂ ਦੀ ਹਮਾਇਤ ਕਰਦਾ ਹੈ। ਉਹ ਜਾਣਦੇ ਹਨ ਕਿ ਅਜਿਹੇ ਮਾਮਲੇ ਅਦਾਲਤ ਦੇ ਤਕਨੀਕੀ ਨੁਕਤਿਆਂ ਤੱਕ ਮਹਿਦੂਦ ਰਹਿੰਦੇ ਹਨ ਅਤੇ ਅਸਰ-ਰਸੂਖ਼ ਵਾਲੇ ਸਿਆਸੀ ਬੰਦਿਆਂ ਦੀ ਵਕਤੀ ਤੌਣੀ ਦਾ ਸਬੱਬ ਤਾਂ ਬਣ ਸਕਦੇ ਹਨ ਪਰ ਘਾਤਕ ਨਹੀਂ ਹੋ ਸਕਦੇ। ਦਿੱਲੀ ਦੇ ਦੰਗਿਆਂ ਤੋਂ ਮੁੰਬਈ ਰਾਹੀਂ ਗੁਜਰਾਤ ਤੋਂ ਕੰਧਮਾਲ ਤੱਕ ਦਾ ਸਫ਼ਰ ਇਸੇ ਤਜਰਬੇ ਦੀਆਂ ਠੋਸ ਮਿਸਾਲਾਂ ਨਾਲ ਭਰਿਆ ਪਿਆ ਹੈ। ਇਸ ਵੇਲੇ ਦਿੱਲੀ ਦੰਗਿਆਂ ਦੇ ਅਹਿਮ ਮੁਲਜ਼ਮਾਂ ਦੇ ਮੁੰਡੇ ਕੇਂਦਰੀ ਮੰਤਰੀ ਹੋਣ ਤੱਕ ਦਾ ਸੁੱਖ ਮਾਣ ਰਹੇ ਹਨ।


ਇਸ ਵੇਲੇ ਮੋਦੀ ਭਾਵੇਂ ਗੁਜਰਾਤ ਦੇ ਮੁੱਖ ਮੰਤਰੀ ਹਨ ਪਰ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨ ਦੀਆਂ ਸੰਭਾਵਨਾਵਾਂ ਹਨ। ਇਸ ਤੱਥ ਨੂੰ ਜਾਂਚ ਏਜੰਸੀਆਂ, ਨਿਆਂਪਾਲਿਕਾ ਅਤੇ ਕਾਰਜਪਾਲਿਕਾ ਨਜ਼ਰਅੰਦਾਜ਼ ਨਹੀਂ ਕਰਦੇ। ਮੋਦੀ ਨੂੰ ਯਕੀਨ ਹੈ ਕਿ ਕੁਝ ਤਕਨੀਕੀ ਨੁਕਤੇ ਉਨ੍ਹਾਂ ਲਈ ਵਕਤੀ ਪਸ਼ੇਮਾਨੀ ਦਾ ਸਬੱਬ ਤਾਂ ਬਣ ਸਕਦੇ ਹਨ ਪਰ ਕਿਸੇ ਘਾਤਕ ਨੁਕਸਾਨ ਦਾ ਕਾਰਨ ਨਹੀਂ ਬਣ ਸਕਦੇ। ਪੂਰੀ ਦੁਨੀਆਂ ਉੱਤੇ ਵਿਕਾਸ ਦਰ ਅਤੇ ਨਿਵੇਸ਼ ਦੇ ਵਾਧੇ ਨੂੰ ਚੰਗੇ ਰਾਜ ਪ੍ਰਬੰਧ ਦੇ ਗੁਣਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਮਰੀਕਾ ਦੀ ਅਗਵਾਈ ਵਿਚ ਅਵਾਮ ਨੂੰ ਖ਼ਪਤਕਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਇਨਸਾਫ਼, ਸਮਾਜਿਕ ਬਰਾਬਰੀ ਅਤੇ ਸਰਕਾਰੀ ਤਸ਼ੱਦਦ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਇਸੇ ਲਈ ਮੋਦੀ ਨੂੰ ਨਸਲਕੁਸ਼ੀ ਵਿਚ ਸ਼ਰੀਕ ਹੋਣ ਦੇ ਇਲਜ਼ਾਮਾਂ ਤਹਿਤ ਵੀਜ਼ਾ ਦੇਣ ਤੋਂ ਇਨਕਾਰ ਕਰ ਦੇਣ ਦਾ ਦਾਅਵਾ ਕਰਨ ਵਾਲੇ ਅਮਰੀਕੀ ਅਦਾਰੇ ਉਨ੍ਹਾਂ ਦਾ ਗੁਣਗਾਣ ਕਰ ਰਹੇ ਹਨ। ਜਦੋਂ ਮਿਤਸੂਵਿਸ਼ੀ ਅਤੇ ਜਨਰਲ ਮੋਟਰਜ਼ ਵਰਗੀਆਂ ਅਮਰੀਕੀ ਕੰਪਨੀਆਂ ਨੂੰ ਗੁਜਰਾਤ ਵਿਚ ਸਾਜ਼ਗਾਰ ਮਾਹੌਲ ਮੁਹੱਈਆ ਕੀਤਾ ਗਿਆ ਹੈ ਤਾਂ ਸ਼ੁਕਰਗੁਜ਼ਾਰ ਹੋਣਾ ਅਮਰੀਕਾ ਦਾ ਫ਼ਰਜ਼ ਬਣਦਾ ਹੈ। ਜੇ ਇਨ੍ਹਾਂ ਕੰਪਨੀਆਂ ਦੇ ਹਿੱਤਾਂ ਦੀ ਰਾਖੀ ਲਈ 'ਜਮਹੂਰੀਅਤ ਦੀ ਬਹਾਲੀ' ਅਤੇ 'ਅਤਿਵਾਦ ਖ਼ਿਲਾਫ਼ ਜੰਗ' ਦੇ ਨਾਂ ਉੱਤੇ ਹਮਲੇ ਕੀਤੇ ਜਾ ਸਕਦੇ ਹਨ ਤਾਂ ਘੱਟਗਿਣਤੀਆਂ ਦੇ ਕਤਲੇਆਮ ਨੂੰ ਨਜ਼ਰਅੰਦਾਜ਼ ਕਰਨਾ ਤਾਂ ਵੱਡੀ ਗੱਲ ਨਹੀਂ ਹੈ। ਮੋਦੀ ਨੇ ਕਾਰਪੋਰੇਟ ਜਗਤ ਲਈ ਰਿਆਇਤਾਂ ਅਤੇ ਛੋਟਾਂ ਦੇ ਖੁੱਲ੍ਹੇ ਗੱਫ਼ੇ ਵੰਡੇ ਹਨ। ਇਸੇ ਲਈ ਅਨਿਲ ਅੰਬਾਨੀ ਅਤੇ ਸੁਨੀਲ ਮਿੱਤਲ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਨ ਦੀ ਦਾਅਵੇਦਾਰੀ ਪੇਸ਼ ਕਰਦੇ ਹਨ। ਮੋਦੀ ਦੀ ਦਾਅਵੇਦਾਰੀ ਮਜ਼ਬੂਤ ਕਰਨ ਲਈ ਭਾਜਪਾ ਦੇ ਕੌਮੀ ਆਗੂ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਤਾਮਿਲਨਾਡੂ ਦੀ ਮੁੱਖ ਮੰਤਰੀ ਦੇ ਨੁਮਾਇੰਦੇ ਅਹਿਮਦਾਬਾਦ ਦੇ ਆਲੀਸ਼ਾਨ ਵਰਤ ਦੀ ਸ਼ੋਭਾ ਵਧਾਉਣ ਪਹੁੰਚਦੇ ਹਨ। ਅਮਰੀਕਾ ਉਨ੍ਹਾਂ ਦੀ ਭ੍ਰਿਸ਼ਟਾਚਾਰ ਮੁਕਤ ਰਾਜ ਮੁਹੱਈਆ ਕਰਨ ਅਤੇ ਕਾਰਪੋਰੇਟ ਲਈ ਸਾਜ਼ਗਾਰ ਬਣਾਉਣ ਲਈ ਸਿਫ਼ਤ ਕਰ ਰਿਹਾ ਹੈ। ਇਸ ਤਰ੍ਹਾਂ ਉਹ ਮੌਜੂਦਾ ਪ੍ਰਧਾਨਮੰਤਰੀ ਮਨਮੋਹਨ ਸਿੰਘ ਦਾ ਵਿਰੋਧੀ ਹੋਣ ਦੇ ਨਾਲ-ਨਾਲ ਮੁੱਦਈ ਹੋ ਨਿਬੜਦਾ ਹੈ।

ਇਸ ਨੁਕਤੇ ਨੂੰ ਬਾਰੀਕੀ ਨਾਲ ਸਮਝਣ ਲਈ ਅਮਰੀਕਾ ਵਿਚ ਗਿਆਰਾਂ ਸਤੰਬਰ 2001 ਦੇ ਅਤਿਵਾਦੀ ਹਮਲੇ ਦੀ ਦਸਵੀਂ ਵਰ੍ਹੇਗੰਢ ਦੇ ਸਮਾਗਮ ਮੌਕੇ ਅਖ਼ਬਾਰਾਂ ਵਿਚ ਬੁਸ਼ ਅਤੇ ਓਬਾਮਾ ਦੀਆਂ ਘਰਵਾਲੀਆਂ ਸਮੇਤ ਛਪੀ ਤਸਵੀਰ ਮਦਦਗ਼ਾਰ ਹੋ ਸਕਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਵਜੋਂ ਬਰਾਕ ਓਬਾਮਾ ਨੂੰ ਸਿਆਹਫਾਮ ਮੁਸਲਮਾਨ ਅਤੇ ਬੁਸ਼ ਦੇ ਵਿਰੋਧੀ ਵਜੋਂ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਦੇ ਰਾਜ ਦੌਰਾਨ ਅਮਰੀਕੀ ਵਿਦੇਸ਼ ਨੀਤੀ ਨੇ ਬੁਸ਼ ਦੇ ਦੌਰ ਤੋਂ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੈ। ਅਮਰੀਕਾ ਵਿਚ ਨਸਲਵਾਦ ਮਜ਼ਬੂਤ ਹੋਇਆ ਹੈ। ਅਮਰੀਕਾ ਵਿਚ ਸਿਆਹਫਾਮ, ਹਿਸਪੈਕਿਨ, ਮੁਸਲਮਾਨ ਅਤੇ ਪਰਵਾਸੀ ਤਬਕੇ ਸ਼ੱਕ ਦੇ ਸੁੰਗੜਦੇ ਘੇਰੇ ਵਿਚ ਆਏ ਹੋਏ ਹਨ। ਇਨ੍ਹਾਂ ਹਾਲਾਤ ਵਿਚ ਓਬਾਮਾ ਨੂੰ ਬੁਸ਼ ਦੇ ਵਿਰੋਧੀ ਵਜੋਂ ਨਹੀਂ ਸਗੋਂ ਡੈਮੋਕਰੇਟ ਹੁੰਦੇ ਹੋਏ ਵੀ ਰਿਪਬਲਿਕਨ ਪਾਰਟੀ ਦੀ ਲਗਾਤਾਰਤਾ ਵਿਚ ਵੇਖਿਆ ਜਾ ਸਕਦਾ ਹੈ। ਇਸੇ ਵਿਚਾਰ ਦੀ ਨੁਮਾਇੰਦਗੀ ਗਿਆਰਾਂ ਸਤੰਬਰ ਵਾਲੀ ਤਸਵੀਰ ਵਿਚੋਂ ਹੁੰਦੀ ਹੈ ਜੋ ਅਮਰੀਕੀ ਵਿਦੇਸ਼ ਤੇ ਘਰੇਲੂ ਨੀਤੀਆਂ ਦੀ ਲਗਾਤਾਰਤਾ ਦਰਸਾਉਣ ਲਈ ਢੁਕਵੇਂ ਸਮੇਂ ਤੇ ਸਥਾਨ ਦੀ ਚੋਣ ਕਰਦੀ ਹੈ। ਇਸੇ ਆਲਮੀ ਰੁਝਾਨ ਦੀ ਭਾਰਤੀ ਤੰਦ ਅਹਿਮਦਾਬਾਦ ਦੇ ਆਲੀਸ਼ਾਨ ਵਰਤ ਸਮਾਗਮ ਨਾਲ ਜੁੜੀ ਹੋਈ ਹੈ। ਭਾਜਪਾ ਦੀ ਅਕਸ ਬਦਲਣ ਦੀ ਮਸ਼ਕ ਬੁਨਿਆਦਪ੍ਰਸਤੀ ਨੂੰ ਗੌਣ ਮੁੱਦਾ ਬਣਾ ਕੇ ਵਿਕਾਸ ਨੂੰ ਤਰਜੀਹ ਦਿੰਦੀ ਜਾਪਦੀ ਹੈ। ਭਾਜਪਾ ਹੁਣ ਕੇਂਦਰ ਵਿਚ ਸਰਕਾਰ ਬਣਾਉਣ ਦੀ ਲਾਲਸਾ ਮਨਮੋਹਨ ਸਿੰਘ ਦੇ ਵਿਰੋਧ ਦੀ ਥਾਂ ਉਨ੍ਹਾਂ ਦੀ ਲਗਾਤਾਰਤਾ ਵਿਚੋਂ ਪੂਰੀ ਕਰਨਾ ਲੋਚਦੀ ਹੈ। ਇਸ ਮੌਕੇ ਸੱਤਾ ਸੁੱਖ ਦੇ ਇਕ ਨੁਕਾਤੀ ਟੀਚੇ ਤਹਿਤ 'ਖ਼ੂਨ ਨਾਲੋਂ ਪਕੇਰੀ ਪਰਿਵਾਰਕ ਸਾਂਝ' ਦਾ ਮੇਲ ਖੇਤਰੀ ਖ਼ੁਦਮੁਖ਼ਤਿਆਰੀ ਦੇ ਮੁੱਦੇ ਨੂੰ ਠੰਢੇ ਬਸਤੇ ਵਿਚ ਪਾ ਕੇ ਜੁੜਿਆ ਹੈ।

ਆਲਮੀ ਸਿਆਸਤ ਵਿਚ ਦਰੁਸਤ ਬਿਆਨਬਾਜ਼ੀ ਰਾਹੀਂ ਨਰਮਦਲੀ ਸੋਚ ਅਤੇ ਖੁੱਲ੍ਹਦਿਲੀ ਸਿਆਸੀ ਦਿੱਖ ਪੇਸ਼ ਕਰਨ ਦੀ ਲੋਕ ਸੰਪਰਕ ਮੁਹਿੰਮ ਭਾਰੂ ਹੈ। ਆਸਟਰੇਲੀਆਈ, ਉੱਤਰੀ ਅਮਰੀਕਾ ਅਤੇ ਯੂਰਪ ਦੀਆਂ ਸਰਕਾਰਾਂ ਲਗਾਤਾਰ ਸਭਿਆਚਾਰਕ ਵੰਨ-ਸਵੰਨਤਾ ਦਾ ਗੱਲ ਕਰਦੀਆਂ ਹਨ ਪਰ ਮੂੰਹਜ਼ੋਰ ਹੋ ਰਹੇ ਨਸਲੀ ਰੁਝਾਨ ਨੂੰ ਨਜ਼ਰਅੰਦਾਜ਼ ਕਰਦੀਆਂ ਹਨ। ਇਸ ਰੁਝਾਨ ਦੀ ਕੜੀ ਵਜੋਂ ਨਰਿੰਦਰ ਮੋਦੀ ਦੀ ਲੋਕ ਸੰਪਰਕ ਮੁਹਿੰਮ ਆਲੀਸ਼ਾਨ ਵਰਤ ਸਮਾਗਮ ਵਿਚ ਸਲੀਬਾਂ, ਕਲੰਦਰੀ ਟੋਪੀਆਂ ਅਤੇ ਬੁਰਕਿਆਂ ਦੀ ਨੁਮਾਇਸ਼ ਕਰਦੀ ਹੈ। ਲੋਕ ਸੰਪਰਕ ਮਹਿਕਮਾ ਘੱਟਗਿਣਤੀ ਦੇ ਨੁਮਾਇੰਦਿਆਂ ਦੀ ਇਨ੍ਹਾਂ ਨਿਸ਼ਾਨੀਆਂ ਸਮੇਤ ਨੁਮਾਇਸ਼ ਯਕੀਨੀ ਬਣਾਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਤਕਰੀਰ ਵੇਲੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲੱਗਦੇ ਹਨ। ਮੁਸਲਮਾਨਾਂ ਦੀ ਹਾਜ਼ਰੀ ਦਰਜ ਕਰਨ ਲਈ ਅੱਲਾ-ਹੂ-ਅਕਬਰ ਦੇ ਆਵਾਜ਼ੇ ਗੂੰਜਦੇ ਹਨ। ਇਸੇ ਦੌਰਾਨ ਦੰਗਿਆਂ ਦੇ ਅਤੁੱਲ ਵੈਦਿਆ ਅਤੇ ਜੈਦੀਪ ਪਟੇਲ ਵਰਗੇ ਮੁਲਜ਼ਮ ਸਮਾਗਮ ਵਿਚ ਹਾਜ਼ਰੀ ਭਰਦੇ ਹਨ। ਸੰਜੀਵ ਭੱਟ ਖ਼ਿਲਾਫ਼ ਸੂਬਾ ਸਰਕਾਰ ਵੱਲੋਂ ਦੋਸ਼ ਪੱਤਰ ਜਾਰੀ ਕੀਤਾ ਜਾਂਦਾ ਹੈ। ਸਮਾਗਮ ਦੇ ਬਾਹਰ ਰੋਹ ਪ੍ਰਗਟ ਕੀਤੇ ਜਾਣ ਦੀ ਸੰਭਾਵਨਾ ਖ਼ਤਮ ਕਰਨ ਲਈ ਦੰਗਾ ਪੀੜਤਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਉਰਦੂ ਅਖ਼ਬਾਰਾਂ ਵਿਚ ਸਰਕਾਰੀ ਇਸ਼ਤਿਹਾਰ ਮੋਦੀ ਦੇ ਵਰਤ ਨੂੰ ਰੋਜ਼ੇ ਕਰਾਰ ਦਿੰਦੇ ਹਨ। ਸ਼੍ਰੋਮਣੀ ਕਮੇਟੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਹੂੰਝਾ ਫੇਰ ਜਿੱਤ ਹਾਸਲ ਕਰਨ ਵਾਲੇ ਅਤੇ ਰਾਜੀਵ ਗਾਂਧੀ ਦੇ ਕਤਲ ਵਿਚ ਮੁਜਰਮ ਕਰਾਰ ਦਿੱਤੇ ਤਾਮਿਲਾਂ ਦੀ ਸਜ਼ਾ ਘੱਟ ਕਰਵਾਉਣ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਵਾਲੇ ਮੋਦੀ ਦਾ ਗੁਣਗਾਣ ਕਰਦੇ ਹਨ। ਜਦੋਂ ਫਾਕੇ ਵਰਤਾਉਣ ਵਾਲੀ ਸਰਕਾਰ ਦੇ ਮੁਖੀ ਆਪਣੇ ਨੁਮਾਇਸ਼ੀ ਵਰਤਾਂ ਨੂੰ ਰੋਜ਼ੇ ਕਰਾਰ ਦਿੰਦੇ ਹਨ ਤਾਂ ਭੁੱਖਮਰੀ ਅਤੇ ਭੁੱਖ-ਹੜਤਾਲ ਨਾਲ ਕੋਝਾ ਮਜ਼ਾਕ ਹੁੰਦਾ ਹੈ। ਨਾਇਨਸਾਫ਼ੀ ਅਤੇ ਨਾਬਰਾਬਰੀ ਦੇ ਦੌਰ ਵਿਚ ਅਜਿਹੇ ਥਾਵਾਂ ਤੋਂ ਆਉਂਦੀ ਵੰਨ-ਸਵੰਨੇ ਜੈਕਾਰਿਆਂ ਦੀ ਆਵਾਜ਼ ਸਮਾਜਿਕ ਸਾਂਝ ਜਾਂ ਮਨੁੱਖੀ ਅਹਿਸਾਸ ਜਾਂ ਦਰਦਮੰਦੀ ਦੀ ਥਾਂ ਮੌਕਾਪ੍ਰਸਤ ਸਿਆਸੀ ਮੇਲ ਦੀ ਮੂੰਹਜ਼ੋਰ ਲੱਚਰਤਾ ਦੀ ਨੁਮਾਇੰਦਗੀ ਕਰਦੀ ਹੈ।

ਭੁੱਖ ਹੜਤਾਲ ਦਰਦਮੰਦੀ ਨੂੰ ਅੱਕਲਕਾਨ ਹੋ ਕੇ ਮਾਰੀ ਗਈ ਆਵਾਜ਼ ਹੈ। ਜਦੋਂ ਮਨੁੱਖ ਇਸ ਜੁਗਤ ਦੀ ਵਰਤੋਂ ਕਰਦਾ ਹੈ ਤਾਂ ਇਹ ਧਾਰਨਾ ਕਾਰਜਸ਼ੀਲ ਹੁੰਦੀ ਹੈ ਕਿ ਦਰਦਮੰਦੀ ਦੇ ਅਹਿਸਾਸ ਤਹਿਤ ਸੁਣਵਾਈ ਹੋਏਗੀ। ਜੇਲ੍ਹ ਸੁਧਾਰਾਂ ਦੇ ਇਤਿਹਾਸ ਵਿਚ ਭੁੱਖ ਹੜਤਾਲ ਸਭ ਤੋਂ ਕਾਰਗਰ ਹਥਿਆਰ ਸਾਬਤ ਹੋਈ ਹੈ। ਸਲਾਖਾਂ ਅਤੇ ਬੇੜੀਆਂ ਵਿਚ ਜਕੜਿਆ ਮਨੁੱਖ ਮੁਲਜ਼ਮ ਜਾਂ ਮੁਜਰਮ ਕਰਾਰ ਦਿੱਤਾ ਹੋਣ ਦੇ ਬਾਵਜੂਦ ਜੇਲ੍ਹ ਅੰਦਰ ਆਪਣੇ ਹਕੂਕ ਦੀ ਲੜਾਈ ਜਾਰੀ ਰੱਖ ਸਕਿਆ ਹੈ। ਜੇਲ੍ਹ ਸੁਧਾਰ ਅਤੇ ਭੁੱਖ ਹੜਤਾਲ ਦੇ ਖ਼ਾਸੇ ਬਾਬਤ ਉਘੜਵੀਆਂ ਮਿਸਾਲਾਂ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਸਵੈ-ਜੀਵਨੀ 'ਜੀਵਨ ਸੰਗਰਾਮ' ਵਿਚ ਦਰਜ ਕੀਤੀਆਂ ਹਨ। ਕਾਲੇ ਪਾਣੀ ਦੀ ਸਜ਼ਾ ਕੱਟਣ ਤੋਂ ਬਾਅਦ ਬਾਬਾ ਜੀ ਦਾ ਤਬਾਦਲਾ ਯਰਵਾਦਾ ਜੇਲ੍ਹ (ਪੂਨੇ) ਵਿਚ ਹੋਇਆ। ਉੱਥੇ ਸਿੱਖ ਕੈਦੀਆਂ ਨੂੰ ਪੰਜਾਬ ਸਰਕਾਰ ਤੋਂ ਮਨਜ਼ੂਰਸ਼ੁਦਾ ਹੋਣ ਦੇ ਬਾਵਜੂਦ ਪੱਗਾਂ ਅਤੇ ਕੱਛੇ ਉਤਾਰਨ ਦਾ ਹੁਕਮ ਸੁਣਾਇਆ ਗਿਆ। ਜਦੋਂ ਪੱਗਾਂ ਅਤੇ ਕੱਛੇ ਜ਼ਬਰਦਸਤੀ ਉਤਾਰੇ ਗਏ ਤਾਂ ਰੋਹ ਵਜੋਂ ਭੁੱਖ ਹੜਤਾਲ ਕਰ ਦਿੱਤੀ ਗਈ। ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਨੂੰ ਰੋਕਿਆ ਗਿਆ ਪਰ ਉਨ੍ਹਾਂ ਨੇ ਧਾਰਮਿਕ ਸਵਾਲ ਨੂੰ ਏਕਤਾ ਦੇ ਪੱਖ ਤੋਂ ਦੇਖਦਿਆਂ ਭੁੱਖ ਹੜਤਾਲ ਵਿਚ ਸ਼ਮੂਲੀਅਤ ਕੀਤੀ। ਦੂਜੀ ਮਿਸਾਲ ਲਾਹੌਰ ਜੇਲ੍ਹ ਦੀ ਹੈ ਜਿੱਥੇ ਭਗਤ ਸਿੰਘ ਆਪਣੇ ਸਾਥੀਆਂ ਸਮੇਤ ਕੈਦ ਸਨ। ਰਿਹਾਈ ਤੋਂ ਪਹਿਲਾਂ ਬਾਬਾ ਭਕਨਾ ਦਾ ਤਬਾਦਲਾ ਲਾਹੌਰ ਜੇਲ੍ਹ ਵਿਚ ਹੋ ਗਿਆ। ਭਗਤ ਸਿੰਘ ਹੋਰੀ ਸਿਆਸੀ ਕੈਦੀਆਂ ਦੇ ਹਕੂਕ ਲਈ ਭੁੱਖ ਹੜਤਾਲ ਕਰ ਰਹੇ ਸਨ। ਹਮਦਰਦ ਵਜੋਂ ਬਾਬਾ ਜੀ ਨੇ ਵੀ ਜੇਲ੍ਹ ਵਾਲਿਆਂ ਨੂੰ ਭੁੱਖ ਹੜਤਾਲ ਦਾ ਨੋਟਿਸ ਭੇਜ ਦਿੱਤਾ। ਬਾਬਾ ਜੀ ਦੇ ਸ਼ਬਦਾਂ ਵਿਚ "ਜਦ ਭਗਤ ਸਿੰਘ ਨੂੰ ਪਤਾ ਲੱਗਿਆ ਤਾਂ ਉਸ ਨੇ ਕਈ ਸੁਨੇਹੇ ਭੇਜੇ 'ਬਾਬਾ ਜੀ, ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਉਠਾ ਚੁੱਕੇ ਹੋ, ਹੁਣ ਭੁੱਖ ਹੜਤਾਲ ਨਾ ਕਰੋ।' ਮੈਂ ਪਿਆਰ ਨਾਲ ਜਵਾਬ ਦਿੱਤਾ, 'ਭਗਤ ਸਿੰਘ, ਜਦ ਤੁਸੀਂ ਨੌਜਵਾਨ ਦੂਜਿਆਂ ਦੇ ਦੁੱਖਾਂ ਨੂੰ ਦੂਰ ਕਰਨ ਲਈ ਕੁਰਬਾਨੀ ਦੇ ਰਹੇ ਹੋ ਤਾਂ ਮੈਂ ਬੁੱਢੀ ਉਮਰ ਵਿਚ


(ਬਾਕੀ ਸਫਾ 27 'ਤੇ)



ਗੁਜਰਾਤ ਦੰਗਿਆਂ ਦੌਰਾਨ ਘਿਰਿਆ ਇਕ ਮੁਸਲਮਾਨ ਨੌਜਵਾਨ।

***ਪ੍ਰਕਾਸ਼ ਸਿੰਘ ਬਾਦਲ ਦੀ ਤਕਰੀਰ ਵੇਲੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲੱਗਦੇ ਹਨ। ਮੁਸਲਮਾਨਾਂ ਦੀ ਹਾਜ਼ਰੀ ਦਰਜ ਕਰਨ ਲਈ ਅੱਲਾ-ਹੂ-ਅਕਬਰ ਦੇ ਆਵਾਜ਼ੇ ਗੂੰਜਦੇ ਹਨ। ਇਸੇ ਦੌਰਾਨ ਦੰਗਿਆਂ ਦੇ ਅਤੁੱਲ ਵੈਦਿਆ ਅਤੇ ਜੈਦੀਪ ਪਟੇਲ ਵਰਗੇ ਮੁਲਜ਼ਮ ਸਮਾਗਮ ਵਿਚ ਹਾਜ਼ਰੀ ਭਰਦੇ ਹਨ। ਸੰਜੀਵ ਭੱਟ ਖ਼ਿਲਾਫ਼ ਸੂਬਾ ਸਰਕਾਰ ਵੱਲੋਂ ਦੋਸ਼ ਪੱਤਰ ਜਾਰੀ ਕੀਤਾ ਜਾਂਦਾ ਹੈ। ਸਮਾਗਮ ਦੇ ਬਾਹਰ ਰੋਹ ਪ੍ਰਗਟ ਕੀਤੇ ਜਾਣ ਦੀ ਸੰਭਾਵਨਾ ਖ਼ਤਮ ਕਰਨ ਲਈ ਦੰਗਾ ਪੀੜਤਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਉਰਦੂ ਅਖ਼ਬਾਰਾਂ ਵਿਚ ਸਰਕਾਰੀ ਇਸ਼ਤਿਹਾਰ ਮੋਦੀ ਦੇ ਵਰਤ ਨੂੰ ਰੋਜ਼ੇ ਕਰਾਰ ਦਿੰਦੇ ਹਨ। ਸ਼੍ਰੋਮਣੀ ਕਮੇਟੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਹੂੰਝਾ ਫੇਰ ਜਿੱਤ ਹਾਸਲ ਕਰਨ ਵਾਲੇ ਅਤੇ ਰਾਜੀਵ ਗਾਂਧੀ ਦੇ ਕਤਲ ਵਿਚ ਮੁਜਰਮ ਕਰਾਰ ਦਿੱਤੇ ਤਾਮਿਲਾਂ ਦੀ ਸਜ਼ਾ ਘੱਟ ਕਰਵਾਉਣ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਵਾਲੇ ਮੋਦੀ ਦਾ ਗੁਣਗਾਨ ਕਰਦੇ ਹਨ।***

# ਸ਼ਤਰੰਜ ਦੀ ਚਾਲ



## ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-454-4958

ਸੰਸਾਰ ਭਰ ਵਿਚ ਖੇਡੀ ਜਾਂਦੀ ਦਿਮਾਗੀ ਖੇਡ ਸ਼ਤਰੰਜ ਦੇ ਜਨਮ ਸਥਾਨ ਬਾਰੇ ਵਿਦਵਾਨਾਂ ਵਿਚ ਕੁਝ ਮਤਭੇਦ ਹਨ ਪਰ ਇਹ ਦੇਖਦਿਆਂ ਕਿ ਮੇਰੇ ਦੇਸ਼ ਦੇ ਲੋਕ ਪਿੰਡਾਂ ਥਾਂਵਾਂ ਦੀਆਂ ਸੱਥਾਂ, ਚੌਪਾਲਾਂ, ਦਰਵਾਜ਼ਿਆਂ ਆਦਿ ਵਿਚ ਢਾਣੀਆਂ ਬਣਾ ਕੇ ਖੂਬ ਜੋਸ਼ੋ-ਖਰੋਸ਼ ਨਾਲ ਤਾਸ਼, ਬਾਰਾਂ ਟਹਿਣੀ, ਸ਼ਤਰੰਜ ਜਿਹੀਆਂ ਖੇਡਾਂ ਖੇਡਦਿਆਂ ਪੂਰਾ ਪੂਰਾ ਦਿਨ ਬਿਤਾ ਦਿੰਦੇ ਹਨ, ਮੈਂ ਇਸ ਨਤੀਜੇ 'ਤੇ ਅੱਪੜ ਗਿਆ ਹਾਂ ਕਿ ਇਹ ਖੇਡ ਮੇਰੇ ਦੇਸ਼ ਦੀ ਪ੍ਰਤਿਭਾ ਦੀ ਹਾਣੀ ਹੈ ਤੇ ਇਸੇ ਦੀ ਉਪਜ ਹੈ। ਇਕ ਹੋਰ ਤੱਥ ਨਾਲ ਵੀ ਮੇਰੇ ਇਸ ਨਤੀਜੇ ਦੀ ਪੁਸ਼ਟੀ ਹੁੰਦੀ ਜਾਪਦੀ ਹੈ। ਭਾਰਤੀ ਇਤਿਹਾਸ ਵਿਚ ਏਥੋਂ ਦੇ ਰਾਜਿਆਂ ਦੀਆਂ ਹਾਰਾਂ 'ਤੇ ਹਾਰਾਂ ਬਾਰੇ ਇਕ ਥਾਂ ਖੁਸ਼ਵੰਤ ਸਿੰਘ ਨੇ ਡਾਢਾ ਦੁਖ ਪ੍ਰਗਟ ਕੀਤਾ ਹੈ। ਉਸ ਨੇ ਇਸ ਗੱਲ ਦੀ ਖੋਜ ਕੀਤੇ ਜਾਣ ਦੀ ਜ਼ਰੂਰਤ ਦਰਸਾਈ ਹੈ ਕਿ ਭਾਰਤੀ ਰਾਜਿਆਂ ਕੋਲ ਬੇਸ਼ੁਮਾਰ ਸੈਨਾਬਲ ਹੁੰਦਿਆਂ ਇਹ ਹਮੇਸ਼ਾ ਇਸ ਨਾਲੋਂ ਕਿਤੇ ਘਟ ਸੈਨਾਬਲ ਨਾਲ ਲੈਸ ਵਿਦੇਸ਼ੀ ਧਾੜਵੀਆਂ ਤੋਂ ਬੁਰੀ ਤਰ੍ਹਾਂ ਕਿਉਂ ਹਾਰ ਜਾਂਦੇ ਰਹੇ ਹਨ? ਮੇਰਾ ਵਿਚਾਰ ਹੈ ਕਿ ਸਾਡੇ ਬੁਧੀਜੀਵੀਆਂ ਨੇ ਸ਼ਤਰੰਜ ਜਿਹੀ ਖੇਡ ਦੀ ਕਾਢ ਭਾਰਤੀ ਸ਼ਾਸਕਾਂ ਨੂੰ ਜਿੱਤ ਦੀ ਖੁਸ਼ਫਹਿਮੀ ਦੇ ਆਲਮ ਵਿਚ ਰੱਖਣ ਲਈ ਕੱਢੀ। ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਸ਼ਤਰੰਜ ਕੇ ਖਿਲਾੜੀ' ਵਿਚ ਦੋ ਜਗੀਰਦਾਰ ਪਾਤਰ ਅੰਗਰੇਜ਼ਾਂ ਦੀ ਫੌਜ ਉਪਰ ਚੜ੍ਹ ਆਉਣ 'ਤੇ ਵੀ ਬੜੀ ਮੌਜ ਨਾਲ ਇਕ ਮਸੀਤ ਵਿਚ ਸ਼ਤਰੰਜ ਖੇਡਦੇ ਰਹੇ ਤੇ ਆਖਰ ਆਪਸ ਵਿਚ ਖਹਿਬੜਦੇ ਖਹਿਬੜਦੇ ਲੜ ਮਰੇ ਪਰ ਤਲਵਾਰ ਚੁੱਕ ਕੇ ਲੜਾਈ ਦੇ ਮੈਦਾਨ 'ਚ ਨਾ ਉਤਰੇ। ਇਹ ਕਹਾਣੀ ਬੜੇ ਕਟਾਖਸ਼ੀ ਢੰਗ ਨਾਲ ਸੰਦੇਸ਼ ਦੇ ਰਹੀ ਹੈ ਕਿ ਵਿਲਾਸ ਵਿਚ ਗਲਤਾਨ ਭਾਰਤੀ ਰਾਜੇ ਅੰਗਰੇਜ਼ਾਂ ਹੱਥੋਂ ਆਪਣਾ ਸ਼ਾਸਨ ਕਿਵੇਂ ਗੁਆ ਬੈਠੇ?

ਸ਼ਤਰੰਜ ਦੀ ਉਤਪਤੀ ਬਾਰੇ ਬੇਸ਼ੁਮਾਰ ਕਥਾਵਾਂ ਹਨ ਜਿਨ੍ਹਾਂ ਵਿਚੋਂ ਕਈਆਂ ਵਿਚ ਇਸ ਦੀ ਜਨਮ ਭੂਮੀ ਭਾਰਤ, ਫਾਰਸ ਤੇ ਚੀਨ ਨੂੰ ਦਰਸਾਇਆ ਗਿਆ ਹੈ। ਮੈਂ ਪਿਛਲੇ ਦਿਨੀਂ ਪ੍ਰਸਿਧ ਅਮਰੀਕੀ ਤਾਰਾ ਵਿਗਿਆਨੀ ਤੇ ਲੇਖਕ ਕਾਰਲ ਸੈਗਨ ਦੀ ਇਕ ਕਿਤਾਬ ਪੜ੍ਹ ਰਿਹਾ ਸਾਂ ਜਿਸ ਵਿਚ ਉਸ ਨੇ ਇਸ ਖੇਡ ਦੀ ਕਾਢ ਬਾਰੇ ਇਕ ਦੰਦ ਕਥਾ ਦਾ ਜ਼ਿਕਰ ਕੀਤਾ ਹੈ। ਮੈਂ ਭਾਵੇਂ ਇਹ ਪ੍ਰਸੰਗ ਪਹਿਲਾਂ ਪੜ੍ਹਿਆ ਹੋਇਆ ਸੀ ਪਰ ਲੇਖਕ ਦੀ ਸ਼ੈਲੀ ਤੋਂ ਮੈਂ ਏਨਾ ਪ੍ਰਭਾਵਤ ਹੋਇਆ ਕਿ ਇਸ ਕਥਾ ਦਾ ਕੁਝ ਅੰਸ਼ ਸੁਣਾਉਣ ਜਾ ਰਿਹਾ ਹਾਂ। ਇਸ ਅਨੁਸਾਰ ਬਹੁਤ ਸਮਾਂ ਪਹਿਲਾਂ ਫਾਰਸ ਦੇ ਕਿਸੇ ਰਾਜੇ ਦੇ ਵੱਡੇ ਵਜ਼ੀਰ ਨੇ ਇਸ ਖੇਡ ਦੀ ਕਾਢ ਕੱਢੀ ਜਿਸ ਵਿਚ ਮੁਖ ਕਿਰਦਾਰ ਬਾਦਸ਼ਾਹ ਦਾ ਸੀ। ਵਜ਼ੀਰ ਨੇ ਆਪਣੀ ਅਹਿਮੀਅਤ ਜਤਾਉਣ ਲਈ ਦੂਜਾ ਵੱਡਾ ਕਿਰਦਾਰ ਵਜ਼ੀਰ ਨੂੰ ਬਣਾਇਆ। ਖੇਡ ਦਾ ਮਕਸਦ ਦੁਸ਼ਮਣ ਬਾਦਸ਼ਾਹ ਨੂੰ ਫੜਨਾ ਸੀ ਇਸ ਲਈ ਇਸ ਦਾ ਨਾਂ 'ਸ਼ਾਹਮਾਤ' ਰਖਿਆ ਗਿਆ। ਫਾਰਸੀ ਵਿਚ ਸ਼ਾਹ ਦਾ ਮਤਲਬ ਰਾਜਾ ਅਤੇ ਮਾਤ ਦਾ ਮਤਲਬ ਪਰਾਸਤ ਜਾਂ ਮੌਤ ਹੁੰਦਾ ਹੈ, ਅਰਥਾਤ ਰਾਜੇ ਦੀ ਮੌਤ। ਰੂਸੀ ਵਿਚ ਅੱਜ ਵੀ ਇਸ ਖੇਡ ਨੂੰ 'ਸ਼ਖਮਤ' ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਵੀ ਇਸ ਸ਼ਬਦ ਦੀ ਗੂੰਜ ਸੁਣਾਈ ਦਿੰਦੀ ਹੈ, ਖੇਡ ਦੀ ਆਖਰੀ ਚਾਲ ਨੂੰ ਅੰਗਰੇਜ਼ੀ ਵਿਚ ਚੈਕਮੇਟ (checkmate) ਕਿਹਾ ਜਾਂਦਾ ਹੈ। ਇਸ ਵਿਚ ਚੈਕ ਸ਼ਬਦ 'ਸ਼ਾਹ' ਦਾ ਵਿਗੜਿਆ ਰੂਪ ਹੈ ਤੇ ਮੇਟ 'ਮਾਤ' ਦਾ। ਅੰਗਰੇਜ਼ੀ ਚੈਕਮੇਟ ਦਾ ਆਮ ਅਰਥ ਹਰਾ ਦੇਣਾ ਜਾਂ ਨਿਸਫਲ ਕਰ ਦੇਣਾ ਹੁੰਦਾ ਹੈ। ਮਜ਼ੇ ਵਾਲੀ ਗੱਲ ਹੈ ਕਿ ਰਾਜਾ ਐਸੀ ਖੇਡ ਨੂੰ ਮਾਣ ਰਿਹਾ ਹੈ ਜਿਸ ਦਾ ਮਕਸਦ ਹੀ ਰਾਜੇ ਨੂੰ ਹਰਾਉਣਾ ਹੈ। ਖੇਡ ਤੋਂ ਬੇਹਦ ਪ੍ਰਭਾਵਤ ਹੋਏ ਰਾਜੇ ਨੇ ਰਾਜਿਆਂ ਵਾਲਾ ਦਿਲ ਕਢਦਿਆਂ ਵਜ਼ੀਰ ਨੂੰ ਕਿਹਾ ਕਿ ਇਸ ਸ਼ਾਨਦਾਰ ਕਾਢ ਦੇ ਇਨਾਮ ਵਜੋਂ ਮੰਗ ਜੋ ਮੰਗਣਾ ਹੈ ਪਰ ਨਿਮਰਤਾ ਦੀ ਮੂਰਤ, ਵਜ਼ੀਰ ਕੋਈ ਲਾਲਚੀ ਬੰਦਾ ਨਹੀਂ ਸੀ। ਖੇਡ ਬਿਸਾਤ ਦੇ 64 ਖਾਨਿਆਂ ਵੱਲ ਇਸ਼ਾਰਾ ਕਰਦੇ ਹੋਏ ਉਸ ਨੇ ਕਿਹਾ ਕਿ ਉਸ ਨੂੰ ਇਨਾਮ ਵਜੋਂ ਬਿਸਾਤ ਦੇ ਪਹਿਲੇ ਖਾਨੇ ਵਿਚ ਕਣਕ ਦਾ ਇਕ



ਦਾਣਾ, ਦੂਜੇ ਵਿਚ ਦੁੱਗਣੇ ਦੋ ਦਾਣੇ, ਤੀਜੇ ਵਿਚ ਇਸ ਤੋਂ ਦੁੱਗਣੇ ਚਾਰ ਦਾਣੇ ਤੇ ਇਸ ਤਰ੍ਹਾਂ ਪਹਿਲੇ ਤੋਂ ਦੁੱਗਣੇ ਕਰਦੇ ਹੋਏ 64 ਦੇ 64 ਖਾਨਿਆਂ ਦੇ ਹਿੱਸੇ ਜਿੰਨੇ ਦਾਣੇ ਆਉਣ, ਦੇ ਦੇਵੋ। ਰਾਜਾ ਹੱਕਾ ਬੱਕਾ ਰਹਿ ਗਿਆ, ਮੰਗਿਆ ਤਾਂ ਕੀ ਮੰਗਿਆ। ਉਸ ਨੇ ਵਜ਼ੀਰ ਅੱਗੇ ਮਨ ਚਾਹੇ ਹੀਰੇ-ਜਵਾਹਰਾਤ, ਹੁਸੀਨਾਵਾਂ, ਮਹਿਲਾਂ ਆਦਿ ਦੀ ਪੇਸ਼ਕਸ਼ ਕੀਤੀ ਪਰ ਅੱਖ ਨੀਵੀਂ ਪਾਈ ਬੈਠੇ ਵਜ਼ੀਰ ਨੇ ਸਭ ਕੁਝ ਠੁਕਰਾ ਦਿੱਤਾ, ਬੱਸ ਉਸ ਨੂੰ ਤਾਂ ਤੁੱਛ ਦਾਣਿਆਂ ਦੀ ਤਮੰਨਾ ਸੀ। ਵਜ਼ੀਰ ਦੇ ਹਠ ਕਾਰਨ ਆਖਰ ਰਾਜੇ ਨੇ ਉਸ ਦੀ ਮੰਗ ਮੰਨ ਲਈ ਪਰ ਅੰਨ ਭੰਡਾਰੀ ਨੇ ਜਦ ਦਾਣੇ ਗਿਣਨੇ ਸ਼ੁਰੂ ਕੀਤੇ ਤਾਂ ਰਾਜੇ ਦਾ ਮੱਥਾ ਠਣਕਣ ਲੱਗਾ। ਸ਼ੁਰੂ ਸ਼ੁਰੂ ਵਿਚ ਦਾਣਿਆਂ ਦੀ ਗਿਣਤੀ ਮਾਮੂਲੀ ਜਿਹੀ ਲੱਗੀ: 1, 2, 4, 8, 32, 64, 128, 256, 512, 1024.... ਪਰ 64ਵੇਂ ਖਾਨੇ ਤਕ ਤਾਂ ਪੁਜਿਆ ਹੀ ਨਾ ਜਾ ਸਕਿਆ। ਰਾਜਾ ਬੁਰੀ ਤਰਾਂ ਹਿੱਲ ਗਿਆ, ਵਜ਼ੀਰ ਦੀ ਮੰਗ ਪੂਰੀ ਕਰਨ ਲਈ ਜਿੰਨੇ ਦਾਣਿਆਂ ਦੀ ਲੋੜ ਸੀ ਉਸ ਦੀ ਗਿਣਤੀ ਵਿਚ 16 ਦੇ ਅੱਗੇ 18 ਸਿਫ਼ਰੇ ਲਗਦੇ ਹਨ ਜਿਸ ਲਈ ਭਾਰਤੀ ਸੰਖਿਆ 160 ਨੀਲਮ ਹੈ ਤੇ ਅੰਗਰੇਜ਼ੀ ਵਿਚ ਇਸ ਨੂੰ 16 ਕਵਿੰਟਿਲੀਅਨ ਕਿਹਾ ਜਾਵੇਗਾ। ਸ਼ਾਇਦ ਇਸ ਗਿਣਤੀ ਨਾਲ ਵੀ ਤੁਹਾਨੂੰ ਵਜੀਰ ਵਲੋਂ ਮੰਗੀ ਕਣਕ ਦੀ ਮਾਤਰਾ ਦਾ ਅਨੁਮਾਨ ਨਹੀਂ ਹੋਇਆ ਹੋਵੇਗਾ। ਵਜ਼ਨ ਵਿਚ ਗੱਲ ਕਰੀਏ ਤਾਂ ਸਾਰੇ ਅਨਾਜ ਦਾ ਭਾਰ 75 ਅਰਬ ਟਨ ਹੋਵੇਗਾ। ਦੁਨੀਆਂ ਦੇ ਕਣਕ ਉਤਪਾਦਨ ਦੇ ਹਿਸਾਬ ਨਾਲ 150 ਸਾਲਾਂ ਵਿਚ ਸਮੁੱਚਾ ਸੰਸਾਰ ਏਨੀ ਕਣਕ ਪੈਦਾ ਕਰ ਸਕਦਾ ਹੈ। ਸ਼ਾਹ ਦੇ ਭੰਡਾਰਾਂ ਵਿਚ ਏਨਾ ਅਨਾਜ ਕਿਥੇ? ਰਾਜੇ ਦਾ ਹਿਸਾਬ ਕਮਜ਼ੋਰ ਸੀ ਤੇ ਇਸ ਨਮੋਸ਼ੀ ਤੋਂ ਡਰਦੇ ਨੇ, ਜਿਵੇਂ ਰਾਜੇ ਕਰਦੇ ਹਨ, ਹੋ ਸਕਦਾ ਹੈ ਵਜ਼ੀਰਮਾਤ ਕਰ ਦਿੱਤਾ ਹੋਵੇ ਪਰ ਦੰਦ ਕਥਾ ਅੱਗੇ ਚੁੱਪ ਹੈ। ਇਸ ਕਥਾ ਦਾ ਇਕ ਹੋਰ ਰੂਪ ਵੀ ਮੈਂ ਪੜ੍ਹਿਆ ਹੈ ਜਿਸ ਅਨੁਸਾਰ ਦੇਸ਼ ਭਾਰਤ ਹੈ ਤੇ ਵਜ਼ੀਰ ਦੇ ਥਾਂ 'ਤੇ ਸਾਸਾ ਨਾਂ ਦਾ ਬ੍ਰਾਹਮਣ ਹੈ।

ਇਕ ਖੋਜੀ ਡੇਵਿਡ ਲੀਅ ਨੇ ਬੜੇ ਦਾਅਵੇ ਨਾਲ ਕਿਹਾ ਹੈ ਕਿ ਇਹ ਖੇਡ ਈਸਵੀ ਸੰਮਤ ਤੋਂ ਦੋ ਸਦੀ ਪਹਿਲਾਂ ਚੀਨ ਵਿਚ ਸ਼ੁਰੂ ਹੋਈ ਪਰ ਇਸ ਖੇਡ ਬਾਰੇ ਸਭ ਤੋਂ ਪੁਰਾਣਾ ਹਵਾਲਾ ਇਕ ਫਾਰਸੀ ਕਵਿਤਾ ਵਿਚ ਮਿਲਦਾ ਹੈ ਜਿਸ ਅਨੁਸਾਰ ਇਸ ਦੀ ਸ਼ੁਰੂਆਤ ਭਾਰਤ ਤੋਂ ਹੀ ਹੋਈ। ਇਸ ਖੇਡ ਬਾਰੇ ਫਾਰਸੀ ਦੀ ਇਕ ਕਿਤਾਬ ਅਨੁਸਾਰ ਇਹ ਛੇਵੀਂ ਸਦੀ ਵਿਚ ਭਾਰਤ ਤੋਂ ਇਰਾਨ ਪੁੱਜੀ। ਦਸਵੀਂ ਸਦੀ ਵਿਚ ਫਿਰਦੌਸੀ ਦੇ ਕਲਾਮ ਅਨੁਸਾਰ ਇਕ ਭਾਰਤੀ ਰਾਜੇ ਨੇ ਇਹ ਖੇਡ ਫਾਰਸ ਦੇ ਰਾਜੇ ਨੂੰ ਹੋਰ ਸੌਗਾਤਾਂ ਨਾਲ ਭੇਟ ਕੀਤੀ। ਪਹਿਲਾਂ ਪਹਿਲਾਂ ਚਾਰ ਤਰ੍ਹਾਂ ਦੇ ਮੁਹਰੇ ਇਸਤੇਮਾਲ ਕੀਤੇ ਗਏ। ਇਸ ਖੇਡ ਦਾ ਸੰਸਕ੍ਰਿਤ ਵਿਚ ਨਾਂ 'ਚਤੁਰੰਗ' ਸੀ, 'ਚਤੁਰ' ਦਾ ਅਰਥ ਚਾਰ ਹੁੰਦਾ ਹੈ ਤੇ 'ਅੰਗ' ਫੌਜ ਦੇ ਅੰਗਾਂ, ਹਾਥੀ, ਰੱਥ, ਘੋੜੇ ਤੇ ਪੈਦਲ ਵੱਲ ਸੰਕੇਤ ਕਰਦਾ ਹੈ। ਸੰਸਕ੍ਰਿਤ ਵਿਚ ਚਤਰੰਗ ਬਾਰੇ ਕਈ ਗ੍ਰੰਥ ਮਿਲਦੇ ਹਨ ਜਿਨ੍ਹਾਂ ਵਿਚੋਂ ਚਤੁਰੰਗਕੇਰਲੀ, ਚਤੁਰੰਗਕ੍ਰੀੜਨ, ਚਤੁਰੰਗਪ੍ਰਕਾਸ਼ ਮਸ਼ਹੂਰ ਹਨ। ਗੁਰੂ ਅਰਜਨ ਦੇਵ ਨੇ ਚਤੁਰੰਗ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ:

ਹਸਤਿ ਰਥ ਅਸਵ ਪਵਨ
ਤੇਜ ਧਣੀ ਭੂਮਨ ਚਤੁਰਾਂਗਾ॥
ਸੰਗ ਨਾ ਚਾਲਿਓ ਇਨ ਮਹਿ
ਕੁਛੂਐ ਊਠਿ ਸਿਧਾਇਓ ਨਾਂਗਾ॥

ਇਕ ਹੋਰ ਹਵਾਲੇ ਵਿਚ ਮੈਂ ਪੜ੍ਹਿਆ ਹੈ ਕਿ ਚਾਰ ਜਣਿਆਂ ਨਾਲ ਖੇਡੀ ਜਾਣ ਵਾਲੀ ਭਾਰਤ ਤੋਂ ਚੱਲੀ ਇਸ ਖੇਡ ਵਿਚ ਬਿਸਾਤ ਦੇ ਚਾਰੇ ਪਾਸੇ ਚਾਰ ਸੈਨਾਵਾਂ ਹੁੰਦੀਆਂ ਸਨ ਤੇ ਇਸ ਦੀ ਚਾਲ ਪਾਸਾ ਸੁੱਟ ਕੇ ਚੱਲੀ ਜਾਂਦੀ ਸੀ। ਫਾਰਸ ਵਿਚ ਇਸ ਦੀਆਂ ਦੋ ਸੈਨਾਵਾਂ ਕਰ ਦਿੱਤੀਆਂ ਗਈਆਂ ਤੇ ਹੋਰ ਵੀ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ। ਏਥੇ ਅੱਠ ਪਿਆਦਿਆਂ ਨੂੰ ਸਰਬਾਜ਼, ਦੋ ਊਠਾਂ ਨੂੰ ਗ਼ਾਲੇ, ਦੋ ਘੋੜਿਆਂ ਨੂੰ ਅਸਬ, ਦੋ ਹਾਥੀਆਂ ਨੂੰ ਪੀਲ, ਰਾਣੀ ਨੂੰ ਫ਼ਿਰਜ਼ਾਨ ਅਤੇ ਰਾਜੇ ਨੂੰ ਸ਼ਾਹ ਦੇ ਨਾਂ ਮਿਲੇ। ਫਾਰਸੀ ਵਿਚ ਚੈਕ ਜਾਂ ਸ਼ਹਿ ਨੂੰ ਕਿਸ਼ਤ ਅਤੇ ਰਾਜਾ ਮਾਰਨ ਨੂੰ ਮਾਤ ਅਖਦੇ ਹਨ।

ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਸ਼ਤਰੰਜ ਦਾ ਇੰਦਰਾਜ ਹੈ ਕਿਉਂਕਿ ਗੁਰੂ ਨਾਨਕ ਦੇਵ ਨੇ ਸਤਰੰਜ ਸ਼ਬਦ ਦੀ ਵਰਤੋਂ ਕੀਤੀ ਹੈ, "ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ।" ਪਰ ਇਸ ਸ਼ਬਦ ਦਾ ਮੂਲ ਦੱਸਣ ਲੱਗੇ ਭਾਈ ਸਾਹਿਬ ਫਿਰ ਆਮ ਪ੍ਰਚਲਿਤ ਮਨਘੜਤ ਵਿਉਤਪਤੀ ਦੱਸਣ ਦੇ ਚੱਕਰ ਵਿਚ ਪੈ ਗਏ: ਸ਼ਤਰੰਜ = ਸ਼ਤ (ਸਮੁੰਦਰ)+ਰੰਜ (ਫਿਕਰ) ਅਰਥਾਤ ਜੋ ਸੋਚ ਵਿਚਾਰ ਕੇ ਖੇਡਿਆ ਜਾਵੇ। ਅਜਿਹੀ ਮਨਘੜਤ ਵਿਉਤਪਤੀ ਦਾ ਇਕ ਹੋਰ ਰੁਪਾਂਤਰ ਵੀ ਹੈ ਜਿਸ ਅਨੁਸਾਰ ਸ਼ਤਰੰਜ=ਸਦ (ਸੌ)+ਰੰਜ (ਫਿਕਰ) ਅਰਥਾਤ ਜਿਸ ਨੂੰ ਖੇਡਦਿਆਂ ਸੌ ਫਿਕਰ ਲਗਦੇ ਹਨ। ਸੱਤਵੀਂ ਸਦੀ ਵਿਚ ਅਰਬੀ ਮੁਸਲਮਾਨਾਂ ਨੇ ਫਾਰਸ ਦੇ ਸਾਮਰਾਜ 'ਤੇ ਕਬਜ਼ਾ ਕਰ ਲਿਆ। ਮੁਸਲਮਾਨਾਂ ਨੇ ਸ਼ਤਰੰਜ ਨੂੰ ਮਾਨਤਾ ਦੇਣ ਵਿਚ ਸੌ ਸਾਲ ਲਾ ਦਿੱਤੇ। ਚਤਰੰਗ ਸ਼ਬਦ ਦਾ ਹੌਲੀ ਹੌਲੀ ਅਰਬੀਕਰਨ ਹੋ ਕੇ 'ਸ਼ਤਰੰਜ' ਬਣ ਗਿਆ ਤੇ ਏਹੀ ਸ਼ਬਦ ਬਾਅਦ ਵਿਚ ਭਾਰਤ ਵਿਚ ਆ ਕੇ ਪ੍ਰਚਲਿਤ ਹੋਇਆ। ਮੁਸਲਮਾਨ ਮੂਰਤੀਆਂ ਦੇ ਖਿਲਾਫ ਹੋਣ ਕਾਰਨ ਉਨ੍ਹਾਂ ਮੁਹਰਿਆਂ ਦੀਆਂ ਸ਼ਕਲਾਂ ਅਮੂਰਤ ਜਿਹੀਆਂ ਬਣਾ ਦਿੱਤੀਆਂ। ਅੱਠਵੀਂ ਸਦੀ ਵਿਚ ਜੰਗੀ ਮੁਸਲਮਾਨਾਂ ਨੇ ਸਪੇਨ 'ਤੇ ਹੱਲਾ ਬੋਲਿਆ ਤਾਂ ਸ਼ਤਰੰਜ ਯੂਰਪ ਵਿਚ ਅੱਪੜ ਗਈ। ਮੁਸਲਮਾਨਾਂ ਨੇ ਸਿਸਲੀ ਜਿੱਤ ਲਿਆ ਤੇ ਵਪਾਰਕ ਮਾਰਗਾਂ ਰਾਹੀਂ ਇਹ ਖੇਡ ਰੂਸ ਪਹੁੰਚ ਗਈ। ਯੂਰਪ ਵਿਚ ਜਾ ਕੇ ਇਸ ਖੇਡ ਵਿਚ ਵੱਡੀ ਤਬਦੀਲੀ ਆਈ ਤੇ ਆਧੁਨਿਕ ਨਿਯਮ ਬਣਾਏ ਗਏ। ਯੂਰਪ ਦੇ ਭਿੰਨ ਭਿੰਨ ਦੇਸ਼ਾਂ ਵਿਚ ਮੁਹਰਿਆਂ ਦੇ ਨਾਂ ਅਲੱਗ-ਅਲੱਗ ਹੋ ਗਏ।

ਕੁਝ ਹੋਰ ਬੋਲੀਆਂ ਵਿਚ ਸ਼ਤਰੰਜ ਦੇ ਸਮਾਨੰਤਰ ਸ਼ਬਦ ਦੇਖੀਏ। ਸਪੇਨੀ ਵਿਚ ਸ਼ਤਰੰਜ ਤੋਂ ਵਿਗੜ ਕੇ ਸ਼ਬਦ ਬਣਿਆ ਅਜਦਰੇਜ (ਅਲ ਸ਼ਤਰੰਜ ਤੋਂ), ਪੁਰਤਗਾਲੀ ਵਿਚ ਜ਼ਾਦਰੇਜ਼, ਗਰੀਕ ਵਿਚ ਜ਼ਾਤਰੀਕਿਓਨ। ਪਰ ਬਾਕੀ ਯੂਰਪ ਦੇ ਦੇਸ਼ਾਂ ਵਿਚ ਇਸ ਖੇਡ ਦਾ ਨਾਂ ਫਾਰਸੀ ਸ਼ਾਹ ਤੋਂ ਵਿਗੜ ਕੇ ਬਣੇ ਹਨ ਜਿਵੇਂ ਪੁਰਾਣੀ ਫਰਾਂਸੀਸੀ ਵਿਚ 'ਐਸਚੈਕ' ਤੇ ਇਸ ਤੋਂ ਬਦਲ ਕੇ ਅੰਗਰੇਜ਼ੀ ਵਿਚ 'ਚੈਸ'। ਹੋਰ ਸਾਰੇ ਦੇਸ਼ਾਂ ਵਿਚ ਵੀ ਸ਼ਾਹ ਅਤੇ ਸ਼ਤਰੰਜ ਤੋਂ ਵਿਗੜ ਕੇ ਹੀ ਸ਼ਬਦ ਬਣੇ ਹਨ।

ਜਦੋਂ ਰਾਜੇ ਨੂੰ ਘੇਰ ਲਿਆ ਜਾਂਦਾ ਹੈ ਤਾਂ 'ਸ਼ਹਿ' ਸ਼ਬਦ ਬੋਲਿਆ ਜਾਂਦਾ ਹੈ। ਇਸ ਸ਼ਹਿ ਦਾ ਘਾਤ ਦੇ ਅਰਥਾਂ ਨਾਲ ਕੋਈ ਸਬੰਧ ਨਹੀਂ ਬਲਕਿ ਇਹ ਫਾਰਸੀ 'ਸ਼ਾਹ' ਦਾ ਹੀ ਭਿੰਨ ਉਚਾਰਣ ਹੈ, ਮਤਲਬ ਹੁੰਦਾ ਹੈ ਕਿ ਰਾਜਾ ਮੌਤ ਦੇ ਸ਼ਿਕੰਜੇ ਵਿਚ ਹੈ, ਬਚਾ ਲਵੋ। ਅੰਗਰੇਜ਼ੀ ਵਿਚ ਬੋਲਿਆ ਜਾਂਦਾ ਸ਼ਬਦ 'ਚੈਕ' ਵੀ ਇਸੇ ਤਰ੍ਹਾਂ ਬਣਿਆ ਹੈ। 'ਚੈਕਰਜ਼' ਜਾਂ 'ਸੰਖੇਪ' ਰੂਪ ਵਿਚ ਚੈਕ ਨਾਂ ਦੀ ਖੇਡ ਵੀ ਇਸੇ ਸ਼ਾਹ ਦੀ ਦੇਣ ਹੈ। ਅੰਗਰੇਜ਼ੀ ਦਾ ਇਹ ਸ਼ਬਦ 'ਚੈਕ' ਦੋ ਹੋਰ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ, ਕਿਸੇ ਨੂੰ ਰੋਕਣ, ਡੱਕਣ, ਕਾਬੂ ਕਰਨ, ਅੜਿਕਾ ਡਾਹੁਣ ਦੇ ਅਰਥਾਂ ਵਿਚ ਅਤੇ ਬੈਂਕ ਤੋਂ ਪੈਸੇ ਕਢਵਾਉਣ ਲਈ ਵਰਤਿਆ ਜਾਂਦਾ ਰੁੱਕਾ। ਦੋਨੋਂ ਸ਼ਬਦ ਤੇ ਅਰਥ ਅਸਲ ਵਿਚ ਇਸ ਸ਼ਾਹ ਤੋਂ ਹੀ ਵਿਕਸਿਤ ਹੋਏ ਹਨ। ਸ਼ਤਰੰਜ ਦੀ ਖੇਡ ਵਿਚ 'ਚੈਕ' ਦੀ ਸਥਿਤੀ ਵਿਚ ਆਇਆ ਰਾਜਾ ਅਸਲ ਵਿਚ ਇਕ ਤਰ੍ਹਾਂ ਡੱਕਿਆ ਹੀ ਜਾਂਦਾ ਹੈ, ਉਸ ਕੋਲ ਨਿਕਲਣ ਲਈ ਬਹੁਤੇ ਰਾਹ ਨਹੀਂ ਹੁੰਦੇ। ਤਕਰੀਬਨ 1700 ਸੰਨ ਵਿਚ ਨੋਟਾਂ ਨੂੰ ਗੁਆਚਣ ਜਾਂ ਚੋਰੀ ਹੋਣ ਤੋਂ 'ਰੋਕਣ' ਲਈ ਟੋਕਨ ਇਸਤੇਮਾਲ ਕੀਤੇ ਜਾਂਦੇ ਸਨ ਜਿਨ੍ਹਾਂ ਨੂੰ ਚੈਕ ਕਿਹਾ ਜਾਂਦਾ ਸੀ। ਏਹੀ ਸ਼ਬਦ ਬਾਅਦ ਵਿਚ ਬੈਂਕਾਂ ਦੇ ਲੈਣ ਦੇਣ ਵਾਲੀ ਵਿਧੀ ਲਈ ਵਰਤਿਆ ਗਿਆ। ਏਥੇ ਜਾਅਲੀ ਨੋਟਾਂ ਦੀ ਵਰਤੋਂ 'ਰੋਕਣ' ਦਾ ਮਕਸਦ ਹੁੰਦਾ ਹੈ। ਕੇਂਦਰੀ ਵਿਚਾਰ 'ਸ਼ਹਿ' ਵਾਲਾ ਹੀ ਹੈ। ਅੰਗਰੇਜ਼ੀ ਸ਼ਬਦ Exchequer (ਖਜ਼ਾਨਾ) ਵੀ ਚੈਸ ਦੇ ਫਰਾਂਸੀਸੀ ਰੂਪ escheker ਤੋਂ ਬਣਿਆ ਕਿਉਂਕਿ ਚੈਸ ਦੀ ਬਿਸਾਤ ਵਿਛਾ ਕੇ ਇਸ ਦੇ ਖਾਨਿਆਂ ਵਿਚ ਰੱਖ ਕੇ ਨਕਦੀ ਗਿਣੀ ਜਾਂਦੀ ਸੀ। ਬੈਂਕਾਂ, ਖਜ਼ਾਨਿਆਂ ਨੂੰ ਲਫਜ਼ਾਂ ਦੀ ਦੌਲਤ ਵੰਡਦਾ ਫਾਰਸ ਦਾ ਸ਼ਾਹ ਵਾਕਈ ਸ਼ਾਹ ਹੀ ਹੈ।

# ਪਾਕਿਸਤਾਨ ਦਾ ਸੱਭਿਆਚਾਰਕ ਸੰਕਟ

*(ਸਫਾ 14 ਦੀ ਬਾਕੀ)*

ਕਰਦਾ ਹੋਇਆ ਵੀ ਉਹ ਨਾ ਤਾਂ ਅਰਬੀ ਬਣ ਸਕਦਾ ਹੈ, ਨਾ ਤੁਰਕੀ ਬਣ ਸਕਦਾ ਹੈ, ਨਾ ਈਰਾਨੀ ਬਣ ਸਕਦਾ ਹੈ। ਉਸ ਨੇ ਪਾਕਿਸਤਾਨੀ ਬਣ ਕੇ ਰਹਿਣਾ ਹੈ ਪਰ ਪਾਕਿਸਤਾਨ ਸਿਰਫ ਮਜ਼੍ਹਬ ਨਹੀਂ ਹੈ, ਉਸ ਦਾ ਆਪਣਾ ਸੱਭਿਆਚਾਰ ਵੀ ਹੈ। ਉਸ ਦਾ ਇਤਿਹਾਸ ਨਾ ਮੁਹੰਮਦ-ਇੱਬਨ-ਕਾਸਿਮ ਨਾਲ ਸ਼ੁਰੂ ਹੁੰਦਾ ਹੈ, ਨਾ ਹੀ ਮਹਿਮੂਦ ਗਜ਼ਨਵੀ ਨਾਲ। ਇਨ੍ਹਾਂ ਵਿਚੋਂ ਕੋਈ ਵੀ ਉਸ ਧਰਤੀ ਨਾਲ ਸਬੰਧ ਨਹੀਂ ਸੀ ਰੱਖਦਾ ਜਿਸ 'ਤੇ ਪਾਕਿਸਤਾਨ ਬਣਿਆ। ਇਹ ਉਸ ਧਰਤੀ 'ਤੇ ਹਮਲਾਵਰ ਬਣ ਕੇ ਆਏ ਸਨ ਅਤੇ ਲੁੱਟਮਾਰ ਕਰਕੇ ਵਾਪਸ ਚਲੇ ਗਏ। ਸਿੰਧ ਘਾਟੀ ਸੱਭਿਅਤਾ, ਤਕਸ਼ਲਾ ਦਾ ਵਿਸ਼ਵ ਵਿਦਿਆਲਾ, ਸਿਕੰਦਰ ਦੀ ਹਨੇਰੀ ਨੂੰ ਰੋਕਣ ਵਾਲਾ ਰਾਜਾ ਪੋਰਸ, ਮਹਿਮੂਦ ਗਜ਼ਨਵੀ ਨਾਲ ਟੱਕਰ ਲੈਣ ਵਾਲਾ ਰਾਜਾ ਜੈਪਾਲ ਅਤੇ ਅਨੰਦਪਾਲ, ਸ਼ੇਖ ਬਾਬਾ ਫਰੀਦ ਤੇ ਗੁਰੂ ਨਾਨਕ ਅਤੇ 800 ਸਾਲਾਂ ਤੋਂ ਲਗਾਤਾਰ ਦੱਰਾ ਖੈਬਰ ਦੇ ਰਸਤੇ ਹਿੰਦੁਸਤਾਨ ਆਉਣ ਵਾਲੇ ਤੁਰਕ, ਮੰਗੋਲ, ਅਫ਼ਗਾਨ, ਮੁਗਲ ਇਰਾਨੀ ਹਮਲਾਵਰਾਂ ਤੋਂ ਹਿੰਦੁਸਤਾਨ ਦੇ ਉਸ ਭਾਗ ਜਿਸ ਦਾ 80 ਫੀਸਦੀ ਅੱਜ ਪਾਕਿਸਤਾਨ ਵਿਚ ਹੈ, ਨੂੰ ਸੁਰੱਖਿਅਤ ਕਰਕੇ ਸਾਂਝੇ ਰਾਜ ਨੂੰ ਜਨਮ ਦੇਣ ਵਾਲਾ ਮਹਾਰਾਜਾ ਰਣਜੀਤ ਸਿੰਘ, ਇਹ ਸਭ ਕੁਝ ਪਾਕਿਸਤਾਨ ਦੇ ਇਤਿਹਾਸ ਅਤੇ ਸੱਭਿਆਚਾਰ ਦੇ ਅਟੁੱਟ ਅੰਗ ਹਨ। ਇਨ੍ਹਾਂ ਨੂੰ ਭੁੱਲ ਕੇ ਪਾਕਿਸਤਾਨ ਸਿਰਫ ਇਸਲਾਮੀ ਰਾਜ ਤਾਂ ਰਹਿ ਸਕਦਾ ਹੈ, ਚੰਗੀ ਸੱਭਿਆਚਾਰਕ ਇਕਾਈ ਨਹੀਂ ਬਣ ਸਕਦਾ। ਪਾਕਿਸਤਾਨ ਦੇ ਬੁੱਧੀਜੀਵੀ ਆਪਣੇ ਇਸ ਸੱਭਿਆਚਾਰਕ ਸੰਕਟ ਨੂੰ ਸਮਝਦੇ ਹਨ ਅਤੇ ਇਸ ਗੱਲ ਲਈ ਯਤਨਸ਼ੀਲ ਹਨ ਕਿ ਕਿਸ ਢੰਗ ਨਾਲ ਪਾਕਿਸਤਾਨ ਦੀ ਕੇਵਲ ਮਜ਼੍ਹਬੀ ਪਛਾਣ ਹੀ ਨਾ ਬਣੇ ਸਗੋਂ ਉਸ ਦੀ ਆਪਣੀ ਸੱਭਿਆਚਾਰਕ ਪਛਾਣ ਵੀ ਬਣੇ। ਇਸ ਛਟਪਟਾਹਟ ਦਾ ਨਤੀਜਾ ਇਹ ਹੈ ਕਿ ਹਾਲ ਹੀ ਵਿਚ ਪਾਕਿਸਤਾਨ ਵਿਚ ਰਾਜਾ ਪੋਰਸ ਦੇ ਨਾਂ 'ਤੇ ਸੰਸਥਾ ਬਣੀ ਹੈ ਜੋ ਆਪਣੀਆਂ ਸੱਭਿਆਚਾਰਕ ਜੜ੍ਹਾਂ ਨੂੰ ਬਹੁਤ ਪਿੱਛੇ ਜਾ ਕੇ ਖੋਜਣਾ ਚਾਹੁੰਦੀ ਹੈ।

# ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰੀ ਰਾਖਾ ਸਭਨੀ ਥਾਈ
ਤਾ ਭਉ ਕੇਹਾ ਕਾੜਾ ਜੀਉ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ॥
ਜੀਅ ਜੰਤ ਸਭ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ
ਨਾਹੀ ਕਿਛੁ ਅਸਾੜਾ ਜੀਉ॥
ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ
ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਧਾਈ
ਨਾਨਕ ਜਿਤਾ ਬਿਖਾੜਾ ਜੀਉ॥

ਗੁਰਦੇਵ ਪਿਤਾ ਸ੍ਰੀ ਗੁਰੂ ਅਰਜਨ ਦੇਵ ਉਸ ਪ੍ਰਭੂ ਦੀ ਮਹਿਮਾ ਦਾ ਵਰਣਨ ਕਰਦੇ ਹਨ ਕਿ ਪ੍ਰਭੂ! ਆਪ ਹੀ ਮੇਰੇ ਪਿਤਾ ਹੋ, ਆਪ ਹੀ ਮੇਰੀ ਮਾਂ ਭੀ ਹੋ। ਆਪ ਹੀ ਮੇਰੇ ਸਭ ਰਿਸ਼ਤੇ ਨਾਤੇ ਹੋ ਅਤੇ ਆਪ ਹੀ ਮੇਰੇ ਭਰਾ ਭੀ ਹੋ। ਸੋ, ਹੇ ਮੇਰੇ ਪ੍ਰਭੂ ਜੀਉ! ਜਦੋਂ ਆਪ ਹੀ ਮੇਰੇ ਹਰ ਥਾਂ ਰਖਵਾਲੇ ਹੋ ਤਾਂ ਹੁਣ ਮੈਨੂੰ ਕੋਈ ਵੀ ਦੁਨਿਆਵੀ ਡਰ ਜਾਂ ਚਿੰਤਾ-ਫਿਕਰ ਨਹੀਂ ਸਤਾਉਂਦੇ, ਕਿਉਂਕਿ ਆਪ ਸਦਾ ਹੀ ਮੇਰੇ ਨਾਲ ਹੋ।

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ॥
ਤੁਝ ਬਿਨ ਦੂਜਾ ਅਵਰੁ ਨ ਕੋਈ
ਸਭੁ ਤੇਰਾ ਖੇਲੁ ਅਖਾੜਾ ਜੀਉ॥

ਹੇ ਮੇਰੇ ਪ੍ਰਭੂ ਜੀਉ! ਆਪ ਜੀ ਦੀ ਕ੍ਰਿਪਾ ਸਦਕਾ ਹੀ ਮੈਨੂੰ ਆਪ ਜੀ ਦੀ ਪਛਾਣ ਹੋਈ ਹੈ। ਆਪ ਜੀ ਹੀ ਮੇਰੀ ਓਟ, ਮੇਰਾ ਆਸਰਾ ਹੋ ਅਤੇ ਆਪ ਦੇ ਨਾਲ ਹੀ ਮੇਰਾ ਮਾਣ ਭੀ ਹੈ। ਹੇ ਮੇਰੇ ਪ੍ਰਭੂ ਜੀਉ! ਆਪ ਜੈਸਾ ਹੋਰ ਕੋਈ ਦੂਸਰਾ ਤਾਂ ਹੈ ਹੀ ਨਹੀਂ ਹੈ ਅਤੇ ਇਹ ਜੋ ਸੰਸਾਰ ਦਾ ਖੇਡ ਅਖਾੜਾ ਚੱਲ ਰਿਹਾ ਹੈ, ਇਹ ਭੀ ਤਾਂ ਆਪ ਦਾ ਹੀ ਚਲਾਇਆ ਹੋਇਆ ਚੱਲ ਰਿਹਾ ਹੈ।

ਜੀਅ ਜੰਤ ਸਭ ਤੁਧੁ ਉਪਾਏ॥
ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥
ਸਭ ਕਿਛੁ ਕੀਤਾ ਤੇਰਾ ਹੋਵੈ
ਨਾਹੀ ਕਿਛੁ ਅਸਾੜਾ ਜੀਉ॥

ਹੇ ਮੇਰੇ ਪ੍ਰਭੂ ਜੀਉ! ਇਸ ਸੰਸਾਰ ਦੇ ਜਿੰਨੇ ਵੀ ਜੀਅ-ਜੰਤ ਹਨ, ਇਹ ਵੀ ਤਾਂ ਸਭ ਆਪ ਜੀ ਦੇ ਹੀ ਪੈਦਾ ਕੀਤੇ ਹੋਏ ਹਨ ਅਤੇ ਜਿਸ ਕੰਮ ਵਿਚ ਜਿੱਥੇ ਜਿਵੇਂ ਆਪ ਜੀ ਦੀ ਮਰਜ਼ੀ ਹੋਈ, ਉਵੇਂ ਉਵੇਂ ਹੀ ਆਪ ਜੀ ਨੇ ਕੰਮਾਂ 'ਤੇ ਲਾਇਆ ਹੋਇਆ ਹੈ। ਹੇ ਪ੍ਰਭੂ ਜੀਉ! ਇਸ ਸ੍ਰਿਸ਼ਟੀ ਵਿਚ ਜੋ ਵੀ ਹੋ ਰਿਹਾ ਹੈ, ਉਹ ਵੀ ਸਭ ਆਪ ਜੀ ਦਾ ਕੀਤਾ ਅਤੇ ਆਪ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਸਾਡਾ ਸੰਸਾਰ ਦੇ ਜੀਵਾਂ ਦਾ ਤਾਂ ਕੋਈ ਵੀ ਕਿਤੇ ਜ਼ੋਰ ਨਹੀਂ ਚੱਲ ਸਕਦਾ। ਸੋ, ਇਹ ਜੋ ਦਿਖਾਈ ਦੇ ਰਿਹਾ ਹੈ, ਸਭ ਆਪ ਹੀ ਤਾਂ ਹੋ।


ਨਾਮੁ ਧਿਆਇ ਮਹਾ ਸੁਖੁ ਪਾਇਆ॥
ਹਰਿ ਗੁਣ ਗਾਇ
ਮੇਰਾ ਮਨੁ ਸੀਤਲਾਇਆ॥
ਗੁਰਿ ਪੂਰੈ ਵਜੀ ਵਧਾਈ
ਨਾਨਕ ਜਿਤਾ ਬਿਖਾੜਾ ਜੀਉ॥

ਹੁਣ ਗੁਰਦੇਵ ਸੰਸਾਰ ਦੇ ਜੀਵਾਂ ਨੂੰ ਸੰਬੋਧਨ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਕੇ ਮੈਨੂੰ ਬਹੁਤ ਵੱਡਾ ਆਤਮਿਕ ਸੁੱਖ ਪ੍ਰਾਪਤ ਹੋਇਆ ਹੈ ਅਤੇ ਉਸ ਪ੍ਰਮੇਸ਼ਵਰ ਪਿਤਾ ਦੇ ਗੁਣਾਂ ਦਾ ਗਾਇਨ ਕਰ ਕਰਕੇ ਮੇਰਾ ਮਨ ਸੀਤਲਾਇਆ ਭਾਵ ਠੰਢਾ-ਠਾਰ ਹੋ ਗਿਆ ਹੈ। ਇਸ ਲਈ ਇਹ ਨਾਨਕ ਆਖਦਾ ਹੈ ਕਿ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਹੀ ਵਜੀ ਵਧਾਈ, ਭਾਵ ਮੇਰੇ ਅੰਦਰ ਪ੍ਰਭੂ ਪ੍ਰਾਪਤੀ ਲਈ ਉਤਸ਼ਾਹ ਅਤੇ ਉਮਾਹ ਦਾ ਢੋਲ ਵੱਜ ਰਿਹਾ ਹੈ ਅਤੇ ਮੈਂ ਵਿਸ਼ਿਆਂ-ਵਿਕਾਰਾਂ ਦੇ ਅਖਾੜੇ ਵਿਚ ਜਿੱਤ ਪ੍ਰਾਪਤ ਕਰ ਲਈ ਹੈ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ, ਸੈਕਟਰਾਮੈਂਟੋ*
*ਫੋਨ: 916-687-3536*

ਸਿਆਸਤ ਦਾ ਪਿੜ



ਜਤਿੰਦਰ ਪਨੂੰ

# ਭਾਰਤੀ ਆਗੂ ਤੇ ਅਮਰੀਕੀ ਕੂਟਨੀਤੀ ਦਾ ਮੱਕੜਜਾਲ

**ਨਰਿੰਦਰ ਮੋਦੀ ਨੂੰ ਜਿੰਨਾ ਮਰਜ਼ੀ ਹਿੰਦੂ ਮਾਨਸਿਕਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਜਾਵੇ, ਭਾਜਪਾ ਆਪਣੇ ਸਿਰ 'ਤੇ ਭਾਰਤ ਵਿਚ ਸਰਕਾਰ ਬਣਾਉਣ ਜੋਗੀਆਂ ਸੀਟਾਂ ਨਹੀਂ ਲੈ ਸਕਦੀ ਅਤੇ ਜਿਹੜੇ ਭਾਈਵਾਲਾਂ ਦੀ ਮੱਦਦ ਨਾਲ ਸਰਕਾਰ ਬਣਾਉਣੀ ਪੈਣੀ ਹੈ, ਉਹ ਸਾਰੇ ਪ੍ਰਕਾਸ਼ ਸਿੰਘ ਬਾਦਲ ਦੀ ਕਿਸਮ ਦੇ ਨਹੀਂ ਹੁੰਦੇ ਕਿ ਮੋਦੀ ਦੇ ਵਰਤ-ਤਮਾਸ਼ੇ ਮੌਕੇ ਵੀ ਹਾਜ਼ਰੀ ਭਰਨ ਤੁਰ ਪੈਣ। ਨਿਤੀਸ਼ ਕੁਮਾਰ ਵਰਗੇ ਵੀ ਉਸ ਹਾਲਤ ਵਿਚ ਭਾਜਪਾ ਦੇ ਨਾਲ ਨਹੀਂ ਖੜੋਣ ਲੱਗੇ, ਤੇ ਸ਼ਾਇਦ ਤਾਮਿਲਨਾਡੂ ਦੀ ਕੋਈ ਧਿਰ ਵੀ ਇਸ ਸੂਰਤ ਵਿਚ ਉਨ੍ਹਾਂ ਦੇ ਨੇੜੇ ਲੱਗਣ ਲਈ ਸਹਿਮਤ ਨਾ ਹੋਵੇ।**

ਪਾਕਿਸਤਾਨ ਕਦੇ ਭਾਰਤ ਦਾ ਹਿੱਸਾ ਹੁੰਦਾ ਸੀ। ਜਦੋਂ ਇਹ ਵੱਖਰਾ ਦੇਸ਼ ਬਣਿਆ ਤਾਂ ਜ਼ਮੀਨੀ ਹਕੀਕਤਾਂ ਦੀ ਲੋੜ ਕਾਰਨ ਨਹੀਂ ਸੀ ਬਣਿਆ, ਬਰਤਾਨਵੀ ਸਾਮਰਾਜ ਦੀ ਲੰਮੇ ਸਮੇਂ ਦੀ ਸਾਜ਼ਿਸ਼ੀ ਸੋਚ ਦੇ ਅਧੀਨ ਬਣਾਇਆ ਗਿਆ ਸੀ। ਅਸੀਂ ਚਾਹੁੰਦੇ ਨਹੀਂ ਸੀ, ਪਰ ਜਦੋਂ ਬਣ ਗਿਆ ਤਾਂ ਅਸੀਂ ਇਸ ਦੀ ਹੋਂਦ ਨੂੰ ਕੋਈ ਚੁਣੌਤੀ ਪੇਸ਼ ਕਰਨ ਦੀ ਥਾਂ ਪ੍ਰਵਾਨ ਕਰ ਲਿਆ। ਫਿਰ ਵੀ ਉਹੋ ਜਿਹਾ ਭਾਵੇਂ ਇਹ ਨਹੀਂ ਬਣ ਸਕਿਆ, ਜਿੱਦਾਂ ਦਾ ਕੋਈ ਖੁਦਮੁਖਤਿਆਰ ਦੇਸ਼ ਹੋਣਾ ਚਾਹੀਦਾ ਹੈ, ਪਰ ਭਾਰਤ ਨਾਲ ਭੁੱਖਾਂ ਨੂੰ ਭੁਗਤਣ ਤੋਂ ਲੈ ਵਾਦੜੀਆਂ-ਸਜਾਦੜੀਆਂ ਨਿਭਾਉਣ ਤੀਕਰ ਦੀ ਬਰਾਬਰੀ ਅੱਜ ਵੀ ਪੂਰੀ ਹੈ। ਉਸ ਦੇ ਲੀਡਰ ਵੀ ਖਾਣ ਦੇ ਦੰਦ ਹੋਰ ਰੱਖਦੇ ਹਨ ਅਤੇ ਦਿਖਾਉਣ ਦੇ ਹੋਰ, ਜਿਵੇਂ ਭਾਰਤ ਦੇ ਲੀਡਰ ਰੱਖਦੇ ਹਨ। ਉਨ੍ਹਾਂ ਦੇ ਪਾਜ ਵੀ ਪੱਛਮੀ ਦੇਸ਼ਾਂ ਵਿਚ ਜਾ ਕੇ ਖੁੱਲ੍ਹਦੇ ਹਨ ਅਤੇ ਭਾਰਤ ਵਾਲਿਆਂ ਦੇ ਵੀ। ਇਹ ਗੱਲ ਇਸ ਹਫਤੇ ਉਦੋਂ ਸੱਚੀ ਸਾਬਤ ਹੋ ਗਈ, ਜਦੋਂ ਪਾਕਿਸਤਾਨ ਦੀ ਵਿਰੋਧੀ ਧਿਰ ਦੇ ਆਗੂ ਚੌਧਰੀ ਨਿਸਾਰ ਅਲੀ




ਖਾਨ ਨੂੰ ਇਹ ਗੱਲ ਮੰਨਣੀ ਪੈ ਗਈ ਕਿ ਉਸ ਦੇ ਆਪਣੇ ਪਰਵਾਰ ਦੇ ਜੀਅ ਅਮਰੀਕਾ ਦੇ ਨਾਗਰਿਕ ਹਨ। ਚੌਧਰੀ ਨਿਸਾਰ ਖਾਨ ਨੂੰ ਪਾਕਿਸਤਾਨ ਵਿਚ ਅਮਰੀਕਾ ਵਿਰੋਧੀ ਲਾਬੀ ਦਾ ਆਗੂ ਗਿਣਿਆ ਜਾਂਦਾ ਹੈ। ਭਾਰਤ ਵਿਚ ਵੀ ਇੱਦਾਂ ਦੇ ਬਥੇਰੇ ਹਨ, ਸਣੇ ਇੱਕ ਖੱਬੇ ਪੱਖੀ ਮੀਆਂ-ਬੀਵੀ ਦੇ ਜਿਹੜੇ ਅਮਰੀਕਾ ਦੇ ਵਿਰੋਧ ਵਿਚ ਝੰਡਾ ਚੁੱਕਣ ਨੂੰ ਹਮੇਸ਼ਾ ਤਿਆਰ ਰਹਿੰਦੇ ਹਨ, ਪਰ ਹਰ ਸਾਲ ਛੁੱਟੀਆਂ ਕੱਟਣ ਅਮਰੀਕਾ ਜਾਂਦੇ ਹਨ।

ਕਿਸ ਦੀ ਕਿਸ ਨਾਲ ਸਾਂਝ ਹੈ ਤੇ ਉਹ ਲੋਕਾਂ ਸਾਹਮਣੇ ਕੀ ਜ਼ਾਹਰ ਕਰਦਾ ਹੈ, ਇਹ ਗੱਲਾਂ ਪਿਛਲੇ ਸਮਿਆਂ ਵਿਚ ਦਹਾਕਿਆਂ ਬੱਧੀ ਭੇਤ ਰਹਿ ਜਾਂਦੀਆਂ ਸਨ, ਪਰ ਹੁਣ ਇੱਦਾਂ ਹੋਣਾ ਜ਼ਰੂਰੀ ਨਹੀਂ। ਕੋਈ ਗੱਲ ਕਦੋਂ ਜ਼ਾਹਰ ਹੋ ਜਾਵੇ, ਇਸ ਦੀ ਸਮਾਂ ਸੀਮਾ ਹੁਣ ਕੋਈ ਨਹੀਂ ਮਿਥ ਸਕਦਾ। ਇੰਟਰਨੈੱਟ ਦੇ ਯੁੱਗ ਵਿਚ ਆਮ ਲੋਕਾਂ ਦੀ ਜੀਵਨ ਦੀ ਨਿੱਜਤਾ ਵੀ ਬਾਹਲੀ ਨਹੀਂ ਰਹਿ ਗਈ। ਕੋਈ ਉਨ੍ਹਾਂ ਦੇ ਫੋਨ ਸੁਣ ਸਕਦਾ ਹੈ, ਈਮੇਲ ਦਾ ਪਾਸਵਰਡ ਹੈਕ ਕਰ ਕੇ ਉਨ੍ਹਾਂ ਦਾ ਚਿੱਠੀ-ਪੱਤਰ ਪੜ੍ਹ ਸਕਦਾ ਹੈ ਤੇ ਗੁਪਤ ਸਰਕਾਰੀ ਫਾਈਲਾਂ ਤੱਕ ਫੋਲ ਸਕਦਾ ਹੈ। ਵਿਕੀਲੀਕਸ ਦੇ ਇਕੋ ਹੱਲੇ ਨੇ ਇਸ ਮਾਮਲੇ ਵਿਚ ਅਮਰੀਕਾ ਵਰਗੀ ਮਹਾਂ ਸ਼ਕਤੀ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ।

ਇਹ ਹਾਲਤ ਬਣਨ ਦੇ ਬਾਅਦ ਆਗੂਆਂ ਨੂੰ ਸਮਝ ਕਰਨੀ ਚਾਹੀਦੀ ਹੈ ਅਤੇ ਹਕੀਕਤਾਂ ਪਛਾਣ ਕੇ ਬੋਲਣਾ ਚਾਹੀਦਾ ਹੈ, ਪਰ ਉਹ ਅਜੇ ਵੀ ਅਕਲ ਦਾ ਪੱਲਾ ਫੜ ਕੇ ਤੁਰਨ ਦਾ ਇਰਾਦਾ ਕਰਦੇ ਨਹੀਂ ਜਾਪਦੇ। ਇਸ ਦਾ ਸਭ ਤੋਂ ਵੱਡਾ ਸਬੂਤ ਇਹੋ ਹੈ ਕਿ ਜਦੋਂ ਵੀ ਕਿਸੇ ਆਗੂ ਬਾਰੇ ਕੋਈ ਖੁਲਾਸਾ ਹੁੰਦਾ ਹੈ, ਉਹ ਵਿਕੀਲੀਕਸ ਦੇ ਮੁਖੀ ਜੂਲੀਅਨ ਅਸਾਂਜ ਦੇ ਮਗਰ ਡਾਂਗ ਚੁੱਕ ਕੇ ਦੌੜ ਪੈਂਦਾ ਹੈ, ਜਦ ਕਿ ਉਸ ਨੇ ਕੁਝ ਕਿਹਾ ਹੀ ਨਹੀਂ ਹੁੰਦਾ, ਸਿਰਫ ਹੱਥ ਲੱਗਾ ਕੋਈ ਨਾ ਕੋਈ ਅਮਰੀਕੀ ਕਾਗਜ਼ ਪੜ੍ਹਿਆ ਹੁੰਦਾ ਹੈ। ਹਰ ਮਾਮਲੇ ਵਿਚ ਉਹ ਇਹ ਕਹਿ ਦਿੰਦਾ ਹੈ ਕਿ ਇਹ ਉਹ ਸੂਚਨਾ ਹੈ ਜਿਹੜੀ ਅਮਰੀਕਾ ਦੇ ਜਾਂ ਕਿਸੇ ਹੋਰ ਦੇਸ਼ ਦੇ ਫਲਾਣੇ ਅਧਿਕਾਰੀ ਨੇ ਆਪਣੀ ਸਰਕਾਰ ਨੂੰ ਭੇਜੀ ਸੀ। ਜਿਨ੍ਹਾਂ ਦਾ ਨਾਂ ਉਹ ਲੈਂਦਾ ਹੈ, ਉਹ ਇਸ ਦਾ ਖੰਡਨ ਨਹੀਂ ਕਰਦੇ। ਜਦੋਂ ਉਹ ਹੀ ਖੰਡਨ ਨਹੀਂ ਕਰਦੇ, ਇਕ ਤਰ੍ਹਾਂ ਨਾਲ ਮੰਨ ਲੈਂਦੇ ਹਨ ਕਿ ਇਹ ਸੂਚਨਾ ਉਨ੍ਹਾਂ ਨੇ ਭੇਜੀ ਸੀ ਤਾਂ ਸਾਡੇ ਆਗੂ ਵੀ ਅਸਾਂਜ ਦੇ ਵਿਰੁੱਧ ਭੜਕਣ ਦੀ ਥਾਂ ਅਮਰੀਕੀਆਂ ਨੂੰ ਪੁੱਛਣ, ਪਰ ਇੱਦਾਂ ਕਰਨ ਦੀ ਹਿੰਮਤ ਉਹ ਕਦੇ ਨਹੀਂ ਕਰਦੇ।

ਮਿਸਾਲ ਵਜੋਂ ਪਿਛਲੇ ਹਫਤੇ ਦੇ ਇਕ ਦਿਨ ਇਕ ਸੂਚਨਾ ਵਿਕੀਲੀਕਸ ਨੇ ਜਾਰੀ ਕੀਤੀ ਕਿ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਸੈਂਡਲ ਮੰਗਾਉਣ ਲਈ ਆਪਣੇ ਰਾਜ ਦਾ ਸਰਕਾਰੀ ਹਵਾਈ ਜਹਾਜ਼ ਲਖਨਊ ਤੋਂ ਮੁੰਬਈ ਭੇਜਿਆ ਸੀ। ਬੀਬੀ ਮਾਇਆਵਤੀ ਨੇ ਅਗਲੇ ਦਿਨ ਪ੍ਰੈੱਸ ਕਾਨਫਰੰਸ ਕਰ ਕੇ ਕਹਿ ਦਿੱਤਾ ਕਿ ਜੂਲੀਅਨ ਅਸਾਂਜ ਪਾਗਲ ਹੋ ਗਿਆ ਹੈ, ਉਸ ਨੂੰ ਪਾਗਲਖਾਨੇ ਭੇਜ ਦੇਣਾ ਚਾਹੀਦਾ ਹੈ। ਨਾਲ ਇਹ ਵੀ ਕਹਿ ਦਿੱਤਾ ਕਿ ਜੇ ਉਥੇ ਚੰਗਾ ਪਾਗਲਖਾਨਾ ਨਹੀਂ ਤਾਂ ਇੱਧਰ ਭੇਜ ਦੇਣ, ਆਗਰੇ ਦੇ ਪਾਗਲਖਾਨੇ ਦਾਖਲ ਕਰਵਾਇਆ ਜਾ ਸਕਦਾ ਹੈ। ਅਸਾਂਜ ਨੂੰ ਮਜ਼ਾਕ ਉਡਾਉਣ ਦਾ ਹੋਰ ਮੌਕਾ ਮਿਲ ਗਿਆ। ਉਸ ਨੇ ਕਿਹਾ ਕਿ ਬੀਬੀ ਮਾਇਆਵਤੀ ਜਹਾਜ਼ ਭੇਜ ਦੇਵੇ, ਉਹ ਆਪ ਹੀ ਆਗਰੇ ਆਉਣ ਲਈ ਤਿਆਰ ਹੈ, ਨਾਲੇ ਉਸ ਦੇ ਲਈ ਸੋਹਣਾ ਜਿਹਾ ਸੈਂਡਲਾਂ ਦਾ ਜੋੜਾ ਵੀ ਲੈ ਕੇ ਆਵੇਗਾ। ਇਹ ਮਜ਼ਾਕ ਉਡਾਉਣ ਦਾ ਮੌਕਾ ਕਦੇ ਨਾ ਮਿਲਦਾ, ਜੇ ਬੀਬੀ ਸਿਰ ਨਾਲ ਸੋਚਦੀ ਜਾਂ ਉਸ ਦੇ ਸਲਾਹਕਾਰ ਉਸ ਨੂੰ ਇਹ ਦੱਸਣ ਦੀ ਹਿੰਮਤ ਕਰਦੇ ਕਿ ਸੈਂਡਲਾਂ ਵਾਲੀ ਗੱਲ ਅਸਾਂਜ ਨੇ ਆਪ ਨਹੀਂ ਕਹੀ, ਉਸ ਨੇ ਤਾਂ ਦੱਸਿਆ ਹੈ ਕਿ ਇਕ ਅਮਰੀਕੀ ਅਧਿਕਾਰੀ ਨੇ ਆਪਣੀ ਸਰਕਾਰ ਨੂੰ ਇਹ 'ਸੂਚਨਾ' ਭੇਜੀ ਹੈ ਕਿ ਯੂ.ਪੀ. ਦੀ ਮੁੱਖ ਮੰਤਰੀ ਇਹੋ ਜਿਹਾ ਰਾਜ ਚਲਾ ਰਹੀ ਹੈ। ਬੀਬੀ ਨੂੰ ਚਾਹੀਦਾ ਸੀ ਕਿ ਉਹ ਅਮਰੀਕੀ ਅਧਿਕਾਰੀਆਂ ਦੀ ਨਿੰਦਾ ਕਰਦੀ ਕਿ ਉਹ ਉਸ ਬਾਰੇ ਇਹੋ ਜਿਹੀਆਂ ਅਫਵਾਹਾਂ ਉਡਾਉਂਦੇ ਹਨ ਜਾਂ ਉਸ ਦੀ ਨਿੰਜੀ ਜ਼ਿੰਦਗੀ ਵਿਚ ਝਾਕਦੇ ਹਨ, ਪਰ ਉਹ ਗਲਤ ਪਾਸੇ ਵੱਲ ਨਿਸ਼ਾਨੇ ਲਾਉਣ ਲੱਗ ਪਈ।

ਇਉਂ ਪਹਿਲੀ ਵਾਰ ਨਹੀਂ ਹੋਇਆ। ਭਾਰਤ ਦੇ ਕਈ ਆਗੂਆਂ ਨੇ ਵਿਕੀਲੀਕਸ ਦੇ ਖੁਲਾਸਿਆਂ ਨੂੰ ਲੈ ਕੇ ਇਹੋ ਕੁਝ ਕੀਤਾ ਹੋਇਆ ਹੈ। ਉਹ ਕਦੇ ਵੀ ਅਮਰੀਕਾ ਨੂੰ ਨਹੀਂ ਕਹਿੰਦੇ ਕਿ ਉਹ ਝੂਠ ਬੋਲਦਾ ਹੈ। ਇਸ ਦਾ ਕਾਰਨ ਜਾਂ ਤਾਂ ਇਹ ਡਰ ਹੋ ਸਕਦਾ ਹੈ ਕਿ ਅਮਰੀਕਾ ਵਾਲੇ ਬਾਕੀ ਰਹਿੰਦੇ ਪਰਦੇ ਚਾਕ ਕਰ ਦੇਣਗੇ ਜਾਂ ਉਸ ਵੱਲੋਂ ਕਿਸੇ ਗੁੱਝੀ ਠਿੱਬੀ ਲਾਏ ਜਾਣ ਤੋਂ ਤ੍ਰਹਿਕਦੇ ਹਨ। ਕਾਰਨ ਕੁਝ ਵੀ ਹੋਵੇ, ਬੋਲਦੇ ਉਸ ਦੇ ਅੱਗੇ ਬਿਲਕੁਲ ਨਹੀਂ। ਜਿਹੜਾ ਕੰਮ ਉਹ ਕਰਦੇ ਹਨ, ਉਹ ਸਿਰਫ ਇੰਨਾ ਕੁ ਹੈ ਕਿ ਵਿਕੀਲੀਕਸ ਵੱਲੋਂ ਬੇਪਰਦ ਹੋਈਆਂ ਚਿੱਠੀਆਂ ਨੂੰ ਲੈ ਕੇ ਉਹ ਇਕ ਦੂਜੇ ਵਿਰੁੱਧ ਬਿਆਨ ਦੇ ਕੇ ਸਪੱਸ਼ਟੀਕਰਨ ਮੰਗਦੇ ਹਨ ਅਤੇ ਆਪਣੇ ਬਾਰੇ ਕਹੀਆਂ ਗੱਲਾਂ ਰੱਦ ਕਰ ਛੱਡਦੇ ਹਨ।

ਪਿਛਲੇ ਸਾਲ ਵਿਕੀਲੀਕਸ ਦੇ ਖੁਲਾਸਿਆਂ ਤੋਂ ਪਤਾ ਲੱਗਾ ਕਿ ਭਾਰਤ-ਅਮਰੀਕਾ ਐਟਮੀ ਸਮਝੌਤੇ ਦੇ ਸਵਾਲ ਉੱਤੇ ਕਾਂਗਰਸ ਪਾਰਟੀ ਦੇ ਲੀਡਰ ਵੇਲੇ-ਕੁਵੇਲੇ ਜਾ ਕੇ ਅਮਰੀਕੀ ਰਾਜਦੂਤ ਨੂੰ ਦੱਸਦੇ ਰਹੇ ਸਨ ਕਿ ਇਸ ਦਾ ਵਿਰੋਧ ਕੌਣ ਕਰ ਰਿਹਾ ਹੈ ਤੇ ਹਮਾਇਤ ਵਿਚ ਕੌਣ ਖੜੋਵੇਗਾ? ਕਾਂਗਰਸੀ ਆਗੂਆਂ ਵੱਲੋਂ ਇਸ ਤਰ੍ਹਾਂ ਕਰਨਾ ਹਰ ਤਰ੍ਹਾਂ ਨਾਲ ਸਿਰੇ ਦਾ ਗਲਤ ਕੰਮ ਸੀ। ਇਸ ਦੇ ਸਵਾਲ ਉੱਤੇ ਜਦੋਂ ਵਿਰੋਧੀ ਧਿਰ ਨੇ ਹੰਗਾਮਾ ਕੀਤਾ, ਭਾਰਤੀ ਜਨਤਾ ਪਾਰਟੀ ਸਾਰਿਆਂ ਤੋਂ ਅੱਗੇ ਸੀ। ਦਿਨ ਥੋੜ੍ਹੇ ਬੀਤੇ ਸਨ ਕਿ ਵਿਕੀਲੀਕਸ ਨੇ ਨਵੀਂ ਸੂਚਨਾ ਲੀਕ ਕਰ ਦਿੱਤੀ। ਬਹੁਤ ਵੱਡਾ ਭੇਤ ਇਸ ਨਵੀਂ ਸੂਚਨਾ ਨੇ ਇਹ ਖੋਲ੍ਹਿਆ ਕਿ ਭਾਜਪਾ ਦੇ ਲੀਡਰ ਵੀ ਜਾ ਕੇ ਅਮਰੀਕੀ ਰਾਜਦੂਤ ਨੂੰ ਆਖ ਆਏ ਸਨ ਕਿ ਵਿਰੋਧ ਸਾਡਾ ਮਨਮੋਹਨ ਸਿੰਘ ਦੀ ਸਰਕਾਰ ਨਾਲ ਹੈ, ਜੇ ਸਾਡੀ ਸਰਕਾਰ ਬਣ ਗਈ, ਇਸ ਸਮਝੌਤੇ ਉਤੇ ਅਮਲ ਅਸੀਂ ਵੀ ਇੱਦਾਂ ਹੀ ਕਰਦੇ ਰਹਾਂਗੇ। ਸਾਫ ਹੈ ਕਿ ਇਹੋ ਜਿਹੀ ਗੱਲ ਸਾਹਮਣੇ ਆਉਣ ਤੋਂ ਬਾਅਦ ਦੋਵਾਂ ਵਿਚੋਂ ਕੋਈ ਧਿਰ ਵੀ ਦੂਸਰੀ ਨੂੰ ਮਿਹਣਾ ਮਾਰਨ ਜੋਗੀ ਨਹੀਂ ਸੀ ਰਹਿ ਗਈ, ਪਰ ਆਪਣੀ ਗਲਤੀ ਕਿਸੇ ਨੇ ਨਹੀਂ ਸੀ ਮੰਨੀ ਕਿ ਉਹ ਦੇਸ਼ ਦੀ ਰਾਜਨੀਤੀ ਦੇ ਰਾਜ਼ ਅਮਰੀਕੀਆਂ ਨੂੰ ਦੱਸਦੇ ਰਹੇ ਸਨ ਸਗੋਂ ਵਿਕੀਲੀਕਸ ਦੇ ਮੁਖੀ ਨੂੰ 'ਝੂਠ ਬੋਲਦਾ' ਕਹਿਣ ਲੱਗ ਪਏ ਸਨ। ਕਿਸੇ ਦੇ ਮੂੰਹੋਂ ਇੰਨਾ ਵੀ ਨਾ ਨਿਕਲਿਆ ਕਿ ਨਿੱਜੀ ਗੱਲਬਾਤ ਨੂੰ ਅਮਰੀਕੀ ਰਾਜਦੂਤ ਆਪਣੇ ਦੇਸ਼ ਦੀ ਕੂਟਨੀਤੀ ਵਾਸਤੇ ਕਿਉਂ ਵਰਤਦੇ ਹਨ? ਅਸਲ ਵਿਚ ਉਹ ਕਹਿਣ ਜੋਗੇ ਹੀ ਨਹੀਂ ਸਨ।

ਭਾਰਤੀ ਰਾਜਨੀਤੀ ਇਕ ਤਰ੍ਹਾਂ ਨਾਲ ਅਮਰੀਕੀ ਸਰਟੀਫਿਕੇਟਾਂ ਦੀ ਮੁਥਾਜ ਹੋਈ ਪਈ ਹੈ। ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇਕ ਵਾਰੀ ਅਮਰੀਕਾ ਜਾਣਾ ਸੀ ਤਾਂ ਅਗਲਿਆਂ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਇਸ ਨੂੰ ਲੈ ਕੇ ਭਾਜਪਾ ਵਾਲੇ ਭਾਰਤ ਸਰਕਾਰ ਨੂੰ ਦੋਸ਼ ਦਿੰਦੇ ਰਹੇ ਕਿ ਉਸ ਨੇ ਨਰਿੰਦਰ ਮੋਦੀ ਦੀ ਵਿਦੇਸ਼ਾਂ ਵਿਚ ਬਦਨਾਮੀ ਕੀਤੀ ਹੈ ਜਿਸ ਕਾਰਨ ਅਜਿਹਾ ਵਾਪਰਿਆ ਹੈ ਤੇ ਦੂਜੇ ਲੋਕ ਇਹ ਕਹਿਣ ਕਿ ਅਮਰੀਕਾ ਦੀ ਸਰਕਾਰ ਵੀ ਮੰਨਦੀ ਹੈ ਕਿ ਨਰਿੰਦਰ ਮੋਦੀ ਬੇਗੁਨਾਹਾਂ ਦੇ ਕਤਲ ਕਰਵਾਉਣ ਵਾਲਾ ਬੰਦਾ ਹੈ। ਕੁਝ ਸਮਾਂ ਪਾ ਕੇ ਅਮਰੀਕਾ ਦੀ ਇਕ ਕਮੇਟੀ ਨੇ ਇਹ ਰਿਪੋਰਟ ਦੇ ਦਿੱਤੀ ਕਿ ਨਰਿੰਦਰ ਮੋਦੀ ਨੇ ਗੁਜਰਾਤ ਵਿਚ ਵਿਕਾਸ ਦੇ ਕੰਮ ਬਹੁਤ ਕੀਤੇ ਹਨ ਤਾਂ ਭਾਜਪਾ ਇਸ ਰਿਪੋਰਟ ਨੂੰ ਲੈ ਕੇ ਮੋਦੀ ਨੂੰ ਭਾਰਤ ਦਾ ਭਵਿੱਖ ਬਣਾਉਣ ਤੁਰ ਪਈ ਅਤੇ ਦੂਜੇ ਲੋਕ ਇਹ ਕਹਿਣ ਲੱਗ ਪਏ ਕਿ ਅਮਰੀਕਾ ਦੀ ਰਿਪੋਰਟ ਠੀਕ ਨਹੀਂ ਹੈ। ਇਹ ਸਾਰਾ ਕੁਝ ਦੇਖ ਕੇ ਪੂਰੇ ਦਾ ਪੂਰਾ ਭਾਰਤ ਅਮਰੀਕਾ ਦੇ ਧੁਰੇ ਦੁਆਲੇ ਘੁੰਮ ਰਿਹਾ ਜਾਪਦਾ ਹੈ।

ਹੁਣ ਅਮਰੀਕਾ ਨੇ ਇਹ ਆਖ ਦਿੱਤਾ ਹੈ ਕਿ ਅਗਲੀਆਂ ਪਾਰਲੀਮੈਂਟ ਚੋਣਾਂ ਮੌਕੇ ਭਾਰਤੀ ਰਾਜਨੀਤੀ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਦੇ ਵਿਚਾਲੇ ਫੁੱਟਬਾਲ ਬਣ ਕੇ ਰਹਿ ਜਾਵੇਗੀ। ਇਸ ਨੂੰ ਲੈ ਕੇ ਮੋਦੀ ਦੇ ਕੁਝ ਚਮਚੇ ਚਾਂਭਲੇ ਫਿਰਦੇ ਹਨ ਅਤੇ ਕਾਂਗਰਸੀ ਕਾਕੇ ਦੇ ਕੁਝ ਬਜ਼ੁਰਗ ਚਾਪਲੂਸ ਇਹ ਕਹਿ ਰਹੇ ਹਨ ਕਿ ਅਮਰੀਕਾ ਦੀ ਗੱਲ ਠੀਕ ਹੈ, ਅਗਲੀਆਂ ਚੋਣਾਂ ਵਿਚ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣ ਸਕਦੇ ਹਨ। ਦੋਵੇਂ ਪਾਸਿਆਂ ਦੇ ਢੰਡੋਰਚੀ ਇਹ ਗੱਲ ਕਹਿਣ ਵੇਲੇ ਕੁਝ ਹੋਰ ਗੱਲਾਂ ਭੁੱਲ ਜਾਂਦੇ ਹਨ। ਪਹਿਲੀ ਤਾਂ ਨਰਿੰਦਰ ਮੋਦੀ ਬਾਰੇ ਹੈ ਕਿ ਉਸ ਨੂੰ ਜਿੰਨਾ ਮਰਜ਼ੀ ਹਿੰਦੂ ਮਾਨਸਿਕਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਜਾਵੇ, ਭਾਜਪਾ ਆਪਣੇ ਸਿਰ ਭਾਰਤ ਵਿਚ ਸਰਕਾਰ ਬਣਾਉਣ ਜੋਗੀਆਂ ਸੀਟਾਂ ਨਹੀਂ ਲੈ ਸਕਦੀ ਅਤੇ ਜਿਹੜੇ ਭਾਈਵਾਲਾਂ ਦੀ ਮੱਦਦ ਨਾਲ ਸਰਕਾਰ ਬਣਾਉਣੀ ਪੈਣੀ ਹੈ, ਉਹ ਸਾਰੇ ਪ੍ਰਕਾਸ਼ ਸਿੰਘ ਬਾਦਲ ਦੀ ਕਿਸਮ ਦੇ ਨਹੀਂ ਹੁੰਦੇ ਕਿ ਮੋਦੀ ਦੇ ਵਰਤ-ਤਮਾਸ਼ੇ ਮੌਕੇ ਵੀ ਹਾਜ਼ਰੀ ਭਰਨ ਤੁਰ ਪੈਣ। ਨਿਤੀਸ਼ ਕੁਮਾਰ ਵਰਗੇ ਵੀ ਉਸ ਹਾਲਤ ਵਿਚ ਭਾਜਪਾ ਦੇ ਨਾਲ ਨਹੀਂ ਖੜੋਣ ਲੱਗੇ, ਤੇ ਸ਼ਾਇਦ ਤਾਮਿਲ ਨਾਡੂ ਦੀ ਕੋਈ ਧਿਰ ਵੀ ਇਸ ਸੂਰਤ ਵਿਚ ਉਨ੍ਹਾਂ ਦੇ ਨੇੜੇ ਲੱਗਣ ਲਈ ਸਹਿਮਤ ਨਾ ਹੋਵੇ।

ਦੂਜੇ ਪਾਸੇ ਜਿਹੜੇ ਕਾਂਗਰਸੀ ਆਗੂ ਰਾਹੁਲ ਗਾਂਧੀ ਬਾਰੇ ਇਸ ਅਮਰੀਕੀ ਟਿੱਪਣੀ ਨੂੰ ਲੈ ਕੇ ਨੱਚੀ ਜਾਂਦੇ ਹਨ, ਉਨ੍ਹਾਂ ਨੂੰ ਵੀ ਇਹ ਨਹੀਂ ਪਤਾ ਕਿ ਇਕ ਰਿਪੋਰਟ ਵਿਚ ਜੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਅੱਗੇ ਆਉਣ ਵਾਲਾ ਉਮੀਦਵਾਰ ਆਖਿਆ ਗਿਆ ਹੈ ਤਾਂ ਦੂਜੀ ਰਿਪੋਰਟ ਵਿਚ ਅਮਰੀਕਾ ਨੇ ਇਹ ਵੀ ਕਿਹਾ ਹੈ ਕਿ ਬਹੁਤੇ ਕਾਂਗਰਸੀ ਲੀਡਰ ਰਾਹੁਲ ਗਾਂਧੀ ਨੂੰ ਬਿਨਾਂ ਸੂਝ ਤੋਂ ਐਵੇਂ ਤੁਰਿਆ ਫਿਰਦਾ ਮੰਨਦੇ ਹਨ। ਜਿਹੜੇ ਕਾਂਗਰਸ ਵਾਲੇ ਉਸ ਵਾਸਤੇ ਇਹ ਦੂਜੀ ਰਾਏ ਰੱਖਦੇ ਹਨ, ਉਨ੍ਹਾਂ ਵਿਚੋਂ ਕੱਲ੍ਹ ਨੂੰ ਕੋਈ ਸ਼ਰਦ ਪਵਾਰ ਜਾਂ ਪੀ.ਏ. ਸੰਗਮਾ ਨਿਕਲ ਸਕਦਾ ਹੈ। ਹੋਣ ਨੂੰ ਇਹ ਵੀ ਹੋ ਸਕਦਾ ਹੈ ਕਿ ਇਹੋ ਜਿਹੀਆਂ ਰਿਪੋਰਟਾਂ ਰਾਹੀਂ ਅਮਰੀਕਾ ਵਾਲੇ ਆਪ ਹੀ ਇਹ ਹਾਲਾਤ ਸਿਰਜਣ ਦਾ ਯਤਨ ਕਰ ਰਹੇ ਹੋਣ ਕਿ ਅਗਲੀਆਂ ਚੋਣਾਂ ਵਿਚ ਇਹ ਨਕਸ਼ਾ ਬਣ ਜਾਵੇ।

ਅਮਰੀਕੀ ਨੀਤੀ ਸਿਰਫ ਇੱਥੋਂ ਤੱਕ ਨਹੀਂ ਰਹਿੰਦੀ, ਬਹੁਤ ਅੱਗੇ ਤੱਕ ਜਾਂਦੀ ਹੈ। ਉਥੇ ਬੈਠੇ ਹੋਏ ਉਹ ਇਹ ਵੀ ਰਿਪੋਰਟਾਂ ਤਿਆਰ ਕਰਦੇ ਹਨ ਕਿ ਭਾਰਤ ਦੇ ਫਲਾਣੇ ਇਲਾਕੇ ਵਿਚ ਸੋਕਾ ਪੈ ਸਕਦਾ ਹੈ ਤੇ ਫਲਾਣੇ ਇਲਾਕੇ ਵਿਚ ਭੁਚਾਲ ਆਉਣ ਦੀ ਸੰਭਾਵਨਾ ਹੋ ਸਕਦੀ ਹੈ। ਭਾਰਤ ਵਿਚ ਸੋਕਾ ਪਵੇ ਜਾਂ ਹੜ੍ਹ ਆ ਜਾਵੇ, ਇਹ ਭਾਰਤ ਸਰਕਾਰ ਦੀ ਜ਼ਿਮੇਵਾਰੀ ਹੋਣੀ ਚਾਹੀਦੀ ਹੈ, ਅਮਰੀਕਾ ਨੂੰ ਇਸ ਦਾ ਇੰਨਾ ਫਿਕਰ ਨਹੀਂ ਹੋਣਾ ਚਾਹੀਦਾ। ਉਸ ਦੇ ਫਿਕਰਾਂ ਦੇ ਪ੍ਰਸੰਗ ਵਿਚ ਦੋ ਹੋਰ ਬਹੁਤ ਪੁਰਾਣੀਆਂ ਅਮਰੀਕੀ ਰਿਪੋਰਟਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ ਜਿਨ੍ਹਾਂ ਨਾਲ ਅੱਜ ਦੇ ਪ੍ਰਸੰਗ ਨੂੰ ਸਮਝਿਆ ਜਾ ਸਕਦਾ ਹੈ।

ਇਕ ਤਾਂ ਇਹ ਕਿ ਜਦੋਂ ਨਰਸਿਮਹਾ ਰਾਓ ਤੋਂ ਬਾਅਦ ਦੇਸ਼ ਵਿਚ ਪੱਕੀ ਸਰਕਾਰ ਦੀ ਹੋਂਦ ਸਵਾਲੀਆ ਨਿਸ਼ਾਨਾਂ ਦੇ ਘੇਰੇ ਵਿਚ ਸੀ, ਉਦੋਂ ਭਾਰਤੀ ਜਨਤਾ ਪਾਰਟੀ ਬਾਰੇ ਅਮਰੀਕਾ ਦੀ ਇਕ ਰਿਪੋਰਟ ਲੀਕ ਹੋ ਗਈ ਜਿਸ ਵਿਚ ਉਦੋਂ ਦੇ ਭਾਜਪਾ ਜਨਰਲ ਸਕੱਤਰ ਗੋਵਿੰਦਾਚਾਰੀਆ ਨੇ ਕਿਹਾ ਸੀ ਕਿ ਅਟਲ ਬਿਹਾਰੀ ਵਾਜਪਾਈ ਸਾਡੀ ਪਾਰਟੀ ਦਾ ਮੁੱਖੜਾ ਨਹੀਂ, ਸਿਰਫ ਮੁਖੌਟਾ ਹੈ। ਇਸ ਨਾਲ ਭਾਜਪਾ ਵਿਚ ਬਹੁਤ ਵੱਡਾ ਘਮਸਾਨ ਮੱਚਿਆ, ਕਿਉਂਕਿ ਵਾਜਪਾਈ ਨੂੰ ਸਿਰਫ ਮੁਖੌਟਾ ਦੱਸ ਕੇ ਪਾਰਟੀ ਅਤੇ ਆਰ.ਐਸ.ਐਸ. ਦਾ ਅਸਲ ਮੁੱਖੜਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਦੱਸਿਆ ਗਿਆ ਸੀ। ਵਾਜਪਾਈ ਨੇ ਉਦੋਂ ਬਿਲਕੁਲ ਠੀਕ ਨਿਸ਼ਾਨਾ ਮਾਰਿਆ ਸੀ। ਉਸ ਨੇ ਅਮਰੀਕੀ ਰਾਜਦੂਤ ਨੂੰ ਇਸ ਟਿੱਪਣੀ ਲਈ ਮੰਦਾ ਬੋਲਣ ਦੀ ਥਾਂ ਆਪਣੀ ਪਾਰਟੀ ਦੇ ਅੰਦਰ ਇਹ ਮੁੱਦਾ ਖੜ੍ਹਾ ਕੀਤਾ ਕਿ ਇਕ ਤਾਂ ਪਾਰਟੀ ਦੇ ਲੀਡਰ ਉਸ ਨੂੰ ਸਿਰਫ ਮੁਖੌਟਾ ਮੰਨਦੇ ਹਨ ਅਤੇ ਦੂਜਾ ਇਹ ਲੀਡਰ ਘਰ ਦੀਆਂ ਗੱਲਾਂ ਅਮਰੀਕੀ ਰਾਜਦੂਤਾਂ ਨੂੰ ਦੱਸਣ ਜਾਂਦੇ ਹਨ।

ਦੂਸਰੀ ਪੁਰਾਣੀ ਰਿਪੋਰਟ ਇੰਦਰਾ ਗਾਂਧੀ ਬਾਰੇ ਆਈ ਸੀ। ਜਦੋਂ ਇੰਦਰਾ ਗਾਂਧੀ ਨੂੰ ਜ਼ੁਕਾਮ ਤੱਕ ਦੀ ਬਿਮਾਰੀ ਨਹੀਂ ਸੀ, ਉਦੋਂ ਅਮਰੀਕਾ ਦੀ ਸਰਕਾਰ ਨਾਲ ਜੁੜੇ ਹੋਏ ਇਕ ਥਿੰਕ-ਟੈਂਕ ਨੇ ਇਹ ਲੇਖਾ-ਜੋਖਾ ਕਰ ਦਿੱਤਾ ਸੀ ਕਿ ਉਸ ਦੀ ਮੌਤ ਹੋਣ ਦਾ ਭਾਰਤ ਦੀ ਰਾਜਨੀਤੀ ਉੱਤੇ ਕੀ ਅਸਰ ਹੋਵੇਗਾ? ਰਿਪੋਰਟ ਇੱਥੋਂ ਤੱਕ ਜਾਂਦੀ ਸੀ ਕਿ ਇੰਦਰਾ ਗਾਂਧੀ ਦੀ ਮੌਤ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਹੋਈ ਤਾਂ ਕੀ ਅਸਰ ਪਵੇਗਾ, ਤੇ ਜੇ ਬਾਅਦ ਵਿਚ ਹੋਈ ਤਾਂ ਕੀ ਅਸਰ ਪਾ ਸਕੇਗੀ? ਇਹ ਵੀ ਇਸ ਰਿਪੋਰਟ ਦਾ ਹਿੱਸਾ ਸੀ ਕਿ ਜੇ ਇੰਦਰਾ ਗਾਂਧੀ ਦੀ ਮੌਤ ਕੁਦਰਤੀ ਕਾਰਨਾਂ ਕਰ ਕੇ ਹੋਈ ਤਾਂ ਕੀ ਅਸਰ ਪਾਵੇਗੀ ਅਤੇ ਜੇ ਗੈਰ-ਕੁਦਰਤੀ ਢੰਗ ਨਾਲ ਅਣਿਆਈ ਮੌਤ ਆ ਗਈ ਤਾਂ ਦੇਸ਼ ਦੀ ਰਾਜਨੀਤੀ ਉੱਤੇ ਕੀ ਅਸਰ ਪੈ ਸਕਦਾ ਹੈ? ਲੋਕ ਹੈਰਾਨ ਸਨ ਕਿ ਇਹ ਰਿਪੋਰਟ ਤਿਆਰ ਕਰਵਾਉਣ ਦੀ ਅਮਰੀਕਾ ਨੂੰ ਕੀ ਲੋੜ ਪੈ ਗਈ ਸੀ? ਸਾਫ ਹੈ ਕਿ ਅਮਰੀਕਾ ਵਾਲੇ ਹਰ ਵੇਲੇ ਹਰ ਪਾਸੇ ਨਜ਼ਰ ਗੱਡੀ ਰੱਖਦੇ ਹਨ ਕਿ ਕਿੱਥੇ ਕੀ ਹੋ ਰਿਹਾ ਹੈ? ਸਗੋਂ ਉਹ ਇਸ ਤੋਂ ਵੀ ਅੱਗੇ ਇਸ ਹੱਦ ਤੱਕ ਸੋਚਦੇ ਹਨ ਕਿ ਕਿੱਥੇ ਕੀ ਹੋ ਸਕਦਾ ਹੈ ਜਾਂ ਦੂਜੇ ਸ਼ਬਦਾਂ ਵਿਚ ਕਿ ਕੀ ਕਰਵਾਇਆ ਜਾ ਸਕਦਾ ਹੈ?

ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜਾ ਅਮਰੀਕਾ ਭਾਰਤ ਬਾਰੇ ਇਹੋ ਜਿਹਾ ਫਿਕਰ ਪ੍ਰਗਟ ਕਰਦਾ ਰਹਿੰਦਾ ਹੈ, ਉਸ ਦੇ ਆਪਣੇ ਦੇਸ਼ ਤੋਂ ਇਹ ਰਿਪੋਰਟ ਆਈ ਹੈ ਕਿ ਉਥੇ ਹਰ ਛੇਵਾਂ ਬੰਦਾ ਗਰੀਬੀ ਦੀ ਮਾਰ ਝੱਲ ਰਿਹਾ ਹੈ। ਮੰਦੇ ਦੇ ਮੌਜੂਦਾ ਦੌਰ ਵਿਚ ਅੱਠ ਸੌ ਤੋਂ ਵੱਧ ਅਮਰੀਕੀ ਬੈਂਕ ਬੰਦ ਹੋ ਗਏ, ਪਰ ਨਾ ਪਿਛਲੇ ਰਾਸ਼ਟਰਪਤੀ ਜਾਰਜ ਬੁੱਸ਼ ਨੂੰ ਇਸ ਦਾ ਭੇਤ ਪਤਾ ਲੱਗ ਸਕਿਆ ਅਤੇ ਨਾ ਹੁਣ ਵਾਲਾ ਬਰਾਕ ਓਬਾਮਾ ਆਪਣੇ ਛੱਤੀ ਕਿਸਮ ਦੇ ਥਿੰਕ-ਟੈਂਕ ਵਰਤ ਕੇ ਕੋਈ ਹੱਲ ਕੱਢ ਸਕਿਆ ਹੈ। ਹੁਣ ਵਿਕੀਲੀਕਸ ਨੇ ਉਸ ਨੂੰ ਠਿੱਠ ਕਰ ਦਿੱਤਾ ਹੈ। ਸਾਰੀ ਦੁਨੀਆ ਤੋਂ ਸੂਹਾਂ ਕੱਢਣ ਲੱਗੇ ਰਹਿਣ ਵਾਲੇ ਅਮਰੀਕਾ ਦੀ ਆਪਣੀ ਸੂਚਨਾ ਪ੍ਰਣਾਲੀ ਰੇਤ ਦੀ ਬੋਰੀ ਸਿੱਧ ਹੋਈ ਹੈ ਜਿਸ ਵਿਚ ਵਿਕੀਲੀਕਸ ਦੀ ਇਕੋ ਕਿੱਲੀ ਵੱਜਣ ਨਾਲ ਸਾਰੀ ਸੂਚਨਾ ਕਿਰ ਗਈ। ਆਪਣਾ ਘਰ ਉਹ ਸਾਂਭਣ ਜੋਗੇ ਨਹੀਂ ਅਤੇ ਸੰਸਾਰ ਭਰ ਦੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਲੀਡਰਾਂ ਦੀਆਂ ਕਨਸੋਆਂ ਲੈਣ ਲੱਗੇ ਰਹਿੰਦੇ ਹਨ।

ਇਸੇ ਪ੍ਰਸੰਗ ਵਿਚ ਵਿਕੀਲੀਕਸ ਦੀਆਂ ਉਨ੍ਹਾਂ ਸੂਚਨਾਵਾਂ ਨੂੰ ਲੈਣਾ ਚਾਹੀਦਾ ਹੈ ਜਿਹੜੀਆਂ ਪੜ੍ਹ ਕੇ ਭਾਰਤ ਦੇ ਲੀਡਰ ਆਪੋ ਵਿਚ ਸਿੰਗ ਫਸਾਈ ਫਿਰਦੇ ਹਨ, ਜਾਂ ਸੂਚਨਾਵਾਂ ਲੀਕ ਕਰਨ ਵਾਲੇ ਜੂਲੀਅਨ ਅਸਾਂਜ ਦੇ ਦੁਆਲੇ ਟੰਬੇ ਚੁੱਕ ਤੁਰਦੇ ਹਨ। ਭਾਰਤੀ ਲੀਡਰਾਂ ਨੂੰ ਖੁਦ ਨੂੰ ਚਾਹੀਦਾ ਹੈ ਕਿ ਆਪਣਾ ਆਪ ਸੰਭਾਲ ਕੇ ਰੱਖਣ ਤੇ ਅਮਰੀਕੀ ਦੂਤਾਂ ਸਮੇਤ ਜਣੇ-ਖਣੇ ਦੇ ਸਾਹਮਣੇ ਢਿੱਡ ਤੋਂ ਝੱਗਾ ਨਾ ਚੁੱਕਦੇ ਫਿਰਨ। ਫਿਰ ਉਹ ਸੁਖੀ ਰਹਿਣਗੇ। ਜੇ ਉਹ ਆਪਣੀਆਂ ਆਦਤਾਂ ਉੱਤੇ ਕਾਬੂ ਨਾ ਪਾ ਸਕੇ ਤਾਂ ਅਮਰੀਕੀ ਦੂਤ ਹੋਣ ਜਾਂ ਜੂਲੀਅਨ ਅਸਾਂਜ ਹੋਵੇ, ਕਿਸੇ ਨਾ ਕਿਸੇ ਪਾਸਿਓਂ ਤਾਂ ਗੱਲ ਬਾਹਰ ਨਿਕਲਣੀ ਹੀ ਹੈ, ਕਿਸ-ਕਿਸ ਨਾਲ ਭਿੜਦੇ ਫਿਰਨਗੇ? ਆਪਣੀ ਪੱਗ ਆਪੇ ਸੰਭਾਲੀ ਚੰਗੀ ਹੁੰਦੀ ਹੈ। ਅਮਰੀਕਾ ਵਾਲੇ ਨਾ ਭਾਰਤੀ ਰਾਜਨੀਤੀ ਦੇ ਰੈਫਰੀ ਹਨ ਤੇ ਨਾ ਇਸ ਦੇ ਸੰਚਾਲਕ, ਪਰ ਜੇ ਭਾਰਤੀ ਲੀਡਰਾਂ ਦੇ ਇਹੋ ਚਾਲੇ ਰਹੇ ਤਾਂ ਕਿਸੇ ਦਿਨ ਨੂੰ ਇਹ ਅਮਰੀਕੀ ਕੂਟਨੀਤੀ ਦੇ ਕਾਰਟੂਨ ਪਾਤਰ ਬਣ ਕੇ ਰਹਿ ਜਾਣਗੇ।

**ਇਕ ਦਿਨ ਇਕ ਸੂਚਨਾ ਵਿਕੀਲੀਕਸ ਨੇ ਜਾਰੀ ਕੀਤੀ ਕਿ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਸੈਂਡਲ ਮੰਗਾਉਣ ਲਈ ਆਪਣੇ ਰਾਜ ਦਾ ਸਰਕਾਰੀ ਹਵਾਈ ਜਹਾਜ਼ ਲਖਨਊ ਤੋਂ ਮੁੰਬਈ ਭੇਜਿਆ ਸੀ। ਬੀਬੀ ਮਾਇਆਵਤੀ ਨੇ ਅਗਲੇ ਦਿਨ ਪ੍ਰੈੱਸ ਕਾਨਫਰੰਸ ਕਰ ਕੇ ਕਹਿ ਦਿੱਤਾ ਕਿ ਜੂਲੀਅਨ ਅਸਾਂਜ ਪਾਗਲ ਹੋ ਗਿਆ ਹੈ, ਉਸ ਨੂੰ ਪਾਗਲਖਾਨੇ ਭੇਜ ਦੇਣਾ ਚਾਹੀਦਾ ਹੈ। ਨਾਲ ਇਹ ਵੀ ਕਹਿ ਦਿੱਤਾ ਕਿ ਜੇ ਉਥੇ ਚੰਗਾ ਪਾਗਲਖਾਨਾ ਨਹੀਂ ਤਾਂ ਇੱਧਰ ਭੇਜ ਦੇਣ, ਆਗਰੇ ਦੇ ਪਾਗਲਖਾਨੇ ਦਾਖਲ ਕਰਵਾਇਆ ਜਾ ਸਕਦਾ ਹੈ। ਅਸਾਂਜ ਨੂੰ ਮਜ਼ਾਕ ਉਡਾਉਣ ਦਾ ਹੋਰ ਮੌਕਾ ਮਿਲ ਗਿਆ।**



# ਸੁਖਬੀਰ ਵੱਲੋਂ ਲੋਕਾਂ ਨੂੰ ਅੰਕੜਿਆਂ ਦੇ ਜਾਲ ’ਚ ਉਲਝਾਉਣ ਦੀ ਕੋਸ਼ਿਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਆਰਥਿਕ ਵਿਕਾਸ ਨੂੰ ਲੈ ਕੇ ਸਿਆਸੀ ਧਿਰਾਂ ਵਿਚਾਲੇ ਤਿੱਖੀ ਚਰਚਾ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲੋਕਾਂ ਨੂੰ ਅੰਕੜਿਆਂ ਦੇ ਜਾਲ ’ਚ ਉਲਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਦੇ ਜਵਾਬ ’ਚ ਕਾਂਗਰਸ ਵੱਲੋਂ ਵੀ ਪੂਰੀ ਤਿਆਰੀ ਕਰ ਲਈ ਗਈ ਹੈ। ਸ. ਬਾਦਲ ਨੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੰਜਾਬ ਦੇ ਆਰਥਕ ਸੰਕਟ ਵਿਚ ਹੋਣ ਦੇ ਦਾਅਵਿਆਂ ਨੂੰ ਸਿਰੇ ਤੋਂ ਰੱਦ ਕਰਦਿਆਂ ਦਾਅਵਾ ਕੀਤਾ ਹੈ ਕਿ ਪੰਜਾਬ ਕਿਸੇ ਆਰਥਕ ਸੰਕਟ ਨਾਲ ਨਹੀਂ ਜੂਝ ਰਿਹਾ।

ਉਨ੍ਹਾਂ ਪੰਜਾਬ ਦੀਆਂ ਵਿੱਤੀ ਨੀਤੀਆਂ ਨੂੰ ਕੇਂਦਰ ਸਰਕਾਰ ਦੀਆਂ ਵਿੱਤੀ ਨੀਤੀਆਂ ਤੋਂ ਵੀ ਬਿਹਤਰ ਕਰਾਰ ਦਿੰਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਵੀ ਪੰਜਾਬ ਦਾ ਵਿੱਤੀ ਮਾਡਲ ਅਪਨਾਉਣਾ ਚਾਹੀਦਾ ਹੈ। ਸ. ਬਾਦਲ ਨੇ ਕੈਪਟਨ ਵੱਲੋਂ ਸੂਬੇ ਸਿਰ ਡੇਢ ਲੱਖ ਕਰੋੜ ਦਾ ਕਰਜ਼ਾ ਹੋਣ ਦੇ ਦਾਅਵਿਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸੂਬੇ ਸਿਰ ਕਰਜ਼ਾ ਸਿਰਫ 70 ਹਜ਼ਾਰ ਕਰੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਉਕਤ ਕਰਜ਼ੇ ਦੀ ਰਕਮ ਦੱਸਣ ਲੱਗਿਆਂ 50 ਹਜ਼ਾਰ ਕਰੋੜ ਰੁਪਏ ਦੇ ਕਰੀਬ ਉਹ ਰਕਮ ਵੀ ਜੋੜ ਲੈਂਦੇ ਹਨ ਜਿਹੜੀ ਕੇਂਦਰ ਵੱਲੋਂ ਹਰ ਸਾਲ ਝੋਨਾ ਖ਼ਰੀਦਣ ਲਈ ਸਰਕਾਰ ਨੂੰ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਸਿਰ ਕਰਜ਼ਾ ਕੈਪਟਨ ਸਰਕਾਰ ਵੇਲੇ ਵੀ 20-22 ਹਜ਼ਾਰ ਕਰੋੜ ਰੁਪਏ ਵਧਿਆ ਸੀ ਜਦਕਿ ਉਨ੍ਹਾਂ ਦੀ ਸਰਕਾਰ ਵੇਲੇ ਸੂਬੇ ਸਿਰ ਕਰਜ਼ਾ 25 ਹਜ਼ਾਰ ਕਰੋੜ ਰੁਪਏ ਵਧਿਆ ਹੈ। ਸ. ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਸੂਬੇ ਦੀ ਆਮਦਨ ਸਿਰਫ 36,806 ਕਰੋੜ ਰੁਪਏ ਸੀ ਜਦਕਿ ਉਨ੍ਹਾਂ ਦੇ ਸਮੇਂ ਸੂਬੇ ਦੀ ਆਮਦਨ ਵਧ ਕੇ 70,890 ਕਰੋੜ ਰੁਪਏ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਕਰਜ਼ੇ ਤੇ ਜੀ.ਐਸ.ਡੀ.ਪੀ. ਦਾ ਅਨੁਪਾਤ ਕਾਂਗਰਸ ਸਰਕਾਰ ਵੇਲੇ 46 ਫ਼ੀਸਦੀ ਸੀ ਜੋ ਉਨ੍ਹਾਂ ਦੀ ਸਰਕਾਰ ਵੇਲੇ ਘਟ ਕੇ 30 ਫ਼ੀਸਦੀ ਰਹਿ ਗਿਆ ਹੈ ਹਾਲਾਂਕਿ ਕੇਂਦਰ ਸਰਕਾਰ ਦਾ ਇਹ ਅਨੁਪਾਤ 51 ਫ਼ੀਸਦੀ ਹੈ।



ਉਨ੍ਹਾਂ ਕਿਹਾ ਕਿ ਸੂਬੇ ਦਾ ਮਾਲੀ ਘਾਟਾ ਕਾਂਗਰਸ ਵੇਲੇ 4.56 ਫ਼ੀਸਦੀ ਸੀ ਜੋ ਇਸ ਵੇਲੇ ਘਟ ਕੇ 1.33 ਪ੍ਰਤੀਸ਼ਤ ਰਹਿ ਗਿਆ ਹੈ ਜਦਕਿ ਕੇਂਦਰ ਸਰਕਾਰ ਦਾ ਮਾਲੀ ਘਾਟਾ ਵੀ 2.3 ਪ੍ਰਤੀਸ਼ਤ ਹੈ। ਉਨ੍ਹਾਂ ਦੱਸਿਆ ਕਿ ਕੈਪਟਨ ਸਰਕਾਰ ਵੇਲੇ ਰਾਜ ਦਾ ਵਿੱਤੀ ਘਾਟਾ 5.35 ਪ੍ਰਤੀਸ਼ਤ ਸੀ ਜੋ ਹੁਣ ਘਟ ਕੇ 3.14 ਪ੍ਰਤੀਸ਼ਤ ਰਹਿ ਗਿਆ ਹੈ ਜਦਕਿ ਕੇਂਦਰ ਸਰਕਾਰ ਦਾ ਇਹ ਘਾਟਾ ਵੀ 5.1 ਪ੍ਰਤੀਸ਼ਤ ਹੈ। ਰਾਜ ਵਿਚ ਅਕਾਲੀ-ਭਾਜਪਾ ਸਰਕਾਰ ਦੌਰਾਨ ਬੁਨਿਆਦੀ ਢਾਂਚੇ ਵਿਚ ਬੇਤਹਾਸ਼ਾ ਸੁਧਾਰ ਦਾ ਦਾਅਵਾ ਕਰਦਿਆਂ ਉਨ੍ਹਾਂ ਦੱਸਿਆ ਕਿ ਯੋਜਨਾਬੱਧ ਖ਼ਰਚਿਆਂ ਤਹਿਤ ਕਾਂਗਰਸ ਰਾਜ ਵੇਲੇ ਸਿਰਫ 14840 ਕਰੋੜ ਰੁਪਏ ਖ਼ਰਚੇ ਗਏ ਸਨ ਜਦਕਿ ਉਨ੍ਹਾਂ ਦੀ ਸਰਕਾਰ ਨੇ 36852 ਕਰੋੜ ਰੁਪਏ ਖ਼ਰਚ ਕੀਤੇ ਹਨ। ਸ. ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੀ ਆਮਦਨ ਵਿਚ ਸਰਕਾਰੀ ਜਾਇਦਾਦਾਂ ਦੀ ਵਿਕਰੀ ਦੀ ਕੋਈ ਰਕਮ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਵੀ ਕਾਂਗਰਸ ਦਾ ਪਾਇਆ ਰੌਲਾ ਹੀ ਹੈ ਕਿ ਸਰਕਾਰ ਜਾਇਦਾਦਾਂ ਵੇਚ ਰਹੀ ਹੈ ਜਦਕਿ ਅਸਲੀਅਤ ਇਹ ਹੈ ਕਿ ਅਕਾਲੀ ਸਰਕਾਰ ਹੀ ਨਹੀਂ ਸਗੋਂ ਦੇਸ਼ ਦੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਤੇ ਕੇਂਦਰ ਸਰਕਾਰ ਵੀ ਜਾਇਦਾਦਾਂ ਵੇਚਦੀ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਵਿਆਪੀ ਹੀ ਨਹੀਂ ਸਗੋਂ ਵਿਸ਼ਵ ਵਿਆਪੀ ਪ੍ਰਕਿਰਿਆ ਹੈ ਤੇ ਸਾਰੀਆਂ ਸਰਕਾਰਾਂ ਸਰਕਾਰੀ ਜਾਇਦਾਦਾਂ ਵੇਚਦੀਆਂ ਹਨ।

ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਸੂਬੇ ਦੇ ਸਰਬਪੱਖੀ ਵਿਕਾਸ ਨਾਲ ਜੋੜਦਿਆਂ ਉਪ ਮੁੱਖ ਮੰਤਰੀ ਨੇ ਆਖਿਆ ਕਿ ਸਾਰਥਕ ਕਰਜ਼ਾ ਤਾਂ ਹਮੇਸ਼ਾ ਸੂਬੇ ਦੀ ਆਰਥਕਤਾ ਨੂੰ ਅਗਾਂਹ ਲਿਜਾਣ ਦਾ ਜ਼ਰੀਆ ਬਣਦਾ ਹੈ। ਸ. ਬਾਦਲ ਨੇ ਕੈਪਟਨ ’ਤੇ ਦੋਸ਼ ਲਾਇਆ ਕਿ ਉਹ ਕੇਂਦਰ ਸਰਕਾਰ ਵਿਚ ਆਪਣੇ ਪ੍ਰਭਾਵ ਦਾ ਇਸਤੇਮਾਲ ਕਰਕੇ ਪੰਜਾਬ ਨੂੰ ਮਿਲਣ ਵਾਲੀਆਂ ਗਰਾਂਟਾਂ ਤੇ ਬੈਂਕਾਂ ਵੱਲੋਂ ਮਿਲਣ ਵਾਲੇ ਕਰਜ਼ਿਆਂ ਨੂੰ ਰੋਕ ਰਹੇ ਹਨ ਜਦਕਿ ਇਹ ਰਕਮਾਂ ਪੰਜਾਬ ਦੇ ਵਿਕਾਸ ’ਤੇ ਹੀ ਖ਼ਰਚ ਹੋਣੀਆਂ ਹਨ।

## ਸੁਖਬੀਰ ਆਰਥਿਕ ਵਿਕਾਸ ਬਾਰੇ ਝੂਠ ਬੋਲ ਰਿਹੈ: ਮਨਪ੍ਰੀਤ



**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੀ ਮਜ਼ਬੂਤ ਆਰਥਿਕ ਹਾਲਤ ਬਾਰੇ ਦਿੱਤੇ ਬਿਆਨ ’ਤੇ ਹੈਰਾਨੀ ਪ੍ਰਗਟ ਕਰਦਿਆਂ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਗਲਤ ਤੱਥ ਦੱਸ ਕੇ ਲੋਕਾਂ ਸਾਹਮਣੇ ਝੂਠ ਬੋਲਣ ਤੋਂ ਇੰਝ ਜਾਪਦਾ ਹੈ ਕਿ ਸ਼ਾਇਦ ਉਪ ਮੁੱਖ ਮੰਤਰੀ ਪੰਜਾਬ ਦੇ ਲੋਕਾਂ ਨੂੰ ਬੇਸਮਝ ਸਮਝਦੇ ਹਨ ਜਾਂ ਫਿਰ ਉਨ੍ਹਾਂ ਦੇ ਸਲਾਹਕਾਰ ਉਨ੍ਹਾਂ ਤੱਕ ਗਲਤ ਅੰਕੜਿਆਂ ਦੀ ਜਾਣਕਾਰੀ ਪਹੁੰਚਾਉਂਦੇ ਹਨ।

ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਉਪ-ਮੁੱਖ ਮੰਤਰੀ ਦਾ ਕਹਿਣਾ ਹੈ ਕਿ ਪੰਜਾਬ ਦੀ ਜੀ.ਡੀ.ਪੀ. ਵਿਚ 75 ਫੀਸਦੀ ਵਾਧਾ ਸਾਲ 2007-12 ਦੌਰਾਨ ਦੇਸ਼ ਵਿਚ ਦੂਜੇ ਨੰਬਰ ’ਤੇ ਹੈ ਜਦੋਂਕਿ ਪੰਜਾਬ ਨੇ ਕਦੇ ਇਸ ਦੇ ਨੇੜੇ ਦੇ ਅੰਕੜੇ ਨੂੰ ਵੀ ਅਜੇ ਤੱਕ ਨਹੀਂ ਛੂਹਿਆ। ਉਨ੍ਹਾਂ ਕਿਹਾ ਕਿ ਉਹ ਵੀ ਰਾਜ ਦੇ ਵਿੱਤ ਮੰਤਰੀ ਰਹੇ ਹਨ ਤੇ ਉਹ ਪੰਜਾਬ ਦੀ ਅਸਲ ਆਰਥਿਕ ਤਸਵੀਰ ਤੇ ਜੀ.ਡੀ.ਪੀ. ਦੇ ਵਾਧੇ ਦੇ ਅੰਕੜਿਆਂ ਤੋਂ ਪੂਰੀ ਤਰਾਂ ਵਾਕਫ ਹਨ ਤੇ ਜੋ ਅੰਕੜੇ ਉਪ ਮੁੱਖ ਮੰਤਰੀ ਨੇ ਦੱਸੇ ਹਨ ਉਹ ਬਿਲਕੁਲ ਬੇਬੁਨਿਆਦ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਿਰ ਚੜ੍ਹੇ 70 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਬਾਰੇ ਸਫਾਈ ਦੇਣਾ ਵੀ ਅਣਜਾਣ ਵਿਅਕਤੀ ਵਾਲੀ ਕਾਰਵਾਈ ਹੈ ਕਿਉਂਕਿ ਇਸ ਪਹਾੜ ਵਰਗੀ ਸਚਾਈ ਨੂੰ ਲੋਕਾਂ ਤੋਂ ਲੁਕੋਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅੱਜ ਜੋ ਵੀ ਬੱਚਾ ਪੰਜਾਬ ਦੀ ਧਰਤੀ ’ਤੇ ਪੈਦਾ ਹੁੰਦਾ ਹੈ ਉਹ ਆਪਣੇ ਸਿਰ 25 ਹਜ਼ਾਰ ਰੁਪਏ ਦਾ ਕਰਜ਼ਾ ਲੈ ਕੇ ਜਨਮ ਲੈਂਦਾ ਹੈ ਤੇ ਉਪ ਮੁੱਖ ਮੰਤਰੀ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਕੇਂਦਰ ਸਰਕਾਰ, ਪੰਜਾਬ ਨੂੰ ਕਰਜ਼ਾ ਨਾ ਮੋੜਨ ਕਰਕੇ ਵਿਆਜ਼ ਤੇ ਜੁਰਮਾਨੇ ਲਾ ਰਹੀ ਹੈ।

ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਰਾਜ ਸਰਕਾਰ ਨੂੰ ਗਲਤ ਆਰਥਿਕ ਨੀਤੀਆ ਕਰਕੇ ਕਿਸ ਤਰ੍ਹਾਂ ਕੇਂਦਰ ਸਰਕਾਰ ਅੱਗੇ ਸ਼ਰਮਿੰਦਾ ਹੋਣਾ ਪੈ ਰਿਹਾ ਹੈ ਤੇ ਸੂਬੇ ਦੇ ਹਰ ਖੇਤਰ ’ਚ ਤਰੱਕੀ ਰੁਕ ਗਈ ਹੈ।

## ਆਰਥਿਕ ਅੰਕੜੇ ਬਜਟ ਦਸਤਾਵੇਜ਼ਾਂ ਦੇ ਹੀ ਉਲਟ: ਕੈਪਟਨ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਗਏ ਆਰਥਿਕ ਅੰਕੜਿਆਂ ’ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਅੰਕੜੇ ਲੋਕਾਂ ਨੂੰ ਦੱਸਣ ਤੋਂ ਪਹਿਲਾਂ ਆਪਣੀ ਸਰਕਾਰ ਦੇ ਕਾਗਜਾਂ ’ਤੇ ਨਜ਼ਰ ਮਾਰ ਲੈਣੀ ਚਾਹੀਦੀ ਸੀ।

ਸੂਬਾ ਸਰਕਾਰ ਦੇ ਬਜਟ ਦਸਤਾਵੇਜ 'ਪੰਜਾਬ ਬਜਟ 2011-2012 ’ਤੇ ਇਕ ਨਜ਼ਰ’ ਦਾ ਹਵਾਲਾ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਦਸਤਾਵੇਜ ਦੇ ਪੇਜ ਨੰ. 11 ’ਚ ਸਾਫ ਤੌਰ ’ਤੇ ਦਰਸਾਇਆ ਗਿਆ ਹੈ ਕਿ ਬਜਟ ਬਾਰੇ ਅਨੁਮਾਨ ਮੁਤਾਬਕ 2011-2012 ’ਚ 'ਸੂਬਾ ਸਰਕਾਰ ਦਾ ਜਨਤਕ ਕਰਜਾ’ 77585 ਕਰੋੜ ਰੁਪਏ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਕਿਹਾ ਕਿ ਇਸ ਦਸਤਾਵੇਜ ਦਾ ਸਫਾ ਨੰ. 9 ਸਪਸ਼ਟ ਕਰਦਾ ਹੈ ਕਿ ਸੂਬੇ ਦੇ ਪੀ.ਐਸ. ਯੂਜ਼ ਦਾ ਕੁਝ ਕਰਜਾ ਤੇ ਗਰੰਟਿਡ ਕਰਜਾ 31 ਮਾਰਚ (2011) ਨੂੰ 55262.19 ਕਰੋੜ ਰੁਪਏ ਹੈ।

ਉਨ੍ਹਾਂ ਕਿਹਾ ਕਿ ਬਿਜਲੀ ਬੋਰਡ ਨੂੰ ਤੋੜ ਕਿ ਬਣਾਈ ਕੰਪਨੀ ਪਾਵਰਕੌਮ ਦਾ ਕੁੱਲ ਕਰਜ਼ਾ 20000 ਕਰੋੜ ਰੁਪਏ ਹੈ, ਜਿਸ ਦੀ ਗਰੰਟੀ ਸੂਬਾ ਸਰਕਾਰ ਵੱਲੋਂ ਦਿੱਤੀ ਹੋਈ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਤਹਿਤ 6000 ਕਰੋੜ ਰੁਪਇਆ ਦੇਣਾ ਬਾਕੀ ਹੈ ਜਿਹੜਾ ਪਿਛਲੇ ਕੁਝ ਸਮੇਂ ਤੋਂ ਲਟਕਿਆ ਹੋਇਆ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਸੂਬੇ ਨੇ ਲੋਕਲ ਬਾਡੀਜ਼ ਤੇ ਮਾਰਕੀਟ ਕਮੇਟੀਆਂ ਨੂੰ ਪੈਸੇ ਉਧਾਰੀ ਲੈਣ ਨੂੰ ਕਿਹਾ ਹੈ, ਇਸ ਤਰ੍ਹਾਂ ਕਰਜੇ ਬਾਰੇ ਦੇਣਦਾਰੀਆਂ ਨੂੰ ਲਗਾਤਾਰ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ 31 ਮਾਰਚ 2011 ਨੂੰ ਕਰਜੇ ਦਾ ਇਹ ਕੁਲ ਜੋੜ ਕਰੀਬ 1.58 ਲੱਖ ਕਰੋੜ ’ਤੇ ਪਹੁੰਚਦਾ ਸੀ।

# ਪੰਜਾਬ ਦੇ ਵਿਕਾਸ ਦੀ ਪੋਲ ਖੋਲ੍ਹੇਗੀ ਕਾਂਗਰਸ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਸਰਕਾਰ ਵੱਲੋਂ ਪੰਜਾਬ ਵਿਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੇ ਦਾਅਵਿਆਂ ਦਾ ਠੋਕਵਾਂ ਜਵਾਬ ਦੇਣ ਲਈ ਕਾਂਗਰਸ ਨੇ ਨਵੀਂ ਰਣਨੀਤੀ ਤੈਅ ਕੀਤੀ ਹੈ। ਇਸ ਤਹਿਤ ਉਹ ਸਾਰੇ ਕੇਂਦਰੀ ਮੰਤਰੀ ਪੰਜਾਬ ਦਾ ਦੌਰਾ ਕਰਨਗੇ ਜਿਨ੍ਹਾਂ ਦੇ ਮੰਤਰਾਲਿਆਂ ਨੇ ਪੰਜਾਬ ਨੂੰ ਗਰਾਂਟਾਂ ਦਿਤੀਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਦੋ ਅਕਤੂਬਰ ਤੋਂ ਵੱਡੇ ਪੱਧਰ ’ਤੇ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਜਾਵੇਗੀ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਦੋ ਸੀਨੀਅਰ ਆਗੂਆਂ ਨੇ ਕਾਂਗਰਸ ਹਾਈਕਮਾਂਡ ਨਾਲ ਅਗਲੇ ਸਾਲ ਦੇ ਸ਼ੁਰੂ ਵਿਚ ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਦੀ ਤਿਆਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵੱਡੇ ਪੱਧਰ ਤੇ ਵਿਕਾਸ ਦੇ ਕੀਤੇ ਜਾ ਰਹੇ ਦਾਅਵਿਆਂ ਦੀ ਹਵਾ ਕੱਢਣ ਲਈ ਫੈਸਲਾ ਕੀਤਾ ਕਿ ਉਨ੍ਹਾਂ ਸਾਰੇ ਕੇਂਦਰੀ ਮੰਤਰੀਆਂ ਨੂੰ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦੌਰੇ ’ਤੇ ਭੇਜਿਆ ਜਾਵੇ ਜਿਨ੍ਹਾਂ ਨੇ ਪੰਜਾਬ ਨੂੰ ਗਰਾਂਟਾਂ ਦਿੱਤੀਆਂ ਹਨ।

### ਕੇਂਦਰੀ ਮੰਤਰੀ ਵਿਖਾਉਣਗੇ ਅਸਲ ਤਸਵੀਰ



ਇਨ੍ਹਾਂ ਵਿਚ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ, ਪੇਂਡੂ ਵਿਕਾਸ ਮੰਤਰੀ ਜੈ ਰਾਮ ਰਮੇਸ਼, ਸ਼ਹਿਰੀ ਵਿਕਾਸ ਤੇ ਗਰੀਬੀ ਹਟਾਓ ਮੰਤਰੀ ਕੁਮਾਰੀ ਸ਼ੈਲਜਾ ਸਮੇਤ ਅੱਠ ਤੋਂ ਵੱਧ ਮੰਤਰੀ ਪੰਜਾਬ ਦਾ ਦੌਰਾ ਕਰਨਗੇ ਤੇ ਪ੍ਰਚਾਰ ਰੈਲੀਆਂ ਨੂੰ ਸੰਬੋਧਨ ਕਰਨਗੇ। ਇਨ੍ਹਾਂ ਰੈਲੀਆਂ ਵਿਚ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਪੰਜਾਬ ਨੂੰ ਦਿੱਤੇ ਪੈਸੇ ਤੇ ਗਰਾਂਟਾਂ ਦਾ ਜ਼ਿਕਰ ਕਰਕੇ ਕੇਂਦਰੀ ਸਕੀਮਾਂ ਤੋਂ ਸੂਬੇ ਦੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ।

ਇਸ ਦੇ ਨਾਲ ਹੀ ਕਾਂਗਰਸ ਵੱਲੋਂ ਮਹਾਤਮਾ ਗਾਂਧੀ ਦੇ ਜਨਮ ਦਿਨ ’ਤੇ ਦੋ ਅਕਤੂਬਰ ਤੋਂ ਪੰਜਾਬ ਵਿਚ ਵੱਡੇ ਪੱਧਰ ’ਤੇ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਮੁਹਿੰਮ ਤਹਿਤ ਸਾਰੇ ਜ਼ਿਲ੍ਹਿਆਂ ਵਿਚ ਰੈਲੀਆਂ ਤੇ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਕਾਂਗਰਸ ਪਾਰਟੀ ਦੇ ਵਿਕਾਸ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੀਆਂ ਨਾਕਾਮੀਆਂ ਤੇ ਲੋਕ ਵਿਰੋਧੀ ਨੀਤੀਆਂ ਤੋਂ ਲੋਕਾਂ ਨੂੰ ਜਾਗਰੂਕ ਕਰਵਾਇਆ ਜਾਵੇਗਾ। ਮੀਟਿੰਗ ਵਿਚ ਵੱਖ-ਵੱਖ ਕਮੇਟੀਆਂ ਦੇ ਕੰਮ ਕਾਜ ਦਾ ਮੁਲੰਕਣ ਵੀ ਕੀਤਾ ਗਿਆ। ਚੋਣ ਮੈਨੀਫੈਸਟੋ ਕਮੇਟੀ ਦੀਆਂ ਕੁਝ ਮੀਟਿੰਗਾਂ ਹੋ ਚੁੱਕੀਆਂ ਹਨ ਤੇ ਮੈਨੀਫੈਸਟੋ ਨੂੰ ਵੀ ਜਲਦੀ ਅੰਤਿਮ ਰੂਪ ਦਿੱਤਾ ਜਾਵੇਗਾ।

ਕੁਝ ਕਾਂਗਰਸ ਆਗੂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀਆਂ ਸਰਗਰਮੀਆਂ ਤੋਂ ਫਿਕਰਮੰਦ ਜਾਪਦੇ ਹਨ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਆਪਣੇ ਹੇਠਲੀ ਕਤਾਰ ਦੇ ਵਰਕਰਾਂ ਨੂੰ ਸਰਗਰਮ ਕਰ ਲਿਆ ਹੈ ਤੇ ਜਿਹੜੇ ਨਰਾਜ਼ ਸਨ, ਉਨ੍ਹਾਂ ਨੂੰ ਮਨਾ ਕੇ ਨਾਲ ਤੋਰ ਲਿਆ ਹੈ। ਇਸ ਸਰਗਰਮੀ ਦਾ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿਚ ਕੁਝ ਲਾਹਾ ਮਿਲਣ ਦੇ ਆਸਾਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੀ ਹੋਣੀਆਂ ਚਾਹੀਦੀਆਂ ਸਨ।ਪਰ ਕਈ ਆਗੂਆਂ ਦਾ ਵਿਚਾਰ ਹੈ ਕਿ ਇਸ ਚੋਣ ਵਿਚ ਸਿਰਫ ਪੰਜਾਹ ਕੁ ਲੱਖ ਵੋਟਰਾਂ ਨੇ ਸ਼ਿਰਕਤ ਕੀਤੀ ਹੈ ਤੇ ਇਸ ਦਾ ਕੋਈ ਖਾਸ ਅਸਰ ਨਹੀਂ ਪਵੇਗਾ।

ਇਸ ਉਚ ਪੱਧਰੀ ਮੀਟਿੰਗ ਵਿਚ ਪੰਜਾਬ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਬਹੁਤ ਹੀ ਜ਼ਰੂਰੀ ਰੁਝੇਵੇਂ ਕਾਰਨ ਸ਼ਾਮਲ ਨਹੀਂ ਹੋ ਸਕੇ ਤੇ ਉਨ੍ਹਾਂ ਨੇ ਆਪਣੇ ਨੁਮਾਇੰਦੇ ਵਜੋਂ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਮੰਤਰੀ ਲਾਲ ਸਿੰਘ ਨੂੰ ਭੇਜਿਆ ਸੀ। ਕਾਂਗਰਸ ਪ੍ਰਧਾਨ ਦੀ ਪੰਜਾਬ ਵਿਚਲੇ ਪ੍ਰਭਾਵਸ਼ਾਲੀ ਡੇਰੇ ਦੇ ਮੁਖੀ ਨਾਲ ਪਹਿਲਾਂ ਤੋਂ ਮੀਟਿੰਗ ਤੈਅ ਸੀ। ਮੀਟਿੰਗ ਵਿਚ ਕਾਂਗਰਸ ਹਾਈਕਮਾਂਡ ਵੱਲੋਂ ਸੀਨੀਅਰ ਆਗੂ ਐਸ.ਪਚੌਰੀ, ਪੰਜਾਬ ਮਾਮਲਿਆਂ ਦੇ ਇੰਚਾਰਜ ਗੁਲਚੈਨ ਸਿੰਘ ਚਰਕ, ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੇ ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਹਾਜ਼ਰ ਸਨ।

# ਜ਼ੀ ਟੀ ਵੀ 'ਤੇ ਨਵਾਂ ਸੀਰੀਅਲ ਝਾਂਸੀ ਕੀ ਰਾਣੀ 3 ਅਕਤੂਬਰ ਤੋਂ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਦੱਖਣ ਏਸ਼ੀਆਈ ਭਾਈਚਾਰੇ ਵਿਚ ਮਨੋਰੰਜਨ ਦਾ ਮੋਹਰੀ ਜ਼ੀ ਟੀ ਵੀ ਆਉਂਦੀ 3 ਅਕਤੂਬਰ ਤੋਂ 'ਝਾਂਸੀ ਕੀ ਰਾਣੀ' ਨਾਂ ਦਾ ਇਕ ਨਵਾਂ ਸੀਰੀਅਲ ਸ਼ੁਰੂ ਕਰ ਰਿਹਾ ਹੈ। ਇਹ ਸੀਰੀਅਲ ਐਤਵਾਰ ਤੋਂ ਵੀਰਵਾਰ ਤੱਕ ਅਮਰੀਕਾ ਵਿਚ ਪੂਰਬੀ ਸਮੇਂ ਅਨੁਸਾਰ ਰਾਤੀਂ 11 ਵਜੇ ਅਤੇ ਪੱਛਮੀ ਅਮਰੀਕਾ ਦੇ ਸਮੇਂ ਅਨੁਸਾਰ ਰਾਤੀਂ 8 ਵਜੇ ਦਿਖਾਇਆ ਜਾਏਗਾ। ਇਸ ਸੀਰੀਅਲ ਵਿਚ ਝਾਂਸੀ ਦੀ ਰਾਣੀ ਕਰਕੇ ਜਾਣੀ ਜਾਂਦੀ ਲਕਸ਼ਮੀ ਬਾਈ ਦੇ ਬਚਪਨ ਤੋਂ ਲੈ ਕੇ ਬਰਤਾਨਵੀ ਰਾਜ ਵਿਰੁਧ ਕੀਤੇ ਗਏ ਸੰਘਰਸ਼ ਦੀ ਕਹਾਣੀ ਨੂੰ ਪੇਸ਼ ਕੀਤਾ ਗਿਆ ਹੈ।

ਜ਼ੀ ਟੀ ਵੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ੀ ਟੀ ਵੀ ਨੇ ਹਮੇਸ਼ਾ ਦੱਖਣੀ ਏਸ਼ੀਆਈ ਮਨੋਰੰਜਨ ਦੀ ਦੁਨੀਆਂ ਵਿਚ ਮੋਹਰੀ ਰੋਲ ਨਿਭਾਇਆ ਹੈ। ਇਸੇ ਭੂਮਿਕਾ ਨੂੰ ਮੁੱਖ ਰੱਖਦਿਆਂ ਅਸੀਂ ਆਪਣੀ ਮਾਤ ਭੂਮੀ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਦਿਖਾਉਣ ਲਈ ਯਤਨਸ਼ੀਲ ਰਹਿੰਦੇ ਹਾਂ। ਝਾਂਸੀ ਕੀ ਰਾਣੀ ਸੀਰੀਅਲ ਵੀ ਇਸੇ ਦਿਸ਼ਾ ਵਿਚ ਇਕ ਕਦਮ ਹੈ। ਅਮਰੀਕਾ ਵਿਚ ਜ਼ੀ ਟੀ ਵੀ ਦੇ ਸੀ ਈ ਓ ਸੁਰੇਸ਼ ਬਾਲਾ ਨੇ ਕਿਹਾ ਕਿ ਇਸ ਸੀਰੀਅਲ ਵਿਚ ਬੱਚੀ ਮਨੂਕਰਮਣਿਕਾ ਦੀ ਭੂਮਿਕਾ ਅਲਕਾ ਗੁਪਤਾ ਅਤੇ ਵੱਡੀ ਹੋ ਕੇ ਝਾਂਸੀ ਕੀ ਰਾਣੀ ਬਣੀ ਲਕਸ਼ਮੀ ਬਾਈ ਦੀ ਭੂਮਿਕਾ ਕ੍ਰਿਤੀਕਾ ਸਿੰਗਲ ਵਲੋਂ ਨਿਭਾਈ ਜਾਏਗੀ। ਜ਼ਿਕਰਯੋਗ ਹੈ ਕਿ ਇਹ ਸ਼ੋਅ ਇੰਡੀਅਨ ਟੈਲੀ ਐਵਾਰਡ, ਫਿਕੀ ਐਵਾਰਡ ਅਤੇ ਇੰਡੀਅਨ ਟੈਲੀਵਿਜ਼ਨ ਅਕਾਡਮੀ ਐਵਾਰਡ ਜਿਹੇ ਕਈ ਪੁਰਸਕਾਰ ਜਿੱਤ ਚੁਕਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜ਼ੀ ਟੀ ਵੀ ਪਿਛਲੇ 17 ਸਾਲ ਤੋਂ ਭਾਰਤ ਅਤੇ ਵਿਦੇਸ਼ ਵਿਚ ਮਨੋਰੰਜਨ ਦੀ ਦੁਨੀਆਂ ਵਿਚ ਮੋਹਰੀ ਭੂਮਿਕਾ ਅਦਾ ਕਰ ਰਿਹਾ ਹੈ। ਇਸ ਵੇਲੇ ਇਸ ਦੇ ਨੈਟਵਰਕ ਵਿਚ ਜ਼ੀ ਸਿਨੇਮਾ, ਜ਼ੀ ਸਪੋਰਟਸ ਅਤੇ ਅਲਫਾ ਈ ਟੀ ਸੀ ਪੰਜਾਬੀ ਜਿਹੇ ਕਈ ਚੈਨਲ ਸ਼ਾਮਲ ਹਨ।



*ਮਨੂਕਰਮਣਿਕਾ ਦੇ ਰੋਲ 'ਚ ਅਲਕਾ*


**Noble Dental Care**



Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Shital Shah, DDS


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



**Dhillon Truck Stop**
**Dhillon Road Service**

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



**Desi World Radio**

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

# ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਸ਼ਰਧਾ ਨਾਲ ਮਨਾਇਆ

**ਸੈਨ ਹੋਜ਼ੇ (ਬਿਊਰੋ):** ਕੈਲੀਫੋਰਨੀਆ ਸਟੇਟ ਵਿਚ ਵੱਸਦੀਆਂ ਜਿਲ੍ਹਾ ਗੁਰਦਾਸਪੁਰ ਦੇ ਬਟਾਲਾ ਇਲਾਕੇ ਦੀਆਂ ਸੰਗਤਾਂ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਲੰਘੇ ਐਤਵਾਰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਬਟਾਲਾ ਨਗਰ ਵਿਚ ਵਿਆਹੇ ਗਏ ਸਨ।

ਵਿਆਹ ਪੁਰਬ ਸਮਾਗਮ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰੱਖਿਆ ਗਿਆ ਜੋ ਸੰਗਤਾਂ ਵਲੋਂ ਆਪ ਕੀਤਾ ਗਿਆ। ਐਤਵਾਰ ਨੂੰ ਭੋਗ ਉਪਰੰਤ ਪੰਥਕ ਬੁਲਾਰਿਆਂ ਨੇ ਗੁਰਮਤਿ ਵਿਚਾਰਾਂ ਕੀਤੀਆਂ ਅਤੇ ਰਾਗੀ ਸਿੰਘਾਂ ਨੇ ਗੁਰ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਗੁਰਮੇਲ ਸਿੰਘ ਬਾਠ ਨੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਬਟਾਲਾ ਸ਼ਹਿਰ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨ ਘਾਲਣਾ ਦਾ ਜ਼ਿਕਰ ਕਰਦਿਆਂ ਸੰਗਤਾਂ ਨੂੰ ਗੁਰੂ ਸਾਹਿਬ ਵਲੋਂ ਦਿੱਤੀ ਗਈ ਸਿੱਖਿਆ ਉਤੇ ਚੱਲਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਆਖਿਆ ਕਿ ਗੁਰੂ ਨਾਨਕ ਸਭ ਦਾ ਸਾਂਝਾ ਹੈ ਅਤੇ ਉਨ੍ਹਾਂ ਸਰਬਤ ਦੇ ਭਲੇ ਦਾ ਸੁਨੇਹਾ ਦਿੱਤਾ। ਭਾਈ ਅਰਵਿੰਦ ਸਿੰਘ ਨੇ ਬਟਾਲੇ ਦੀਆਂ ਸੰਗਤਾਂ ਵਲੋਂ ਵਿਆਹ ਪੁਰਬ ਸਮਾਗਮ ਵਿਚ ਸ਼ਾਮਲ ਹੋਣ ਲਈ ਦੂਰੋਂ ਨੇੜਿਓਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





ਗੁਰਦੁਆਰਾ ਸੈਨ ਹੋਜ਼ੇ ਵਿਚ ਮਨਾਏ ਗਏ ਸਮਾਗਮ ਮੌਕੇ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਬਟਾਲਾ ਨਗਰ ਅਤੇ ਆਲੇ ਦੁਆਲੇ ਵੱਸਦੀਆਂ ਸੰਗਤਾਂ ਪਹੁੰਚੀਆਂ ਹੋਈਆਂ ਸਨ ਅਤੇ ਸਮੁੱਚਾ ਮਾਹੌਲ ਬਟਾਲਾ ਸ਼ਹਿਰ ਵਿਚ ਮਨਾਏ ਜਾਂਦੇ ਗੁਰੂ ਸਾਹਿਬ ਦੇ ਵਿਆਹ ਪੁਰਬ ਸਮਾਗਮ ਵਰਗਾ ਜਾਪਦਾ ਸੀ। ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਸਮਾਗਮ ਮੌਕੇ ਯੂਨੀਅਨ ਸਿਟੀ ਵਾਲੇ ਰਾਜਾ ਸਵੀਟਸ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਛੋਲੇ ਭਠੂਰਿਆਂ ਅਤੇ ਜਲੇਬੀਆਂ ਦੇ ਲੰਗਰ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ। ਭਾਈ ਭੁਪਿੰਦਰ ਸਿੰਘ ਚੀਮਾ ਨੇ ਇਸ ਸਮਾਗਮ ਵਿਚ ਸ਼ਰੀਕ ਹੋਈਆਂ ਅਤੇ ਸਹਿਯੋਗ ਦੇਣ ਵਾਲੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।



ਭੁਪਿੰਦਰ ਸਿੰਘ ਚੀਮਾ, ਬਿਕਰਮਜੀਤ ਸਿੰਘ ਕਾਹਲੋਂ, ਰਾਜਵੰਤ ਸਿੰਘ ਅਤੇ ਕਮਲ ਸਿੰਘ ਗੋਲਡੀ ਚੀਨਾ

ਸਮਾਗਮ ਨੂੰ ਸਫਲ ਬਣਾਉਣ ਵਿਚ ਸ. ਹਰਪਾਲ ਸਿੰਘ ਚਾਹਲ, ਰਵੀਇੰਦਰ ਸਿੰਘ ਰੰਧਾਵਾ, ਬਲਜਿੰਦਰ ਸਿੰਘ ਸਾਰਚੂਰ, ਸੁਰਿੰਦਰ ਸਿੰਘ ਖੱਤੀਬਾ, ਕੁਲਵਿੰਦਰ ਸਿੰਘ ਰੂਪੋਵਾਲੀ, ਨੀਤੂ ਸਿੰਘ ਸਰਵਾਲੀ, ਕਮਲ ਸਿੰਘ ਗੋਲਡੀ, ਹਰਕੰਵਲ ਸਿੰਘ ਕਾਹਲੋਂ, ਗੁਰਦੇਵ ਸਿੰਘ ਕਾਹਲੋਂ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ, ਬਾਲੀ ਸਿੰਘ ਬੋਪਾਰਾਏ, ਸਤਵੀਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਚੀਮਾ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ ਰੂਪੋਵਾਲੀ, ਗੁਰਿੰਦਰ ਸਿੰਘ ਬਸਰਾ, ਨਰਿੰਦਰ





ਸਿੰਘ ਢਿੱਲੋਂ, ਸੁਖਬੀਰ ਸਿੰਘ ਨੰਗਲ ਕਾਦੀਆਂ, ਮੇਜਰ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ ਸਰਪੰਚ, ਹਰਿੰਦਰ ਸਿੰਘ ਕਾਹਲੋਂ, ਅਮਰਵੀਰ ਸਿੰਘ ਕਾਹਲੋਂ, ਅਮਰੀਕ ਸਿੰਘ ਕਾਹਲੋਂ (ਸਾਰੇ ਪਿੰਡ ਸਾਰਚੂਰ), ਮਲਵਿੰਦਰ ਸਿੰਘ ਪਠਾਨਕੋਟ, ਹਰਮਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਨਾਥਪੁਰ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਖਰ, ਡਾ. ਸਰੂਪ ਸਿੰਘ ਮਾਂਗਟ, ਨਿਸ਼ਾਨ ਸਿੰਘ (ਫਤਿਹਗੜ੍ਹ ਚੂੜੀਆਂ), ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ ਕਾਹਲੋਂ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜੱਫਰਵਾਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਖੋਖਰ, ਸਤਨਾਮ ਸਿੰਘ ਵਾਵਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਬਲਜੀਤ ਸਿੰਘ ਰਾਜਾ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਕਾਦੀਆਂ, ਜਤਿੰਦਰ ਸਿੰਘ ਸਾਹਬਾਜ, ਸਤਿੰਦਰ ਸਿੰਘ ਖੁਸ਼ਹਾਲਪੁਰ, ਲਖਬੀਰ ਸਿੰਘ ਢਕੋਹਾ, ਜਸਮੇਲ ਸਿੰਘ ਕਾਸ਼ਤੀਵਾਲ, ਜਸਪ੍ਰੀਤ ਸਿੰਘ ਵਿਰਕ, ਸੁਖਵਿੰਦਰ ਸਿੰਘ ਥਾਣਾ, ਅੰਮ੍ਰਿਤ ਸਿੰਘ ਬਟਾਲਾ, ਬਲਵੰਤ ਸਿੰਘ ਕਾਹਲਵਾਂ, ਸਵਿੰਦਰ ਸਿੰਘ ਛੀਨਾ, ਬਿਕਰਮਜੀਤ ਸਿੰਘ ਦਾਦੂਬੋਧ ਨੇ ਵਿਸ਼ੇਸ਼ ਸੇਵਾ ਕੀਤੀ।

# ਮੌਜੂਦਾ ਮਕਾਨ ਕਰਜਾ ਹੱਦਾਂ 30 ਸਤੰਬਰ ਤੱਕ ਹੀ

**ਜੱਸੀ ਗਿੱਲ**

ਰਿਐਲਟਰਾਂ ਦੀ ਕੌਮੀ ਜਥੇਬੰਦੀ ਨੈਸ਼ਨਲ ਐਸੋਸੀਏਸ਼ਨ ਆਫ ਰਿਐਲਟਰਜ਼ (ਐਨ ਏ ਆਰ) ਨੇ ਆਪਣੇ ਮੈਂਬਰ ਰਿਐਲਟਰਾਂ ਨੂੰ ਕਿਹਾ ਹੈ ਕਿ ਉਹ ਆਪੋ ਆਪਣੇ ਹਲਕੇ ਦੇ ਕਾਂਗਰਸਮੈਨਾਂ ਉਪਰ ਦਬਾਓ ਪਾਉਣ ਕਿ ਉਹ ਕਰਜਿਆਂ ਦੀ ਹੱਦ ਆਉਂਦੀ 30 ਸਤੰਬਰ ਨੂੰ ਖਤਮ ਹੋਣ ਦੀ ਪੁਸ਼ਟੀ ਰੋਕਣ ਲਈ ਕਾਰਵਾਈ ਕਰਨ। ਜ਼ਿਕਰਯੋਗ ਹੈ ਕਿ ਜੇ ਕਾਂਗਰਸ ਕੋਈ ਵੱਖਰਾ ਫੈਸਲਾ ਨਹੀਂ ਲੈਂਦੀ ਤਾਂ 30 ਸਤੰਬਰ ਨੂੰ ਕਰਜਿਆਂ ਦੀ ਮੌਜੂਦਾ ਹੱਦ ਖਤਮ ਹੋ ਜਾਵੇਗੀ ਅਤੇ ਇਸ ਨਾਲ ਮਾਰਟਗੇਜ ਕਾਫੀ ਮਹਿੰਗੀ ਹੋ ਸਕਦੀ ਹੈ। ਇਕੱਲੀ ਕੈਲੀਫੋਰਨੀਆ ਸਟੇਟ ਵਿਚ 30 ਹਜ਼ਾਰ ਤੋਂ ਵੱਧ ਪਰਿਵਾਰਾਂ ਨੂੰ ਵੱਧ ਡਾਊਨ ਪੇਮੈਂਟ ਅਤੇ ਵੱਧ ਮਾਰਟਗੇਜ ਦਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਥੇਬੰਦੀ ਅਨੁਸਾਰ ਇਸ ਤੋਂ ਇਲਾਵਾ ਜੇ ਫੈਡਰਲ ਹਾਊਸਿੰਗ ਪ੍ਰਸਾਸ਼ਨ (ਐਫ ਐਚ ਏ), ਫੈਨੀ ਮੇਅ ਅਤੇ ਫਰੈਡੀ ਮੈਕ ਦੀ ਗਾਰੰਟੀ ਵਾਲੀਆਂ ਮੌਜੂਦਾ ਕਰਜਾ ਹੱਦਾਂ ਆਉਂਦੀ ਪਹਿਲੀ ਅਕਤੂਬਰ ਤੋਂ ਘਟਾ ਦਿੱਤੀਆਂ ਜਾਂਦੀਆਂ ਹਨ ਤਾਂ ਲੋਨ ਲੈਣ ਲਈ ਸ਼ਰਤਾਂ ਵੀ ਪਹਿਲਾਂ ਦੇ ਮੁਕਾਬਲੇ ਹੋਰ ਸਖਤ ਹੋ ਜਾਣਗੀਆਂ। ਇਸ ਗੱਲ ਦੇ ਬਾਵਜੂਦ ਕਿ ਓਬਾਮਾ ਪ੍ਰਸਾਸ਼ਨ ਨੇ ਕਿਹਾ ਹੈ ਕਿ ਕਰਜੇ ਦੀਆਂ ਮੌਜੂਦਾ ਹੱਦਾਂ ਇਕ ਸਾਲ ਲਈ ਹੋਰ ਵਧਾ ਦਿੱਤੀਆਂ ਜਾਣਗੀਆਂ, ਬੈਂਕ ਆਫ ਅਮੈਰਿਕਾ ਵਲੋਂ ਪਹਿਲਾਂ ਹੀ ਨਵੇਂ ਕਰਜਿਆਂ ਲਈ ਕਰਜਾ ਹੱਦਾਂ ਘਟਾ ਦਿੱਤੀਆਂ ਗਈਆਂ ਹਨ। ਹੋਰ ਬੈਂਕ ਵੀ ਜਲਦ ਹੀ ਇਸੇ ਰਾਹ ਪੈ ਜਾਣਗੇ।



ਜੱਸੀ ਗਿੱਲ

ਜਥੇਬੰਦੀ ਨੇ ਆਪਣੇ ਮੈਂਬਰ ਰਿਐਲਟਰਾਂ ਨੂੰ ਕਿਹਾ ਹੈ ਕਿ ਉਹ ਆਪੋ ਆਪਣੇ ਹਲਕੇ ਦੇ ਲੋਕ ਪ੍ਰਤੀਨਿਧਾਂ ਨੂੰ ਇਹ ਸਪਸ਼ਟ ਕਰਨ ਕਿ ਹਾਊਸਿੰਗ ਸਨਅਤ ਵਿਚ ਬਿਹਤਰ ਦਿਨ ਆਉਣੇ ਮਾਰਟਗੇਜ ਦਰਾਂ ਦੇ ਨਰਮ ਹੋਣ ਉਪਰ ਹੀ ਨਿਰਭਰ ਕਰਦੇ ਹਨ। ਕਾਂਗਰਸ ਨੂੰ ਕਰਜਾ ਹੱਦਾਂ ਘਟਾਏ ਜਾਣ ਵਿਰੁਧ ਲਾਜ਼ਮੀ ਤੌਰ 'ਤੇ ਕਾਰਵਾਈ ਕਰਨੀ ਚਾਹੀਦੀ ਹੈ।

ਇਸੇ ਦੌਰਾਨ ਫਰੈਡੀ ਮੈਕ ਆਪਣੇ ਕਰਜਾ ਅਨੁਪਾਤ ਪ੍ਰੋਗਰਾਮ ਵਿਚ ਇਕ ਨਵੀਂ ਤਬਦੀਲੀ ਕਰ ਰਹੀ ਹੈ ਜਿਸ ਨੂੰ ਸਟੈਂਡਰਡ ਮੋਡੀਫਿਕੇਸ਼ਨ (ਸੋਧ) ਕਿਹਾ ਗਿਆ ਹੈ। ਇਹ ਸੋਧ ਉਨ੍ਹਾਂ ਮਕਾਨ ਕਰਜਦਾਰਾਂ ਵਾਸਤੇ ਕੀਤੀ ਗਈ ਹੈ ਜੋ ਕਿ ਹੋਮ ਅਫੋਰਡੇਬਲ ਮੋਡੀਫਿਕੇਸ਼ਨ ਪ੍ਰੋਗਰਾਮ ਦੇ ਯੋਗ ਨਹੀਂ ਹਨ ਜਾਂ ਇਸ ਤੋਂ ਪਹਿਲਾਂ ਇਸ ਜਾਂ ਕਿਸੇ ਹੋਰ ਪ੍ਰੋਗਰਾਮ ਅਧੀਨ ਕਿਸ਼ਤਾਂ ਦੇਣ ਵਿਚ ਖੁੰਝ ਗਏ ਹਨ। ਜਿਹੜੇ ਕਰਜਦਾਰਾਂ ਨੂੰ ਇਸ ਸੋਧ ਅਧੀਨ ਪ੍ਰਵਾਨਗੀ ਮਿਲਦੀ ਹੈ, ਉਨ੍ਹਾਂ ਦਾ ਮੂਲ ਕਰਜਾ ਅਤੇ ਇਸ ਦੀ ਕਿਸ਼ਤ-ਦੋਵੇਂ ਘੱਟੋ ਘੱਟ 10% ਘਟਾਏ ਜਾਣਗੇ। ਇਸ ਤਰ੍ਹਾਂ ਕਰਜੇ ਦੀ ਕਿਸ਼ਤ ਦੇਣਾ ਵਧੇਰੇ ਸੁਖਾਲਾ ਹੋ ਜਾਵੇਗਾ।

ਇਸ ਪ੍ਰੋਗਰਾਮ ਦਾ ਲਾਭ ਉਠਾਉਣ ਦੇ ਯੋਗ ਹੋਣ ਲਈ ਕਰਜਦਾਰ ਦਾ ਆਪਣੀ ਮਾਰਟਗੇਜ ਦੀ ਕਿਸ਼ਤ ਦੇਣ ਵਿਚ ਘੱਟੋ ਘੱਟ 60 ਦਿਨ ਪਛੜੇ ਹੋਣਾ ਜ਼ਰੂਰੀ ਹੈ ਅਤੇ ਜਿਹੜੇ ਕਰਜਦਾਰ ਕਿਸ਼ਤ ਦੇਣ ਵਿਚ ਘੱਟੋ ਘੱਟ 60 ਦਿਨ ਪਛੜੇ ਹੋਏ ਨਹੀਂ ਹਨ ਪਰ ਆਮਦਨ ਦੇ ਵੇਰਵੇ ਦੇ ਕੇ ਇਹ ਸਾਬਤ ਕਰ ਸਕਦੇ ਹਨ ਕਿ ਅਜਿਹਾ ਖਤਰਾ ਉਨ੍ਹਾਂ ਦੇ ਸਿਰ ਉਤੇ ਮੰਡਰਾ ਰਿਹਾ ਹੈ, ਉਹ ਵੀ ਇਸ ਦਾ ਲਾਭ ਉਠਾ ਸਕਦੇ ਹਨ।

ਇਸ ਪ੍ਰੋਗਰਾਮ ਤਹਿਤ ਸੋਧੇ ਗਏ ਮਾਰਟਗੇਜ ਕਰਜੇ 'ਤੇ ਵਿਆਜ ਦਰ 5% ਹੋਵੇਗੀ ਅਤੇ ਕਰਜੇ ਦੀ ਮਿਆਦ ਵਧਾ ਕੇ ਸੋਧ ਦੇ ਦਿਨ ਤੋਂ 40 ਸਾਲ ਕਰ ਦਿੱਤੀ ਜਾਏਗੀ। ਇਸ ਸੋਧ ਨੂੰ ਪ੍ਰਵਾਨਗੀ ਦੇਣ ਵਾਲੀਆਂ ਬੈਂਕਿੰਗ ਸੰਸਥਾਵਾਂ ਨੂੰ ਪ੍ਰਤੀ ਮਕਾਨ ਮਾਲਕ 1600 ਡਾਲਰ ਦਾ ਪ੍ਰੇਰਕ ਦਿੱਤਾ ਜਾਏਗਾ।

ਇਸ ਪ੍ਰੋਗਰਾਮ ਤਹਿਤ ਪ੍ਰਵਾਨ ਕੀਤੇ ਗਏ ਕਰਜਦਾਰਾਂ ਨੂੰ ਤਿੰਨ ਮਹੀਨੇ ਦੇ ਅਜਮਾਇਸ਼ੀ ਸਮੇਂ ਵਿਚੋਂ ਗੁਜਰਨਾ ਪਵੇਗਾ ਜਿਸ ਦੌਰਾਨ ਉਨ੍ਹਾਂ ਨੂੰ ਆਪਣੀ ਕਿਸ਼ਤ ਸਮੇਂ ਸਿਰ ਮੋੜਨੀ ਪਵੇਗੀ। ਇਸ ਤੋਂ ਬਾਅਦ ਹੀ ਉਨ੍ਹਾਂ ਦੇ ਕਰਜੇ ਦੀ ਸੋਧ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਕਿਸ਼ਤ ਹੋਮ ਅਫੋਰਡੇਬਲ ਮੋਡੀਫਿਕੇਸ਼ਨ ਪ੍ਰੋਗਰਾਮ ਵਾਂਗ ਹੀ ਹੋ ਜਾਏਗੀ। ਨਵੇਂ ਸੋਧੇ ਪ੍ਰੋਗਰਾਮ ਅਧੀਨ ਅਜਮਾਇਸ਼ ਦੇ ਦੋ ਮਹੀਨਿਆਂ ਅੰਦਰ ਕਰਜਾ ਲਿਆਉਣ ਲਈ ਕਰਜਦਾਰਾਂ ਨੂੰ ਪਰੇਰਨ ਵਾਸਤੇ ਲੈਂਡਰਾਂ ਨੂੰ ਕਈ ਤਰ੍ਹਾਂ ਦੇ ਪਰੇਰਕ ਦਿੱਤੇ ਜਾਣਗੇ।

ਲੈਂਡਰ ਅਜਮਾਇਸ਼ੀ ਕਰਜਾ ਸੋਧਾਂ ਪਹਿਲੀ ਅਕਤੂਬਰ 2011 ਤੋਂ ਹੀ ਲਾਗੂ ਕਰਨੀਆਂ ਸ਼ੁਰੂ ਕਰ ਸਕਦੇ ਹਨ। ਪਹਿਲੀ ਜਨਵਰੀ 2011 ਨੂੰ ਲਾਗੂ ਸ਼ਰਤਾਂ ਅਨੁਸਾਰ ਫਰੈਡੀ ਮੈਕ ਦੀ ਗਾਰੰਟੀ ਵਾਲੇ ਮਾਰਟਗੇਜ ਉਪਰ ਕਿਸੇ ਵੀ ਤਰ੍ਹਾਂ ਦੇ ਕਰਜਾ ਸੋਧ ਪ੍ਰੋਗਰਾਮ ਦੀ ਮੰਗ ਕਰ ਰਹੇ ਕਰਜਦਾਰ ਦੀ ਯੋਗਤਾ ਦਾ ਮੁਲੰਕਣ ਪਹਿਲਾਂ ਕਰਨਾ ਜ਼ਰੂਰੀ ਹੈ।

# ਅਮਰੀਕੀ ਆਗੂਆਂ ਤੋਂ ਜਨਤਾ ਖ਼ਫਾ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੇ ਮੈਂਬਰਾਂ ਵੱਲੋਂ ਮੁੱਖ ਮੁੱਦਿਆਂ ਨਾਲ ਸਿੱਝਣ ਲਈ ਅਪਣਾਏ ਜਾ ਰਹੇ ਢੰਗ-ਤਰੀਕਿਆਂ ਤੋਂ ਵੱਡੀ ਗਿਣਤੀ ਅਮਰੀਕੀਆਂ ਵਿਚ ਨਿਰਾਸ਼ਾ ਤੇ ਨਾਰਾਜ਼ਗੀ ਪਾਈ ਜਾ ਰਹੀ ਹੈ। ਆਪਣੇ ਸੰਸਦ ਮੈਂਬਰਾਂ ਨੂੰ 'ਝਗੜਾਲੂ' ਤੇ 'ਪੱਖਪਾਤੀ' ਕਰਾਰ ਦਿੰਦਿਆਂ ਰਿਕਾਰਡ 84 ਫੀਸਦੀ ਰਜਿਸਟਰਡ ਵੋਟਰਾਂ ਨੇ ਕਿਹਾ ਹੈ ਕਿ ਹੁਣ ਵਕਤ ਆ ਗਿਆ ਹੈ ਜਦੋਂ ਇਨ੍ਹਾਂ ਕਾਨੂੰਨਸਾਜ਼ਾ ਨੂੰ ਲਾਂਭੇ ਕਰਕੇ 'ਨਵਿਆਂ ਨੂੰ ਮੌਕਾ' ਦਿੱਤਾ ਜਾਣਾ ਚਾਹੀਦਾ ਹੈ।

ਇਕ ਸਰਵੇਖਣ ਮੁਤਾਬਕ ਸਿਰਫ ਛੇ ਫੀਸਦੀ ਰਜਿਸਟਰਡ ਅਮਰੀਕੀ ਵੋਟਰਾਂ ਨੇ ਹੀ ਕਿਹਾ ਹੈ ਕਿ ਉਨ੍ਹਾਂ ਦੇ ਸੰਸਦ ਮੈਂਬਰ ਮੁੜ ਚੁਣੇ ਜਾਣ ਦੇ ਹੱਕਦਾਰ ਹਨ। ਕਾਂਗਰਸ ਦੇ ਮੈਂਬਰਾਂ ਪ੍ਰਤੀ ਇਹ ਗੈਰ ਤਸੱਲੀ ਦੋਵੇਂ ਰਿਪਬਲੀਕਨ ਤੇ ਡੈਮੋਕਰੇਟ ਹਮਾਇਤੀਆਂ ਵਿਚ ਪਾਈ ਜਾ ਰਹੀ ਹੈ। ਕਿਉਂਕਿ ਦੋਵੇਂ ਪਾਰਟੀਆਂ ਦੇ 10 ਵਿਚੋਂ 8 ਹਮਾਇਤੀਆਂ ਨੇ ਨਵੇਂ ਉਮੀਦਵਾਰਾਂ ਨੂੰ ਮੌਕਾ ਦਿੱਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਦੇ ਨੌਕਰੀਆਂ ਬਾਰੇ 447 ਅਰਬ ਡਾਲਰ ਦੇ ਤਜਵੀਜ਼ਤ ਪੈਕੇਜ ਉਤੇ ਕਾਂਗਰਸ ਜਿਵੇਂ ਬਹਿਸ ਵਿਚ ਪਈ ਉਸ ਤੋਂ ਇਸ ਦੀ ਲੋਕਪ੍ਰਿਅਤਾ ਬਹੁਤ ਹੀ ਹੇਠਲੇ ਪੱਧਰ 'ਤੇ ਚਲੀ ਗਈ ਹੈ। ਸਿਰਫ 12 ਫੀਸਦੀ ਅਮਰੀਕੀਆਂ ਨੂੰ ਹੀ ਸੰਸਦ ਮੈਂਬਰਾਂ ਵੱਲੋਂ ਰੁਜ਼ਗਾਰ ਦੇ ਮੁੱਦੇ ਨਾਲ ਸਿੱਝੇ ਜਾਣ ਦਾ ਤਰੀਕਾ ਪਸੰਦ ਆ ਰਿਹਾ ਹੈ। ਇਹ ਹੁਣ ਤੱਕ ਦਾ ਸਭ ਤੋਂ ਨੀਵਾਂ ਰਿਕਾਰਡ ਹੈ। ਡੈਮੋਕਰੇਟਾਂ (ਜਿਸ ਪਾਰਟੀ ਨਾਲ ਸ੍ਰੀ ਓਬਾਮਾ ਸਬੰਧਤ ਹਨ) ਦੇ ਮੁਕਾਬਲੇ ਲੋਕ ਰਿਪਬਲੀਕਨਾਂ ਤੋਂ ਵੱਧ ਨਿਰਾਸ਼ ਹਨ।





ਦੂਜਾ ਕਬੱਡੀ ਕੱਪ
ਬੇਕਰਸਫੀਲਡ ਵਿੱਚ
ਸਮੂਹ ਬੇਕਰਸਫੀਲਡ ਸੰਗਤਾਂ ਵਲੋਂ
15 ਅਕਤੂਬਰ 2011 ਦਿਨ ਸ਼ਨੀਵਾਰ
ਸਥਾਨ ▶ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ
8100, ਸਟਾਈਨ ਰੋਡ, ਬੇਕਰਸਫੀਲਡ
ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ
ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ
ਜੇਤੂ ਕਲੱਬ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 3100
21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100
ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ
ਜੱਸੀ ਗਿੱਲ 661-331-6766
ਜੀਤਾ ਮਾਣਕ 661-444-7799
ਬਲਜੀਤ ਧੂਤ 661-304-0087
ਦੀਪਾ ਢੀਡਸਾ 661-444-7666
ਜੀਤਾ ਢਿੱਲੋਂ 661-472-3717
ਗੁਰਿੰਦਰ ਬਸਰਾ 661-873-5181
ਤਰਲੋਚਨ ਸਿੰਘ 661-979-1495
ਸੇਵਾ ਕੁਲਥਮ 661-204-3785
ਗੁਰਮੀਤ ਸਿੱਧੂ 661-332-9491
ਜਾਪੀ ਢਿੱਲੋਂ 661-301-4693
ਜਗਤਾਰ ਗਿੱਲ 661-900-7466
ਮਲਕੀਤ ਸਿੰਘ 661-978-5795
ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸੜ, ਮਲਕੀਤ (ਡਾਲਾ), ਦਲਜੀਤ ਭੰਗੂ, ਗੁਰਸੇਵਕ ਭੰਗੂ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਡਸਾ, ਰਾਮ ਸਿੰਘ ਸੰਘਾ, ਜੀਤਾ ਢਿੱਲੋਂ, ਦੀਪਾ ਢੀਡਸਾ, ਸੋਹੀ ਸਮਰ, ਹਰਮਨ ਤੂਰ, ਬਿੰਟਾ ਤੂਰ (PIXLEY) ਰਿਸ਼ਪਾਲ SUNRISE, ਬੌਬ ਬਾਠ (Pixley), ਪਰਦੀਪ ਬਰਾੜ, ਹਰਦਮ ਸਿੰਘ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਕੁਲਦੀਪ ਤੂਰ, ਜਤਿੰਦਰ ਰੂਬੀ, ਲੱਕੀ ਸਿੰਘ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ 24/7, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਬਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੋਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਭੁੱਲਰ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਸੁਰਜੀਤ ਸਿੰਘ (ਅਰਵਨ), ਹੈਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਦੀਪਾ ਸਿਵੀਆ, ਬਲਦੇਵ ਸਿੰਘ (FRED LIQUOR) ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਐਨ. ਕੇ. ਸਾਈਨ, ਸੁਖਦੇਵ ਗਿੱਲ, ਫੱਤੀ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, Bob Virk, Amarjit Singh Brar, Road Liner Log, Bhuto, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ।
ਨੋਟ : ਮੈਚ 9:00 ਵਜੇ ਸ਼ੁਰੂ ਹੋਵੇਗਾ ਅਤੇ ਹਰ ਇਕ ਟੀਮ ਦੀ ਐਂਟਰੀ ਮੈਚ ਤੋਂ 30 ਮਿੰਟ ਪਹਿਲਾਂ ਜ਼ਰੂਰੀ ਹੈ।
ਟੀਮਾਂ ਦੀ ਐਂਟਰੀ ਲਈ ਕਾਲ ਕਰ ਸਕਦੇ ਹੋ
ਇਸ ਟੂਰਨਾਮੈਂਟ ਦੀ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ ਅਤੇ ਜਗਦੀਪ ਬਿੰਦ ਕਰਨਗੇ
ਹਰ ਪਾਸੇ ਸਿਕਿਊਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ
Design & Print Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com

# ਸਿਨਸਿਨੈਟੀ ਦੀ ਓਪਨ ਕਬੱਡੀ ਧਾਰਨੀ ਤੇ ਜਗਰੂਪ ਤੂਰ ਦੀ ਟੀਮ ਨੇ ਜਿੱਤੀ

**ਸਿਨਸਿਨੈਟੀ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸਿਨਸਿਨੈਟੀ ਵਲੋਂ ਇਥੇ ਵਾਇਸ ਆਫ ਅਮੈਰਿਕਾ ਪਾਰਕ ਵਿਚ ਕਰਵਾਏ ਗਏ ਤੀਜੇ ਖੇਡ ਮੇਲੇ ਵਿਚ ਜਿਥੇ ਕਬੱਡੀ ਅਤੇ ਵਾਲੀਬਾਲ ਦੇ ਇਨਾਮੀ ਮੁਕਾਬਲੇ ਕਰਵਾਏ ਗਏ ਉਥੇ ਨਾਲ ਹੀ ਬੀਬੀਆਂ, ਲੜਕੀਆਂ ਅਤੇ ਛੋਟੇ ਬੱਚਿਆਂ ਲਈ ਖੇਡਾਂ ਵੀ ਕਰਵਾਈਆਂ ਗਈਆਂ। ਬੱਚਿਆਂ ਦੀ ਪਸੰਦ ਨੂੰ ਮੁੱਖ ਰੱਖਦਿਆਂ ਉਨ੍ਹਾਂ ਵਾਸਤੇ ਉਚੇਚੇ ਤੌਰ 'ਤੇ ਰਾਈਡਾਂ ਦਾ ਵੀ ਬੰਦੋਬਸਤ ਕੀਤਾ ਗਿਆ ਜੋ ਕਿ ਬੱਚਿਆਂ ਵਾਸਤੇ ਖਾਸ ਖਿੱਚ ਵਾਲੀ ਚੀਜ਼ ਬਣੀ ਰਹੀ। ਦੋ ਸਾਲ ਦੇ ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਉਮਰ ਦੇ ਪੰਜਾਬੀਆਂ ਨੇ ਇਸ ਖੇਡ ਮੇਲੇ ਦੀ ਰੌਣਕ ਵਧਾਈ। ਮੇਲੇ ਦਾ ਆਰੰਭ ਸਵੇਰੇ 8 ਵਜੇ ਪ੍ਰਭੂ ਚਰਨਾਂ ਵਿਚ ਅਰਦਾਸ ਨਾਲ ਹੋਇਆ।



ਕਬੱਡੀ ਓਪਨ ਦਾ 5100 ਡਾਲਰ ਦਾ ਪਹਿਲਾ ਇਨਾਮ ਅਮਨਦੀਪ ਧਾਰਨੀ ਅਤੇ ਜਗਰੂਪ ਸਿੰਘ ਤੂਰ ਦੀ ਸਪਾਂਸਰ ਕੀਤੀ ਸਿਨਸਿਨੈਟੀ ਦੀ ਟੀਮ ਨੇ ਜਿੱਤਿਆ ਜਦੋਂ ਕਿ 3100 ਡਾਲਰ ਦਾ ਦੂਜਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੀ ਟੀਮ ਦੇ ਹਿੱਸੇ ਆਇਆ। ਧਾਰਨੀ ਅਤੇ ਤੂਰ ਪੈਟਰੋਲੀਅਮ ਦੀ ਟੀਮ ਵਿਚ ਸੰਦੀਪ ਗੁਰਦਾਸਪੁਰੀਆ, ਗੋਰਾ, ਬਲਜੀਤ ਸੈਦੋਵਾਲੀਆ, ਡਾਂਟੇ ਜਿਹੇ ਜਾਫੀਆਂ ਅਤੇ ਜੱਸਾ ਸਿੱਧਵਾਂ, ਗੁਰਪ੍ਰੀਤ, ਅੰਮ੍ਰਿਤਪਾਲ ਤੇ ਤਾਰੀ ਜਿਹੇ ਵੱਡੇ ਧਾਵੀ ਸ਼ਾਮਲ ਸਨ। ਸ਼ੇਰੇ ਪੰਜਾਬ ਕਲੱਬ, ਸ਼ਿਕਾਗੋ ਦੀ ਟੀਮ ਤਾਊ, ਭਿੰਦਰ, ਸੰਦੀਪ, ਗੋਪੀ, ਜੱਸਾ ਕਾਲਾਸੰਘਿਆਂ ਜਿਹੇ ਸਟਾਪਰਾਂ ਅਤੇ ਕੀਪਾ ਬਧਨੀਵਾਲਾ, ਕਾਲੇ, ਸਾਬੀ, ਇੰਦਰ ਲਾਸ ਵੇਗਸ ਅਤੇ ਹਨੀ ਖੰਗੂੜਾ ਜਿਹੇ ਰੇਡਰਾਂ ਨਾਲ ਸ਼ਿੰਗਾਰੀ ਹੋਈ ਸੀ।

ਕਬੱਡੀ ਓਪਨ ਵਿਚ ਚਾਰ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਸਿਨਸਿਨੈਟੀ ਤੋਂ ਇਲਾਵਾ ਇੰਡੀਅਨਐਪੋਲਿਸ, ਡੈਲਸ ਅਤੇ ਸ਼ਿਕਾਗੋ ਤੋਂ ਆਈਆਂ ਟੀਮਾਂ ਸ਼ਾਮਲ ਸਨ। ਸਿਨਸਿਨੈਟੀ ਦੀ ਟੀਮ ਦੇ ਸਪਾਂਸਰ ਅਮਨ ਧਾਰਨੀ ਅਤੇ ਜਗਰੂਪ ਤੂਰ ਸਨ ਜਦੋਂ ਕਿ ਲਾਇਨਜ਼ ਕਲੱਬ, ਡੈਲਸ ਦੀ ਟੀਮ ਦੇ ਸਪਾਂਸਰ ਸ਼ੇਰੇ ਪੰਜਾਬ ਸਿੰਘ ਰੰਧਾਵਾ, ਬਿੱਲਾ ਰੰਧਾਵਾ, ਗੁਰਮੇਲ ਸਿੰਘ ਟੈਰੀ, ਸ਼ਮਸ਼ੇਰ ਸਿੰਘ ਮਾਨ ਤੇ ਪਰਮਜੀਤ ਸਿੰਘ ਢਿੱਲੋਂ ਸਨ। ਸ਼ਿਕਾਗੋ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਦੇ ਸਪਾਂਸਰ ਪਰਮਿੰਦਰ ਵਾਲੀਆ, ਦੀਪਾ ਬਦੇਸ਼ਾ, ਅਮਰਦੀਪ ਸਿੰਘ ਬਦੇਸ਼ਾ, ਸੰਤੋਖ ਸਿੰਘ ਡੀ ਸੀ, ਹੈਪੀ ਹੀਰ, ਹਰਦੀਪ ਗਿੱਲ, ਲਵਦੀਪ, ਬਿੱਲਾ, ਅਜੈਬ ਸਿੰਘ ਲੱਖਣ, ਜਿੰਦੀ ਖੰਗੂੜਾ, ਜਿੰਦਰ ਬੈਣੀਪਾਲ, ਜੱਸੀ, ਪੀਟਾ ਸਹੋਤਾ, ਜਸਕਰਨ ਧਾਲੀਵਾਲ ਅਤੇ ਕਲੱਬ ਦੇ ਪ੍ਰਧਾਨ ਨਰਿੰਦਰ ਸਿੰਘ ਸਰਾਂ ਸਨ।



ਚੱਕ ਲੈ ਵਾਹਿਗੁਰੂ ਕਹਿ ਕੇ...

ਇੰਡੀਅਨਐਪੋਲਿਸ ਤੋਂ ਆਈ ਮੀਰੀ ਪੀਰੀ ਸਪੋਰਟਸ ਕਲੱਬ ਦੇ ਸਪਾਂਸਰ ਸਤਵੰਤ ਸਿੰਘ ਨਿੱਝਰ, ਤੀਰਥ ਅਤੇ ਛਿੰਦਾ ਸਨ। ਕਬੱਡੀ ਦੀ ਕੁਮੈਂਟਰੀ ਕਰਦਿਆਂ ਪ੍ਰੋ. ਮੱਖਣ ਸਿੰਘ ਹਕੀਮਪੁਰ ਨੇ ਮੈਚਾਂ ਦਾ ਸਵਾਦ ਕਈ ਗੁਣਾ ਵਧਾ ਦਿੱਤਾ।

ਕਬੱਡੀ ਅੰਡਰ 21 'ਚ ਇੰਡੀਅਨਐਪੋਲਿਸ ਦੀ ਟੀਮ ਨੇ ਸ਼ਿਕਾਗੋ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੂੰ ਹਰਾ ਕੇ ਪਹਿਲਾ ਇਨਾਮ ਹਾਸਲ ਕੀਤਾ ਅਤੇ ਇੰਜ ਦੂਜਾ ਇਨਾਮ ਸ਼ਿਕਾਗੋ ਦੀ ਟੀਮ ਦੇ ਹਿੱਸੇ ਆਇਆ। 18 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਕਬੱਡੀ ਮੁਕਾਬਲੇ ਵਿਚ ਸਿਨਸਿਨੈਟੀ, ਓਹਾਇਓ ਦੀ ਟੀਮ ਜੇਤੂ ਰਹੀ ਜਦੋਂਕਿ ਦੂਜੇ ਨੰਬਰ 'ਤੇ ਡੇਅਟਨ, ਓਹਾਇਓ ਦੀ ਟੀਮ ਆਈ। 12 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੇ ਕਬੱਡੀ ਮੈਚ ਵੀ ਬਹੁਤ ਦਿਲਚਸਪ ਰਹੇ। ਇਨ੍ਹਾਂ ਮੈਚਾਂ ਵਿਚ ਸਿਨਸਿਨੈਟੀ ਤੇ ਡੇਅਟਨ ਦੀਆਂ ਟੀਮਾਂ ਸਾਂਝੇ ਤੌਰ 'ਤੇ ਜੇਤੂ ਕਰਾਰ ਦਿੱਤੀਆਂ ਗਈਆਂ।



ਰੈਫਰੀ ਸਤਵੰਤ ਸਿੰਘ ਨਿੱਝਰ

ਮਰਦਾਂ ਦੇ ਵਾਲੀਬਾਲ ਮੁਕਾਬਲਿਆਂ ਵਿਚ 1500 ਡਾਲਰ ਦਾ ਪਹਿਲਾ ਇਨਾਮ ਡਿਟਰਾਇਟ ਦੀ ਸ਼ਕਤੀਸ਼ਾਲੀ ਟੀਮ ਨੇ ਇਕ ਬਹੁਤ ਹੀ ਫਸਵੇਂ ਮੁਕਾਬਲੇ ਵਿਚ ਟੋਨੀ ਸੰਘੇੜਾ ਦੀ ਅਗਵਾਈ ਹੇਠ ਆਈ ਸ਼ਿਕਾਗੋ ਦੀ ਟੀਮ ਨੂੰ ਹਰਾ ਕੇ ਜਿੱਤਿਆ। ਇੰਜ 1100 ਡਾਲਰ ਦਾ ਦੂਜਾ ਇਨਾਮ ਸ਼ਿਕਾਗੋ ਦੇ ਹਿੱਸੇ ਆਇਆ। ਵਾਲੀਬਾਲ ਦੇ ਪਹਿਲੇ ਇਨਾਮ ਦੇ ਸਪਾਂਸਰ ਦਵਿੰਦਰ ਸਿੰਘ ਹੈਪੀ ਸਨ ਜਦੋਂਕਿ ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਦੇ ਗਿੱਲ ਭਰਾ ਸਨ। ਮਰਦਾਂ ਦੇ ਇਨ੍ਹਾਂ ਮੁਕਾਬਲਿਆਂ ਵਿਚ ਕੁਲ 11 ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਕੈਨੇਡਾ, ਸਿਨਸਿਨੈਟੀ, ਡੇਅਟਨ, ਡਿਟਰਾਇਟ, ਸ਼ਿਕਾਗੋ, ਇੰਡੀਅਨਐਪੋਲਿਸ, ਸੇਂਟ ਲੂਈਸ ਅਤੇ ਕਲੀਵਲੈਂਡ ਦੀਆਂ ਟੀਮਾਂ ਸ਼ਾਮਲ ਸਨ।



ਸਤਵਿੰਦਰ ਬਿੱਟੀ

ਔਰਤਾਂ ਦੇ ਵਾਲੀਬਾਲ ਮੁਕਾਬਲਿਆਂ ਵਿਚ ਕੁਲ ਚਾਰ ਟੀਮਾਂ ਨੇ ਹਿੱਸਾ ਲਿਆ। ਪਹਿਲਾ ਇਨਾਮ 'ਡੇਅਟਨ ਦੀਆਂ ਜੱਟੀਆਂ' ਨਾਂ ਦੀ ਟੀਮ ਨੇ ਜਿਤਿਆ ਜਦੋਂਕਿ ਦੂਜਾ ਇਨਾਮ ਸਿਨਸਿਨੈਟੀ ਦੀ 'ਮੋਸਟ ਵਾਂਟਿਡ ਟੀਮ ਨੰਬਰ ਦੋ' ਨੇ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਿਚ 500 ਡਾਲਰ ਦਾ ਪਹਿਲਾ ਅਤੇ 300 ਡਾਲਰ ਦਾ ਦੂਜਾ ਇਨਾਮ ਨਿੰਮਾ ਗਰੇਵਾਲ ਨੇ ਸਪਾਂਸਰ ਕੀਤਾ।

ਇਸ ਖੇਡ ਮੇਲੇ ਦੀ ਖਾਸੀਅਤ ਇਹ ਰਹੀ ਕਿ ਇਸ ਵਿਚ ਸਭ ਤੋਂ ਵੱਧ ਛੋਟੇ ਬੱਚਿਆਂ ਨੇ ਹਿੱਸਾ ਲਿਆ। ਛੋਟੇ ਛੋਟੇ ਬੱਚਿਆਂ ਵਿਚ ਵੀ ਖੇਡਾਂ ਵਿਚ ਸ਼ਾਮਲ ਹੋਣ ਲਈ ਭਾਰੀ ਉਤਸ਼ਾਹ ਸੀ।

ਔਰਤਾਂ ਦੀਆਂ ਖੇਡਾਂ ਵੀ ਦਿਲਚਸਪ ਰਹੀਆਂ। ਉਨ੍ਹਾਂ ਦੀ ਤਿੰਨ ਟੰਗੀ ਰੇਸ ਵਿਚ ਰਿੰਮੀ ਸੇਖੋਂ ਤੇ ਨੀਨਾ ਪਹਿਲੇ, ਜਸਪ੍ਰੀਤ ਤੇ ਰਾਣੀ ਦੂਜੇ ਅਤੇ ਹਰਪ੍ਰੀਤ ਤੇ ਜਸਪ੍ਰੀਤ ਤੀਜੇ ਥਾਂ ਰਹੀਆਂ। ਬੀਬੀਆਂ ਦੀ ਸੌ ਮੀਟਰ ਦੀ ਦੌੜ ਵਿਚ ਬਾਜ਼ੀ ਰਿੰਮੀ ਸੇਖੋਂ ਨੇ ਮਾਰੀ ਜਦੋਂਕਿ ਨੀਨਾ ਦੂਜੇ ਤੇ ਜਸਪ੍ਰੀਤ ਤੀਜੇ ਥਾਂ ਰਹੀਆਂ। ਬੀਬੀਆਂ ਦੀ ਚਮਚਾ ਰੇਸ ਵਿਚ ਪ੍ਰੀਤ ਮਟੋਟ ਫਸਟ, ਪਰਮਜੀਤ ਕੋਹਲੀ ਸੈਕਿੰਡ ਤੇ ਰੂਬੀ ਖੜੌਦ ਥਰਡ ਰਹੀਆਂ। ਲੜਕੀਆਂ ਦੀ ਚਮਚਾ ਦੌੜ ਵਿਚ ਜਪਨੀਤ ਸੇਖੋਂ ਨੇ ਪਹਿਲਾ, ਜੈਸਮੀਨ ਨੇ ਦੂਜਾ ਤੇ ਅਨਮੋਲ ਘੁੰਮਣ ਨੇ ਤੀਜਾ ਥਾਂ ਹਾਸਲ ਕੀਤਾ। ਬੀਬੀਆਂ ਦੇ ਗੋਲਾ ਸੁੱਟਣ ਦੇ ਮੁਕਾਬਲਿਆਂ ਵਿਚ 60 ਸਾਲ ਤੋਂ ਉਪਰ ਦੇ ਉਮਰ ਵਰਗ ਵਿਚ ਬੀਬੀ ਗੁਰਦੇਵ ਕੌਰ ਨੇ 13 ਫੁੱਟ 6 ਇੰਚ ਗੋਲਾ ਸੁੱਟ ਕੇ ਬਾਜ਼ੀ ਮਾਰੀ, ਦੂਜੇ ਥਾਂ ਰਣਜੀਤ ਕੌਰ ਅਤੇ ਤੀਜੇ ਥਾਂ ਸਵਰਨ ਕੌਰ ਤੇ ਅਮਰਜੀਤ ਕੌਰ ਰਹੀਆਂ।



ਪ੍ਰੋਗਰਾਮ ਦੇ ਅਖੀਰ ਵਿਚ ਲੋਕ ਗਾਇਕਾ ਸਤਵਿੰਦਰ ਬਿੱਟੀ, ਗਾਇਕ ਹਰਦੀਪ ਗਿੱਲ ਅਤੇ ਸਥਾਨਕ ਗੀਤਕਾਰ ਤੇ ਗਾਇਕ ਨਿੰਮੇ ਡਲੇਵਾਲ ਨੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸਾਰਾ ਦਿਨ ਮੇਲੇ ਵਿਚ ਤਾਜਾ ਖਾਣਾ ਵਰਤ ਹੁੰਦਾ ਰਿਹਾ। ਸ਼ਿਕਾਗੋ ਤੋਂ ਆਏ ਕੇ ਕੇ ਪੰਮਾ ਨੇ ਗਰਮਾ-ਗਰਮ ਪਕੌੜਿਆਂ, ਜਲੇਬੀਆਂ ਅਤੇ ਖਾਣ-ਪੀਣ ਦੇ ਹੋਰ ਸਾਮਾਨ ਨਾਲ ਮੇਲੇ ਵਿਚ ਆਏ ਦਰਸ਼ਕਾਂ ਦੀ ਡਟ ਕੇ ਸੇਵਾ ਕੀਤੀ।

ਖੇਡ ਮੇਲੇ ਦੇ ਖਾਸ ਸਪਾਂਸਰ ਧਾਰਨੀ ਪੈਟਰੋਲੀਅਮ ਵਾਲੇ ਅਮਨ ਧਾਰਨੀ ਅਤੇ ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਜਗਰੂਪ ਸਿੰਘ ਤੂਰ ਸਨ। ਸ. ਮੁਖਤਿਆਰ ਸਿੰਘ ਸੇਖੋਂ, ਜਗਪਾਲ ਗਰੇਵਾਲ ਅਤੇ ਰਛਪਾਲ ਸੇਖੋਂ ਨੇ ਵੀ ਵਿਸ਼ੇਸ਼ ਸਹਿਯੋਗ ਦਿਤਾ। ਮੇਲੇ ਨੂੰ ਕਾਮਯਾਬ ਬਣਾਉਣ ਲਈ ਅਵਤਾਰ ਸਿੰਘ ਸਪਰਿੰਗਫੀਲਡ, ਹਰਪ੍ਰੀਤ ਸਿੰਘ ਘੁੰਮਣ, ਦੀਪ ਸਹੋਤਾ, ਕਮਲੇਸ਼ ਸਿੰਘ, ਹੈਪੀ ਮਟੋਟ, ਪਿੰਦਾ ਜੱਟ, ਰਮਨ ਘੁੰਮਣ, ਜਗਪਾਲ ਅਤੇ ਨਿੰਮਾ ਗਰੇਵਾਲ, ਰਿਮੀ ਸੇਖੋਂ, ਰਾਣੀ ਬੈਣੀਪਾਲ, ਸੋਹਣ ਸਿੰਘ, ਹਰਦੀਪ ਸਿੰਘ ਘੁੰਮਣ, ਗੁਰਿੰਦਰ ਢਿਲੋਂ ਅਤੇ ਕਲੱਬ ਦੇ ਸਮੂਹ ਅਹੁਦੇਦਾਰਾਂ ਨੇ ਸਖਤ ਮਿਹਨਤ ਕੀਤੀ।



ਨਿੰਮਾ ਡੱਲੇਵਾਲਾ

# ਮੱਖਣ ਸਿੰਘ ਬੈਂਸ ਅਤੇ ਰਾਜਾ ਸਵੀਟਸ

**ਕਦੇ-ਕਦੇ**

**ਐਸ. ਅਸ਼ੋਕ ਭੌਰਾ**

ਕੈਲੀਫੋਰਨੀਆ ਦੇ ਬਹੁਤੇ ਹਲਕਿਆਂ ਵਿਚ ਭਾਵੇਂ ਦਰਮਿਆਨੇ ਕੱਦ ਦੇ ਮੱਖਣ ਸਿੰਘ ਬੈਂਸ ਨੂੰ ਕੇਟਰਿੰਗ ਕਰਕੇ ਜਾਂ ਮਠਿਆਈਆਂ ਦੇ ਬਾਦਸ਼ਾਹ ਕਰਕੇ ਜਲੰਧਰ ਆਲੇ ਲਵਲੀ ਸਵੀਟਸ (ਹੁਣ ਲਵਲੀ ਗਰੁਪ ਆਫ਼ ਇੰਸਟੀਚਿਊਟਸ) ਕਰਕੇ ਲੋਕ ਜਾਣਦੇ ਹੋਣ, ਪਰ ਊਂ ਉਹ ਸੱਭਿਆਚਾਰਕ, ਖੇਡਾਂ ਤੇ ਸਾਹਿਤਕ ਹਲਕਿਆਂ ਵਿਚ ਜਾਣਿਆ-ਪਛਾਣਿਆ ਨਾਂ ਹੈ। ਹੁਣੇ-ਹੁਣੇ ਯੂਨੀਅਨ ਸਿਟੀ ਪੁਲਿਸ ਵੱਲੋਂ ਉਸ ਦਾ ਖਾਸ ਗੱਲਾਂ, ਖਾਸ ਯੋਗਦਾਨ ਬਦਲੇ ਸਨਮਾਨ ਕੀਤੇ ਜਾਣ ਦੀ ਖ਼ਬਰ ਆਈ ਤਾਂ ਮੈਨੂੰ ਉਹ ਬਹਾਨਾ ਮਿਲ ਹੀ ਗਿਆ ਜਿਸ ਦੀ ਤਲਾਸ਼ ਵਿਚ ਮੈਂ ਸਾਂ।

ਮੱਖਣ ਬੈਂਸ ਦੀ ਬਹੁਤੀ ਚਿੱਟੀ, ਥੋੜ੍ਹੀ ਕਾਲੀ ਦਾੜ੍ਹੀ, ਹਲਕੇ ਘੁੰਗਰਾਲੇ ਵਾਲ, ਘੱਟ ਬੋਲਣ ਤੇ ਬੁੱਲ੍ਹਾਂ 'ਚ ਵੱਧ ਮੁਸਕਰਾਉਣ ਵਾਲਾ ਚਿਹਰਾ ਜਾਣਨ ਦੀ ਮੈਂ ਵੀ ਬਹੁਤ ਕੋਸ਼ਿਸ਼ ਕੀਤੀ ਹੈ, ਕਿਤਾਬਾਂ ਵਾਂਗ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ ਪਰ ਹਾਲੇ ਵੱਸੋਂ ਬਾਹਰ ਹੈ। ਉਹ ਦੀਦਾਰ ਸੰਧੂ ਵਾਂਗ ਲੰਬੇ ਪ੍ਰਸ਼ਨਾਂ ਦੇ ਛੋਟੇ ਉਤਰ ਦੇਣ ਕਰਕੇ ਤਿਲਕ ਜਿਹਾ ਜਾਂਦੈ। ਆਮ ਤੌਰ 'ਤੇ ਕੈਲੀਫੋਰਨੀਆ ਵਿਚ ਅਤੇ ਖਾਸ ਤੌਰ 'ਤੇ ਬੇਏਰੀਏ 'ਚ ਛੋਟੀ ਜਿਹੀ ਜਾਣ-ਪਛਾਣ ਵਾਲਾ ਬੰਦਾ ਵੀ ਲੋਕ ਜਾਣਦੇ ਹਨ ਕਿ ਇਹ ਫਲਾਣੇ ਗਰੁਪ ਦਾ, ਐਸ ਧੜੇ ਦਾ, ਐਸ ਅਖ਼ਬਾਰ ਨਾਲ ਸਬੰਧਤ ਹੈ, ਖੇਡਾਂ ਦੇ ਅਹੁ ਗਰੁਪ ਦੀ ਮਦਦ ਕਰਦੈ, ਗੁਰੂ ਘਰ ਦੀ ਫਲਾਣੀ ਕਮੇਟੀ ਦੀ ਅੰਦਰੋਂ ਜਾਂ ਬਾਹਰੋਂ ਮਦਦ ਕਰਦੈ, ਉਨ੍ਹਾਂ ਨਾਲ ਵੱਧ ਬਹਿੰਦਾ ਇਨ੍ਹਾਂ ਨਾਲ ਘੱਟ, ਪਰ ਮੇਰੇ ਚਹੁੰ ਸਾਲਾਂ ਦੇ ਤਜਰਬੇ ਵਿਚ ਮੱਖਣ ਬੈਂਸ ਨੇ ਇੱਦਾਂ ਦੇ ਕਰੀਬ ਸਾਰੇ ਕੱਚੇ ਪਿੱਲੇ ਫਰੇਮ ਲਗਭਗ ਤੋੜੀ ਹੀ ਰੱਖੇ ਨੇ।

ਇੱਦਾਂ ਦੇ ਬੰਦੇ ਅਤੇ ਮੱਖਣ ਵਰਗੀਆਂ ਸਮਰੱਥ ਸ਼ਖ਼ਸੀਅਤਾਂ ਵਿਰਲੇ ਟਾਵੇਂ ਹੀ ਹਨ। ਉਹ ਜਿਹਨੂੰ ਮਿਲੇ, ਉਹਦਾ ਈ ਹੈ। ਵਿਵਾਦਤ ਗੱਲਾਂ ਨੂੰ ਹਾਸਿਆਂ 'ਚ ਲਪੇਟ ਕੇ ਪਰਾਂ ਰੱਖ ਦਿੰਦੈ। ਜਿਵੇਂ ਕਹਿਣਾ ਕਿ ਮਾਲਕ ਹੀ ਥੱਕਦੇ ਨੇ, ਨੌਕਰ ਘੱਟ। ਇਵੇਂ ਉਹ ਬੌਸ ਨਹੀਂ, ਰਾਜਾ ਸਵੀਟਸ ਦੀ ਕਾਰੋਬਾਰੀ ਟੀਮ 'ਚ ਕਾਮਾ ਹੀ ਲਗਦੈ। ਮੈਂ ਨਹੀਂ ਦੇਖਿਆ, ਉਹ ਪ੍ਰੋਗਰਾਮ ਦੇ ਭਾਅ-ਤੋਲ 'ਚ, ਖਾਣ-ਪੀਣ 'ਚ ਅਡਜਸਟ ਹੁੰਦਾ ਨਾ ਹੋਵੇ ਜਾਂ ਕਰਦਾ ਨਾ ਹੋਵੇ।



ਮੱਖਣ ਸਿੰਘ ਬੈਂਸ

ਚਕਲੇ-ਵੇਲਣੇ ਵਾਂਗ ਰਾਜਾ ਸਵੀਟਸ ਅਤੇ ਮੱਖਣ ਬੈਂਸ ਨੂੰ ਅਲੱਗ ਕਰਨਾ ਵੀ ਔਖਾ ਹੈ। ਇਵੇਂ ਹੀ ਲੋਕਾਂ ਨੂੰ ਇਹ ਵੀ ਨਹੀਂ ਪਤਾ ਲੱਗਦਾ ਕਿ ਗਿਆਨੀ ਹਰਵਿੰਦਰ ਸਿੰਘ ਅਤੇ ਮੱਖਣ ਪਾਰਟਨਰ ਨੇ ਜਾਂ ਭਰਾ।

ਸਾਡੀ ਲੋਕ ਬੋਲੀ ਹੈ: ਉਰਲੇ ਪਾਸੇ ਢਾਬ ਸੁਣੀਂਦੀ, ਪਰਲੇ ਪਾਸੇ ਟੋਭਾ, ਤੇ ਮੱਖਣ ਬੈਂਸ ਦਾ ਪਿੰਡ ਮੱਲਾ ਬੇਦੀਆਂ ਔੜ ਲਾਗੇ ਨਵਾਂ ਸ਼ਹਿਰ ਦੇ ਉਰਲੇ ਪਾਸੇ ਐ, ਤੇ ਸਾਡਾ ਪਰਲੇ ਪਾਸੇ ਭੌਰਾ। ਗਿਆਨੀ ਹਰਵਿੰਦਰ ਸਿੰਘ ਜਮਾਂ ਸਾਡੇ ਵਸੀਵੇਂ ਵਾਲੇ ਪਿੰਡ ਸੁੱਜੋਂ ਤੋਂ।

ਚਲੋ, ਮਠਿਆਈਆਂ ਦੇ ਬਾਦਸ਼ਾਹ ਦਾ ਪੁਲਿਸ ਨੇ ਸਨਮਾਨ ਕੀਤਾ, ਚੰਗੀ ਗੱਲ ਐ। ਨਹੀਂ ਤਾਂ ਲੀਡਰ ਟਾਈਪ ਜਾਂ ਪੈਸੇ ਵਾਲੇ ਬਾਦਸ਼ਾਹ ਹੀ ਅੱਗੇ ਹੁੰਦੇ ਹਨ। ਬਾਦਸ਼ਾਹ ਆਪ ਮਠਿਆਈ ਖਾਂਦਾ ਕਿ ਨਹੀਂ ਪਤਾ ਨਹੀਂ, ਪਰ ਬੋਲਾਂ ਅਤੇ ਬੁੱਲਾਂ 'ਚ ਮਿਠਾਸ ਹੀ ਦੇਖੀ ਹੈ। ਜਿਹੜੇ ਯੂਨੀਅਨ ਸਿਟੀ ਕਦੇ ਆਉਣ, ਲੁਧਿਆਣੇ 'ਚ ਜੱਸੋਵਾਲ ਵਾਂਗ ਉਹਨੂੰ ਜ਼ਰੂਰ ਮਿਲਣ, ਫਿਰ ਹੀ ਪਤਾ ਲਗਦੈ ਕਿ ਇੱਦਾਂ ਦੇ ਕਮਾਲ ਦੇ ਮਿੱਤਰਾਂ ਦੀ ਗਿਣਤੀ ਬਹੁਤ ਘੱਟ ਹੈ।

ਸਨਮਾਨ ਲਈ ਮੁਬਾਰਕ ਹੋਵੇ, ਤੇ ਇਹ ਵੀ ਸੱਚ ਹੈ ਕਿ ਮੱਖਣ ਵਰਗੇ ਬਾਹਾਂ 'ਚ ਆਉਣ ਵਾਲੇ ਮਿੱਤਰਾਂ ਦੀਆਂ ਮਾਨਸਿਕ ਸਮੱਸਿਆਵਾਂ ਹੁੰਦੀਆਂ ਹੀ ਨਹੀਂ। ਮੱਖਣ ਨਾਲ ਸੰਪਰਕ ਫੋਨ 510-715-1619 'ਤੇ ਕੀਤਾ ਜਾ ਸਕਦਾ ਹੈ।



## ਖੇਡ ਸੰਸਾਰ

# ਕਬੱਡੀ ਦਾ ਥੰਮ ਤੀਰਥ ਗਾਖਲ


**ਇਕਬਾਲ ਜੱਬੋਵਾਲੀਆ**
ਫੋਨ:917-375-6395


ਦੋ ਦਹਾਕਿਆਂ ਤੋਂ ਕਬੱਡੀ ਦਾ ਥੰਮ ਜਾਫੀ ਤੀਰਥ ਸਿੰਘ ਗਾਖਲ ਆਪਣੀ ਮਸਤ ਚਾਲੇ ਚੱਲੀ ਜਾ ਰਿਹੈ। ਮਿਰਗਾਂ ਦੀ ਚਾਲ ਚਲਦੇ ਨੇ ਕਦੇ ਪਿਛੇ ਮੁੜ ਕੇ ਨਹੀਂ ਵੇਖਿਆ। ਵੱਡੇ ਵੱਡੇ ਰੇਡਰਾਂ ਨੂੰ ਬੰਨ੍ਹ ਮਾਰਦਾ ਅੱਗੇ ਤੋਂ ਅੱਗੇ ਚਲੀ ਜਾ ਰਿਹੈ। ਭਾਰਤ, ਇੰਗਲੈਂਡ, ਕੈਨੇਡਾ, ਅਮਰੀਕਾ, ਆਸਟਰੇਲੀਆ, ਜਰਮਨੀ ਅਤੇ ਨਿਊਜ਼ੀਲੈਂਡ ਦੀ ਧਰਤੀ 'ਤੇ ਕਿਤੇ ਵੀ ਵਰਲਡ ਕੱਪ, ਕਬੱਡੀ ਕੱਪ ਜਾਂ ਖੇਡ-ਮੇਲਾ ਹੋਵੇ ਤੀਰਥ ਦੀ ਹਾਜ਼ਰੀ ਜਰੂਰੀ ਹੁੰਦੀ ਹੈ। ਖੇਡ-ਮੇਲਿਆਂ 'ਚ ਖੇਡਦਿਆਂ ਤੀਰਥ ਨੇ ਦੁਨੀਆਂ ਵਿਚ ਲੱਖਾਂ ਪ੍ਰਸ਼ੰਸਕ ਬਣਾਏ। ਅਨੇਕਾਂ ਮਾਣ-ਸਨਮਾਨ ਆਪਣੀ ਝੋਲੀ ਪੁਆਏ। ਵੀਹ ਸਾਲਾਂ 'ਚ ਸੈਂਕੜੇ ਖਿਡਾਰੀਆਂ ਨਾਲ ਮੈਚ ਲਾਏ। ਉਸ ਦੇ ਹਾਣੀ ਬਹੁਤੇ ਨਾਮਵਰ ਖਿਡਾਰੀ ਤਾਂ ਖੇਡਣੋਂ ਹੱਟ ਗਏ ਪਰ ਕਿੰਦੂ ਬਿਹਾਰੀਪੁਰੀਆ ਤੇ ਕਾਲਾਸੰਘਿਆ ਵਾਲਾ ਤੋਚੀ ਹਾਲੇ ਖੇਡੀ ਜਾ ਰਹੇ ਹਨ। ਲੰਮਾ ਸਮਾਂ ਬਹੁਤ ਘੱਟ ਖਿਡਾਰੀ ਖੇਡਦੇ ਹਨ। ਕਬੱਡੀ ਜਗਤ ਦੇ ਟਾਪ ਸਟਾਪਰਾਂ ਦੀ ਪਹਿਲੀ ਕਤਾਰ ਵਿਚ ਤੀਰਥ ਹਾਲੇ ਵੀ ਖੜਾ ਹੈ। ਮੰਨੇ-ਪ੍ਰਮੰਨੇ ਰੇਡਰ ਤੀਰਥ ਨਾਲ ਪੰਜਾ ਪਾਉਣ ਤੋਂ ਕੰਨੀ ਕਤਰਾਉਂਦੇ ਹਨ। ਲੰਮਾ ਸਮਾਂ ਕਬੱਡੀ ਖੇਡਣ ਦਾ ਰਾਜ ਉਸ ਨੇ ਨਸ਼ਿਆਂ ਤੋਂ ਪ੍ਰਹੇਜ, ਮੇਹਨਤ ਅਤੇ ਲਗਨ ਨੂੰ ਦੱਸਿਆ।

ਪਿਤਾ ਗੁਰਮੀਤ ਸਿੰਘ ਅਤੇ ਮਾਤਾ ਬਲਵੀਰ ਕੌਰ ਦੇ ਘਰ ਇੰਪਣ ਨੇੜੇ ਖੈਰਾ ਮੱਝਾ (ਜਿਲ੍ਹਾ ਕਪੂਰਥਲਾ) ਵਿਚ ਜਨਮੇ ਤੀਰਥ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡੋਂ ਕਰਦੇ ਨੇ ਹੀ ਕਬੱਡੀ ਦਾ ਸ਼ੌਕ ਪਾਲ ਲਿਆ। ਨਾਨਕੇ ਕਬੱਡੀ ਦੇ ਸ਼ੌਕੀ ਹੋਣ ਕਰਕੇ 1988 ਵਿਚ ਉਹ ਜਲੰਧਰ ਨੇੜੇ ਪਿੰਡ ਗਾਖ਼ਲ ਆ ਕੇ ਰਹਿਣ ਲੱਗ ਪਿਆ। ਕਪੂਰਥਲੇ ਹਾਈ ਸਕੂਲ ਵਿਦਿਆ ਤੋਂ ਬਾਅਦ ਖਾਲਸਾ ਕਾਲਜ ਜਲੰਧਰ ਐਮ.ਏ. ਦਾ ਦਾਖਲਾ ਲੈ ਲਿਆ। ਉਸਤਾਦ ਮਾਣੀ ਗਾਖਲ ਦੀ ਦੇਖ-ਰੇਖ ਹੇਠ ਤੀਰਥ ਦੀ ਖੇਡ ਨਿਖ਼ਰਦੀ ਗਈ। ਕਾਲਜ ਖੇਡਦਿਆਂ ਨੇ ਆਲੇ-ਦੁਆਲੇ ਅਤੇ ਹੋਰ ਕਾਲਜਾਂ ਵਿਚ ਆਪਣੇ ਕਾਲਜ ਦਾ ਨਾਂ ਉਚਾ ਕੀਤਾ। ਸਰਹਾਲ ਕਾਜ਼ੀਆਂ ਵਾਲੇ ਬੱਬੂ ਪੰਡਿਤ ਦੇ ਕਹਿਣ 'ਤੇ ਇਕ ਸਾਲ ਬੰਗਾ ਕਾਲਜ ਦੀ ਕਬੱਡੀ ਬਣਾਈ ਜਿਸ ਵਿਚ ਕੁਲਥਮ ਵਾਲਾ ਸਾਬੀ ਅਤੇ ਮਾਣੀ ਹੁਣੀ ਤਕੜੇ ਖਿਡਾਰੀ ਖੇਡੇ। ਕਬੱਡੀ 'ਚ ਬੰਗਾ ਕਾਲਜ ਦਾ ਨਾਂ ਵਾਹਵਾ ਉਚਾ ਕੀਤਾ। ਜਿੰਦਰ, ਭੀਮਾ, ਜਿੰਦਰ ਖਾਨੋਵਾਲੀਆ, ਅੰਗਰੇਜ਼, ਮਾਹਣਾ ਜੱਬੋਵਾਲੀਆ ਅਤੇ ਅਨੇਕਾਂ ਹੋਰ ਖਿਡਾਰੀਆਂ ਨਾਲ ਕਬੱਡੀ ਖੇਡੀ।

1996 ਵਿਚ ਤੀਰਥ ਕੈਲੀਫ਼ੋਰਨੀਆ ਆ ਪਹੁੰਚਿਆ। ਕਬੱਡੀ ਖਿਡਾਰੀ, ਖੇਡ ਪ੍ਰੋਮੋਟਰ ਅਤੇ ਖੇਡਾਂ ਦੇ ਸ਼ੌਕੀਨ, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫ਼ੋਰਨੀਆ ਦੇ ਚੇਅਰਮੈਨ ਅਤੇ ਨਾਨਕੇ ਪਿੰਡ ਗਾਖਲਾਂ ਦੇ ਵਾਸੀ ਅਮੋਲਕ ਸਿੰਘ ਗ਼ਾਖਲ ਅਤੇ ਇੰਗਲੈਂਡ ਵਾਲੇ ਮੇਜਰ ਸਿੰਘ ਗਾਖ਼ਲ-ਮਾਮਿਆਂ ਨੇ ਭਾਣਜੇ ਤੀਰਥ ਸਿੰਘ ਨੂੰ ਹੱਲਾ-ਸ਼ੇਰੀ ਦਿੱਤੀ। ਗੇਮ ਹੋਰ ਚਮਕੀ। ਕੈਲੀਫ਼ੋਰਨੀਆ ਵਿਚ ਕਬੱਡੀ ਪ੍ਰੋਮੋਟਰ ਜੌਹਨ ਸਿੰਘ ਗਿੱਲ ਦੀ ਕਬੱਡੀ ਟੀਮ ਦਾ ਮੈਂਬਰ ਬਣ ਕੇ ਵੈਨਕੂਵਰ, ਟਰਾਟੋਂ, ਸ਼ਿਕਾਗੋ, ਨਿਊ ਯਾਰਕ, ਇੰਡੀਆ ਦੀਆਂ ਗਰਾਊਡਾਂ ਵਿਚ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਟੀਮ ਦੀ ਕਪਤਾਨੀ ਕੀਤੀ।

ਪਿਛਲੇ ਸਾਲ ਪੰਜਾਬ ਵਿਚ ਹੋਏ ਵਿਸ਼ਵ ਕਬੱਡੀ ਕੱਪ ਵਿਚ ਤੀਰਥ ਦੀ ਕਪਤਾਨੀ ਹੇਠ ਅਮਰੀਕਾ ਦੀ ਟੀਮ ਖੇਡੀ। ਇਸ ਨੇ ਬਹੁਤੇ ਮੈਚ ਤੀਰਥ ਦੇ ਜੱਫਿਆਂ ਨਾਲ ਹੀ ਜਿੱਤੇ। ਫ਼ਸਵੇਂ ਮੈਚਾਂ ਵਿਚ ਕੁਝ ਕੁ ਨੰਬਰਾਂ ਦੇ ਫ਼ਰਕ ਨਾਲ ਜਿੱਤ-ਹਾਰ ਹੁੰਦੀ ਰਹੀ। ਪ੍ਰੋਮੋਟਰਾਂ ਦੀ ਗੱਲ ਕਰਦੇ ਸਮੇਂ ਤੀਰਥ ਨੇ ਜੌਹਨ ਸਿੰਘ ਗਿੱਲ ਅਤੇ ਇੰਗਲੈਂਡ ਦੇ ਲਹਿੰਬਰ ਸਿੰਘ ਕੰਗ ਦੀ ਸ਼ਲਾਘਾ ਕੀਤੀ ਜਿਨ੍ਹਾਂ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਬੜਾ ਯੋਗਦਾਨ ਪਾਇਆ ਹੈ।



*ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ*

ਬਹੁਤ ਸਾਰੇ ਕੌਮਾਂਤਰੀ ਪੱਧਰ ਦੇ ਕਬੱਡੀ ਮੈਚਾਂ ਵਿਚ ਤੀਰਥ ਬੈਸਟ ਸਟਾਪਰ ਵੀ ਚੁਣਿਆ ਗਿਆ। ਨਿਊ ਯਾਰਕ ਰਹਿੰਦੇ ਏ ਟੀ ਏ ਟੋਇੰਗ ਵਾਲੇ ਰਾਜ ਕੁਮਾਰ ਰਾਜੂ ਨੇ ਉਸ ਦੀ ਖੇਡ ਦਾ ਮਾਣ ਕਰਦਿਆਂ ਸੋਨੇ ਦੇ ਮੈਡਲ ਨਾਲ ਸਨਮਾਨ ਕੀਤਾ। ਇਸੇ ਹੀ ਸ਼ਹਿਰ ਦੇ ਕਬੱਡੀ ਖਿਡਾਰੀ ਪੱਤੜੀਏ ਬੋਲੇ ਦੇ ਭਰਾ ਦਲਜੀਤ ਸਿੰਘ ਦੱਲੋ, ਭਤੀਜਾ ਲੱਖੂ, ਖੜਕ ਸਿੰਘ ਅਤੇ ਬੁੱਬਾਂ ਵਾਲੇ ਨਰਿੰਦਰ ਸਿੰਘ ਭੁੱਲਰ ਖਾਸ ਯਾਰਾਂ ਦੋਸਤਾਂ ਵਿਚੋਂ ਇਕ ਹਨ। 'ਕੱਠੇ ਖੇਡਦੇ ਰਹਿਣ ਕਰਕੇ ਲੱਖੇ ਗਾਜ਼ੀਪੁਰੀਏ ਨਾਲ ਵੀ ਉਸ ਦਾ ਭਰਾਵਾਂ ਵਾਲਾ ਪਿਆਰ ਹੈ। ਪੁਰਾਣੇ ਖਿਡਾਰੀਆਂ ਪੱਤੜੀਏ ਬੋਲੇ ਅਤੇ ਬਲਵਿੰਦਰ ਫਿੱਡੂ ਦੀ ਕਦਰ ਕਰਦਾ ਤੀਰਥ ਨਵਿਆਂ 'ਚੋਂ ਗੋਪੀ ਅਤੇ ਜੌਨੀ ਦੀ ਖੇਡ ਦਾ ਪ੍ਰਸ਼ੰਸਕ ਹੈ। ਆਪ ਧੱਕੜ ਜਾਫ਼ੀ ਹੁੰਦਿਆਂ ਉਹ ਉਠ ਰਹੇ ਨਵੇਂ ਖਿਡਾਰੀਆਂ ਨੂੰ ਵੀ ਤਿਆਰ ਕਰ ਰਿਹੈ। ਨਸ਼ਾ ਕਰਕੇ ਖੇਡਣ ਵਾਲੇ ਖਿਡਾਰੀਆਂ ਦੇ ਉਹ ਜ਼ਬਰਦਸਤ ਖਿਲਾਫ਼ ਹੈ। ਤੀਰਥ ਨੇ ਖੇਡ-ਪ੍ਰੋਮੋਟਰਾਂ ਅਤੇ ਕੋਚਾਂ ਨੂੰ ਇਸ ਪਾਸੇ ਧਿਆਨ ਦੇਣ ਲਈ ਕਿਹਾ। ਪੰਜਾਬ 'ਚ ਗਰਾਊਡਾਂ ਦੀ ਘਾਟ ਨੂੰ ਮੁੱਖ ਰੱਖਦਿਆਂ ਤੀਰਥ ਨੇ ਪਰਵਾਸੀ ਭਰਾਵਾਂ ਨੂੰ ਸੁਝਾਉ ਦਿਤਾ ਕਿ ਇਲਾਕੇ 'ਚ ਵਰਲਡ ਕੱਪ ਇਕ ਹੋਣਾ ਚਾਹੀਦੈ ਨਾ ਕਿ ਪਿੰਡ ਪਿੰਡ। ਕਬੱਡੀ ਟੂਰਨਾਮੈਂਟ ਜਾਂ ਕਬੱਡੀ ਮੇਲੇ ਦਾ ਨਾਂ ਦੇਣਾ ਚਾਹੀਦੈ। ਮਾਇਆ ਦਾ ਕੁਝ ਹਿੱਸਾ ਪਿੰਡਾਂ ਦੇ ਵਿਕਾਸ ਕੰਮਾਂ ਲਈ ਵੀ ਦੇਣਾ ਚਾਹੀਦੈ ਜਿਥੋਂ ਅਸੀ ਸਾਰੇ ਆਏ ਹਾਂ। ਹੱਲਾ ਮਾਰ ਕੇ ਉਹ ਆਪੋ ਆਪਣੇ ਇਲਾਕੇ ਜਾਂ ਪਿੰਡਾਂ 'ਚ ਗਰਾਊਡਾਂ ਦੀ ਘਾਟ ਨੂੰ ਪੂਰਾ ਕਰਨ। ਇਸ ਤਰ੍ਹਾਂ ਪਿੰਡਾਂ ਦੇ ਸਿਆਣੇ ਬਜ਼ੁਰਗਾਂ ਨੂੰ ਤੁਰਨ-ਫਿਰਨ ਲਈ ਚੰਗੀ ਜਗ੍ਹਾ ਮਿਲੇਗੀ, ਦੂਜਾ ਪਿੰਡਾਂ ਦੇ ਨੌਜ਼ਵਾਨ ਨਸ਼ਿਆਂ ਤੋਂ ਬਚ ਕੇ ਖੇਡਾਂ ਵੱਲ ਖਿਚੇ ਜਾਣਗੇ। ਖੇਡਾਂ ਸਿਆਸਤ ਤੋਂ ਦੂਰ ਰਹਿਣ। ਸਿਆਸਤ ਖੇਡਾਂ ਦੀ ਤਰੱਕੀ ਵਿਚ ਅੜਿਕਾ ਨਹੀਂ ਬਣਨੀ ਚਾਹੀਦੀ।

ਜੇ ਸਿਆਸਤ ਖੇਡਾਂ 'ਤੇ ਰਹੀ ਭਾਰੂ,
ਖੇਡਾਂ ਕਰਾਉਣ ਦਾ ਨਹੀਂ ਕੋਈ ਫਾਇਦਾ।
ਖਿਡਾਰੀ ਲਟਕਦੇ ਰਹਿ ਜਾਣਗੇ,
ਹੋਣਾ ਨਹੀਂ ਕਿਸੇ ਦਾ ਪਾਰ ਬੇੜਾ।
'ਜੱਬੋਵਾਲੀਆ' ਖਿਡਾਰੀ ਉਠਣੇ ਰੁਕ ਜਾਣੇ,
ਬਣਿਆ ਫਿਰੇ ਪੰਜਾਬ
ਨਸ਼ਿਆਂ ਦਾ ਭਰ ਬੇੜਾ।




# ਸਰਹੱਦ 'ਤੇ ਚੀਨ ਅਤੇ ਭਾਰਤ ਵਿਚਾਲੇ ਮੁੜ ਤਲਖੀ

**ਲੇਹ:** ਚੀਨ ਤੇ ਭਾਰਤ ਵਿਚਾਲੇ ਮੁੜ ਤਲਖੀ ਪੈਦਾ ਹੋ ਗਈ ਹੈ ਤੇ ਇਥੋਂ 300 ਕਿਲੋਮੀਟਰ ਦੂਰ ਨਿਯੋਮਾ ਸੈਕਟਰ ਦੀ ਚੁੰਮਰ ਡਵੀਜ਼ਨ ਵਿਚ ਚੀਨੀ ਫ਼ੌਜ ਦੇ ਜਵਾਨ ਭਾਰਤੀ ਖਿੱਤੇ ਵਿਚ ਦਾਖ਼ਲ ਹੋ ਗਏ ਤੇ ਉਥੇ ਭਾਰਤੀ ਫ਼ੌਜ ਦੇ ਪੁਰਾਣੇ ਕਈ ਬੰਕਰਾਂ ਨੂੰ ਨਸ਼ਟ ਕਰ ਦਿੱਤਾ। ਇਸ ਤੋਂ ਇਲਾਵਾ ਕੁਝ ਸੁਰੱਖਿਆ ਬਲਾਂ ਦੇ ਟੈਂਟਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਇਹ ਵੀ ਜਾਣਕਾਰੀ ਮਿਲੀ ਹੈ ਕਿ ਚੀਨੀ ਫ਼ੌਜ ਦੇ ਜਵਾਨ ਹੈਲੀਕਾਪਟਰ ਰਾਹੀਂ ਭਾਰਤੀ ਖੇਤਰ ਵਿਚ ਉਤਰੇ ਤੇ ਤਕਰੀਬਨ ਡੇਢ ਕਿਲੋਮੀਟਰ ਅੰਦਰ ਤੱਕ ਆ ਗਏ।

ਮੀਡੀਆ ਰਿਪੋਰਟਾਂ ਅਨੁਸਾਰ ਚੀਨੀ ਹੈਲੀਕਾਪਟਰ ਚੀਨ ਦੇ ਇਲਾਕੇ ਵਿਚ ਹੀ ਉਤਰਿਆ ਤੇ ਬਾਅਦ ਵਿਚ ਚੀਨੀ ਜਵਾਨ ਮਾਰਚ ਕਰਦਿਆਂ ਭਾਰਤੀ ਖੇਤਰ ਵੱਲ ਆਏ। ਭਾਵੇਂ ਫ਼ੌਜ ਨੇ ਅਜਿਹੀ ਘਟਨਾ ਵਾਪਰਨ ਤੋਂ ਇਨਕਾਰ ਕੀਤਾ ਹੈ ਪਰ ਸੂਤਰਾਂ ਨੇ ਦੱਸਿਆ ਕਿ ਦੋ ਚੀਨੀ ਹੈਲੀਕਾਪਟਰ ਭਾਰਤੀ ਖੇਤਰ ਚਿੰਗਥਾਂਗ ਤਹਿਸੀਲ ਨਿਯੋਮਾ ਵਿਚ ਉਤਰੇ। ਚੀਨੀ ਫ਼ੌਜ ਨੇ ਇਥੇ ਭਾਰਤੀ ਫ਼ੌਜ ਦਾ ਇਕ ਪੁਰਾਣਾ ਬੰਕਰ ਢਾਹ ਦਿੱਤਾ ਜਿਸ ਨੂੰ ਲੰਬੇ ਸਮੇਂ ਤੋਂ ਵਰਤੋਂ ਵਿਚ ਨਹੀਂ ਲਿਆਂਦਾ ਜਾ ਰਿਹਾ ਸੀ।

ਇਕ ਹੋਰ ਸੂਤਰ ਨੇ ਕੁਝ ਚਸ਼ਮਦੀਦਾਂ ਜੋ ਉਥੇ ਆਮ ਤੌਰ 'ਤੇ ਪਸ਼ੂ ਚਾਰਦੇ ਸਨ, ਦੇ ਹਵਾਲੇ ਨਾਲ ਦੱਸਿਆ ਕਿ ਚੀਨੀ ਹੈਲੀਕਾਪਟਰ ਨਿਯੰਤਰਣ ਰੇਖਾ ਨੇੜੇ ਉਤਰੇ ਤੇ ਫਿਰ ਚੀਨੀ ਫ਼ੌਜ ਦੇ ਜਵਾਨਾਂ ਨੇ ਇੰਡੋ-ਤਿੱਬਤਨ ਪੁਲਿਸ ਦੇ ਬੰਕਰਾਂ ਤੇ ਟੈਂਟਾਂ ਨੂੰ ਨੁਕਸਾਨ ਪਹੁੰਚਾਇਆ। ਸਰਕਾਰ ਨੇ ਇਸ

## ਚੀਨ ਨੇ ਕਈ ਭਾਰਤੀ ਬੰਕਰ ਢਾਹੇ



ਬਾਰੇ ਰਿਪੋਰਟ ਹੈੱਡਕੁਆਰਟਰ ਨੂੰ ਭੇਜ ਦਿੱਤੀ ਹੈ।

ਦੂਜੇ ਪਾਸੇ ਊਧਮਪੁਰ ਅਧਾਰਤ ਉੱਤਰ-ਪੂਰਬੀ ਕਮਾਂਡ ਦੇ ਫ਼ੌਜ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਕਿ ਬੰਕਰ ਢਾਹ ਦਿੱਤੇ ਹਨ ਪਰ ਸੀਨੀਅਰ ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਚੁੰਮਰ ਖੇਤਰ ਵਿਚ ਨਿਯੰਤਰਣ ਰੇਖਾ ਦੀ ਸਹੀ ਢੰਗ ਨਾਲ ਨਿਸ਼ਾਨਦੇਹੀ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਜੁਲਾਈ 2009 ਵਿਚ ਵੀ ਭਾਰਤੀ ਖੇਤਰ ਵਿਚ ਚੀਨੀ ਫੌਜ ਦਾਖ਼ਲ ਹੋਈ ਸੀ ਤੇ 21 ਜੂਨ, 2009 ਵਿਚ ਇਕ ਚੀਨੀ ਹੈਲੀਕਾਪਟਰ ਭਾਰਤੀ ਖੇਤਰ ਵਿਚ ਆ ਗਿਆ ਸੀ।

## ਚੀਨ ਦੀ ਫੌਜੀ ਸਫ਼ਬੰਦੀ ਤੋਂ ਅਮਰੀਕਾ ਫ਼ਿਕਰਮੰਦ

**ਵਾਸ਼ਿੰਗਟਨ:** ਚੀਨ ਦੀ ਫੌਜੀ ਸਫ਼ਬੰਦੀ ਤੋਂ ਅਮਰੀਕਾ ਵੀ ਫ਼ਿਕਰਮੰਦ ਹੈ। ਇਕ ਅਮਰੀਕੀ ਸੀਨੀਅਰ ਸੈਨੇਟਰ ਦਾ ਕਹਿਣਾ ਹੈ ਕਿ ਚੀਨ ਦੀ ਫੌਜੀ ਸਫ਼ਬੰਦੀ ਨੇ ਅਮਰੀਕੀ ਫੌਜੀ ਅਫਸਰਾਂ ਦੀ ਰਾਤਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਗੁਪਤ ਮਿਸ਼ਨਾਂ ਵਾਲੇ ਲੜਾਕੇ ਜਹਾਜ਼, ਪਣਡੁੱਬੀਆਂ ਤੇ ਲਗਾਤਾਰ ਮਜ਼ਬੂਤ ਹੋ ਰਹੀ ਜਲ ਸੈਨਾ ਨਾਲ ਚੀਨ ਸੋਚਦਾ ਹੈ ਕਿ ਉਹ ਅਮਰੀਕਾ ਦੇ ਬਰਾਬਰ ਹੋ ਕੇ ਟੱਕਰ ਸਕਦਾ ਹੈ। ਇਸ ਸੈਨੇਟਰ ਨੇ ਅਮਰੀਕਾ ਦੀਆਂ ਸੁੰਗੜ ਰਹੀਆਂ ਰੱਖਿਆ ਸੰਭਾਵਨਾਵਾਂ 'ਤੇ ਵੀ ਫਿਕਰ ਪ੍ਰਗਟਾਇਆ ਹੈ।।

ਫੌਜ ਸਬੰਧੀ ਬੜੀ ਉੱਚ ਕਮੇਟੀ ਦੇ ਚੇਅਰਮੈਨ ਵਾਕ ਮੈਕਕਿਓਨ ਦਾ ਕਹਿਣਾ ਹੈ ਕਿ ਆਰਥਿਕ ਸੰਕਟ ਨੇ ਚੀਨ ਨੂੰ ਇਹ ਹੋਰ ਵੀ ਅਹਿਸਾਸ ਕਰਵਾ ਦਿੱਤਾ ਹੈ ਕਿ ਉਹ ਅਮਰੀਕਾ ਦੇ ਉੱਤੋਂ ਦੀ ਹੋ ਸਕਦਾ ਹੈ ਪਰ ਏਸ਼ੀਆ ਦੀ ਇਸ ਉੱਭਰ ਰਹੀ ਸ਼ਕਤੀ ਨਾਲ ਅਮਨ-ਅਮਾਨ ਰੱਖਣ ਲਈ ਵਾਸ਼ਿੰਗਟਨ ਨੂੰ ਬੜੀ ਸੂਝ-ਬੂਝ ਤੋਂ ਕੰਮ ਲੈਣਾ ਪਏਗਾ।

ਅਮਰੀਕੀਨ ਐਂਟਰਪ੍ਰਾਈਜ਼ਿਜ਼ ਇੰਸਟੀਚਿਊਟ (ਏ.ਈ.ਆਈ.) ਵਿਚ ਭਾਸ਼ਣ ਦਿੰਦਿਆਂ ਇਸ ਕਾਂਗਰਸ ਮੈਂਬਰ ਨੇ ਕਿਹਾ ਕਿ ਚੀਨ ਸਾਡੇ ਐਡਮਿਰਲਾਂ ਨੂੰ ਰਾਤ ਨੂੰ ਜਾਗਦੇ ਰਹਿਣ ਲਈ ਮਜਬੂਰ ਕਰ ਰਿਹਾ ਹੈ ਤੇ ਇਹ ਚੰਗੀ ਗੱਲ ਵੀ ਹੈ। ਚੀਨ ਦੀ ਫੌਜੀ ਸਫ਼ਬੰਦੀ ਬਾਰੇ ਪੈਂਟਾਗਨ ਦੀ ਸੱਜਰੀ ਰਿਪੋਰਟ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਹਰੇਕ ਸਿਆਣਾ ਇਤਿਹਾਸਕਾਰ ਜਾਣਦਾ ਹੈ ਕਿ ਵੱਡੇ ਪੱਧਰ 'ਤੇ ਫੌਜੀ ਸਫ਼ਬੰਦੀ ਤੇ ਹਿੱਕ ਥਾਪੜ-ਥਾਪੜ ਕੇ ਦੇਸ਼ ਦੀ ਹੋਣੀ ਦੀਆਂ ਗੱਲਾਂ ਕਰਨੀਆਂ ਬੜਾ ਖਤਰਨਾਕ ਜੋੜ ਹਨ।

ਪੈਂਟਾਗਨ ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਨਵੀਂ-ਨਵੀਂ ਫੌਜੀ ਸ਼ਕਤੀ ਕਾਰਨ ਤੇ ਆਰਥਿਕ ਸ਼ਕਤੀ ਦੇ ਰੱਜ ਕਾਰਨ ਚੀਨ ਬਹੁਤਾ ਦਲੇਰ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਪੇਈਚਿੰਗ ਨੂੰ ਇਹ ਲੱਗਣ ਲੱਗ ਪਿਆ ਹੈ ਕਿ ਉਹ ਫੌਜੀ ਸ਼ਕਤੀ ਪੱਖੋਂ ਅਮਰੀਕਾ ਦੇ ਬਰਾਬਰ ਦਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਚੀਨ ਸੂਹੀਏ ਜਹਾਜ਼ ਤੇ ਪਣਡੁੱਬੀਆਂ ਬਣਾ ਰਿਹਾ ਹੈ। ਉਨ੍ਹਾਂ ਦੀ ਜਲ ਸੈਨਾ ਅਮਰੀਕਾ ਨਾਲੋਂ ਕਿਤੇ ਵਧੇਰੇ ਫੈਲ ਗਈ ਹੈ।

ਉਹ ਅਮਰੀਕਾ ਦੇ ਭਾਈਵਾਲਾਂ ਦੇ ਜਲ ਖੇਤਰ 'ਚ ਜੰਗੀ ਬੇੜੀ ਭੇਜ ਰਿਹਾ ਹੈ। ਉਹ ਸਰਕਾਰੀ ਕੰਪਿਊਟਰ ਹਰ ਰੋਜ਼ ਹੈਕ ਕਰਦਾ ਹੈ ਤੇ ਪ੍ਰਸ਼ਾਂਤ ਖਿੱਤੇ 'ਚ ਅਮਰੀਕਾ ਦੇ ਭਾਈਵਾਲਾਂ ਨੂੰ ਡਰਾਉਂਦਾ ਹੈ ਪਰ ਅਮਰੀਕਾ ਅਮਨ ਚਾਹੁੰਦਾ ਹੈ ਤੇ ਇਸ ਲਈ ਦੁਆ ਕਰਦਾ ਹੈ। ਅਮਰੀਕਾ ਨੂੰ ਇਸ ਅਮਨ ਲਈ ਬਹੁਤ ਸੂਝ-ਬੂਝ ਵਰਤਣੀ

## ਭਾਰਤ ਨਾਲ ਸਰਹੱਦੀ ਮਸਲਾ ਸੁਲਝਾਉਣ ਦੇ ਯਤਨ: ਚੀਨ

**ਪੇਇਚਿੰਗ:** ਚੀਨ ਨੇ ਕਿਹਾ ਕਿ ਉਹ ਸਰਹੱਦੀ ਮਾਮਲਿਆਂ ਬਾਰੇ ਨਵਾਂ ਸਾਂਝਾ ਸਲਾਹਕਾਰੀ ਤੇ ਤਾਲਮੇਲ ਢਾਂਚਾ ਕਾਇਮ ਕਰਨ ਲਈ ਭਾਰਤ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤੇ ਉਸ ਨੇ ਨਿਸ਼ਚੇ ਨਾਲ ਆਖਿਆ ਕਿ ਉਹ ਸਰਹੱਦ 'ਤੇ ਅਮਨ-ਅਮਾਨ ਬਰਕਰਾਰ ਰੱਖਣ ਲਈ ਪਿਛਲੇ ਦੋ ਸਾਲਾਂ ਦੌਰਾਨ ਦੋਵੇਂ ਦੇਸ਼ਾਂ ਦਰਮਿਆਨ ਤੈਅ ਹੋਏ ਸਮਝੌਤਿਆਂ ਦੀ ਸਖਤੀ ਨਾਲ ਪਾਲਣਾ ਕਰ ਰਿਹਾ ਹੈ।

ਇਸ ਸਾਲ ਅਪਰੈਲ ਮਹੀਨੇ ਚੀਨ 'ਚ ਹੋਏ ਬਰਿਕਸ ਸੰਮੇਲਨ ਦੌਰਾਨ ਭਾਰਤੀ ਤੇ ਚੀਨੀ ਆਗੂ ਅਜਿਹਾ ਇਕ ਸਾਂਝਾ ਢਾਂਚਾ ਕਾਇਮ ਕਰਨ ਲਈ ਅਸੂਲੀ ਤੌਰ 'ਤੇ ਸਹਿਮਤ ਹੋਏ ਸਨ। ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਜਿਆਂਗ ਯੂ ਸੁਰੱਖਿਆ ਬਾਰੇ ਭਾਰਤੀ ਕੈਬਨਿਟ ਕਮੇਟੀ ਵੱਲੋਂ ਸਹਿਮਤੀ ਪੱਤਰ ਨੂੰ ਮਨਜ਼ੂਰੀ ਦੇਣ ਬਾਰੇ ਆਈਆਂ ਰਿਪੋਰਟਾਂ 'ਤੇ ਪ੍ਰਤੀਕਿਰਿਆ ਕਰ ਰਹੇ ਸਨ।

## ਭਾਰਤ ਨੂੰ ਦੱਖਣੀ ਸਾਗਰ 'ਚੋਂ ਤੇਲ ਲਈ ਖੁਦਾਈ ਤੋਂ ਵਰਜਿਆ

**ਪੇਇਚਿੰਗ:** ਚੀਨ ਨੇ ਭਾਰਤ ਨੂੰ ਦੱਖਣੀ ਸਾਗਰ 'ਚੋਂ ਤੇਲ ਲਈ ਖੁਦਾਈ ਤੋਂ ਵਰਜ ਜਿੱਤਾ ਹੈ। ਚੀਨ ਨੇ ਭਾਰਤ ਤੇ ਹੋਰ ਦੇਸ਼ਾਂ ਨੂੰ ਕਿਹਾ ਕਿ ਉਹ ਵੀਅਤਨਾਮ ਦੀ ਪੇਸ਼ਕਸ਼ 'ਤੇ ਦੱਖਣੀ ਚੀਨੀ ਸਾਗਰ ਦੇ ਖਿੱਤੇ 'ਚ ਤੇਲ ਦੀ ਖੋਜ ਲਈ ਖੁਦਾਈ ਕਰਨ ਤੋਂ ਗੁਰੇਜ਼ ਕਰਨ ਕਿਉਂਕਿ ਇਥੇ ਉਸ ਦੀ 'ਨਿਰਵਿਵਾਦ ਪ੍ਰਭੂਸੱਤਾ' ਹੈ।



ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਜਿਆਂਗ ਯੂ ਨੇ ਭਾਰਤ ਦਾ ਨਾਂ ਲਏ ਬਗੈਰ ਆਖਿਆ ਕਿ ਉਹ ਇਹ ਦ੍ਰਿੜ੍ਹਾਉਣਾ ਚਾਹੁੰਦੇ ਹਨ ਕਿ ਚੀਨ ਦੀ ਦੱਖਣ ਚੀਨ ਸਾਗਰ ਤੇ ਟਾਪੂ ਉੱਤੇ ਨਿਰਵਿਵਾਦ ਪ੍ਰਭੂਸੱਤਾ ਹੈ। ਚੀਨ ਦਾ ਸਟੈਂਡ ਇਤਿਹਾਸਕ ਤੱਥਾਂ ਤੇ ਕੌਮਾਂਤਰੀ ਕਾਨੂੰਨ 'ਤੇ ਆਧਾਰਤ ਹੈ। ਜਦੋਂ ਬੀਬੀ ਜਿਆਂਗ ਦਾ ਧਿਆਨ ਇਸ ਵੱਲ ਦਿਵਾਇਆ ਗਿਆ ਕਿ ਭਾਰਤ ਦਾ ਸਟੈਂਡ ਵੀਅਤਨਾਮ ਦੇ ਇਸ ਦਾਅਵੇ 'ਤੇ ਟਿਕਿਆ ਹੋਇਆ ਹੈ ਕਿ ਸਾਗਰੀ ਕਾਨੂੰਨ ਬਾਰੇ 1982 ਦੇ ਸੰਯੁਕਤ ਰਾਸ਼ਟਰ ਅਹਿਦਨਾਮੇ ਤਹਿਤ ਉਸ ਦਾ ਤੇਲ ਦੇ ਦੋ ਬਲਾਕਾਂ 'ਤੇ ਹੱਕ ਹੈ ਤਾਂ ਉਨ੍ਹਾਂ ਕਿਹਾ ਕਿ ਚੀਨ ਦਾ ਪ੍ਰਭੂਸੱਤਾ ਹੱਕ ਤੇ ਪੁਜੀਸ਼ਨਾਂ ਇਤਿਹਾਸ ਦੇ ਲੰਮੇ ਅਮਲ 'ਚ ਲੰਘ ਕੇ ਸਾਕਾਰ ਹੋਏ ਹਨ ਤੇ ਚੀਨ ਸਰਕਾਰ ਦੀ ਲੰਮੇ ਸਮੇਂ ਤੋਂ ਇਹੀ ਪੁਜੀਸ਼ਨ ਹੈ।

ਜਿਆਂਗ ਦੱਖਣੀ ਚੀਨ ਸਾਗਰ ਵਿਚ ਦੋ ਵੀਅਤਨਾਮੀ ਬਲਾਕਾਂ ਵਿਚ ਓ.ਐਨ.ਜੀ.ਸੀ. ਵਿਦੇਸ਼ ਲਿਮਟਿਡ ਵੱਲੋਂ ਖੁਦਾਈ ਦੀ ਯੋਜਨਾ ਬਾਰੇ ਆਈਆਂ ਰਿਪੋਰਟਾਂ 'ਤੇ ਪ੍ਰਤੀਕਿਰਿਆ ਕਰ ਰਹੇ ਸਨ। ਬੀਬੀ ਜਿਆਂਗ ਨੇ ਕਿਹਾ ਕਿ ਇਸ ਦੇ ਆਧਾਰ 'ਤੇ ਚੀਨ ਇਲਾਕਾਈ ਪ੍ਰਭੂਸੱਤਾ ਤੇ ਸਾਗਰੀ ਹੱਕਾਂ ਬਾਰੇ ਵਿਵਾਦ ਗੱਲਬਾਤ ਤੇ ਦੋਸਤਾਨਾ ਸੰਵਾਦ ਰਾਹੀਂ ਹੱਲ ਕਰਨ ਦੇ ਅਮਲ ਲਈ ਤਿਆਰ ਹੈ ਤਾਂ ਕਿ ਦੱਖਣੀ ਚੀਨ ਸਾਗਰ ਦੇ ਖਿੱਤੇ ਵਿਚ ਅਮਨ-ਚੈਨ ਬਰਕਰਾਰ ਰਹੇ। ਉਨ੍ਹਾਂ ਇਹ ਵੀ ਕਿਹਾ ਕਿ ਖਿੱਤੇ ਤੋਂ ਬਾਹਰਲੇ ਦੇਸ਼ ਦੁਵੱਲੇ ਚੈਨਲਾਂ ਰਾਹੀਂ ਇਸ ਵਿਵਾਦ ਨੂੰ ਸੁਲਝਾਉਣ 'ਚ ਮਦਦ ਕਰਨਗੇ।

## ਲੰਡਨ 'ਚ ਪੰਜਾਬੀ ਨੌਜਵਾਨ ਦੀ ਹੱਤਿਆ

**ਲੰਡਨ:** ਲੰਡਨ ਦੇ ਇਲਫੋਰਡ ਇਲਾਕੇ 'ਚ ਪੰਜਾਬੀ ਨੌਜਵਾਨ ਹਰਜਿੰਦਰ ਸਿੰਘ ਭੁਰਜੀ ਨੂੰ ਚਾਕੂ ਮਾਰ ਕੇ ਉਸ ਵੇਲੇ ਕਤਲ ਕਰ ਦਿੱਤਾ ਜਦੋਂ ਉਹ ਆਪਣੀ ਦੋਸਤ ਕਾਰ ਵਿਚ ਬੈਠਾ ਗੱਲਾਂ ਕਰ ਰਿਹਾ ਸੀ। ਨਕਾਬਪੋਸ਼ ਇਕ ਲੁਟੇਰੇ ਨੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਨਾਲ ਬੈਠੀ ਲੜਕੀ ਨੂੰ ਜ਼ਬਰਦਸਤੀ ਬਾਹਰ ਸੁੱਟ ਦਿੱਤਾ ਤੇ ਹਰਜਿੰਦਰ ਸਿੰਘ ਕੋਲੋਂ ਕਾਰ ਦੀਆਂ ਚਾਬੀਆਂ ਮੰਗੀਆਂ। ਭੁਰਜੀ ਵੱਲੋਂ ਮਨ੍ਹਾ ਕਰਨ 'ਤੇ ਉਸ ਦੀ ਛਾਤੀ ਵਿਚ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਪੁਲਿਸ ਅਨੁਸਾਰ ਇਲਫੋਰਡ ਵਾਸੀ 32 ਸਾਲਾ ਹਰਜਿੰਦਰ ਸਿੰਘ ਭੁਰਜੀ ਆਪਣੀ ਕਾਰ ਦੀਆਂ ਚਾਬੀਆਂ ਕਾਰ ਦੀ ਸੀਟ ਹੇਠ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਲੁਟੇਰੇ ਨੇ ਉਸ ਦੀ ਦੋਸਤ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ। ਬਾਅਦ ਵਿਚ ਲੁਟੇਰੇ ਨੇ ਉਸ ਦੀ ਛਾਤੀ ਵਿਚ ਚਾਕੂ ਮਾਰਿਆ ਤੇ ਕਾਰ ਲੈ ਕੇ ਫਰਾਰ ਹੋ ਗਏ। ਇਹ ਘਟਨਾ ਸਟੋਨਲਿਗ ਰੋਡ 'ਤੇ ਵਾਪਰੀ। ਪੁਲਿਸ ਨੇ ਇਕ ਘੰਟੇ ਬਾਅਦ ਕਾਰ ਥੋੜ੍ਹੀ ਦੂਰੀ ਤੋਂ ਬਰਾਮਦ ਕੀਤੀ। ਪੁਲਿਸ ਨੇ ਇਸ ਮਾਮਲੇ ਵਿਚ ਚਾਰ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿਚੋਂ ਤਿੰਨਾਂ ਦੀ ਉਮਰ 17, 19 ਤੇ 20 ਸਾਲ ਦੱਸੀ ਜਾਂਦੀ ਹੈ ਜਦਕਿ ਚੌਥੇ ਨੂੰ ਚੋਰੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਹਰਜਿੰਦਰ ਸਿੰਘ ਦੀ ਭੈਣ ਜਿਸ ਦੀ ਕੁਝ ਦਿਨ ਪਹਿਲਾਂ ਸ਼ਾਦੀ ਹੋਈ ਹੈ, ਨੇ ਕਿਹਾ ਹੈ ਕਿ ਉਹ ਇਸ ਲੜਕੀ ਬਾਰੇ ਕੁਝ ਨਹੀਂ ਜਾਣਦੇ ਕਿ ਉਹ ਕੌਣ ਹੈ ਪਰ ਉਨ੍ਹਾਂ ਪੁਲਿਸ ਤੋਂ ਮੰਗ ਕੀਤੀ ਹੈ ਉਹ ਇਸ ਘਟਨਾ ਦੇ ਪੂਰੇ ਵੇਰਵੇ ਇਕੱਤਰ ਕਰੇ ਤੇ ਸੱਚ ਸਾਹਮਣੇ ਲਿਆਵੇ। ਪੁਲਿਸ ਵੱਲੋਂ ਮੌਕੇ ਦੇ ਗਵਾਹਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

## ਅਮਰੀਕਾ ਵੱਲੋਂ ਫਲਸਤੀਨ ਨੂੰ ਇਸਰਾਈਲ ਨਾਲ ਗੱਲਬਾਤ ਦੀ ਨਸੀਹਤ

ਵਾਸ਼ਿੰਗਟਨ: ਫਲਸਤੀਨ ਨੂੰ ਆਜ਼ਾਦ ਮੁਲਕ ਬਣਾਉਣ ਦੀਆਂ ਫਲਸਤੀਨੀ ਆਗੂਆਂ ਦੀਆਂ ਕੋਸ਼ਿਸ਼ਾਂ 'ਤੇ ਨਾਰਾਜ਼ਗੀ ਦਾ ਇਜ਼ਹਾਰ ਕਰਦਿਆਂ ਅਮਰੀਕਾ ਨੇ ਉਨ੍ਹਾਂ ਨੂੰ ਖਬਰਦਾਰ ਕੀਤਾ ਹੈ ਕਿ ਉਹ ਸੰਯੁਕਤ ਰਾਸ਼ਟਰ ਦੇ ਮਤੇ ਰਾਹੀਂ ਇਸ ਮਕਸਦ ਵਿਚ ਕਾਮਯਾਬ ਨਹੀਂ ਹੋ ਸਕਦੇ ਸਗੋਂ ਇਸ ਦਾ ਬਿਹਤਰੀਨ ਤਰੀਕਾ ਇਸਰਾਈਲ ਨਾਲ ਗੱਲਬਾਤ ਹੀ ਹੈ।

ਵਾਈਟ ਹਾਊਸ ਦੇ ਤਰਜਮਾਨ ਜੇਅ ਕਾਰਨੀ ਨੇ ਕਿਹਾ ਕਿ ਫਲਸਤੀਨੀ ਲੋਕ ਸੰਯੁਕਤ ਰਾਸ਼ਟਰ ਦੇ ਮਤੇ ਰਾਹੀਂ ਆਜ਼ਾਦ ਮੁਲਕ ਨਾ ਹਾਸਲ ਕਰ ਸਕਦੇ ਹਨ ਤੇ ਨਾ ਹੀ ਕਰ ਸਕਣਗੇ। ਇਹ ਸਹੀ ਰਾਹ ਤੋਂ ਭਟਕਣ ਵਾਂਗ ਤੇ ਢਾਹੂ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਸਟੈਂਡ ਇਹੋ ਹੈ।ਤੇ ਉਹ ਇਸ ਗੱਲ 'ਤੇ ਪੂਰਾ ਜ਼ੋਰ ਦਿੰਦਾ ਰਹੇਗਾ ਕਿ ਇਸਰਾਈਲੀ ਤੇ ਫਲਸਤੀਨੀ ਮਿਲਣ ਤੇ ਸਿੱਧੀ ਗੱਲਬਾਤ ਕਰਨ ਕਿਉਂਕਿ ਇਹੋ ਦੋ ਮੁਲਕੀ ਹੱਲ ਤੇ ਫਲਸਤੀਨ ਦੇ ਦੇਸ਼ ਬਣਨ ਦਾ ਰਾਹ ਹੈ।

ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਬਰਾਕ ਓਬਾਮਾ ਇਹ ਮੰਨਦੇ ਹਨ ਕਿ ਫਲਸਤੀਨੀਆਂ ਤੇ ਇਸਰਾਈਲੀਆਂ ਦੌਰਾਨ ਮਸਲਿਆਂ ਦੇ ਹੱਲ ਤੇ ਅਖੀਰ ਫਲਸਤੀਨੀ ਮੁਲਕ ਦੀ ਕਾਇਮੀ ਦਾ ਇਹੋ ਇਕ ਤਰੀਕਾ ਸਿੱਧੀ ਗੱਲਬਾਤ ਹੈ। ਅਮਰੀਕਾ ਨੇ ਚਿਤਾਵਨੀ ਦਿੱਤੀ ਹੈ ਕਿ ਫਲਸਤੀਨ ਵੱਲੋਂ ਸੰਯੁਕਤ ਰਾਸ਼ਟਰ ਦੀ ਪੂਰੀ ਮੈਂਬਰੀ ਹਾਸਲ ਕਰਨ ਲਈ



ਦਿੱਤੀ ਜਾਣ ਵਾਲੀ ਕਿਸੇ ਵੀ ਅਰਜ਼ੀ ਨੂੰ ਉਹ ਵੀਟੋ ਕਰ ਦੇਵੇਗਾ। ਉਸ ਨੇ ਜਨਰਲ ਅਸੈਂਬਲੀ ਤੋਂ ਜ਼ਿਆਦਾ ਅਧਿਕਾਰਾਂ ਵਾਲੀ ਮੈਂਬਰੀ ਮੰਗੇ ਜਾਣ 'ਤੇ ਵੀ ਇਹੋ ਰੁਖ਼ ਅਖ਼ਤਿਆਰ ਕਰਨ ਦੀ ਗੱਲ ਕਹੀ ਹੈ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਵੀ ਕਿਹਾ ਕਿ ਫਲਸਤੀਨੀਆਂ ਦੀ ਇਹ ਕਾਰਵਾਈ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਮਨ ਦਾ ਇਹ ਰਸਤਾ ਨਿਊਯਾਰਕ (ਸੰਯੁਕਤ ਰਾਸ਼ਟਰ) ਰਾਹੀਂ ਨਹੀਂ ਸਗੋਂ ਯੇਰੂਸ਼ਲਮ ਤੇ ਰਾਮੱਲਾ ਰਾਹੀਂ ਜਾਂਦਾ ਹੈ।

## ਬਾਨ ਕੀ-ਮੂਨ ਵੱਲੋਂ ਫਲਸਤੀਨੀਆਂ ਨਾਲ ਹਮਦਰਦੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਫਲਸਤੀਨੀ ਲੋਕਾਂ ਦੀ 'ਮਾਯੂਸੀ' ਨਾਲ ਹਮਦਰਦੀ ਹੈ ਕਿਉਂਕਿ ਉਨ੍ਹਾਂ ਦੀ ਆਜ਼ਾਦ ਫਲਸਤੀਨੀ ਮੁਲਕ ਦੀਆਂ ਆਸਾਂ-ਉਮੰਗਾਂ ਨੂੰ ਬੂਰ ਨਹੀਂ ਪਿਆ ਤੇ ਫਲਸਤੀਨ ਵੱਲੋਂ ਇਸ ਬਾਰੇ ਦਿੱਤੀ ਜਾਣ ਵਾਲੀ ਕਿਸੇ ਵੀ ਅਰਜ਼ੀ ਨੂੰ ਉਹ ਸੁਰੱਖਿਆ ਕੌਂਸਲ ਕੋਲ ਭੇਜ ਦੇਣਗੇ।

ਗੌਰਤਲਬ ਹੈ ਕਿ ਫਲਸਤੀਨੀ ਅਥਾਰਟੀ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਵੱਲੋਂ ਫਲਸਤੀਨ ਨੂੰ ਪੂਰੇ ਮੁਲਕ ਵਜੋਂ ਸੰਯੁਕਤ ਰਾਸ਼ਟਰ ਦੀ ਮੈਂਬਰੀ ਦਿੱਤੇ ਜਾਣ ਦੀਂ ਪੀਲ ਕੀਤੀ ਹੈ। ਸ੍ਰੀ ਬਾਨ ਨੇ ਕਿਹਾ ਕਿ ਇਸ ਬਾਰੇ ਕੋਈ ਫੈਸਲਾ ਮੈਂਬਰ ਦੇਸ਼ ਹੀ ਲੈ ਸਕਦੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਫਲਸਤੀਨੀ ਮਸਲੇ ਦਾ ਹੱਲ ਜਲਦ ਹੋਣਾ ਚਾਹੀਦਾ ਹੈ ਕਿਉਂਕਿ ਇਹ ਬਹੁਤ 'ਪਛੜ' ਚੁੱਕਾ ਹੈ। ਉਨ੍ਹਾਂ ਇਸ ਲਈ ਦੋਵੇਂ ਧਿਰਾਂ ਦਰਮਿਆਨ ਗੱਲਬਾਤ ਮੁੜ ਸ਼ੁਰੂ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।

## ਕਾਬੁਲ ਹਮਲੇ ਪਿੱਛੇ ਆਈ.ਐਸ.ਆਈ.

**ਵਾਸ਼ਿੰਗਟਨ:** ਅਮਰੀਕਾ ਨੂੰ ਸ਼ੱਕ ਹੈ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਉਸ ਦੇ ਕਾਬੁਲ ਸਥਿਤ ਦੂਤਾਵਾਸ 'ਤੇ ਹੋਏ ਹਮਲੇ ਲਈ ਜ਼ਿੰਮੇਵਾਰ ਹੋ ਸਕਦੀ ਹੈ ਤੇ ਉਹ ਇਸ ਬਾਰੇ ਸਿੱਧੇ ਸਬੂਤਾਂ ਦੀ ਤਲਾਸ਼ ਵਿਚ ਹੈ। ਇਸ ਹਮਲੇ ਵਿਚ 27 ਵਿਅਕਤੀਆਂ ਦੀ ਮੌਤ ਹੋ ਗਈ ਸੀ। 'ਦਿ ਵਾਲ ਸਟਰੀਟ ਜਰਨਲ' ਦੀ ਰਿਪੋਰਟ ਮੁਤਾਬਕ ਸੀਨੀਅਰ ਅਮਰੀਕੀ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਆਈ.ਐਸ.ਆਈ. ਦਾ ਹਕਾਨੀਆਂ ਨੂੰ ਸਮਰਥਨ ਤੇ ਸ਼ਰਨ ਦੇਣ ਦਾ ਪਿਛੋਕੜ ਹੈ। ਇਸ ਕਾਰਨ ਇਸ ਖ਼ੁਫ਼ੀਆ ਏਜੰਸੀ ਦੀ ਕਾਬਲ ਹਮਲੇ ਵਿਚ ਸ਼ਮੂਲੀਅਤ ਦਾ ਸ਼ੱਕ ਪੈਂਦਾ ਹੈ।

# ਕੈਨੇਡਾ 'ਚ ਵੀ ਕੱਢਦੇ ਨੇ ਪੰਜਾਬੀ ਦੇਸੀ ਸ਼ਰਾਬ



**ਟੋਰਾਂਟੋ:** ਕੈਨੇਡਾ ਦੇ ਕੁਝ ਪੰਜਾਬੀ ਘਰਾਂ ਤੇ ਫਾਰਮਾਂ 'ਚ ਦੇਸੀ ਸ਼ਰਾਬ ਕੱਢਣ ਤੇ ਵੇਚਣ ਦਾ ਧੰਦਾ ਕਈ ਵਰ੍ਹਿਆਂ ਤੋਂ ਅੰਦਰਖਾਤੇ ਚੱਲੀ ਜਾ ਰਿਹਾ ਹੈ ਪਰ ਵੈਨਕੂਵਰ ਪੁਲਿਸ ਵੱਲੋਂ ਛਾਪਾ ਮਾਰ ਕੇ ਪਹਿਲੀ ਵਾਰ ਘਰ ਦੀ ਦਾਰੂ ਚਲਦੀ ਭੱਠੀ ਸਣੇ ਫੜੀ ਗਈ ਹੈ। ਸੂਤਰਾਂ ਅਨੁਸਾਰ ਪੁਲੀਸ ਨੇ ਸਰੀ ਦੇ ਇਕ ਘਰ ਦੀ ਬੇਸਮੈਂਟ ਵਿਚੋਂ 65 ਸਾਲਾ ਬਾਬੇ ਹਰਨੇਕ ਸਿੰਘ ਪੂਨੀਆ ਨੂੰ ਗ੍ਰਿਫਤਾਰ ਕੀਤਾ ਹੈ ਜੋ ਆਪਣੇ ਘਰ ਦੇ ਪਿਛਵਾੜੇ ਦਾਰੂ ਦੀ ਭੱਠੀ ਚਲਾਈ ਬੈਠਾ ਸੀ ਤੇ ਸੈਂਕੜੇ ਨਸ਼ੇੜੀਆਂ ਨੂੰ ਵੇਚਦਾ ਸੀ।

ਪੁਲਿਸ ਨੂੰ ਮੌਕੇ ਤੋਂ ਚਲਦੀ ਭੱਠੀ ਤੇ 200 ਗੈਲਨ ਲਾਹਣ ਤੋਂ ਇਲਾਵਾ ਕੱਢੀ ਹੋਈ ਸ਼ਰਾਬ ਦੇ 30 ਗੈਲਨ ਵੀ ਬਰਾਮਦ ਹੋਏ ਹਨ। ਪੁਲਿਸ ਨੇ ਇਹ ਕਾਰਵਾਈ ਕਿਸੇ ਪੰਜਾਬੀ ਬੰਦੇ ਦੀ ਸੂਹ 'ਤੇ ਕੀਤੀ ਹੈ। ਪੂਨੀਆ ਨੇ ਆਪਣੀ ਸਫਾਈ ਵਿਚ ਕਿਹਾ ਕਿ ਉਹ ਆਪਣੇ ਵਾਸਤੇ ਹੀ ਇਹ ਦਾਰੂ ਬਣਾਉਂਦਾ ਸੀ ਪਰ ਪੁਲਿਸ ਮੁਤਾਬਕ ਘਰ ਦੇ ਲਾਗੇ ਦੇਸੀ ਦਾਰੂ ਦੇ ਗਾਹਕਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ ਜਿਸ ਤੋਂ ਕਈ ਆਂਢੀਗੁਆਂਢੀ ਤੰਗ ਵੀ ਆਏ ਹੋਏ ਸਨ। ਇਹ ਬਾਬਾ ਤੁਰਨ ਫਿਰਨ ਤੋਂ ਆਹਰੀ ਹੈ ਪਰ ਇਸ ਧੰਦੇ ਨੂੰ ਬਾਖੂਬੀ ਚਲਾ ਰਿਹਾ ਸੀ।

ਪੁਲਿਸ ਨੇ ਪੂਨੀਆ 'ਤੇ ਨਾਜ਼ਾਇਜ਼ ਸ਼ਰਾਬ ਕੱਢਣ ਤੇ ਵੇਚਣ ਦੇ ਕੇਸ ਪਾਏ ਹਨ। ਜ਼ਿਕਰਯੋਗ ਹੈ ਕਿ ਕੈਨੇਡਾ 'ਚ ਵਾਈਨ ਬਣਾਉਣ ਦੀ ਕਾਨੂੰਨਨ ਇਜਾਜ਼ਤ ਮਿਲ ਜਾਂਦੀ ਹੈ ਤੇ ਸ਼ਰਾਬ ਵਿਚ ਅਲਕੋਹਲ ਦੀ ਮਾਤਰਾ ਦੇ ਕੁਝ ਨਿਯਮ ਹਨ ਪਰ ਦੇਸੀ ਦਾਰੂ ਕੱਢ ਕੇ ਅਗਾਂਹ ਮੁਨਾਫੇ ਲਈ ਵੇਚਣਾ ਗੈਰਕਾਨੂੰਨੀ ਹੈ।

ਘਰ ਦੀ ਕੱਢੀ ਦਾਰੂ ਕੈਨੇਡਾ ਦੇ ਮੇਲਿਆਂ, ਟੂਰਨਾਮੈਂਟਾਂ ਜਾਂ ਘਰੇਲੂ ਪਾਰਟੀਆਂ ਵਿਚ ਵਰਤਾਈ ਜਾਂਦੀ ਹੈ। ਸੂਤਰਾਂ ਮੁਤਾਬਕ ਅਜਿਹੀ ਦੇਸੀ ਦਾਰੂ ਕੈਨੇਡਾ ਵਿਚ 25-40 ਡਾਲਰ ਪ੍ਰਤੀ ਗੈਲਨ ਦੇ ਹਿਸਾਬ ਮਿਲ ਜਾਂਦੀ ਹੈ ਜਦਕਿ ਅੰਗਰੇਜ਼ੀ 'ਠੇਕੇ' ਤੋਂ ਪੌਣੇ ਲਿਟਰ ਦੀ ਬੋਤਲ ਦੀ ਕੀਮਤ 35-40 ਡਾਲਰ ਹੈ। ਇਸ ਕਰਕੇ ਪਿਆਕੜਾਂ ਨੂੰ ਇਹ ਸੌਦਾ ਸਸਤਾ ਵੀ ਪੈਂਦਾ ਹੈ ਤੇ ਨਸ਼ਾ ਵੀ ਵਾਧੂ ਮਿਲਦਾ ਹੈ। ਦੱਸਣਯੋਗ ਹੈ ਕਿ ਪੰਜਾਬੀਆਂ ਦੇ ਗਰੌਸਰੀ ਸਟੋਰਾਂ 'ਤੇ ਗੁੜ ਭਾਰੀ ਮਾਤਰਾ ਵਿਚ ਵਿਕਦਾ ਹੈ ਜੋ ਦਾਰੂ ਕੱਢਣ ਦੇ ਕੰਮ ਆਉਂਦਾ ਹੈ।

# ਪੰਜਾਬ ਪੁਲਿਸ ਦੇ ਡੀ.ਐਸ.ਪੀ. ਨੂੰ ਤਿੰਨ ਸਾਲ ਦੀ ਕੈਦ



**ਹੁਸ਼ਿਆਰਪੁਰ:** ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਏ.ਕੇ. ਸਿੰਗਲਾ ਦੀ ਅਦਾਲਤ ਨੇ ਨੌਕਰੀ ਦਿਵਾਉਣ ਦੇ ਨਾਂ 'ਤੇ ਡੇਢ ਲੱਖ ਰੁਪਏ ਦੀ ਰਿਸ਼ਵਤ ਲੈਣ ਵਾਲੇ ਮਾਮਲੇ ਦੀ ਸੁਣਵਾਈ ਦੌਰਾਨ ਦੋਸ਼ੀ ਪਾਏ ਗਏ ਪੰਜਾਬ ਪੁਲਿਸ ਦੇ ਡੀ.ਐਸ.ਪੀ. ਨੂੰ ਤਿੰਨ ਸਾਲ ਦੀ ਸਜ਼ਾ ਤੇ 5 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ ਹਨ। ਜੁਰਮਾਨਾ ਨਾ ਦੇਣ ਦੀ ਹਾਲਤ ਵਿਚ ਦੋ ਮਹੀਨਿਆਂ ਦੀ ਸਜ਼ਾ ਵਾਧੂ ਕੱਟਣੀ ਪਵੇਗੀ ਜਦਕਿ ਕੁਰਪਸ਼ਨ ਐਕਟ 13 (2) ਦੇ ਅਧੀਨ 1 ਸਾਲ ਦੀ ਸਜ਼ਾ ਤੇ 2500 ਰੁਪਏ ਜੁਰਮਾਨੇ ਦੇ ਹੁਕਮ ਦਿੱਤੇ ਗਏ ਹਨ। ਜੁਰਮਾਨਾ ਨਾ ਦੇਣ ਦੀ ਹਾਲਤ ਵਿਚ 1 ਮਹੀਨੇ ਦੀ ਹੋਰ ਵਾਧੂ ਸਜ਼ਾ ਕੱਟਣੀ ਪਵੇਗੀ। ਉਪਰੋਕਤ ਦੋਵੇਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ।

ਜ਼ਿਕਰਯੋਗ ਹੈ ਕਿ ਥਾਣਾ ਬੁੱਲ੍ਹੋਵਾਲ ਦੇ ਅਧੀਨ ਪੈਂਦੇ ਪਿੰਡ ਨੰਦਾਚੌਰ ਦੀ ਵਾਸੀ ਰੇਸ਼ਮ ਕੌਰ ਪਤਨੀ ਸੁਰਜੀਤ ਰਾਮ ਨੇ ਆਈ.ਆਰ.ਬੀ. ਜਲੰਧਰ ਦੇ ਕਮਾਂਡੈਂਟ ਨੂੰ ਲਿਖਤੀ ਸ਼ਿਕਾਇਤ ਦਿੱਤੀ ਸੀ ਜਿਸ ਵਿਚ ਉਸ ਨੇ ਕਿਹਾ ਸੀ ਕਿ ਆਈ.ਆਰ.ਬੀ. 'ਚ ਤਾਇਨਾਤ ਡੀ.ਐਸ.ਪੀ. ਪਰਮਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਨਵੀਂ ਆਬਾਦੀ ਬ੍ਰਹਮਜੀਤ ਪੁਰਾ ਨੇ ਉਸ ਦੇ ਲੜਕੇ ਜਸਵਿੰਦਰ ਸਿੰਘ ਉਰਫ਼ ਜਸਵੀਰ ਸਿੰਘ ਨੂੰ ਨਗਰ ਨਿਗਮ ਜਲੰਧਰ 'ਚ ਬੇਲਦਾਰ ਦੀ ਨੌਕਰੀ ਦਿਵਾਉਣ ਲਈ ਆਪਣੇ ਰਿਸ਼ਤੇਦਾਰ ਮਹਿੰਗਾ ਰਾਮ ਵਾਸੀ ਮੋਗਾ ਦੇ ਘਰ ਉਸ ਤੋਂ ਡੇਢ ਲੱਖ ਰੁਪਏ ਲਏ ਹਨ।ਪਰ ਇਸ ਤੋਂ ਬਾਅਦ ਡੀ.ਐਸ.ਪੀ. ਨੇ ਨਾ ਤਾਂ ਉਸਦੇ ਲੜਕੇ ਨੂੰ ਨੌਕਰੀ ਦਿਵਾਈ ਤੇ ਨਾ ਹੀ ਪੈਸੇ ਵਾਪਸ ਕੀਤੇ।

ਆਰ.ਬੀ.ਆਈ. ਦੇ ਕਮਾਂਡੈਂਟ ਨੇ ਉਕਤ ਸ਼ਿਕਾਇਤ ਮਿਲਣ ਤੋਂ ਬਾਅਦ ਇਸ ਦੀ ਜਾਂਚ ਲਈ ਹੁਸ਼ਿਆਰਪੁਰ ਦੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਲਿਖਿਆ ਸੀ। ਜ਼ਿਲ੍ਹਾ ਪੁਲਿਸ ਮੁਖੀ ਦੇ ਨਿਰਦੇਸ਼ਾਂ 'ਤੇ ਉਸ ਸਮੇਂ ਐਸ.ਪੀ.(ਡੀ) ਦੇ ਪਦ ਦੇ ਤਾਇਨਾਤ ਉਪਿੰਦਰਜੀਤ ਸਿੰਘ ਘੁੰਮਣ ਨੇ ਸ਼ਿਕਾਇਤ ਦੀ ਜਾਂਚ ਕੀਤੀ ਸੀ ਤੇ ਦੋਸ਼ ਸਹੀ ਪਾਏ ਜਾਣ 'ਤੇ ਉਸ ਖਿਲਾਫ਼ ਥਾਣਾ ਹਰਿਆਣਾ 'ਚ 26 ਜੁਲਾਈ 2003 ਨੂੰ ਕਰਪਸ਼ਨ ਐਕਟ ਦੀ ਧਾਰਾ 7-8-13 ਤਹਿਤ ਭ੍ਰਿਸ਼ਟਾਚਾਰ ਅਧੀਨ ਮਾਮਲਾ ਦਰਜ ਕੀਤਾ ਸੀ ਤੇ ਇਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਲਈ ਪਰਵਾਸੀ ਸਿੱਖਾਂ ਮੁਹਿੰਮ ਵਿੱਢੀ

**ਨਿਊਯਾਰਕ:** ਅਮਰੀਕਨ ਸਿੱਖਾਂ ਦੀ ਜਥੇਬੰਦੀ ਨੇ ਕੈਨੇਡਾ ਦੀ ਪਾਰਲੀਮੈਂਟ ਵਿਚ ਮਤਾ ਲੈ ਕੇ ਆਉਣ ਲਈ ਮੁਹਿੰਮ ਵਿੱਢ ਦਿੱਤੀ ਹੈ ਜਿਸ ਤਹਿਤ ਇਸ ਮੁੱਦੇ 'ਤੇ ਬਹਿਸ ਕੀਤੀ ਜਾਵੇਗੀ ਕਿ ਕੀ 1984 'ਚ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਸੰਯੁਕਤ ਰਾਸ਼ਟਰ ਦੇ ਅਹਿਦਨਾਮੇ ਮੁਤਾਬਕ 'ਨਸਲਕੁਸ਼ੀ' ਕਰਾਰ ਦਿੱਤਾ ਜਾ ਸਕਦਾ ਹੈ।

ਸਿੱਖਜ਼ ਫਾਰ ਜਸਟਿਸ (ਐਸ. ਐਫ.ਜੇ.) ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਪੰਨੂ ਨੇ ਕਿਹਾ ਕਿ ਕੈਨੇਡੀਅਨ ਪਾਰਲੀਮੈਂਟ ਵਿਚ 1 ਨਵੰਬਰ ਨੂੰ 'ਨਸਲਕੁਸ਼ੀ ਮਤਾ' ਲਿਆਉਣ ਦੀ ਮੰਗ ਲਈ ਹਮਾਇਤ ਜੁਟਾਉਣ ਖਾਤਰ ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਕੋਲ ਲਾਬਿੰਗ ਕੀਤੀ ਜਾ ਰਹੀ ਹੈ। ਜਥੇਬੰਦੀ ਨੇ ਇਸ ਬਾਬਤ ਇਕ ਦਸਤਖਤ ਮੁਹਿੰਮ ਵੀ ਚਲਾਈ ਹੈ। ਸ. ਪੰਨੂ ਨੇ ਦੱਸਿਆ ਕਿ ਮਤੇ ਬਾਰੇ ਇਹ ਬਹਿਸ ਕੀਤੀ ਜਾਵੇਗੀ ਕਿ ਕੀ ਨਵੰਬਰ 1984 ਵਿਚ ਭਾਰਤ 'ਚ ਸਿੱਖਾਂ ਦੇ ਕਤਲੇਆਮ ਨੂੰ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਅਹਿਦਨਾਮੇ ਦੀ ਧਾਰਾ-2 ਅਧੀਨ ਨਸਲਕੁਸ਼ੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਗਰੁੱਪ ਨਵੀਂ ਚੁਣੀ ਪਾਰਲੀਮੈਂਟ ਦੇ ਨਵੰਬਰ 1984 ਦੇ ਪੀੜਤਾਂ ਨਾਲ ਖੜੋਣ ਦਾ ਦਬਾਅ ਪਾਉਣ ਲਈ ਤਕਰੀਬਨ 100000 ਦਸਤਖਤ ਕਰਵਾਏ ਜਾਣਗੇ। ਦਸਤਖਤੀ ਮੁਹਿੰਮ 11 ਸਤੰਬਰ ਤੋਂ ਸ਼ੁਰੂ ਕੀਤੀ ਗਈ ਹੈ। ਸਿੱਖਾਂ ਦੇ ਕਤਲੇਆਮ ਨੂੰ ਕੈਨੇਡੀਅਨ ਸਰਕਾਰ ਤੋਂ ਨਸਲਕੁਸ਼ੀ ਵਜੋਂ ਮਾਨਤਾ ਦੁਆਉਣ ਲਈ ਇਕ ਪਟੀਸ਼ਨ ਜੂਨ 2010 ਵਿਚ ਦੇਸ਼ ਦੀ ਪਾਰਲੀਮੈਂਟ ਵਿਚ ਪੇਸ਼ ਕੀਤੀ ਗਈ ਸੀ। ਸਰਕਾਰ ਨੇ ਉਦੋਂ ਕਿਹਾ ਸੀ ਕਿ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਦੇ ਠੋਸ ਆਧਾਰ ਮੌਜੂਦ ਨਹੀਂ ਹਨ।

## ਬਰਤਾਨਵੀ ਸੰਸਦ 'ਚ ਜੰਮੂ-ਕਸ਼ਮੀਰ ਬਾਰੇ ਚਰਚਾ ਤੋਂ ਭਾਰਤ ਖ਼ਫ਼ਾ

**ਨਵੀਂ ਦਿੱਲੀ:** ਬਰਤਾਨਵੀ ਸੰਸਦ 'ਚ ਜੰਮੂ-ਕਸ਼ਮੀਰ ਬਾਰੇ ਚਰਚਾ ਤੋਂ ਭਾਰਤ ਖ਼ਫ਼ਾ ਹੈ। ਭਾਰਤ ਨੇ ਆਖਿਆ ਕਿ ਉਸ ਨੇ ਬਰਤਾਨੀਆ ਦੀ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ ਵਿਚ ਜੰਮੂ-ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀ ਦਸ਼ਾ 'ਤੇ ਵਿਚਾਰ ਚਰਚਾ ਕੀਤੇ ਜਾਣ ਦਾ ਨੋਟਿਸ ਲਿਆ ਹੈ ਤੇ ਇਹ ਗੱਲ ਨਿਸ਼ਚੇ ਨਾਲ ਆਖੀ ਕਿ ਜੇ ਕੋਈ ਗਿਲਾ ਸ਼ਿਕਵਾ ਹੈ ਤਾਂ ਉਸ ਨੂੰ ਮੁਖ਼ਾਤਬ ਹੋਣ ਲਈ ਇਸ ਦੇ ਲੋਕਤੰਤਰੀ ਢਾਂਚੇ ਵਿਚ ਢੁਕਵੀਂ ਵਿਵਸਥਾ ਹੈ।

ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਨੇ ਕਿਹਾ ਕਿ ਯੂ.ਕੇ. ਦੇ ਹਾਊਸ ਆਫ ਕਾਮਨਜ਼ ਵਿਚ ਹੋਈ ਬਹਿਸ ਦਾ ਬਣਦਾ ਨੋਟਿਸ ਲਿਆ ਹੈ ਤੇ ਭਾਰਤ ਦਾ ਇਹ ਵਿਸ਼ਵਾਸ ਹੈ ਕਿ ਇਹ ਬੈਕ-ਬੈਂਚਰ ਐਮ.ਪੀਜ਼ ਦੀ ਪੇਸ਼ਕਦਮੀ ਹੈ ਤੇ ਇਸ ਤੋਂ ਯੂ.ਕੇ. ਸਰਕਾਰ ਦੀ ਪੁਜ਼ੀਸ਼ਨ ਨਹੀਂ ਝਲਕਦੀ। ਇਸ ਮਾਮਲੇ 'ਚ ਭਾਰਤ ਦੇ ਰੁਖ਼ ਯੂ.ਕੇ. ਵਾਕਫ਼ ਹੈ। ਭਾਰਤ ਇਕ ਗਤੀਸ਼ੀਲ ਲੋਕਤੰਤਰ ਹੈ ਜਿਥੇ ਕਾਨੂੰਨ ਦਾ ਰਾਜ ਤੇ ਮਨੁੱਖੀ ਅਧਿਕਾਰਾਂ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ।




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਸਾਂਝ ਦਾ ਸੂਤਰ ਬਣ ਗਿਆ ਸਤੰਬਰੀ ਹਮਲਾ

**ਹਰਜਿੰਦਰ ਦੁਸਾਂਝ**

ਸਰਦ ਜੰਗ ਦੀਆਂ ਉਪਜ-ਘਟਨਾਵਾਂ ਵਿਚੋਂ ਗਿਆਰਾਂ ਸਤੰਬਰ ਦੀ ਘਟਨਾ ਸਭ ਤੋਂ ਵੱਧ ਖੌਫ਼ਨਾਕ ਅਤੇ ਘਿਨਾਉਣੀ ਹੈ। ਇਕ ਦਹਾਕਾ ਬੀਤ ਜਾਣ 'ਤੇ ਵੀ ਦੁਨੀਆਂ ਇਸ ਦੇ ਪ੍ਰਛਾਵਿਆਂ ਤੋਂ ਮੁਕਤ ਨਹੀਂ ਹੋ ਸਕੀ। ਦਸਵੀਂ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਉਹ ਪਲ ਅੱਜ ਵੀ ਯਾਦ ਹਨ, ਜਦੋਂ ਉਹ ਫਲੋਰਿਡਾ ਦੇ ਸਾਰਾਸੋਟਾ ਸ਼ਹਿਰ ਦੇ ਇਕ ਸਕੂਲ ਵਿਚ ਦੂਜੀ ਜਮਾਤ ਦੇ ਬੱਚਿਆਂ ਨਾਲ ਕਿਤਾਬ ਪੜ੍ਹ ਰਿਹਾ ਸੀ ਅਤੇ ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ਼ ਰੈਂਡੀ ਕਰਾਸ ਨੇ ਮੇਰੇ ਕੰਨ 'ਚ ਆ ਕੇ ਘੁਸਰ-ਮੁਸਰ ਕਰਨੀ ਸ਼ੁਰੂ ਕੀਤੀ। ਉਨ੍ਹਾਂ ਮਾਸੂਮ ਬੱਚਿਆਂ ਦੇ ਚਿਹਰੇ ਵੀ ਮੈਨੂੰ ਅਜੇ ਯਾਦ ਹਨ ਜਿਹੜੇ ਸਾਡੇ ਵੱਲ ਤੱਕ ਰਹੇ ਸਨ। ਇਹ ਉਹ ਪਲ ਸਨ ਜਦੋਂ ਸਭ ਲੋਕ ਮੈਨੂੰ ਦੇਖ ਰਹੇ ਸਨ ਕਿ ਇਸ ਘਟਨਾ ਨੂੰ ਪਹਿਲੇ ਪਲ ਮੈਂ ਕਿਵੇਂ ਲਿਆ ਪਰ ਮੇਰੇ ਕੋਲ ਕਾਫ਼ੀ ਤਜਰਬਾ ਸੀ ਕਿ ਕਿਸੇ ਸੰਸਥਾ ਦਾ ਮੁਖੀ ਹੁੰਦਿਆਂ ਸੰਕਟ ਪੈਦਾ ਹੋਣ ਦੀ ਘੜੀ ਕਿਵੇਂ ਸਾਂਭਣਾ ਹੈ। ਸਭ ਤੋਂ ਅਹਿਮ ਹੁੰਦਾ ਹੈ ਕਿ ਘਟਨਾ ਦੇ ਪਹਿਲੇ ਪੜਾਅ 'ਚ ਠਰੰਮੇ ਵਿਚ ਰਹਿਣਾ। ਜਦੋਂ ਟੀ.ਵੀ. ਦੇ ਪਰਦੇ 'ਤੇ ਜਲਦੀਆਂ ਇਮਾਰਤਾਂ 'ਚੋਂ ਲੋਕਾਂ ਦੇ ਛਾਲਾਂ ਮਾਰਨ ਵਰਗੇ ਖੌਫ਼ਨਾਕ ਦ੍ਰਿਸ਼ ਦੇਖੇ ਤਾਂ ਮੈਂ ਇਕੱਲੇ ਬੈਠ ਕੇ ਸੋਚਿਆ ਕਿ ਹੁਣ ਕੀ ਤੇ ਕਿਵੇਂ ਕਰਨਾ ਹੈ? ਮੈਂ ਕੁਝ ਸੋਚ ਕੇ ਸਪੱਸ਼ਟ ਵਿਚਾਰ ਬਣਾ ਲਿਆ, ਤੇ ਇਸ ਦੇ ਨਾਲ ਇਸ ਕਾਂਡ ਦਾ ਨਿਸ਼ਾਨਾ ਬਣੇ ਬੇਕਸੂਰਾਂ ਲਈ ਅਤੇ ਦੇਸ਼ ਲਈ ਅਰਦਾਸ ਕੀਤੀ। ਉਸ ਵਕਤ ਮੈਂ ਖੌਫ਼ਜਦਾ ਸੀ, ਪਰ ਦੇਸ਼ ਦੀ ਅਗਵਾਈ ਕਰਨ ਲਈ ਮੇਰੇ ਇਰਾਦੇ ਬਹੁਤ ਮਜ਼ਬੂਤ ਸਨ।

ਜਾਰਜ ਬੁਸ਼ ਨੇ ਕਿਹਾ, ਮੈਂ ਆਪਣੇ ਪਹਿਲੇ ਦੋ ਬਿਆਨ ਫਲੋਰਿਡਾ ਅਤੇ ਲੂਸੀਆਨਾ ਦੇ ਆਕਾਸ਼ ਉਪਰੋਂ ਉਡਾਣ ਭਰਦਿਆਂ ਹੀ ਦਿੱਤੇ ਪਰ ਅਗਲੇ ਪਲ ਮੇਰੇ ਮਨ 'ਚ ਖਿਆਲ ਆਇਆ ਕਿ ਮੈਂ ਅਗਲਾ ਬਿਆਨ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਤੋਂ ਦੇਵਾਂਗਾ, ਨਹੀਂ ਤਾਂ ਦੇਸ਼ ਦੇ ਲੋਕ ਹੋਰ ਭੈਅ-ਭੀਤ ਹੋ ਜਾਣਗੇ। ਦੇਸ਼ ਦਾ ਆਵਾਮ ਦੇਸ਼ ਦੇ ਮੁਖੀ ਨੂੰ ਵ੍ਹਾਈਟ ਹਾਊਸ 'ਚ ਅਡੋਲ ਤੇ ਠਰੰਮੇ 'ਚ ਦੇਖਣਾ ਚਾਹੁੰਦਾ ਹੈ। ਮੈਂ ਆਪਣੇ ਅਧਿਕਾਰੀਆਂ ਨੂੰ ਦੱਸ ਦਿੱਤਾ ਕਿ ਮੈਂ ਕੌਮ ਨੂੰ ਸੁਨੇਹਾ ਕਿਸੇ ਬੰਕਰ 'ਚੋਂ ਨਹੀਂ, ਸਗੋਂ ਆਪਣੇ ਦਫ਼ਤਰ 'ਚੋਂ ਦੇਣਾ ਹੈ। ਬੰਕਰ 'ਚ ਮੁਖਾਤਿਬ ਹੋਣਾ ਹਮਲਾਵਰਾਂ ਦੀ ਬਹੁਤ ਵੱਡੀ ਮਾਨਸਿਕ ਜਿੱਤ ਹੋਵੇਗੀ। ਅਗਲੀ ਰਾਤ ਨੈਸ਼ਨਲ ਸਕਿਉਰਟੀ ਏਜੰਸੀ ਦੇ ਏਜੰਟਾਂ ਨੇ ਮੈਨੂੰ ਅਤੇ ਮੇਰੀ ਪਤਨੀ ਲੌਰਾ ਨੂੰ ਕਿਹਾ ਕਿ ਅਸੀਂ ਰਾਤ ਨੂੰ ਆਪਣੇ ਸੌਣ ਕਮਰੇ 'ਚ ਨਾ ਸੌਂਈਏ ਅਤੇ ਵ੍ਹਾਈਟ ਹਾਊਸ ਦੇ ਬੰਕਰ 'ਚ ਚਲੇ ਜਾਈਏ। ਮੈਂ ਟੀ-ਸ਼ਰਟ ਪਾਈ ਅਤੇ ਲੌਰਾ ਨੇ ਆਪਣਾ ਕਤੂਰਾ (ਬਾਰਨੀ) ਫੜਿਆ ਤੇ ਅਸੀਂ ਸਟਾਫ਼ ਦੇ ਪਿੱਛੇ ਬੰਕਰ ਵੱਲ ਤੁਰ ਪਏ। ਬੰਕਰ ਮੈਨੂੰ ਵੱਡੇ ਮਜ਼ਬੂਤ ਦਰਾਂ ਵਾਲੀ ਨਿਰੀ ਖੁੱਡ ਜਾਪਿਆ। ਅੰਦਰ ਵੜਿਆ ਤਾਂ ਮੈਨੂੰ ਲੱਗਾ ਜਿਵੇਂ ਮੈਂ ਕਿਸੇ ਵੱਡੇ ਕੜਾਹੇ 'ਚ ਹੋਵਾਂ। ਆਸੇ-ਪਾਸੇ ਸਭ ਕਾਲੀਆਂ ਵਰਦੀਆਂ 'ਚ ਜਵਾਨ ਅਤੇ ਬੰਦੂਕਾਂ ਹੀ ਦਿਸਦੀਆਂ ਸਨ। ਮੈਂ ਸਪੱਸ਼ਟ ਕਰ ਦਿੱਤਾ ਕਿ ਮੈਂ ਇੱਥੇ ਨਹੀਂ ਸੌਂ ਸਕਾਂਗਾ ਕਿਉਂਕਿ ਬੰਕਰ ਵਿਚਲਾ ਪਲੰਘ ਹੀ ਖੌਫਨਾਕ ਲਗਦਾ ਸੀ। ਮੈਨੂੰ ਤਾਂ ਅਗਲੇ ਦਿਨ ਸਭ ਕੁਝ ਦੇਖਣ ਸਮਝਣ ਲਈ ਮੁਕੰਮਲ ਆਰਾਮ ਦੀ ਲੋੜ ਸੀ। ਲੱਗਦਾ ਸੀ ਕਿ ਇਹ ਬੈਡ ਹੈਰੀ ਟਰੂਮੈਨ ਦੇ ਵੇਲੇ ਆਇਆ ਹੋਵੇਗਾ। ਸੋ, ਮੈਂ ਅਤੇ ਲੌਰਾ ਮੁੜ ਉਪਰ ਵ੍ਹਾਈਟ ਹਾਊਸ ਵਾਲੇ ਕਮਰੇ ਵਿਚ ਸੁੱਤੇ।

ਸਾਬਕਾ ਸਦਰ ਦਾ ਕਹਿਣਾ ਹੈ ਕਿ ਉਹ 9/11 ਤੋਂ ਬਾਅਦ ਕੀਤੇ ਕਿਸੇ ਵੀ ਫੈਸਲੇ ਤੋਂ ਨਿਰਾਸ਼ ਨਹੀਂ। ਇਰਾਕ 'ਤੇ ਹਮਲੇ ਅਤੇ ਫੜੇ ਗਏ ਬੰਦਿਆਂ ਤੋਂ ਪੁੱਛਗਿੱਛ ਲਈ ਵਰਤੇ ਵਿਵਾਦਗ੍ਰਸਤ ਤਰੀਕਿਆਂ ਨੂੰ ਉਹ ਜਾਇਜ਼ ਮੰਨਦਾ ਹੈ। ਇਹ ਸਭ ਕੁਝ ਦੇਸ਼ ਦੀ ਸੁਰੱਖਿਆ ਲਈ ਜਰੂਰੀ ਸੀ

> ***9/11 ਦੇ ਘਟਨਾਕ੍ਰਮ ਦੀ ਦਸਵੀਂ ਵਰ੍ਹੇਗੰਢ ਦੇ ਮੌਕੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੌਮ ਦੇ ਨਾਂ ਸੁਨੇਹੇ ਵਿਚ ਕਿਹਾ ਹੈ ਕਿ ਉਹ ਉਸ ਘੜੀ ਨੂੰ ਕਦੇ ਵੀ ਨਹੀਂ ਭੁੱਲਦੇ ਜਦੋਂ ਕਰੀਬ ਤਿੰਨ ਹਜ਼ਾਰ ਨਿਰਦੋਸ਼ ਮਾਪੇ, ਭੈਣ-ਭਰਾ ਤੇ ਧੀਆਂ ਪੁੱਤਰ ਮੰਗਲਵਾਰ ਦੀ ਸੋਹਣੀ ਸਵੇਰ ਨਿੱਤ ਵਾਂਗ ਕੰਮਾਂ 'ਤੇ ਗਏ, ਤੇ ਇਸ ਘਟਨਾ ਦੀ ਭੇਟ ਚੜ੍ਹ ਗਏ।***

ਭਾਵੇਂ ਪੈਟਰੀਓਟ ਐਕਟ ਹੋਵੇ ਤੇ ਭਾਵੇਂ ਟੈਲੀਫੋਨ ਰਿਕਾਰਡ ਕਰਨ ਦਾ ਮਾਮਲਾ, ਸਭ ਜਾਇਜ਼ ਸੀ। ਇਸ ਗੱਲ ਦਾ ਫੈਸਲਾ ਇਤਿਹਾਸ ਕਰੇਗਾ ਕਿ ਦੇਸ਼ ਦੀ ਸੁਰੱਖਿਆ ਲਈ ਇਹ ਸਭ ਕੁਝ ਕਰਨਾ ਕਿੰਨਾ ਜ਼ਰੂਰੀ ਸੀ। ਇਹ ਉਸ ਦੀ ਸੁਰੱਖਿਆ ਟੀਮ ਹੀ ਸੀ ਕਿ ਉਨ੍ਹਾਂ 9/11 ਤੋਂ ਅਗਲੇ ਦਿਨ ਹੀ ਕੰਮ ਸ਼ੁਰੂ ਕਰ ਦਿੱਤਾ ਸੀ ਕਿ ਪਤਾ ਕੀਤਾ ਜਾਵੇ ਕਿ ਬਿਨ-ਲਾਦਿਨ ਕਿਵੇਂ ਸੂਚਨਾ ਦਾ ਆਦਾਨ-ਪ੍ਰਦਾਨ ਕਰਦਾ ਹੈ ਤੇ ਕਿੱਥੇ ਛੁਪਿਆ ਹੋਇਆ ਹੈ। ਬੁਸ਼ ਦਾ ਦਾਅਵਾ ਹੈ ਕਿ ਉਹ ਭਾਵੇਂ ਹੁਣ ਮਾਰਿਆ ਗਿਆ ਹੈ ਪਰ ਉਸ ਨੂੰ ਲੱਭਣ ਦਾ ਕੰਮ ਮੇਰੇ ਵਕਤ ਹੀ ਸ਼ੁਰੂ ਹੋਇਆ ਸੀ। ਉਹ ਕਹਿੰਦੇ ਹਨ ਕਿ ਰਾਸ਼ਟਰਪਤੀ ਦਾ ਕੰਮ ਹੁੰਦਾ ਹੈ ਤੱਥਾਂ ਨੂੰ ਸਮਝਣਾ ਤੇ ਉਨ੍ਹਾਂ ਨਾਲ ਨਜਿੱਠਣਾ, ਨਾ ਕਿ ਗਲਤ ਫੈਸਲਾ ਕਰਕੇ ਆਪਣੇ-ਆਪ ਤੋਂ ਮੁਆਫ਼ੀ ਮੰਗਣਾ। ਔਖੀ ਘੜੀ ਵਿਚ ਉਨ੍ਹਾਂ ਜਿਹੜੇ ਫੈਸਲੇ ਕੀਤੇ, ਉਹ ਸਮੇਂ ਦੀ ਮੰਗ ਸਨ। ਇਹ ਤਵਾਰੀਖ ਦੱਸੇਗੀ ਕਿ ਉਨ੍ਹਾਂ ਨੇ ਕਿਸ ਸਮੇਂ ਕਿੰਨਾ ਸਹੀ ਤੇ ਸਮੇਂ ਸਿਰ ਫੈਸਲਾ ਕੀਤਾ।

ਸਤੰਬਰ ਗਿਆਰਾਂ ਦੇ ਘਟਨਾਕ੍ਰਮ ਦੀ ਦਸਵੀਂ ਵਰ੍ਹੇਗੰਢ ਦੇ ਮੌਕੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੌਮ ਦੇ ਨਾਂ ਸੁਨੇਹੇ ਵਿਚ ਕਿਹਾ ਹੈ ਕਿ ਉਹ ਉਸ ਘੜੀ ਨੂੰ ਕਦੇ ਵੀ ਨਹੀਂ ਭੁੱਲਦੇ ਜਦੋਂ ਕਰੀਬ ਤਿੰਨ ਹਜ਼ਾਰ ਨਿਰਦੋਸ਼ ਮਾਪੇ, ਭੈਣ-ਭਰਾ ਤੇ ਧੀਆਂ ਪੁੱਤਰ ਮੰਗਲਵਾਰ ਦੀ ਸੋਹਣੀ ਸਵੇਰ ਨਿੱਤ ਵਾਂਗ ਕੰਮਾਂ 'ਤੇ ਗਏ, ਤੇ ਇਸ ਘਟਨਾ ਦੀ ਭੇਟ ਚੜ੍ਹ ਗਏ। ਦੂਜੇ ਅਮਰੀਕਨ ਲੋਕਾਂ ਵਾਂਗ ਉਹ ਵੀ ਉਸ ਦਿਨ ਸ਼ਿਕਾਗੋ 'ਚ ਆਪਣੇ ਕੰਮ 'ਤੇ ਜਾ ਰਹੇ ਸਨ। ਇਹ ਮੰਦਭਾਗੀ ਖ਼ਬਰ ਉਨ੍ਹਾਂ ਦੇ ਕੰਨੀਂ ਕਾਰ ਦੇ ਰੇਡੀਓ ਤੋਂ ਪਈ। ਰੇਡੀਓ ਤੋਂ ਸੁਣੇ ਸ਼ਬਦ ਅੱਜ ਵੀ ਇਨ-ਬਿਨ ਯਾਦ ਹਨ ਪਰ ਮੇਰੀਆਂ ਧੀਆਂ ਨੂੰ ਉਹ ਦਿਨ ਯਾਦ ਨਹੀਂ ਕਿਉਂਕਿ ਉਹ ਬਹੁਤ ਛੋਟੀਆਂ ਸਨ। ਉਹ ਮੈਨੂੰ ਅਕਸਰ ਉਸ ਦਿਨ ਦੀਆਂ ਘਟਨਾਵਾਂ ਬਾਰੇ ਪੁੱਛਦੀਆਂ ਰਹਿੰਦੀਆਂ ਹਨ। ਮੇਰੇ ਵਾਂਗ ਹੋਰ ਮਾਪਿਆਂ ਦੀ ਵੀ ਇਹੋ ਮੁਸ਼ਕਿਲ ਹੋਵੇਗੀ ਕਿ ਆਪਣੇ ਬੱਚਿਆਂ ਨੂੰ ਉਸ ਦਿਨ ਬਾਰੇ ਕਿਵੇਂ ਦੱਸੀਏ? ਬੱਚਿਆਂ ਨੂੰ ਦੱਸਣ ਵਾਲੀ ਅਹਿਮ ਗੱਲ ਇਹੋ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਇਹ ਸਭ ਤੋਂ ਖੌਫ਼ਨਾਕ ਅਤਿਵਾਦੀ ਹਮਲਾ ਸੀ ਪਰ ਇਸ ਨੇ ਅਮਰੀਕਨ ਸਮਾਜ ਦੀਆਂ ਬਹੁਤ ਸਾਰੀਆਂ ਉਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਮੁੜ ਉਭਾਰਿਆ। ਪੁਲਿਸ ਅਤੇ ਫਾਇਰ ਫਾਈਟਰ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਦੂਜੇ ਅਮਰੀਕਨਾਂ ਨੂੰ ਬਚਾਅ ਰਹੇ ਸਨ। ਹਰ ਧਰਮ ਦੇ ਲੋਕ ਇਕੱਠੇ ਹੋ ਕੇ ਧਾਰਮਿਕ ਸਥਾਨਾਂ 'ਤੇ ਅਰਦਾਸਾਂ ਕਰ ਰਹੇ ਸਨ। ਜ਼ਖ਼ਮੀਆਂ ਲਈ ਖ਼ੂਨਦਾਨ ਵਾਸਤੇ ਦੇਸ਼ ਭਰ 'ਚ ਲਾਈਨਾਂ ਲੱਗੀਆਂ ਹੋਈਆਂ ਸਨ। ਸਕੂਲਾਂ ਕਾਲਜਾਂ ਦੇ ਬੱਚੇ ਆਪਣੀਆਂ ਗੋਲਕਾਂ 'ਚੋਂ ਪੈਸੇ ਕੱਢ ਕੇ ਦਾਨ ਕਰ ਰਹੇ ਸਨ। ਹਰ ਭਾਈਚਾਰਾ, ਹਰ ਮਜ਼ਹਬੀ ਧਿਰ ਅਤੇ ਹਰ ਵਪਾਰਕ ਅਦਾਰਾ ਕੱਪੜੇ, ਦਵਾਈਆਂ ਤੇ ਖਾਣਾ ਇਕੱਤਰ ਕਰ ਰਿਹਾ ਸੀ। ਅਸੀਂ ਇਕੱਠੇ ਸੀ ਬੱਸ ਅਮਰੀਕਨਾਂ ਵਜੋਂ।


ਇਹ ਵਰ੍ਹੇਗੰਢ ਮੁੜ ਉਹੀ ਭਾਵਨਾ ਉਜਾਗਰ ਕਰ ਰਹੀ ਹੈ। ਇਸ ਦੀ ਲੋੜ ਵੀ ਹੈ। ਇਹ ਵਰ੍ਹੇਗੰਢ ਸਾਨੂੰ ਸਾਡੀਆਂ ਚੰਗਿਆਈਆਂ ਅਤੇ ਦੇਸ਼ ਭਗਤੀ ਯਾਦ ਕਰਵਾ ਰਹੀ ਹੈ। ਅੱਗੇ ਵਧਣ ਲਈ ਕੌਮੀ ਸਾਂਝ ਦੀ ਬਹੁਤ ਜ਼ਰੂਰਤ ਹੈ। ਪਿਛਲੇ ਇਕ ਦਹਾਕੇ ਵਿਚ ਸਾਡੇ ਦੇਸ਼ ਨੇ ਕਾਫ਼ੀ ਮਾੜਾ ਸਮਾਂ ਦੇਖਿਆ ਪਰ ਅਸੀਂ ਹੋਰ ਮਜ਼ਬੂਤ ਹੋਏ ਹਾਂ। ਮਾੜੀ ਆਰਥਿਕਤਾ 'ਚ ਵੀ ਅਸੀਂ ਅਡੋਲ ਰਹੇ। ਦੇਸ਼ ਦੀ ਸੁਰੱਖਿਆ ਲਈ ਵਰਦੀ ਪਾਉਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਪਹਿਲਾਂ ਨਾਲੋਂ ਜ਼ਿਆਦਾ ਭਾਰ ਚੁੱਕ ਕੇ ਦੇਸ਼ ਦੀ ਸੁਰੱਖਿਆ ਤੇ ਸਾਡੀਆਂ ਕਦਰਾਂ-ਕੀਮਤਾਂ ਨੂੰ ਆਂਚ ਨਹੀਂ ਆਉਣ ਦਿੱਤੀ। ਹਮਲਾ ਕਰਨ ਵਾਲੇ ਸਾਨੂੰ ਭੈਅ-ਭੀਤ ਕਰਨਾ ਚਾਹੁੰਦੇ ਸਨ ਪਰ ਉਹ ਸਾਡੇ ਬੁਲੰਦ ਇਰਾਦਿਆਂ ਨੂੰ ਛੂਹ ਤੱਕ ਨਹੀਂ ਸਕਦੇ। ਅੱਜ ਦੇਸ਼ ਹੋਰ ਸੁਰੱਖਿਅਤ ਹੋ ਗਿਆ ਹੈ ਅਤੇ ਦੁਸ਼ਮਣ ਕਮਜ਼ੋਰ ਪੈ ਗਿਆ ਹੈ।

ਅਜੇ ਪਿੱਛੇ ਜਿਹੇ ਹੀ ਬਿਨ-ਲਾਦਿਨ ਮਾਰਿਆ ਗਿਆ ਹੈ ਅਤੇ ਅਲ-ਕਾਇਦਾ ਹਾਰ ਦੇ ਰਾਹ ਤੁਰ ਪਈ ਹੈ। ਜਿਹੜਾ ਦਿਨ ਦੂਜੇ ਲੋਕਾਂ ਨੇ ਸਾਡੀ ਤਬਾਹੀ ਲਈ ਚੁਣਿਆ, ਅਸੀਂ ਉਹੀ ਦਿਨ ਆਪਣੀ ਉਸਾਰੀ ਲਈ ਚੁਣਿਆ ਹੈ। ਗਿਆਰਾਂ ਸਤੰਬਰ ਕੌਮੀ ਸੇਵਾ, ਯਾਦਗਾਰੀ ਦੇਸ਼ ਭਗਤੀ ਦਾ ਦਿਨ ਬਣ ਗਿਆ ਹੈ। ਜਿਹੜਾ ਦਿਨ ਸਾਨੂੰ ਵੰਡਣ ਲਈ ਚੁਣਿਆ ਗਿਆ, ਉਸੇ ਦਿਨ ਸਭ ਅਮਰੀਕਨ ਇਕੱਠੇ ਹੋ ਗਏ। ਲੋਕਰਾਜੀ ਨਿਜ਼ਾਮ ਵਿਚ ਸਾਡੇ ਵਿਚਾਰਾਂ 'ਚ ਕਈ ਵਖਰੇਵੇਂ ਹੋ ਸਕਦੇ ਹਨ ਪਰ ਅਸੀਂ ਅਮਰੀਕਨ ਕੌਮ ਵਜੋਂ ਇਕੱਠੇ, ਅਮਰੀਕਨ ਸ਼ਹਿਰੀ ਹਾਂ। ਦਸ ਸਾਲ ਪਹਿਲਾਂ ਜਿਹੜਾ ਅਸੀਂ ਸਬਕ ਸਿੱਖਿਆ ਸੀ ਕਿ ਸਭ ਮੱਤਭੇਦ ਅਤੇ ਵਖਰੇਵੇਂ ਪਾਸੇ ਰੱਖ ਕੇ ਇਕੱਠੇ ਰਹਿਣਾ ਹੈ, ਇਸ ਸਬਕ ਨੇ ਸਾਨੂੰ ਹੋਰ ਅੱਗੇ ਤੋਰੀ ਰੱਖਿਆ ਹੈ।

ਇਸ ਇਕੱਠ ਨਾਲ ਅਸੀਂ ਇਕ ਅਮਰੀਕਨ ਪਰਿਵਾਰ, ਇਕ 'ਯੂਨਾਇਟਿਡ ਸਟੇਟਸ' ਦੇਸ਼ ਵਜੋਂ ਨਾ ਕੇਵਲ ਟੈਸਟ ਵਿਚੋਂ ਪਾਸ ਹੋਏ ਸਗੋਂ ਪਹਿਲਾਂ ਨਾਲ ਹੋਰ ਮਜ਼ਬੂਤ ਹੋਏ ਹਾਂ। ਗਿਆਰਾਂ ਸਤੰਬਰ ਦੇ ਦਿਨ ਅਸੀਂ ਇਹੋ ਦੱਸਿਆ ਸੀ ਕਿ ਇਹ ਅਮਰੀਕਾ ਹੈ ਅਤੇ ਅਸੀਂ ਅਮਰੀਕਨ ਕੁਝ ਕਰ ਸਕਦੇ ਹਾਂ, ਕਰਦੇ ਰਹਿਣਾ ਹੈ।

## ਪਾਠਕਾਂ ਦੀ ਗੱਲ

# ਸਾਡੇ ਇਖਲਾਕ ਅਤੇ ਸਾਡੀਆਂ ਕਦਰਾਂ-ਕੀਮਤਾਂ ਦਾ ਦੀਵਾਲੀਆਪਣ



**ਪ੍ਰੇਮ ਮਾਨ***

ਲੰਘੀ 16 ਅਗਸਤ ਤੋਂ 4 ਸਤੰਬਰ ਤੱਕ ਦੇ 20 ਕੁ ਦਿਨਾਂ ਵਿਚ ਤਿੰਨ ਖ਼ਬਰਾਂ ਟੈਲੀਵਿਜ਼ਨ ਉਤੇ, ਅਖ਼ਬਾਰਾਂ ਵਿਚ ਅਤੇ ਇੰਟਰਨੈਟ 'ਤੇ ਛਾਈਆਂ ਰਹੀਆਂ ਜਿਨ੍ਹਾਂ ਨੂੰ ਦੇਖ-ਪੜ੍ਹ ਕੇ ਦਿਲ ਵਿਚ ਕਈ ਸਵਾਲ ਪੈਦਾ ਹੋਏ। ਇਹ ਤਿੰਨੇ ਖ਼ਬਰਾਂ ਨਿਊ ਯਾਰਕ ਦੇ ਆਲੇ-ਦੁਆਲੇ ਦੀਆਂ ਸਨ ਜਿਨ੍ਹਾਂ ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਲੋਕ ਸ਼ਾਮਲ ਸਨ। ਇਨ੍ਹਾਂ ਖ਼ਬਰਾਂ ਨੂੰ ਪੜ੍ਹ ਸੁਣ ਕੇ ਸਿਰ ਸ਼ਰਮ ਨਾਲ ਝੁਕ ਰਿਹਾ ਸੀ ਅਤੇ ਵਾਰ ਵਾਰ ਇਹ ਸੋਚ ਆ ਰਹੀ ਸੀ ਕਿ ਸਾਡੇ ਇਖ਼ਲਾਕ ਅਤੇ ਕਦਰਾਂ-ਕੀਮਤਾਂ ਕਿੱਥੇ ਗੁੰਮ ਹੋ ਗਏ ਹਨ।

ਪਹਿਲੀ, ਸਿਰਫ਼ ਖ਼ਬਰ ਹੀ ਨਹੀਂ ਸਗੋਂ ਬਹੁਤ ਹੀ ਦਰਦਨਾਕ ਅਤੇ ਦੁਖਦਾਈ ਘਟਨਾ ਹੈ ਜੋ 16 ਅਗਸਤ 2011 ਨੂੰ ਨਿਊ ਜਰਸੀ ਸਟੇਟ ਦੇ ਛੋਟੇ ਜਿਹੇ ਸ਼ਹਿਰ ਬੂਨਟਨ ਵਿਚ ਵਾਪਰੀ। ਇਹ ਸ਼ਹਿਰ ਨਿਊ ਯਾਰਕ ਤੋਂ ਤੀਹ ਕੁ ਮੀਲ ਬਾਹਰ ਹੈ। 16 ਅਗਸਤ ਦੀ ਰਾਤ ਕਾਸ਼ਿਫ਼ ਪਰਵੇਜ਼ (ਉਮਰ 26 ਸਾਲ), ਉਸ ਦੀ ਪਤਨੀ ਨਾਜਿਸ਼ਨੂਰਾਨੀ (ਉਮਰ 27 ਸਾਲ) ਅਤੇ ਉਨ੍ਹਾਂ ਦਾ ਤਿੰਨ ਸਾਲਾਂ ਦਾ ਬੱਚਾ, ਨੂਰਾਨੀ ਦੀ ਭੈਣ ਦੇ ਘਰੋਂ ਰਾਤੀਂ 11:30 ਵਜੇ ਆਪਣੇ ਮਾਤਾ-ਪਿਤਾ ਦੇ ਘਰ ਜਾ ਰਹੇ ਸਨ ਜੋ ਬਹੁਤਾ ਦੂਰ ਨਹੀਂ ਸੀ। ਪਾਕਿਸਤਾਨੀ ਮੂਲ ਦਾ ਕਾਸ਼ਿਫ਼ ਨਿਊ ਯਾਰਕ ਸ਼ਹਿਰ ਦੇ ਬਰੁੱਕਲਿਨ ਵਿਚ ਜੰਮਿਆ-ਪਲਿਆ ਸੀ। ਨੂਰਾਨੀ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਜੰਮੀ ਪਲੀ ਸੀ। ਜਦੋਂ ਉਹ ਸਾਰੇ ਮਾਤਾ-ਪਿਤਾ ਦੇ ਘਰ ਜਾ ਰਹੇ ਸਨ ਤਾਂ ਇਕ ਕਾਰ ਉਨ੍ਹਾਂ ਦੇ ਨੇੜੇ ਆ ਕੇ ਸੜਕ 'ਤੇ ਰੁਕੀ ਅਤੇ ਕਾਰ ਵਿਚੋਂ ਕਿਸੇ ਨੇ ਅੰਨੇਵਾਹ ਗੋਲੀਆਂ ਚਲਾ ਕੇ ਨੂਰਾਨੀ ਨੂੰ ਤਾਂ ਜਾਨੋਂ ਹੀ ਮਾਰ ਦਿੱਤਾ ਅਤੇ ਕਾਸ਼ਿਫ਼ ਥੋੜ੍ਹਾ ਜਿਹਾ ਫੱਟੜ ਹੋ ਗਿਆ। ਬੱਚੇ ਨੂੰ ਕੋਈ ਗੋਲੀ ਨਾ ਮਾਰੀ ਗਈ। ਕੁਝ ਹੀ ਮਿੰਟਾਂ ਵਿਚ ਪੁਲਿਸ ਆ ਗਈ।

ਕਾਸ਼ਿਫ਼ ਨੇ ਪੁਲਿਸ ਨੂੰ ਵਾਰਦਾਤ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਇਕ ਗੋਰੇ ਅਤੇ ਤਿੰਨ ਕਾਲੇ ਬੰਦਿਆਂ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ, ਬੁਰਾ-ਭਲਾ ਕਿਹਾ, ਨਫ਼ਰਤ ਭਰੇ ਨਸਲੀ ਸ਼ਬਦ ਵੀ ਆਖੇ ਅਤੇ ਫਿਰ ਗੋਲੀਆਂ ਮਾਰ ਕੇ ਭੱਜ ਗਏ। ਨੂਰਾਨੀ ਨੂੰ ਤਾਂ ਗੋਲੀਆਂ ਮਾਰਨ ਵਾਲੇ ਨੇ ਜਾਨੋਂ ਹੀ ਖ਼ਤਮ ਕਰ ਦਿੱਤਾ ਪਰ ਕਾਸ਼ਿਫ਼ ਦੇ ਜ਼ਖਮ ਐਵੇਂ ਫ਼ਰਜ਼ੀ ਜਿਹੇ ਹੀ ਸਨ। ਪੁਲਿਸ ਨੂੰ ਕਾਸ਼ਿਫ਼ ਦੀਆਂ ਗੱਲਾਂ 'ਤੇ ਯਕੀਨ ਨਾ ਆਇਆ। ਦੋ ਕੁ ਦਿਨ ਦੀ ਪੜਤਾਲ ਤੋਂ ਬਾਦ ਪੁਲਿਸ ਨੇ ਪਤਾ ਲਾ ਲਿਆ ਕਿ ਇਹ ਸਾਰੀ ਸਾਜ਼ਿਸ਼ ਕਾਸ਼ਿਫ਼ ਦੀ ਆਪਣੀ ਹੀ ਸੀ ਜਿਸ 'ਚ ਉਸ ਦੀ ਇਕ ਦੋਸਤ ਐਂਟਨੈਟ ਉਸ ਦੀ ਸਹਾਇਕ ਸੀ। ਘੜੀ ਸਾਜ਼ਿਸ਼ ਤਹਿਤ ਐਂਟਨੈਟ ਨੇ ਮਿਥੇ ਸਮੇਂ 'ਤੇ ਆ ਕੇ ਗੋਲੀਆਂ ਮਾਰ ਕੇ ਨੂਰਾਨੀ ਨੂੰ ਜਾਨੋਂ ਹੀ ਮਾਰਨਾ ਸੀ ਅਤੇ ਕਾਸ਼ਿਫ਼ ਨੂੰ ਫ਼ਰਜ਼ੀ ਜਿਹਾ ਫੱਟੜ ਕਰਨਾ ਸੀ।

ਇਸ ਘਟਨਾ ਤੋਂ ਕੁਝ ਦੇਰ ਪਹਿਲਾਂ ਕਾਸ਼ਿਫ਼ ਬੌਸਟਨ ਸ਼ਹਿਰ ਵਿਚ ਰਹਿਣ ਲੱਗ ਪਿਆ ਸੀ ਜੋ ਨਿਊ ਯਾਰਕ ਤੋਂ 200 ਮੀਲ ਦੂਰ ਹੈ। ਉਸ ਨੇ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਉਹ ਉਥੇ ਹਾਰਵਰਡ ਯੂਨੀਵਰਸਿਟੀ ਵਿਚ ਪੀ.ਐਚ.ਡੀ. ਕਰ ਰਿਹਾ ਸੀ। ਪਰ ਇਸ ਘਟਨਾ ਤੋਂ ਬਾਅਦ ਹਾਰਵਰਡ ਯੂਨੀਵਰਸਿਟੀ ਵਿਚ ਪੁੱਛ-ਗਿੱਛ ਕਰਨ ਤੋਂ ਬਾਦ ਪਤਾ ਲੱਗਾ ਕਿ ਇਹ ਸਭ ਨਿਰਾ ਝੂਠ ਸੀ। ਬੌਸਟਨ ਵਿਚ ਹੀ ਕਾਸ਼ਿਫ਼ ਐਂਟਨੈਟ ਨੂੰ ਮਿਲਿਆ ਸੀ ਅਤੇ ਉਥੇ ਹੀ ਦੋਹਾਂ ਨੇ ਰਲ ਕੇ ਇਹ ਸਾਰੀ ਯੋਜਨਾ ਬਣਾਈ ਸੀ ਜਿਸ ਦੇ ਸਬੂਤ ਦੋਹਾਂ ਵੱਲੋਂ ਮੋਬਾਈਲ ਫੋਨਾਂ 'ਤੇ ਇਕ ਦੂਜੇ ਨੂੰ ਭੇਜੇ ਗਏ ਸੁਨੇਹੇ ਵੀ ਸਨ। ਰਿਸ਼ਤੇਦਾਰਾਂ ਅਨੁਸਾਰ ਕਾਸ਼ਿਫ਼ ਅਤੇ ਨੂਰਾਨੀ ਦਾ ਆਪੋ ਵਿਚ ਝਗੜਾ ਰਹਿੰਦਾ ਸੀ ਅਤੇ ਦੋਹਾਂ ਦੀ ਆਪੋ ਵਿਚ ਬਿਲਕੁਲ ਨਹੀਂ ਸੀ ਬਣਦੀ। ਇਸੇ ਝਗੜੇ ਕਾਰਨ ਕਾਸ਼ਿਫ਼ ਚਾਹੁੰਦਾ ਸੀ ਕਿ ਨੂਰਾਨੀ ਨੂੰ ਮਾਰ ਕੇ ਉਹ ਆਪਣਾ ਰਾਹ ਸਾਫ਼ ਕਰ ਲਵੇ।

ਇਸ ਘਟਨਾ ਤੋਂ ਕੁਝ ਮਹੀਨੇ ਪਹਿਲਾਂ ਨੂਰਾਨੀ ਨੇ ਆਪਣੇ ਭਰਾ ਨੂੰ ਉਸ ਦੇ ਮੋਬਾਈਲ 'ਤੇ ਭੇਜੇ ਇਕ ਸੁਨੇਹੇ ਵਿਚ ਕਿਹਾ ਸੀ ਕਿ ਜੇ ਉਹ ਮਰੀ ਹੋਈ ਲੱਭੀ ਤਾਂ ਇਹ ਸਾਜ਼ਿਸ਼ ਕਾਸ਼ਿਫ਼ ਦੀ ਹੋਵੇਗੀ। ਕਾਸ਼ਿਫ਼ ਦੇ ਇਸ ਜੁਰਮ ਅਤੇ ਪਾਗਲਪਨ ਕਾਰਨ ਨੂਰਾਨੀ ਦੀ ਜਾਨ ਚਲੇ ਗਈ ਅਤੇ ਉਸ ਦੇ ਪਰਿਵਾਰ ਲਈ ਇਹ ਇਕ ਸਦੀਵੀ ਪੀੜ ਅਤੇ ਦੁੱਖ ਵਾਲੀ ਘਟਨਾ ਬਣ ਗਈ। ਕਾਸ਼ਿਫ਼ ਅਤੇ ਨੂਰਾਨੀ ਦੇ ਦੋ ਬੱਚੇ ਯਤੀਮ ਹੋ ਗਏ। ਕਾਸ਼ਿਫ਼ ਅਤੇ ਐਂਟਨੈਟ ਸਾਰੀ ਉਮਰ ਜੇਲ੍ਹ ਵਿਚ ਕੱਟਣਗੇ। ਇਸ ਘਟਨਾ ਵਿਚੋਂ ਕਿਸੇ ਨੂੰ ਵੀ ਕੋਈ ਜਿੱਤ ਪ੍ਰਾਪਤ ਨਹੀਂ ਹੋਈ ਸਗੋਂ ਸਾਰੇ ਹੀ ਹਾਰੇ ਹਨ ਅਤੇ ਦੁਖੀ ਹੋਏ ਹਨ। ਜੇ ਕਾਸ਼ਿਫ਼ ਅਤੇ ਨੂਰਾਨੀ ਦੀ ਸ਼ਾਦੀ ਸਫਲ ਨਹੀਂ ਸੀ ਤਾਂ ਇਸ ਸਮੱਸਿਆ ਨੂੰ ਹੋਰ ਕਈ ਤਰੀਕਿਆਂ ਨਾਲ ਸੁਲਝਾਇਆ ਜਾ ਸਕਦਾ ਸੀ। ਇਸ ਸਮੱਸਿਆ ਨੂੰ ਸਿਆਣਪ ਵਰਤ ਕੇ ਪਰਿਵਾਰ ਦੀ ਮਦਦ ਰਾਹੀਂ ਜਾਂ ਇਸ ਖੇਤਰ ਵਿਚ ਨਿਪੁੰਨ ਕੌਂਸਲਰਾਂ ਦੇ ਮਸ਼ਵਰੇ ਨਾਲ ਹੱਲ ਕੀਤਾ ਜਾ ਸਕਦਾ ਸੀ। ਜੇ ਕਿਸੇ ਵੀ ਢੰਗ ਨਾਲ ਇਹ ਸਮੱਸਿਆਵਾਂ ਹੱਲ ਨਾ ਹੁੰਦੀਆਂ ਤਾਂ ਤਲਾਕ ਦਾ ਰਾਹ ਅਪਨਾਇਆ ਜਾ ਸਕਦਾ ਸੀ।

ਦੂਜੀ ਘਟਨਾ ਪਹਿਲੀ ਸਤੰਬਰ ਦੇ ਨੇੜੇ ਦੀ ਹੈ ਅਤੇ ਇਹ ਨਿਊ ਯਾਰਕ ਸ਼ਹਿਰ ਤੋਂ ਥੋੜ੍ਹੀ ਦੂਰ ਵਸਦੇ ਸ਼ਹਿਰ ਸਪਰਿੰਗ ਵੈਲੀ ਦੀ ਹੈ। ਇਸ ਘਟਨਾ ਦੇ ਵੇਰਵੇ ਅਨੁਸਾਰ ਇਕ ਆਦਮੀ ਨੇ, ਜਿਸ ਦਾ ਨਾਮ ਅਖ਼ਬਾਰਾਂ ਵਿਚ ਨਹੀਂ ਸੀ ਦਿੱਤਾ ਗਿਆ ਅਤੇ ਜੋ ਅਮਰੀਕਾ ਵਿਚ ਪੱਕਾ ਨਹੀਂ ਸੀ, ਇਕ ਸਟੋਰ ਤੋਂ ਨਿਊ ਯਾਰਕ ਦੀ ਲਾਟਰੀ ਦਾ ਇਕ ਟਿਕਟ ਖ਼ਰੀਦਿਆ। ਇਹ ਸਟੋਰ ਰਿਆਜ਼ ਖ਼ਾਨ ਦਾ ਹੈ, ਆਤਿਫ਼ ਅਲੀ ਇੱਥੇ ਕੰਮ ਕਰਦਾ ਹੈ, ਅਤੇ ਮੂਬੀਨ ਅਸ਼ਰਫ਼ ਇਨ੍ਹਾਂ ਦਾ ਦੋਸਤ ਹੈ। ਉਸ ਆਦਮੀ ਨੇ ਇਹ ਟਿਕਟ 3 ਫਰਵਰੀ 2011 ਨੂੰ ਖ਼ਰੀਦਿਆ ਸੀ। ਜਦੋਂ ਇਸ ਲਾਟਰੀ ਦਾ ਨਤੀਜਾ ਆਇਆ ਤਾਂ ਉਹ ਟਿਕਟ ਤਿੰਨ ਮਿਲੀਅਨ ਯਾਨਿ 30 ਲੱਖ ਡਾਲਰ ਦੇ ਇਨਾਮ ਦਾ ਜੇਤੂ ਸੀ। ਜਦੋਂ ਉਹ ਆਦਮੀ ਇਹ ਟਿਕਟ ਲੈ ਕੇ ਉਸ ਸਟੋਰ 'ਤੇ ਇਹ ਪਤਾ ਕਰਨ ਲਈ ਗਿਆ ਕਿ ਉਹ ਇਹ ਪੈਸੇ ਕਿਵੇਂ ਵਸੂਲ ਕਰ ਸਕਦਾ ਹੈ ਤਾਂ ਉਸ ਵੇਲੇ ਆਤਿਫ਼ ਅਲੀ ਸਟੋਰ 'ਤੇ ਕੰਮ ਕਰ ਰਿਹਾ ਸੀ। ਆਤਿਫ਼ ਨੇ ਰਿਆਜ਼ ਅਤੇ ਮੂਬੀਨ ਨਾਲ ਸਲਾਹ ਕਰ ਕੇ ਉਸ ਆਦਮੀ ਨੂੰ ਕਾਫ਼ੀ ਡਰਾਇਆ ਕਿ ਉਹ ਇੱਥੇ ਪੱਕਾ ਨਹੀਂ ਅਤੇ ਜੇ ਉਸ ਨੇ ਇਹ ਪੈਸੇ ਵਸੂਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਮਰੀਕਾ ਦੀ ਸਰਕਾਰ ਉਸ ਨੂੰ ਵਾਪਸ ਉਸ ਦੇ ਮੁਲਕ ਭੇਜ ਦੇਵੇਗੀ। ਇਸ ਤਰ੍ਹਾਂ ਉਹ ਪੈਸੇ ਵੀ ਵਸੂਲ ਨਹੀਂ ਕਰ ਸਕੇਗਾ ਅਤੇ ਉਸ ਨੂੰ ਅਮਰੀਕਾ ਵੀ ਛੱਡਣਾ ਪਵੇਗਾ। ਆਤਿਫ਼ ਅਤੇ ਉਸ ਦੇ ਸਾਥੀਆਂ ਨੇ ਉਸ ਆਦਮੀ ਨਾਲ ਵਾਅਦਾ ਕੀਤਾ ਕਿ ਜੇ ਉਹ ਇਹ ਟਿਕਟ ਉਨ੍ਹਾਂ ਨੂੰ ਦੇ ਦੇਵੇ ਤਾਂ ਉਹ ਪੈਸਾ ਵਸੂਲ ਕਰ ਲੈਣਗੇ ਅਤੇ ਉਸ ਨੂੰ ਇਸ ਵਿਚੋਂ ਕੁਝ ਹਿੱਸਾ ਦੇ ਦੇਣਗੇ। ਇਸ ਤਰ੍ਹਾਂ ਆਤਿਫ਼ ਅਤੇ ਉਸ ਦੇ ਸਾਥੀਆਂ ਨੇ ਉਸ ਆਦਮੀ ਤੋਂ ਇਹ ਟਿਕਟ ਲੈ ਕੇ ਪੰਜ ਲੱਖ ਡਾਲਰ ਦੀ ਪਹਿਲੀ ਕਿਸ਼ਤ ਵਸੂਲ ਕਰ ਲਈ ਪਰ ਉਸ ਆਦਮੀ ਨੂੰ ਕੁਝ ਨਾ ਦਿੱਤਾ। ਕੁਝ ਮਹੀਨੇ ਉਡੀਕਣ ਤੋਂ ਬਾਦ ਉਸ ਆਦਮੀ ਨੇ ਇਕ ਵਕੀਲ ਨਾਲ ਸਲਾਹ ਕੀਤੀ ਅਤੇ ਉਸ ਵਕੀਲ ਨੂੰ ਇਸ ਕੇਸ ਦੀ ਪੈਰਵਾਈ ਕਰਨ ਦਾ ਅਧਿਕਾਰ ਦੇ ਦਿੱਤਾ। ਉਸ ਵਕੀਲ ਦੀ ਮਦਦ ਨਾਲ ਪੁਲਿਸ ਅਤੇ ਸਰਕਾਰੀ ਵਕੀਲਾਂ ਨੇ ਪੂਰੀ ਖੋਜ ਪੜਤਾਲ ਕਰਨ ਤੋਂ ਬਾਦ ਆਤਿਫ਼ ਅਤੇ ਉਸ ਦੇ ਸਾਥੀਆਂ ਨੂੰ ਅਗਸਤ ਦੇ ਅਖੀਰ ਵਿਚ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਵਿਰੁਧ ਕੇਸ ਦਰਜ ਕਰ ਕੇ ਜੇਲ੍ਹ ਅੰਦਰ ਡੱਕ ਦਿੱਤਾ। ਇਸ ਤਰ੍ਹਾਂ ਇਹ ਤਿੰਨੇ ਇਨਸਾਨ ਧੋਖੇ ਅਤੇ ਹੇਰਾਫੇਰੀ ਨਾਲ ਅਮੀਰ ਬਣਦੇ ਬਣਦੇ ਜੇਲ੍ਹ ਅੰਦਰ ਡੱਕੇ ਗਏ।

ਤੀਜੀ ਘਟਨਾ ਦਾ ਵੇਰਵਾ ਲੰਘੀ 4 ਸਤੰਬਰ ਨੂੰ ਨਿਊ ਯਾਰਕ ਸ਼ਹਿਰ ਦੀਆਂ ਅਖ਼ਬਾਰਾਂ ਅਤੇ ਇੰਟਰਨੈਟ 'ਤੇ ਛਪਿਆ ਹੈ। ਇਸ ਖ਼ਬਰ ਅਨੁਸਾਰ, ਨਿਊ ਯਾਰਕ ਸ਼ਹਿਰ ਦੇ ਮੈਡੀਕਲ ਐਗਜ਼ਾਮੀਨਰ ਦਫ਼ਤਰ ਨੂੰ ਅਮਰੀਕਾ ਦੀ ਕੇਂਦਰੀ ਸਰਕਾਰ ਨੇ ਕਈ ਮਿਲੀਅਨ ਡਾਲਰ ਦਿੱਤਾ ਸੀ ਜੋ ਕਿ ਵਰਲਡ ਟਰੇਡ ਸੈਂਟਰ ਉਤੇ 11 ਸਤੰਬਰ 2001 ਨੂੰ ਹੋਏ ਹਮਲੇ ਵਿਚ ਮਾਰੇ ਗਏ ਲੋਕਾਂ ਦੀਆਂ ਬਚੀਆਂ-ਖੁਚੀਆਂ ਹੱਡੀਆਂ ਦੀ ਪਛਾਣ ਕਰਨ ਲਈ ਸੀ ਤਾਂ ਜੋ ਉਹ ਹੱਡੀਆਂ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਕੀਤੀਆਂ ਜਾ ਸਕਣ। ਹਿੰਦੁਸਤਾਨੀ ਮੂਲ ਦਾ ਇਕ ਵਿਅਕਤੀ ਨਟਰਾਜਨ ਵੈਂਕਟਰਮਨ ਇਸ ਦਫ਼ਤਰ ਵਿਚ ਕੰਮ ਕਰਦਾ ਸੀ। ਨਟਰਾਜਨ ਨੇ ਕੰਪਿਊਟਰ ਦੀ ਸਹਾਇਤਾ ਨਾਲ ਬਹੁਤ ਸਾਰੇ ਝੂਠੇ ਬਿੱਲ ਅਤੇ ਕਾਨਟਰੈਕਟ ਬਣਾ ਕੇ ਇਸ ਦਫ਼ਤਰ ਦੇ ਖਾਤੇ ਵਿਚੋਂ 10 ਮਿਲੀਅਨ ਯਾਨਿ ਇਕ ਕਰੋੜ ਡਾਲਰ ਦੀ ਠੱਗੀ ਅਤੇ ਚੋਰੀ ਕਰ ਲਈ। ਇਸ ਚੋਰੀ ਵਿਚ ਉਸ ਦਾ ਸਾਥ ਉਸ ਦੀ ਪ੍ਰੇਮਿਕਾ ਰੋਜ਼ਾ ਐਬਰੀਊ ਨੇ ਦਿੱਤਾ। ਹੌਲੀ ਹੌਲੀ ਨਟਰਾਜਨ ਦੀ ਇਸ ਚੋਰੀ ਦਾ ਕੰਪਨੀ ਅਤੇ ਕੇਂਦਰੀ ਸਰਕਾਰ ਨੂੰ ਪਤਾ ਲੱਗ ਗਿਆ।

ਜਦੋਂ ਨਟਰਾਜਨ ਨੂੰ ਪਤਾ ਲੱਗਾ ਕਿ ਕੰਪਨੀ ਨੂੰ ਉਸ ਦੀ ਠੱਗੀ ਅਤੇ ਚੋਰੀ ਦਾ ਪਤਾ ਲੱਗ ਗਿਆ ਹੈ ਅਤੇ ਪੂਰੀ ਜਾਂਚ-ਪੜਤਾਲ ਹੋ ਰਹੀ ਹੈ ਤਾਂ ਉਸ ਨੇ ਚੋਰੀ ਕੀਤੇ ਪੈਸਿਆਂ ਵਿਚੋਂ ਇਕ ਮਿਲੀਅਨ ਡਾਲਰ ਹਿੰਦੁਸਤਾਨ ਦੀ ਇਕ ਬੈਂਕ ਵਿਚ ਆਪਣੇ ਖਾਤੇ ਵਿਚ ਜਮ੍ਹਾ ਕਰਾ ਦਿੱਤਾ। ਸਾਰੀ ਜਾਂਚ-ਪੜਤਾਲ ਤੋਂ ਬਾਦ, ਨਟਰਾਜਨ ਵਿਰੁਧ ਚੋਰੀ ਅਤੇ ਠੱਗੀ ਦਾ ਕੇਸ ਹੋ ਗਿਆ ਜਿਸ ਦੇ ਸਿੱਧ ਹੋਣ ਤੋਂ ਬਾਦ ਉਸ ਨੂੰ 15 ਸਾਲ ਅਤੇ ਉਸ ਦੀ ਪ੍ਰੇਮਿਕਾ ਨੂੰ 6 ਸਾਲ ਦੀ ਕੈਦ ਹੋਈ। ਸਰਕਾਰ ਨੇ ਉਸ ਦੇ ਸਾਰੇ ਖਾਤਿਆਂ ਦੀ ਪੜਤਾਲ ਕਰ ਕੇ ਸੱਤ ਮਿਲੀਅਨ ਡਾਲਰ ਵਸੂਲ ਕਰ ਲਿਆ। ਪਰ ਹਾਲੇ ਵੀ ਨਟਰਾਜਨ ਦੇ ਹਿੰਦੁਸਤਾਨ ਦੀ ਬੈਂਕ ਦੇ ਖਾਤੇ ਵਿਚ ਚਾਰ ਲੱਖ ਡਾਲਰ ਪਏ ਹਨ ਜੋ ਅਮਰੀਕਾ ਦੀ ਸਰਕਾਰ ਵਸੂਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਨਟਰਾਜਨ ਇਹ ਪੈਸੇ ਨਾ ਦੇਣ ਲਈ ਕਚਹਿਰੀ ਵਿਚ ਕੇਸ ਲੜ ਰਿਹਾ ਹੈ। ਕੀ ਨਟਰਾਜਨ ਨੂੰ ਦੁਖੀ ਪਰਿਵਾਰਾਂ ਦੀ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਹੋਰ ਦੁੱਖ ਪਹੁੰਚਾਉਂਦਿਆਂ ਕੋਈ ਸ਼ਰਮ ਨਾ ਆਈ? 9/11 ਦੇ ਹਮਲੇ ਵਿਚ ਬਹੁਤ ਸਾਰੇ ਲੋਕ ਮਾਰੇ ਗਏ, ਬੱਚੇ ਯਤੀਮ ਹੋ ਗਏ, ਅਨੇਕਾਂ ਮਾਂ-ਪਿਉ ਆਪਣੇ ਜਵਾਨ ਬੱਚਿਆਂ ਨੂੰ ਸਦਾ ਲਈ ਗੁਆ ਬੈਠੇ। ਇਨ੍ਹਾਂ ਦੁਖੀ ਲੋਕਾਂ ਦੀ ਮਦਦ ਕਰਨ ਦੀ ਬਜਾਏ ਨਟਰਾਜਨ ਨੂੰ ਸਗੋਂ ਇਨ੍ਹਾਂ ਨੂੰ ਹੋਰ ਦੁੱਖ ਪਹੁੰਚਾਉਣ ਦਾ ਖ਼ਿਆਲ ਕਿਵੇਂ ਆਇਆ?

ਇਹ ਤਿੰਨ ਖ਼ਬਰਾਂ ਪੜ੍ਹ ਕੇ ਦਿਲ ਨੂੰ ਬਹੁਤ ਠੇਸ ਪਹੁੰਚੀ। ਕੀ ਅਸੀਂ ਹਿੰਦੁਸਤਾਨ-ਪਾਕਿਸਤਾਨ ਦੇ ਲੋਕ ਆਪਣੇ ਇਖ਼ਲਾਕ ਅਤੇ ਕਦਰਾਂ-ਕੀਮਤਾਂ ਨੂੰ ਬਿਲਕੁਲ ਹੀ ਗੁਆ ਬੈਠੇ ਹਾਂ? ਕੀ ਸਾਨੂੰ ਮੰਦੇ ਕੰਮ ਕਰਨ ਤੋਂ ਕੋਈ ਸ਼ਰਮ ਨਹੀਂ ਆਉਂਦੀ? ਕੀ ਅਸੀਂ ਸੱਚ ਅਤੇ ਇਮਾਨਦਾਰੀ ਨੂੰ ਭੁਲਾ ਬੈਠੇ ਹਾਂ? ਜਦੋਂ ਅਸੀਂ ਇਹੋ ਜਿਹੇ ਗ਼ਲਤ ਕੰਮ ਕਰਦੇ ਹਾਂ ਤਾਂ ਇਸ ਨਾਲ ਸਾਡੇ ਸਾਰੇ ਸਮਾਜ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ?

***ਫੋਨ:860-983-5002**

# ਫ਼ਿਲਮ 'ਦਿ ਕੌਂਸਟੈਂਟ ਗਾਰਡਨਰ' ਅਤੇ ਮਨੁੱਖੀ ਦਰਦ ਵਿਚਲੀ ਸਾਂਝ



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747

ਦੁੱਖਾਂ ਤੇ ਭੁੱਖਾਂ ਦੇ ਮਾਰੇ ਦੂਰ-ਦੁਰੇਡੇ ਵਸਦੇ ਅਜਨਬੀ ਲੋਕ ਅਖ਼ਬਾਰ ਦੀ ਸੁਰਖੀ ਨਹੀਂ ਬਣਦੇ। ਇਰਾਕੀ ਅਤੇ ਅਫ਼ਗਾਨ ਤਾਂ ਕਦੇ ਕਦੇ ਅਖ਼ਬਾਰੀ ਟੋਟਿਆਂ 'ਤੇ ਉੱਕਰੇ ਮਿਲ ਹੀ ਜਾਣਗੇ ਪਰ ਅਫ਼ਰੀਕੀ ਇਸ ਤੋਂ ਵੀ ਵਾਂਝੇ ਹਨ। ਕਲਾ ਦਾ ਕੰਮ ਬੰਦੇ ਦੀ ਸੰਵੇਦਨਾ ਨੂੰ ਜਗਾਉਣਾ ਹੈ ਤੇ ਦਰਦ ਦੀ ਬੋਲੀ ਇਕ ਹੈ।

ਅਲੱਗ ਹੁੰਦੀ ਹੈ ਭਾਸ਼ਾ ਭਾਸ਼ਣਾਂ ਦੀ ਸਦਾ<br>
ਪਰ ਰੋਂਦੀਆਂ ਮਾਂਵਾਂ ਤੇ ਭੈਣਾਂ ਦੀ<br>
ਭਾਸ਼ਾ ਇਕ ਹੁੰਦੀ ਹੈ<br>
ਅਲੱਗ ਹੁੰਦੀ ਹੈ ਭਾਸ਼ਾ,<br>
ਜੋ ਭਰੀ ਮਰਦਮਸ਼ੁਮਾਰੀ ਦੇ<br>
ਰਜਿਸਟਰ ਵਿਚ<br>
ਘਰਾਂ ਤੋਂ ਉੱਠਦਿਆਂ ਵੈਣਾਂ ਦੀ<br>
ਭਾਸ਼ਾ ਇਕ ਹੁੰਦੀ ਹੈ। -ਪਾਸ਼

ਮਨੁੱਖਤਾ ਦੇ ਦਰਦ ਵਿਚਲੀ ਸਾਂਝ ਅਤੇ ਪਿਆਰ ਨੂੰ ਪ੍ਰਣਾਏ ਜਜ਼ਬੇ ਦੀ ਗੱਲ ਕਰਦੀ ਹੈ ਫ਼ਿਲਮਸਾਜ਼ ਫਰਨੈਂਡੋ ਮਿਰੇਲਸ ਦੀ ਫ਼ਿਲਮ 'ਦਿ ਕੌਂਸਟੈਂਟ ਗਾਰਡਨਰ'। ਇਹ 21ਵੀ ਸਦੀ ਦੇ ਪਹਿਲੇ ਦਹਾਕੇ ਦੀ ਜ਼ਿਕਰਯੋਗ ਕਿਰਤ ਹੈ। ਫ਼ਿਲਮ ਦੋ 'ਮਾਲੀਆਂ' ਟੈਸਾ ਅਤੇ ਜਸਟਿਨ ਦੀ ਕਹਾਣੀ ਹੈ। ਜਸਟਿਨ (ਰੈਲਫ ਫੇਨਜ਼) ਲਈ ਬੂਟਿਆਂ ਨੂੰ ਪਾਣੀ ਨਾ ਦੇਣ ਵਾਲਾ ਜ਼ਾਲਿਮ ਹੈ। ਟੈਸਾ (ਰਸ਼ੇਲ ਵਾਇਸ) ਲਈ ਮਨੁੱਖੀ ਜ਼ਿੰਦਗੀ ਦਾ ਸਤਿਕਾਰ ਨਾ ਕਰਨ ਵਾਲਾ ਜਾਬਰ ਹੈ। ਬੂਟਿਆਂ ਦੇ ਵਾਧੇ ਲਈ ਰੋਜ਼ ਪਾਣੀ ਦੀ ਲੋੜ ਹੈ ਅਤੇ ਜ਼ਿੰਦਗੀਆਂ ਬਚਾਉਣ ਲਈ ਲਗਾਤਾਰ ਸੰਘਰਸ਼ ਕਰਨਾ ਪੈਂਦਾ ਹੈ। ਦੋਵੇਂ ਕੰਮ ਆਸ਼ਕ ਬਾਖ਼ੂਬੀ ਕਰਦੇ ਹਨ। ਟੈਸਾ ਅਤੇ ਜਸਟਿਨ ਵਿਚ 'ਪਿਆਰ' ਦੀ ਸਾਂਝ ਹੈ। ਟੈਸਾ ਤੇਲ ਬਦਲੇ ਇਰਾਕੀਆਂ ਦੇ ਘਾਣ ਲਈ ਜ਼ਿੰਮੇਵਾਰ ਬਰਤਾਨਵੀ ਵਿਦੇਸ਼ ਨੀਤੀ ਦੀ ਕੱਟੜ ਆਲੋਚਕ ਹੈ। ਉਹ ਬਰਤਾਨਵੀ ਸਫ਼ੀਰ ਜਸਟਿਨ ਨਾਲ ਵਿਆਹ ਮਗਰੋਂ ਕੀਨੀਆ ਆ ਜਾਂਦੀ ਹੈ ਜਿੱਥੇ ਜਸਟਿਨ ਬਰਤਾਨਵੀ ਸਫ਼ਾਰਤਖ਼ਾਨੇ 'ਚ ਤਾਇਨਾਤ ਹੈ। ਅਫ਼ਰੀਕਾ ਇਕ ਤੋਂ ਬਾਅਦ ਇਕ ਤਿੰਨ ਮਹਾਂਮਾਰੀਆਂ ਦੀ ਮਾਰ ਹੇਠ ਹੈ। ਅਮਰੀਕਾ ਅਤੇ ਯੂਰਪ ਅਮੁੱਕ ਕਾਰਨ ਦੱਸ ਕੇ ਦਿਊ ਕੱਦ ਦਵਾ ਕੰਪਨੀਆਂ ਦੀ ਸਰਪ੍ਰਸਤੀ ਕਰ ਰਹੇ ਹਨ। ਅਫ਼ਰੀਕਾ ਵਾਸੀ ਵੀਹ ਗੁਣਾ ਵੱਧ ਕੀਮਤਾਂ ਉੱਤੇ ਉਨ੍ਹਾਂ ਦੀਆਂ ਦਵਾਈਆਂ ਖ਼ਰੀਦਣ ਲਈ ਮਜਬੂਰ ਹਨ। ਮਹਾਂਮਾਰੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਕੀਨੀਆ ਦੇ ਸਿਹਤ ਮੰਤਰੀ ਵੱਲੋਂ ਖੋਲ੍ਹੇ ਜਾ ਰਹੇ ਦਵਾਖ਼ਾਨੇ ਨਾਮਨਿਹਾਦ ਹਨ। ਸਸਤੀਆਂ ਅਤੇ ਘਟੀਆ ਦਵਾਈਆਂ, ਉਪਰੋਂ ਸੂਈਆਂ ਉਬਾਲਣ ਦਾ ਸਾਜ਼ੋ-ਸਮਾਨ ਤੱਕ ਨਹੀਂ ਪਹੁੰਚ ਰਿਹਾ। ਏਡਜ਼ ਮਹਾਂਮਾਰੀ ਦਾ ਰੂਪ ਲੈ ਚੁੱਕੀ ਹੈ। ਪੈਸਾ ਸਿਹਤ ਮੰਤਰੀ ਦੀ ਲੰਬੀ ਤੇ ਮਹਿੰਗੀ ਕਾਰ ਦੇ ਪੇਟੇ ਪੈ ਚੁੱਕਿਆ ਹੈ। ਜਣੇਪੇ ਲਈ ਲੋਕ ਚਾਲੀ ਕਿਲੋਮੀਟਰ ਪੈਦਲ ਸਫ਼ਰ ਕਰਦੇ ਹਨ।

ਕੇ.ਡੀ.ਐਚ. ਨਾਂ ਦੀ ਸਵਿੱਸ-ਕੈਨੇਡੀਅਨ ਬਹੁਕੌਮੀ ਦਵਾ ਕੰਪਨੀ ਇੰਗਲੈਂਡ ਨੂੰ ਪੰਦਰਾਂ ਸੌ ਨੌਕਰੀਆਂ ਦਾ ਲਾਲਚ ਦੇ ਰਹੀ ਹੈ। ਉਹ ਆਪਣੀ ਅੱਧ-ਖੋਜੀ ਦਵਾਈ ਡਾਇਪਰੈਕਸਾ ਕੀਨੀਆਂ ਦੇ ਕਾਲੇ ਲੋਕਾਂ 'ਤੇ ਪਰਖਣਾ ਚਾਹੁੰਦੀ ਹੈ। ਆਉਣ ਵਾਲੇ ਸਮੇਂ 'ਚ ਦੁਨੀਆਂ ਪੱਧਰ 'ਤੇ ਫ਼ੈਲਣ ਜਾ ਰਹੀ ਨਵੀਂ ਟੀ.ਬੀ. ਦੇ ਇਲਾਜ ਲਈ ਇਹ ਰਾਮਬਾਣ ਸਿੱਧ ਹੋ ਸਕਦੀ ਹੈ। ਸ਼ੇਅਰ ਬਾਜ਼ਾਰ ਦੇ ਦਲਾਲਾਂ ਦੀ ਭਾਸ਼ਾ 'ਚ ਇਸ ਨੂੰ ਟੀ.ਬੀ. ਦੀ ਮੰਡੀ ਕਿਹਾ ਜਾ ਰਿਹਾ ਹੈ ਤੇ ਮੰਡੀ ਮੁਨਾਫ਼ਾ ਕਮਾਉਣ ਲਈ ਹੁੰਦੀ ਹੈ। ਇਸ ਮੰਡੀ ਦੇ ਕਮਾਊ ਪੁੱਤ ਦਾ ਨਾਮ 'ਡਾਇਪਰੈਕਸਾ' ਹੈ। ਸਹੀ ਫ਼ਾਰਮੂਲਾ ਅਜੇ ਤੱਕ ਨਾ ਮਿਲਿਆ ਹੋਣ ਕਰਕੇ ਪਰਖੇ ਆਦਮੀ ਦੀ ਜਾਨ ਜਾ ਸਕਦੀ ਹੈ। ਦੁਬਾਰਾ ਖੋਜ ਕਰਨ ਉੱਤੇ ਦੋ ਸਾਲ ਦਾ ਸਮਾਂ ਅਤੇ ਲੱਖਾਂ ਡਾਲਰ ਲੱਗਣਗੇ। ਤਦ ਤੱਕ ਹੋਰ ਕੰਪਨੀਆਂ ਨਵੀਂ ਦਵਾਈ ਖੋਜ ਲੈਣਗੀਆਂ। ਸਸਤੇ ਤੇ ਫ਼ੌਰੀ ਕਰਨ ਵਾਲੇ ਇਸ ਜ਼ਰੂਰੀ ਕੰਮ ਲਈ 'ਮਰਨ ਜੋਗੇ' ਕਾਲੇ ਲੋਕਾਂ ਤੋਂ ਵੱਡਾ ਉਮੀਦਵਾਰ ਕੌਣ ਹੋ ਸਕਦਾ ਹੈ? ਕਰੋੜਾਂ ਅਰਬਾਂ ਕਮਾਉਣ ਲਈ ਗ਼ਰੀਬ ਕਾਲਿਆਂ ਦੀ ਬੇਵਜ੍ਹਾ ਮੌਤ ਘਾਟੇ ਦਾ ਸੌਦਾ ਨਹੀਂ ਹੈ। ਇੰਗਲੈਂਡ ਦੇ ਮਨ੍ਹਾ ਕਰਨ ਦੀ ਹਾਲਤ 'ਚ ਕੇ.ਡੀ.ਐਚ. ਇਹ ਕੰਮ ਫਰਾਂਸ ਕੋਲੋਂ ਕਰਵਾਏਗਾ। ਇੰਗਲੈਂਡ, ਕੇ.ਡੀ.ਐਚ. ਤੇ ਕੀਨੀਆ ਸਰਕਾਰ ਵਿਚਾਲੇ ਸੌਦਾ ਪੱਕਾ ਹੋ ਜਾਂਦਾ ਹੈ। ਆਲਮੀ ਬੈਂਕ, ਬਹੁਕੌਮੀ ਕੰਪਨੀਆਂ ਅਤੇ ਅਮੀਰ ਦੇਸ਼ਾਂ ਦਾ ਮੁਕਾਮੀ ਸਰਕਾਰਾਂ ਨਾਲ ਨਾਪਾਕ ਗੱਠਜੋੜ ਆਵਾਮ ਦੀ ਜ਼ਿੰਦਗੀ ਨੂੰ ਬਦ ਤੋਂ ਬਦਤਰ ਬਣਾ ਰਿਹਾ ਹੈ। ਇਹ ਤੰਦੂਆ ਜਾਲ ਦੇਸ਼ਾਂ ਤੋਂ ਸੂਬਿਆਂ ਅਤੇ ਅੱਗੇ ਪਿੰਡਾਂ ਸ਼ਹਿਰਾਂ ਤੱਕ ਫੈਲਿਆ ਹੋਇਆ ਹੈ। ਨਿੱਤ ਨਵੇਂ ਦਿਨ ਜਨਤਾ 'ਤੇ ਥੋਪੇ ਜਾਂਦੇ ਕਾਲੇ ਕਨੂੰਨਾਂ ਨੂੰ ਇਸੇ ਕੜੀ 'ਚ ਦੇਖਿਆ ਜਾਣਾ ਚਾਹੀਦਾ ਹੈ। ਭੀਖ ਵਿਚ ਦਿੱਤੇ ਪੈਸੇ ਦੇ ਜ਼ੋਰ ਨਾਲ ਮੁਕਾਮੀ ਸਰਕਾਰਾਂ ਨੂੰ ਆਪਣੇ ਹਿੱਤ ਲਈ ਵਰਤਣਾ ਸੌਖਾ ਹੈ। ਇਸ ਸੰਦਰਭ 'ਚ ਫ਼ਿਲਮ ਦੀ ਚੇਤਨ ਕਿਰਦਾਰ ਬੀਬੀ ਬਿਰਗਿਟ ਦਾ ਮੰਨਣਾ ਹੈ ਕਿ ਹੱਥ 'ਚ ਪੰਜਾਹ ਹਜ਼ਾਰ ਡਾਲਰ ਲੈ ਕੇ ਬੈਟਰੀ ਦਾ ਤੇਜ਼ਾਬ ਵੀ ਚਮੜੀ ਨਰਮ ਕਰਨ ਵਾਲੀ ਕਰੀਮ ਵਜੋਂ ਪਰਖਿਆ ਜਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਡਾਢਿਆਂ ਨੇ ਐਟਮ ਬੰਬਾਂ, ਖ਼ਤਰਨਾਕ ਦਵਾਈਆਂ ਤੋਂ ਲੈ ਕੇ ਤਸ਼ੱਦਦ ਕਰਨ ਦੇ ਨਵੇਂ ਢੰਗ ਸਭ ਮਨੁੱਖੀ ਪਿੰਡੇ 'ਤੇ ਹੀ ਪਰਖੇ ਹਨ।

ਬੇਖ਼ਬਰ ਗਰੀਬਾਂ 'ਤੇ ਪਰਖ ਸ਼ੁਰੂ ਹੋ ਜਾਂਦੀ ਹੈ। ਇਸ ਕੰਮ ਦਾ ਜ਼ਿੰਮਾ ਕੀੜੇਮਾਰ ਦਵਾਈਆਂ ਬਣਾਉਣ ਵਾਲੀ ਕੰਪਨੀ 'ਥ੍ਰੀ ਬੀਜ਼' ਸੰਭਾਲਦੀ ਹੈ। ਟੈਸਾ ਅਤੇ ਉਸ ਦਾ ਕਾਲਾ ਦੋਸਤ ਅਰਨਾਲਡ (ਹਿਊਬਰਟ ਕੌਂਡੇ) ਇਸ ਧੋਖੇ ਨੂੰ ਬੇਪਰਦ ਕਰਨ 'ਚ ਲੱਗੇ ਹੋਏ ਹਨ। ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਕੰਪਨੀਆਂ ਲੱਖਾਂ ਡਾਲਰ ਮਸ਼ਹੂਰੀ 'ਤੇ ਖ਼ਰਚਦੀਆਂ ਹਨ। ਪਰਖੇ ਮਰੀਜ਼ ਮਰਨੇ ਸ਼ੁਰੂ ਹੋ ਜਾਂਦੇ ਹਨ। ਡਾਇਪਰੈਕਸਾ ਦੀ ਖੋਜ ਕਰਨ ਵਾਲਾ ਡਾਕਟਰ ਲੌਰਬੀਅਰ ਪਾਪ ਦਾ ਪਛਤਾਵਾ ਕਰਨ ਲਈ ਬਾਈਬਲ ਦੀ ਸ਼ਰਨ ਲੈਂਦਾ ਹੈ। ਕੀਨੀਆ ਤੋਂ ਭੱਜ ਕੇ ਸੂਡਾਨ ਦੇ ਦੂਰ-ਦੁਰੇਡੇ ਇਲਾਕਿਆਂ ਵਿਚ ਮੈਡੀਕਲ ਕੈਂਪ ਚਲਾ ਰਿਹਾ ਹੈ। ਦਵਾ ਕੰਪਨੀਆਂ ਅਤੇ ਸਹਾਇਤਾ ਏਜੰਸੀਆਂ ਮਦਦ ਦੇ ਨਾਮ 'ਤੇ ਸੜਿਆ ਹੋਇਆ ਖਾਣਾ ਅਤੇ ਮਿਆਦ ਪੁੱਗੀਆਂ ਦਵਾਈਆਂ ਭੇਜਦੀਆਂ ਹਨ। ਇਨ੍ਹਾਂ ਕੰਪਨੀਆਂ ਨੂੰ ਇਸ 'ਪਵਿੱਤਰ' ਕੰਮ ਬਦਲੇ ਟੈਕਸ ਛੋਟ ਮਿਲਦੀ ਹੈ। ਪੱਤਲਨੁਮਾ ਮਰੀਜ਼ਾਂ ਲਈ ਪੱਤਲਨੁਮਾ ਦਵਾਈਆਂ। ਅੱਧਮਰਿਆਂ ਲਈ ਪੈਕੇਜ ਭੇਜਣਾ ਕੰਪਨੀਆਂ ਲਈ ਆਪਣੇ ਪਾਪ ਧੋਣ ਦਾ ਤਰੱਦਦ ਹੈ। ਅਫ਼ਰੀਕਾ 'ਚ ਦਵਾ ਕੰਪਨੀਆਂ ਅਤੇ ਹਥਿਆਰਾਂ ਦੇ ਸੌਦਾਗਰਾਂ ਵਿਚ ਡੂੰਘੀ ਸਾਂਝ ਹੈ। ਦੋਵੇਂ ਗੋਲੀਆਂ ਨਾਲ ਮਾਰਦੇ ਹਨ। ਅਫ਼ਰੀਕਾ ਵਿਚ ਕਤਲ ਨਹੀਂ ਹੁੰਦੇ, ਅਫ਼ਸੋਸਨਾਕ ਮੌਤਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਸੱਭਿਅਤਾ ਦੀ ਤਰੱਕੀ ਲਈ ਆਮਦਨ ਜੁਟਾਈ ਜਾਂਦੀ ਹੈ। ਇਹ ਕੰਮ ਬਹੁਤ ਸੌਖਾ ਹੈ ਕਿਉਂਕਿ ਉੱਥੇ ਜ਼ਿੰਦਗੀਆਂ ਬਹੁਤ ਸਸਤੀਆਂ ਹਨ।

ਜਸਟਿਨ ਆਪਣੀ ਬਾਗ਼ਬਾਨੀ 'ਚ ਮਸਤ ਹੈ। ਟੈਸਾ ਦਾ ਤਰੱਦਦ ਮਨੁੱਖਤਾ ਦੇ ਦਰਦ ਦੀ ਥਾਹ ਪਾਉਣਾ ਹੈ। ਟੈਸਾ ਅਤੇ ਅਰਨਾਲਡ, ਡਾ. ਲੌਰਬੀਅਰ ਦਾ ਇਕਬਾਲੀਆਂ ਬਿਆਨ ਰਿਕਾਰਡ ਕਰਨ 'ਚ ਕਾਮਯਾਬ ਹੋ ਜਾਂਦੇ ਹਨ। ਜਾਸੂਸ ਦੋਵਾਂ ਦਾ ਸ਼ੁਰੂ ਤੋਂ ਪਿੱਛਾ ਕਰ ਰਹੇ ਹਨ। ਸੜੇ ਖਾਣੇ ਅਤੇ ਮਿਆਦ ਪੁੱਗੀਆਂ ਦਵਾਈਆਂ ਦਾ ਪੈਕੇਜ ਅਤੇ ਟੇਪ ਲੈ ਕੇ ਉਹ ਸੰਯੁਕਤ ਰਾਸ਼ਟਰ ਕੋਲ ਜਾਂਦੇ ਸਮੇਂ ਗਾਇਬ ਹੋ ਜਾਂਦੇ ਹਨ। ਟੈਸਾ ਦੀ ਲਾਸ਼ ਤੁਰਕਾਨਾ ਝੀਲ ਕੋਲ ਮਿਲਦੀ ਹੈ। ਉਸ ਦੇ ਖ਼ੂਨ ਦਾ ਇਲਜ਼ਾਮ 'ਜਨੂੰਨੀ ਕਾਤਲ' ਅਰਨਾਲਡ 'ਤੇ ਲੱਗਦਾ ਹੈ ਜਿਸ ਦੀ ਕੋਈ ਉੱਘ-ਸੁੱਘ ਨਹੀਂ ਮਿਲਦੀ। ਜਸਟਿਨ ਦੇ ਹੱਥ ਟੈਸਾ ਦੇ ਕਤਲ ਦੀਆਂ ਕੁਝ ਤੰਦਾਂ ਲੱਗਦੀਆਂ ਹਨ। ਉਸ ਦਾ ਸਹਿਕਰਮੀ ਸੈਂਡੀ, ਟੈਸਾ ਦੇ ਕਤਲ 'ਚ ਸ਼ਰੀਕ ਸੀ। ਸੈਂਡੀ (ਡੈਨੀ ਹਸਟਨ) ਜਸਟਿਨ ਨੂੰ ਸਲਾਹ ਦਿੰਦਾ ਹੈ ਕਿ ਉਹ ਲਹੂ ਲੁਹਾਣ ਅਫ਼ਰੀਕੀਆਂ ਦੀ ਫ਼ਿਕਰ ਨਾ ਕਰੇ ਕਿਉਂਕਿ ਉਸ ਉੱਤੇ ਵੀ ਨਜ਼ਰ ਰੱਖੀ ਜਾ ਰਹੀ ਹੈ। ਮੰਡੀ ਦੇ ਵਿਹੜੇ 'ਚ ਥਾਣੇ ਦਾ ਦਰੱਖ਼ਤ ਉੱਗਣਾ ਸੁਭਾਵਕ ਹੈ।

ਫ਼ਿਲਮ ਸਰਕਾਰੀ ਖ਼ੁਫ਼ੀਆ ਏਜੰਸੀਆਂ ਅਤੇ ਬਹੁਕੌਮੀ ਕੰਪਨੀਆਂ ਦੇ ਘਾਤਕ ਗੱਠਜੋੜ ਵੱਲ ਇਸ਼ਾਰਾ ਕਰਦੀ ਹੈ। ਇਹ ਏਜੰਸੀਆਂ ਆਮ ਸ਼ਹਿਰੀਆਂ ਦੀ ਜਸੂਸੀ ਕਰਦੀਆਂ ਹਨ। ਆਵਾਮ ਵੱਲ ਇਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ, ਸੋ ਜਵਾਬਦੇਹੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦੀ ਬੇਸ਼ਕਲ ਅਤੇ ਬੇਆਵਾਜ਼ ਹੋਂਦ ਸਮਾਜ ਦੇ ਪਿੰਡੇ ਉੱਤੇ ਚਕਲੀ ਵਾਲੇ ਫੋੜੇ ਵਾਂਗ ਰੜਕਦੀ ਹੈ। ਜਸਟਿਨ ਨੂੰ ਆਖ਼ਰੀ ਚੇਤਾਵਨੀ ਦੇਣ ਆਏ 'ਸੱਜਣ' ਬੋਲਦੇ ਨਹੀਂ...ਪੁੱਛਦੇ ਵੀ ਨਹੀਂ...ਲੱਤਾਂ ਅਤੇ ਹੂਰਿਆਂ ਦੀ ਬੋਲੀ ਬੋਲਣ ਤੋਂ ਬਾਅਦ ਅਗਲੀ ਕਾਰਵਾਈ ਲਈ ਸਿਰਫ਼ ਲਿਖਤੀ ਰੁੱਕਾ ਛੱਡ ਜਾਂਦੇ ਹਨ। ਇਸੇ ਚੁੱਪ ਨੂੰ ਪੰਜਾਬੀ ਸ਼ਾਇਰ ਪਾਸ਼ ਤੋੜਦਾ ਹੈ:

***ਫ਼ਿਲਮ ਸਰਕਾਰੀ ਖ਼ੁਫ਼ੀਆ ਏਜੰਸੀਆਂ ਅਤੇ ਬਹੁਕੌਮੀ ਕੰਪਨੀਆਂ ਦੇ ਘਾਤਕ ਗੱਠਜੋੜ ਵੱਲ ਇਸ਼ਾਰਾ ਕਰਦੀ ਹੈ। ਇਹ ਏਜੰਸੀਆਂ ਆਮ ਸ਼ਹਿਰੀਆਂ ਦੀ ਜਸੂਸੀ ਕਰਦੀਆਂ ਹਨ। ਆਵਾਮ ਵੱਲ ਇਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ, ਸੋ ਜਵਾਬਦੇਹੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦੀ ਬੇਸ਼ਕਲ ਅਤੇ ਬੇਆਵਾਜ਼ ਹੋਂਦ ਸਮਾਜ ਦੇ ਪਿੰਡੇ ਉੱਤੇ ਚਕਲੀ ਵਾਲੇ ਫੋੜੇ ਵਾਂਗ ਰੜਕਦੀ ਹੈ। ਜਸਟਿਨ ਨੂੰ ਆਖ਼ਰੀ ਚੇਤਾਵਨੀ ਦੇਣ ਆਏ 'ਸੱਜਣ' ਬੋਲਦੇ ਨਹੀਂ...ਪੁੱਛਦੇ ਵੀ ਨਹੀਂ...ਲੱਤਾਂ ਅਤੇ ਹੂਰਿਆਂ ਦੀ ਬੋਲੀ ਬੋਲਣ ਤੋਂ ਬਾਅਦ ਅਗਲੀ ਕਾਰਵਾਈ ਲਈ ਸਿਰਫ਼ ਲਿਖਤੀ ਰੁੱਕਾ ਛੱਡ ਜਾਂਦੇ ਹਨ।***




ਤੂੰ ਆਦਮੀ ਦੀ ਜਾਤ ਨਹੀਂ<br>
ਕੁਜਾਤ ਸੀ<br>
ਜਿਸ ਨੂੰ ਪਹਿਲੀ ਵਾਰ ਦੁਨੀਆਂ 'ਤੇ<br>
ਕਿਸੇ ਜਾਸੂਸ ਦੀ ਜ਼ਰੂਰਤ ਪਈ<br>
ਤੂੰ ਜਿਸ ਨੇ ਪਹਿਲੀ ਵਾਰ<br>
ਮਹਾਂਬਲੀ ਇਨਸਾਨ ਦਾ<br>
ਸ਼ਿਕਾਰ ਕਰਨ ਦੀ ਸੋਚੀ<br>
ਦੁਨੀਆਂ ਭਰ ਦੇ ਸ਼ਹੀਦਾਂ ਦੀ<br>
ਜਰੀ ਹੋਈ ਪੀੜ ਨਾਲ<br>
ਮਸਾਂ ਹੀ ਅੱਧ-ਪਚੱਧੀ ਮਿਣੀ ਗਈ ਹੈ<br>
ਤੇਰੀ ਕਰੂਪ ਲਾਸ਼

ਕੇ.ਡੀ.ਐਚ., ਥ੍ਰੀ ਬੀਜ਼ ਅਤੇ ਬਰਤਾਨਵੀ ਸਫ਼ਾਰਤਖ਼ਾਨੇ ਦੇ ਵੱਡੇ ਅਫ਼ਸਰਾਂ ਦੀ ਮਸਾਦ ਦੇ ਏਜੰਟ ਨਾਲ ਸਾਂਝ ਭਿਆਲੀ ਹੈ। ਮਸਾਦ ਇਜ਼ਰਾਈਲ ਦੀ ਖ਼ੁਫ਼ੀਆ ਏਜੰਸੀ ਹੈ ਜੋ ਸੰਨ੍ਹ ਲਾ ਕੇ ਕਤਲ ਕਰਨ ਲਈ ਦੁਨੀਆਂ ਭਰ ਵਿਚ ਬਦਨਾਮ ਹੈ। ਅੱਜਕੱਲ੍ਹ ਪੰਜਾਬ ਪੁਲੀਸ ਨੂੰ ਸਿਖਲਾਈ ਦੇਣ ਦਾ ਕੰਮ ਮਸਾਦ ਜ਼ਿੰਮੇ ਹੈ। ਇੰਟਰਨੈਟ ਦੀ ਖ਼ਬਰ ਮੁਤਾਬਿਕ ਮਾਓਵਾਦੀ ਲਹਿਰ ਦੇ ਸਿਖਰਲੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦਾ ਠੇਕਾ ਮਸਾਦ ਨੂੰ ਦਿੱਤਾ ਗਿਆ ਹੈ।

ਜਸਟਿਨ ਆਪਣੇ ਇਰਾਦੇ 'ਤੇ ਡਟਿਆ ਰਹਿੰਦਾ ਹੈ। ਬੇਕਸੂਰ ਅਰਨਾਲਡ ਦੀ ਲਾਸ਼ ਵੀਰਾਨੇ 'ਚੋਂ ਮਿਲਦੀ ਹੈ। ਥ੍ਰੀ ਬੀਜ਼ ਕੰਪਨੀ ਦਾ ਕੈਂਸਰ ਪੀੜਤ ਮਾਲਕ ਟਿਮ, ਜਸਟਿਨ ਨੂੰ ਮਿੱਠੀ ਧਮਕੀ ਦਿੰਦਾ ਹੋਇਆ ਕਾਰਪੋਰੇਟ ਵੱਲੋਂ ਕਤਲ ਕਰਨ ਦਾ ਢੰਗ ਸਮਝਾਉਂਦਾ ਹੈ। ਉਹ ਦੱਸਦਾ ਹੈ ਕਿ ਕੰਪਨੀ ਦਾ ਬੌਸ ਹਲਚਲ ਹੁੰਦੀ ਦੇਖ ਕੇ ਰੱਖਿਆ ਮੁਖੀ ਨੂੰ ਫੋਨ ਕਰਦਾ ਹੈ। ਰੱਖਿਆ ਮੁਖੀ ਕਿਸੇ ਹੋਰ ਨੂੰ, ਤੇ ਉਹ ਅੱਗਿਓਂ ਕਿਸੇ ਹੋਰ ਦੇ ਦੋਸਤ ਨੂੰ ਫੋਨ ਕਰੇਗਾ। 'ਸੰਵੇਦਨਸ਼ੀਲ' ਸੱਜਣਾਂ ਦਾ ਜੋੜਾ ਨੀਲੇ ਟਰੱਕ 'ਚ ਕੰਮ ਨਿਬੇੜਨ ਚਲਿਆ ਜਾਵੇਗਾ ਜਿਨ੍ਹਾਂ ਨੂੰ ਪਤਾ ਵੀ ਨਹੀਂ ਕਿ ਹੁਕਮ ਕੌਣ ਦੇ ਰਿਹਾ ਹੈ? ਨਾ ਕੋਈ ਝਮੇਲਾ ਅਤੇ ਨਾ ਛਾਣਬੀਣ ਪਰ ਕੰਮ ਖ਼ਤਮ। ਟਿਮ ਦੱਸਦਾ ਹੈ ਕਿ ਅਰਨਾਲਡ ਨੂੰ ਮਾਰਥਲ 'ਚ ਲਿਜਾ ਕੇ ਪਹਿਲਾਂ ਉਸ ਦੀ ਜੀਭ ਵੱਢੀ ਗਈ। ਫਿਰ ਲਿੰਗ ਕੱਟ ਕੇ ਮੂੰਹ 'ਚ ਭਰਿਆ ਗਿਆ। ਅੰਤ ਈਸਾ ਮਸੀਹ ਵਾਂਗ ਸੂਲੀ 'ਤੇ ਟੰਗ ਦਿੱਤਾ। ਜਦੋਂ ਪੁਲੀਸ ਵਾਲਿਆਂ ਨੇ ਆ ਕੇ ਉਸ ਦੇ ਸਰੀਰ 'ਚੋਂ ਕਿੱਲ ਕੱਢੇ, ਉਸ ਵੇਲੇ ਅਰਨਾਲਡ ਜਿਉਂਦਾ ਸੀ। ਜਸਟਿਨ ਨਾਲ ਰਿਆਇਤ ਵਰਤਣਗੇ ਕਿਉਂਕਿ ਉਸ ਦੀ ਮੌਤ ਹਾਦਸਾ ਲੱਗਣੀ ਜ਼ਰੂਰੀ ਹੈ। 'ਦਿਆਲੂ' ਦਰਿੰਦੇ ਵੀ ਛੋਟ ਦਿੰਦੇ ਹਨ। ਜਸਟਿਨ ਆਪਣੀ ਹੋਣੀ ਦਾ ਫੈਸਲਾ ਕਰ ਚੁੱਕਿਆ ਹੈ। ਕੁਝ ਸਬੂਤ ਜੁਟਾਉਣ 'ਚ ਕਾਮਯਾਬੀ ਮਿਲਦੀ ਹੈ। ਅੰਤ 'ਚ ਹੋਣੀ ਨਾਲ ਉਸ ਦੀ ਮਿਲਣੀ ਹੋ ਜਾਂਦੀ ਹੈ। ਤਿੰਨ ਵੱਖਰੀਆਂ ਬੰਦੂਕਾਂ 'ਚੋਂ ਚੱਲੀਆਂ ਗੋਲੀਆਂ ਵਿਚੋਂ ਇਕ ਵੀ ਉਸ ਦੇ ਹੱਥ 'ਚ ਨਹੀਂ ਲੱਗਦੀ, ਜੱਲਾਦ ਦਾ ਨਿਸ਼ਾਨਾ ਇੰਨਾ ਪੱਕਾ ਸੀ। ਆਖ਼ਰ ਤਜਰਬਾ ਵੀ ਕਿਸੇ ਸ਼ੈਅ ਦਾ ਨਾਮ ਹੈ! ਸ਼ਾਇਦ ਇਹੀ ਜਸਟਿਨ ਦੇ ਹਿੱਸੇ ਆਈ ਰਿਆਇਤ ਸੀ।

ਕੇ.ਡੀ.ਐਚ. ਨੂੰ ਉਸੇ ਤਿਮਾਹੀ 'ਚ ਰਿਕਾਰਡ ਆਮਦਨੀ ਹੁੰਦੀ ਹੈ। ਹੁਣ ਹਰਾਰੇ ਦੀ ਕੰਪਨੀ ਜ਼ਿੰਬਾਮੈਡ ਨੂੰ ਡਾਇਪਰੈਕਸਾ ਪਰਖਣ ਦਾ ਠੇਕਾ ਮਿਲ ਗਿਆ ਹੈ। ਸਭ ਪਹਿਲਾਂ ਵਾਂਗ ਠੀਕ ਠਾਕ ਚੱਲਦਾ ਰਹਿੰਦਾ ਹੈ। ਬੇਸ਼ਕੀਮਤੀ ਮਨੁੱਖੀ ਜਾਨਾਂ ਫਿਰ ਦਾਅ 'ਤੇ ਲੱਗੀਆਂ ਹਨ।

ਭਾਰਤ ਦੇ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਸੰਸਦ ਵਿਚ ਮੰਨਿਆਂ ਹੈ ਕਿ ਹਿੰਦੋਸਤਾਨ ਵਿਚ ਦਵਾਈਆਂ ਦੀ ਅਜ਼ਮਾਇਸ਼ ਦੌਰਾਨ ਲੰਘੇ ਚਾਰ ਸਾਲਾਂ ਵਿਚ ਸਤਾਰਾਂ ਸੌ ਪੱਚੀ (1725) ਲੋਕਾਂ ਨੇ ਜਾਨ ਗਵਾਈ ਹੈ। ਇਨ੍ਹਾਂ ਲੋਕਾਂ ਵਿਚ ਬਹੁਤੇ ਕਬਾਇਲੀ ਸਨ। ਇਹ ਮੌਤਾਂ ਦਵਾਈਆਂ ਦੀ ਅਜ਼ਮਾਇਸ਼ ਦੌਰਾਨ 'ਗੰਭੀਰ ਉਲਟ ਅਸਰਾਂ' ਕਾਰਨ ਹੋਈਆਂ ਸਨ। ਕਲੀਨਿਕਲ ਅਜ਼ਮਾਇਸ਼ ਮਾਹਿਰ ਡਾ. ਚੰਦਰ ਗੁਲਾਟੀ ਮੁਤਾਬਕ ਮੌਤਾਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ। ਜਨਤਕ ਸਿਹਤ ਬਾਬਤ ਗੰਭੀਰ ਖ਼ਦਸ਼ਿਆਂ ਨੂੰ ਅਕਸਰ ਔਖੋਂ ਉਹਲੇ ਕਰਨ ਅਤੇ ਦਵਾਈ ਕੰਪਨੀਆਂ ਨੂੰ ਅਜ਼ਮਾਇਸ਼ ਦੀ ਪ੍ਰਵਾਨਗੀ ਦੇਣ ਵਿਚ ਹੋਈਆਂ ਬੇਨੇਮੀਆਂ ਨੇ ਇਹ ਭਾਣਾ ਵਰਤਾਇਆ ਹੈ। ਕੈਂਸਰ ਰੋਕੂ ਬੀਮਾਰੀਆਂ ਲਈ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਅੱਸੀ ਪ੍ਰਤੀਸ਼ਤ ਘੱਟ ਖ਼ਰਚਾ ਪੈਂਦਾ ਹੈ। ਇਕ ਵਾਰ ਫਿਰ ਪਾਸ਼ ਦੇ ਸ਼ਬਦਾਂ ਦੀ ਪਰਿਕਰਮਾ ਕਰੀਏ:

ਕੌਣ ਗਿਣੇ<br>
ਕਿ ਤਸ਼ੱਦਦ ਦੀ ਕਿਸ ਕਿਸ ਅਦਾ 'ਤੇ<br>
ਤੁਸਾਂ ਮੇਰਾ ਨਾਮ ਲਿਖਿਆ ਹੈ?

# ਬੁਸ਼-ਓਬਾਮਾ ਦੀ ਤਰਜ਼ ਉਤੇ ਮਨਮੋਹਨ-ਮੋਦੀ

(ਸਫਾ 15 ਦੀ ਬਾਕੀ)

ਜੋ ਖ਼ਤਮ ਹੋਣ 'ਤੇ ਹੈ, ਬਾਹਰ ਬੈਠਾ ਕਿਸ ਤਰ੍ਹਾਂ ਤਮਾਸ਼ਾ ਦੇਖ ਸਕਦਾ ਹਾਂ?' ਸੋ ਮੈਂ ਭੁੱਖ ਹੜਤਾਲ ਕਰ ਦਿੱਤੀ ਤੇ ਆਖ਼ਰ ਤੱਕ ਭੁੱਖ ਹੜਤਾਲ ਵਿਚ ਸ਼ਾਮਿਲ ਰਿਹਾ।"

ਇਨ੍ਹਾਂ ਮਿਸਾਲਾਂ ਵਿਚੋਂ ਸਪਸ਼ਟ ਹੈ ਕਿ ਭੁੱਖ ਹੜਤਾਲ ਉੱਤੇ ਬੈਠੇ ਮਨੁੱਖ ਦੀ ਹਾਲਤ ਦਰਦਮੰਦੀ ਦਾ ਅਹਿਸਾਸ ਜਗਾਉਂਦੀ ਹੈ। ਇਹ ਅਹਿਸਾਸ ਸਾਥੀਆਂ ਦੀ ਸਾਂਝ ਮਜ਼ਬੂਤ ਕਰਦਾ ਹੈ ਅਤੇ ਸਾਹਮਣੀ ਧਿਰ ਨੂੰ ਸੁਣਵਾਈ ਲਈ ਮਜਬੂਰ ਕਰਦਾ ਹੈ। ਜੇਲ੍ਹ ਵਿਚ ਕੈਦੀਆਂ ਦੀਆਂ ਬੀਮਾਰੀਆਂ ਅਤੇ ਹੋਰ ਤਕਲੀਫ਼ਾਂ ਨੂੰ ਨਜ਼ਰਅੰਦਾਜ਼ ਕਰਨ ਗਿੱਝਿਆ ਪ੍ਰਬੰਧਕੀ ਲਾਣਾ ਕੁਝ ਹਿਲਦਾ ਜ਼ਰੂਰ ਹੈ। ਸਿਆਸੀ ਮੰਚ ਤੋਂ ਬਿਨਾਂ ਭੁੱਖ ਹੜਤਾਲ ਬੇਮਾਅਨਾ ਹੈ। ਜੇ ਭੁੱਖ ਹੜਤਾਲੀ ਦੀ ਪਹੁੰਚ ਅਵਾਮ ਤੱਕ ਹੋਵੇਗੀ ਤਾਂ ਅਵਾਮੀ ਦਰਦਮੰਦੀ ਅਤੇ ਨੈਤਿਕ ਦਬਾਅ ਹੇਠ ਸਰਕਾਰ ਸੁਣਵਾਈ ਕਰੇਗੀ। ਸਮੇਂ ਦੇ ਨਾਲ ਸਰਕਾਰਾਂ ਨੇ ਇਸ ਨੈਤਿਕ ਪੈਂਤੜੇ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਮੌਜੂਦਾ ਦੌਰ ਵਿਚ ਤਾਂ ਸਰਕਾਰਾਂ ਅਵਾਮ ਨੂੰ ਖਪਤਕਾਰ ਵਜੋਂ ਦੇਖਦੀਆਂ ਤਾਂ ਉਨ੍ਹਾਂ ਦੀਆਂ ਤਕਲੀਫ਼ਾਂ (ਭੁੱਖ ਹੜਤਾਲਾਂ) ਸਰਕਾਰੀ ਦਰਦਮੰਦੀ ਦਾ ਸਬੱਬ ਕਿਵੇਂ ਬਣ ਸਕਦੀਆਂ ਹਨ? ਇਹ ਸ਼ਬਦ ਸਰਕਾਰੀ ਸ਼ਬਦਕੋਸ਼ਾਂ ਵਿਚੋਂ 'ਲੋਕ ਕਲਿਆਣ' ਅਤੇ 'ਸਮਾਜਿਕ ਇਨਸਾਫ਼' ਵਾਂਗ ਮਿਟਾ ਦਿੱਤਾ ਗਿਆ ਹੈ। ਹੁਣ ਸਰਕਾਰਾਂ ਅਖ਼ਤਿਆਰਾਂ ਦੀ ਬੋਲੀ ਸਮਝਦੀਆਂ ਹਨ। ਇਨ੍ਹਾਂ ਹਾਲਾਤ ਵਿਚ ਨੈਤਿਕਤਾ ਨਾਲ ਸਰਕਾਰੀ ਹੁੰਗਾਰੇ ਦਾ ਕੋਈ ਰਿਸ਼ਤਾ ਨਹੀਂ ਹੈ। ਜੇ ਅਜਿਹਾ ਹੁੰਦਾ ਤਾਂ ਸ਼ਰਮੀਲਾ ਇਰੋਮ ਦਸ ਸਾਲਾਂ ਤੋਂ ਭੁੱਖ ਹੜਤਾਲ ਉੱਤੇ ਨਾ ਬੈਠੀ ਹੁੰਦੀ। ਇਨ੍ਹਾਂ ਹਾਲਾਤ ਵਿਚ ਮੋਦੀ ਦਾ ਆਲੀਸ਼ਾਨ ਵਰਤ ਕੀ ਮਾਅਨੇ ਰੱਖਦਾ ਹੈ?

ਵਰਤ ਨੂੰ ਤਿਆਗ ਅਤੇ ਆਪੇ ਨੂੰ ਕਾਬੂ ਵਿਚ ਕਰਨ ਦੀ ਜੁਗਤ ਵਜੋਂ ਰਿਸ਼ੀਆਂ-ਮੁਨੀਆਂ ਅਤੇ ਤਿਆਗੀਆਂ ਨੇ ਵਰਤਿਆ ਹੈ। ਇਹ ਉਨ੍ਹਾਂ ਦੇ ਟਿਚਿਆਂ ਨੂੰ ਸਿੱਧ ਕਰਨ ਵਿਚ ਕਾਮਯਾਬ ਵੀ ਹੋਇਆ ਹੈ। ਸਿਹਤਯਾਬੀ ਲਈ ਕਈ ਵਾਰ ਡਾਕਟਰ ਵਰਤ ਦੀ ਸਿਫ਼ਾਰਿਸ਼ ਕਰਦੇ ਹਨ ਜੋ ਮਰੀਜ਼ ਦੀ ਰਾਹਤ ਦਾ ਸਬੱਬ ਬਣਦੇ ਹਨ। ਇਸ ਤੋਂ ਬਿਨਾਂ ਵਰਤ ਨੂੰ ਗੁਰਬਾਣੀ ਵਿਚ ਪਾਖੰਡ ਕਰਾਰ ਦਿੱਤਾ ਗਿਆ ਹੈ। ਮੋਦੀ ਦੇ ਵਰਤ ਦਾ ਐਲਾਨੀਆ ਟੀਚਾ ਸਦਭਾਵਨਾ ਮਜ਼ਬੂਤ ਕਰਨਾ ਹੈ। ਜੇ ਮੋਦੀ ਦੇ ਵਰਤ ਨਾਲ ਸਦਭਾਵਨਾ ਮਜ਼ਬੂਤ ਹੁੰਦੀ ਹੈ ਤਾਂ ਉਨ੍ਹਾਂ ਅਤੇ ਮਨਮੋਹਨ ਸਿੰਘ ਦੀ ਸਹਿਮਤੀ ਨਾਲ ਚੱਲ ਰਹੀਆਂ ਨੀਤੀਆਂ ਇਹ ਕੰਮ ਜ਼ਿਆਦਾ ਕਾਰਗਰ ਢੰਗ ਨਾਲ ਕਰ ਸਕਦੀਆਂ ਸਨ। ਇਸ ਵੇਲੇ ਸਮੁੱਚੇ ਮੁਲਕ ਦੇ 77 ਫ਼ੀਸਦੀ ਲੋਕ 20 ਰੁਪਏ ਤੋਂ ਘੱਟ ਰੋਜ਼ਾਨਾ ਆਮਦਨ ਨਾਲ ਗੁਜ਼ਾਰਾ ਕਰ ਰਹੇ ਹਨ। ਇਨ੍ਹਾਂ ਦੀ ਹਾਲਤ ਸਦੀਵੀ ਅੱਧ-ਭੁੱਖਮਰੀ ਵਾਲੀ ਹੈ। ਇਸ ਤਬਕੇ ਤੋਂ ਸਦਭਾਵਨਾ ਦੀ ਥਾਂ ਹਿੰਸਾ, ਲੁੱਟਮਾਰ ਅਤੇ ਬਦਜਨੀ ਦਾ ਖ਼ਦਸ਼ਾ ਜ਼ਿਆਦਾ ਮੰਨਿਆ ਜਾਂਦਾ ਹੈ।

ਨੈਸ਼ਨਲ ਸੈਂਪਲ ਸਰਵੇਖਣ 2005-6 ਮੁਤਾਬਕ ਗੁਜਰਾਤ ਵਿਚ ਪੈਦਾ ਹੋਣ ਵਾਲੇ 22 ਫ਼ੀਸਦੀ ਬੱਚਿਆਂ ਦਾ ਵਜ਼ਨ ਢਾਈ ਕਿਲੋ ਤੋਂ ਘੱਟ ਹੁੰਦਾ ਹੈ। ਗੁਜਰਾਤ ਦੇ 4.5 ਫ਼ੀਸਦੀ ਬੱਚਿਆਂ ਨਾਲ ਟੀਕਾਕਰਨ ਨਾਲ ਕੋਈ ਵਾਹ ਨਹੀਂ ਪੈਂਦਾ ਅਤੇ 36.4 ਫ਼ੀਸਦੀ ਬੱਚਿਆਂ ਦਾ ਟੀਕਾਕਰਨ ਦਾ ਕਾਰਡ ਨਹੀਂ ਬਣਦਾ। ਟੀਕਾਕਰਨ ਦੇ ਘੇਰੇ ਵਿਚ 45.2 ਫ਼ੀਸਦੀ ਬੱਚੇ ਆਉਂਦੇ ਹਨ। ਵਿਦੇਸ਼ੀ ਨਿਵੇਸ਼ ਦੇ ਮਾਮਲੇ ਵਿਚ ਮੋਹਰੀ ਹੋਣ ਦੀਆਂ ਟਾਹਰਾਂ ਮਾਰਨ ਵਾਲੇ ਗੁਜਰਾਤ ਦਾ ਟੀਕਾਕਰਨ ਦੇ ਮਾਮਲੇ ਵਿਚ ਸੂਬਿਆਂ ਵਿਚ ਹੇਠੋਂ 10ਵਾਂ ਥਾਂ ਹੈ। ਕਪੋਸ਼ਣ ਕਾਰਨ ਛੇ ਸਾਲ ਤੋਂ ਘੱਟ ਉਮਰ ਵਿਚ ਗੁਜਰਾਤ ਦੇ 51.7 ਫ਼ੀਸਦੀ ਬੱਚਿਆਂ ਦਾ ਕੱਦ, 18.7 ਫ਼ੀਸਦੀ ਦਾ ਕੱਦ ਦੇ ਮੁਕਾਬਲੇ ਵਜ਼ਨ ਅਤੇ 44.6 ਫ਼ੀਸਦੀ ਦਾ ਉਮਰ ਦੇ ਮੁਕਾਬਲੇ ਵਜ਼ਨ ਘੱਟ ਹੈ। ਛੇ ਤੋਂ 59 ਮਹੀਨੇ ਦੀ ਉਮਰ ਦੇ 69.7 ਫ਼ੀਸਦੀ ਗੁਜਰਾਤੀ ਬੱਚੇ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਗੁਜਰਾਤ ਵਿਚ 53.3 ਫ਼ੀਸਦੀ ਔਰਤਾਂ ਅਤੇ 22.2 ਫ਼ੀਸਦੀ ਮਰਦ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਡਾ. ਵਿਨਾਇਕ ਸੈਨ ਕੁਪੋਸ਼ਣ ਨੂੰ ਮੌਜੂਦਾ ਦੌਰ ਦਾ ਸਭ ਤੋਂ ਘਾਤਕ ਪਰ ਨਜ਼ਰਅੰਦਾਜ਼ ਕੀਤਾ ਕਤਲੇਆਮ ਕਰਾਰ ਦਿੰਦੇ ਹਨ ਜਿਸ ਦੀਆਂ ਜੜ੍ਹਾਂ ਮੌਜੂਦਾ ਰਾਜਤੰਤਰੀ ਢਾਂਚੇ ਵਿਚ ਲੱਗੀਆਂ ਹੋਈਆਂ ਹਨ। ਇਨ੍ਹਾਂ ਹਾਲਾਤ ਵਿਚ ਆਲੀਸ਼ਾਨ ਵਰਤ ਸਮਾਗਮ ਦੇ ਕੀ ਮਾਅਨੇ ਹਨ?

ਅਮਰੀਕਾ ਵੱਲੋਂ ਮੋਦੀ ਦੀ ਗੁਜਰਾਤ ਵਿਚ ਭ੍ਰਿਸ਼ਟਾਚਾਰ ਮੁਕਤ ਰਾਜ ਮੁਹੱਈਆ ਕਰਨ ਲਈ ਤਾਰੀਫ਼, ਅੰਨਾ ਹਜ਼ਾਰੇ ਵੱਲੋਂ ਮੋਦੀ ਦੀ ਸਿਫ਼ਤ, ਵਿਸ਼ਵ ਬੈਂਕ ਵੱਲੋਂ ਆਲਮੀ ਪੱਧਰ ਉੱਤੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮਾਂ ਦੀ ਵਿੱਤੀ ਇਮਦਾਦ ਅਤੇ ਭਾਜਪਾ ਦੀ ਅਕਸ ਬਦਲੀ ਦੀ ਮਸ਼ਕ ਇਕੋ ਰੁਝਾਨ ਦੀਆਂ ਕੜੀਆਂ ਜਾਪਦੀਆਂ ਹਨ। ਮੌਜੂਦਾ ਇਕ ਧਰੁਵੀ ਆਲਮ ਵਿਚ ਆਗੂਆਂ, ਸਿਆਸੀ ਪਾਰਟੀਆਂ ਅਤੇ ਕੰਪਨੀਆਂ ਦੇ ਬਦਲ ਹਨ ਪਰ ਸਿਆਸੀ ਸੋਚ ਇਕੋ ਹੈ। ਮਨੁੱਖ ਦੀ ਖਪਤਕਾਰ ਵਜੋਂ ਪਛਾਣ ਨਾਲ ਜੁੜਿਆ ਰਾਜਤੰਤਰ ਸਾਰੇ ਸਿਆਸੀ ਇਤਫ਼ਰਕਿਆਂ ਨੂੰ ਮਿਟਾਉਣ ਲਈ ਮੁਨਾਫ਼ੇ ਅਤੇ ਵਿਕਾਸ ਦਰ ਦਾ ਰੰਦਾ ਫੇਰ ਰਿਹਾ ਹੈ। ਇਸ ਨਾਲ ਬੁਸ਼-ਓਬਾਮਾ ਦੀ ਤਰਜ਼ ਉੱਤੇ ਮਨਮੋਹਨ-ਨਰਿੰਦਰ ਮੋਦੀ ਦਾ ਫ਼ਰਕ ਮਿਟ ਗਿਆ ਹੈ। ਅਕਸ ਬਦਲੀ ਦੀ ਮਸ਼ਕ ਇਸ ਮਨਸੂਈ ਫ਼ਰਕ ਨੂੰ ਧੁੰਧਲਾ ਕਰਨ ਦਾ ਤਰੱਦਦ ਨਹੀਂ ਤਾਂ ਹੋਰ ਕੀ ਹੈ?

# ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਅਸੀਂ 71 ਤੋਂ ਲੈ ਕੇ 80 ਤੱਕ ਕਬਿੱਤਾਂ 'ਤੇ ਵਿਚਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਲੇਖ ਵਿਚ ਅਗਲੇ ਦਸ ਕਬਿੱਤਾਂ 'ਤੇ ਵਿਚਾਰ-ਚਰਚਾ ਕਰਾਂਗੇ। ਪਰਮਾਤਮਾ ਨੂੰ ਪਾਉਣ ਲਈ ਤੱਤਕਾਲੀਨ ਪ੍ਰਚਲਿਤ ਭੇਖਾਂ ਦੀ ਚਰਚਾ ਨੂੰ ਹੋਰ ਅੱਗੇ ਲੈ ਜਾਂਦਿਆਂ ਦੱਸਿਆ ਹੈ ਕਿ ਜੇ ਨੱਚਣ ਅਤੇ ਕੂਕਣ ਨਾਲ ਪਰਮਾਤਮ-ਅਨੁਭਵ ਸੰਭਵ ਹੈ ਫਿਰ ਤਾਂ ਮੋਰ ਹਮੇਸ਼ਾ ਨੱਚਦਾ ਹੈ, ਡੱਡੂ ਰੌਲਾ ਪਾਉਂਦੇ ਹਨ ਅਤੇ ਬੱਦਲ ਗਰਜਦਾ ਹੀ ਹੈ। ਜੇ ਇੱਕ ਲੱਤ ਦੇ ਭਾਰ ਖੜ੍ਹੇ ਰਹਿਣ ਨਾਲ ਜਾਂ



ਡਾ. ਗੁਰਨਾਮ ਕੌਰ

ਅਹਿੰਸਾ ਰਾਹੀਂ, ਇੱਕ ਥਾਂ ਅਹਿਲ ਪਏ ਰਹਿਣ ਨਾਲ ਜਾਂ ਥਾਂ ਥਾਂ ਘੁੰਮਣ ਨਾਲ ਰੱਬ ਮਿਲਦਾ ਹੈ, ਫਿਰ ਤਾਂ ਬ੍ਰਿਛ ਜੰਗਲ ਵਿਚ ਸਾਰਾ ਸਮਾਂ ਇੱਕ ਲੱਤ ਦੇ ਭਾਰ ਖੜ੍ਹੇ ਰਹਿੰਦੇ ਹਨ ਅਤੇ ਸਰੇਵੜੇ ਭਾਵ ਜੈਨੀ ਸਾਧੂ ਨੰਗੇ ਪੈਰ ਜ਼ਮੀਨ 'ਤੇ ਫੂਕ ਫੂਕ ਧਰਦੇ ਹਨ (ਤਾਂ ਕਿ ਕੋਈ ਕੀੜਾ ਆਦਿ ਮਿੱਧਿਆ ਨਾ ਜਾਵੇ), ਪੱਥਰ ਇੱਕ ਥਾਂ ਅਹਿਲ ਪਏ ਰਹਿੰਦੇ ਹਨ, ਕਾਂ ਅਤੇ ਇੱਲ੍ਹਾਂ ਆਦਿ ਪੰਛੀ ਅਸਮਾਨ ਵਿਚ ਉਡਦਿਆਂ ਦੇਸ-ਦੇਸ ਭੌਂਦੇ ਹਨ ਅਤੇ ਇਨ੍ਹਾਂ ਸਾਰਿਆਂ ਨੂੰ ਰੱਬ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਣੀ ਚਾਹੀਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਗਿਆਨ-ਵਿਹੂਣਾ ਮਨੁੱਖ ਉਸ ਪਰਮ-ਹਸਤੀ ਵਿਚ ਵਿਲੀਨ ਨਹੀਂ ਹੋ ਸਕਦਾ ਤਾਂ ਫਿਰ ਇਹ ਵਿਸ਼ਵਾਸ-ਵਿਹੂਣੇ ਮਨੁੱਖ ਇਸ ਭਵ-ਸਾਗਰ ਨੂੰ ਕਿਸ ਤਰ੍ਹਾਂ ਤਰ ਸਕਦੇ ਹਨ? ਇੱਕ ਸਵਾਂਗੀ ਦੀ ਤਰ੍ਹਾਂ ਕਿਧਰੇ ਕੋਈ ਜੋਗੀ ਬਣ ਕੇ ਬੈਠਾ ਹੈ ਅਤੇ ਕਿਧਰੇ ਵੈਰਾਗੀ ਸਾਧੂ ਦਾ ਭੇਸ ਧਾਰੀ ਬੈਠਾ ਹੈ ਅਤੇ ਕਿਧਰੇ ਸੰਨਿਆਸੀ ਦਾ ਭੇਖ ਧਾਰ ਕੇ ਦਿਖਾਵਾ ਕਰਦਾ ਫਿਰਦਾ ਹੈ। ਕਿਧਰੇ ਕੋਈ ਪਉਣ-ਆਹਾਰੀ ਬਣੀ ਬੈਠਾ ਹੈ ਅਤੇ ਕਿਤੇ ਸਮਾਧੀ ਲਾ ਕੇ ਬੈਠਾ ਹੈ; ਕਿਸੇ ਪਾਸੇ ਬੰਦਾ ਲੋਭ ਦੇ ਨਸ਼ੇ 'ਚ ਮਸਤ ਹੈ, ਇਉਂ ਅਨੇਕ ਤਰ੍ਹਾਂ ਦੇ ਗੁਣ ਗਾ ਰਿਹਾ ਹੈ। ਕਿਧਰੇ ਬ੍ਰਹਮਚਾਰੀ ਦਾ ਭੇਸ ਧਾਰਨ ਕੀਤਾ ਹੈ; ਕਿਧਰੇ ਕਰਾਮਾਤੀ ਹੋ ਕੇ ਹੱਥ 'ਤੇ ਫੁੱਲਵਾੜੀ ਉਗਾ ਰਿਹਾ ਹੈ (ਭਾਵ ਹਥੇਲੀ 'ਤੇ ਸਰ੍ਹੋਂ ਜਮਾਉਣ ਵਰਗੀ ਗੱਲ ਕਰ ਰਿਹਾ ਹੈ) ਅਤੇ ਕਿਧਰੇ ਡੰਡੀਧਾਰੀ ਸਾਧ ਬਣ ਕੇ ਲੋਕਾਂ ਨੂੰ ਭਰਮਾ ਰਿਹਾ ਹੈ। ਇਸ ਤਰ੍ਹਾਂ ਕਾਮਨਾਵਾਂ ਦੇ ਵੱਸ ਹੋ ਮਨੁੱਖ ਕਠਪੁਤਲੀ ਵਾਂਗ ਨੱਚ ਰਿਹਾ ਹੈ। ਅਜਿਹਾ ਭੇਖਧਾਰੀ ਗਿਆਨ ਵਿਹੂਣਾ ਮਨੁੱਖ ਬ੍ਰਹਮਲੋਕ ਕਿਵੇਂ ਪ੍ਰਾਪਤ ਕਰ ਸਕਦਾ ਹੈ ਭਾਵ ਪ੍ਰਭੂ ਨੂੰ ਕਿਵੇਂ ਪਾ ਸਕਦਾ ਹੈ:

ਜੈਸੇ ਏਕ ਸਵਾਂਗੀ
ਕਹੂੰ ਜੋਗੀਆ ਬੈਰਾਗੀ ਬਨੈ;
ਕਹੂੰ ਸਨਿਆਸਿ ਭੇਸ
ਬਨ ਕੈ ਦਿਖਾਵਈ।...
ਕਾਮਨਾ ਅਧੀਨ ਪਰਿਓ
ਨਾਚਤ ਹੈ ਨਾਚਨ ਸੋਂ;
ਗਿਆਨ ਕੇ ਬਿਹੀਨ
ਕੈਸੇ ਬ੍ਰਹਮ ਲੋਕ ਪਾਵਈ॥82॥

ਅੱਗੇ ਧਾਰਮਿਕ ਸਥਾਨਾਂ ਨਾਲ ਜੁੜੇ ਇਸੇ ਕਿਸਮ ਦੇ ਪਖੰਡਾਂ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਗਿੱਦੜ ਪੰਜ ਵਾਰੀ ਪੁਕਾਰਦਾ ਹੈ, ਸਰਦ ਰੁੱਤ ਆ ਜਾਂਦੀ ਹੈ। ਹਾਥੀ ਅਤੇ ਗਧਾ ਦਿਨ ਵਿਚ ਅਨੇਕਾਂ ਵਾਰ ਚਿੰਘਾੜਦੇ ਅਤੇ ਹੀਂਗਦੇ ਹਨ। ਕਾਸ਼ੀ (ਵਾਰਾਣਸੀ) ਵਿਚ 'ਵਿਸ਼ਵੇਸ਼ਵਰ' (ਵਿਸ਼ਵਨਾਥ) ਦੇ ਮੰਦਿਰ ਵਿਚ ਜ਼ਮੀਨੀ ਸਤਹ ਤੇ ਭੋਰੇ ਵਾਂਗ ਡੂੰਘੀ ਥਾਂ ਤੇ 'ਕਲਵੱਤਰ (ਆਰਾ) ਬਣਿਆ ਹੋਇਆ ਹੈ ਅਤੇ ਉਪਰ ਦੀ ਮੰਜ਼ਿਲ 'ਤੇ ਉਸ ਦੇ ਦੁਆਲੇ ਪਰਿਕਰਮਾ ਬਣੀ ਹੋਈ ਹੈ। ਇਹ ਮਨੌਤ ਸੀ ਕਿ ਜੇ ਕੋਈ ਇਸ ਆਰੇ 'ਤੇ ਡਿਗ ਕੇ ਚੀਰਿਆ ਜਾਂਦਾ ਹੈ ਤਾਂ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਇਹ ਦੰਦ-ਕਥਾ ਵੀ ਹੈ ਕਿ ਠੱਗ ਕਿਸਮ ਦੇ ਭ੍ਰਿਸ਼ਟ ਪੁਜਾਰੀ ਗਹਿਣੇ ਲੁੱਟਣ ਦੇ ਇਰਾਦੇ ਨਾਲ ਇਸਤਰੀਆਂ ਨੂੰ ਇਸ ਦੀ ਪਰਿਕਰਮਾ ਕਰਨ ਲਈ ਪ੍ਰੇਰਨਾ ਦਿੰਦੇ ਅਤੇ ਪਰਿਕਰਮਾ ਕਰਦਿਆਂ ਇਸਤਰੀ ਨੂੰ ਧੱਕਾ ਦੇ ਕੇ ਨੀਚੇ ਆਰੇ 'ਤੇ ਸੁੱਟ ਕੇ ਮਾਰ ਦਿੰਦੇ। ਇਸੇ ਸੰਦਰਭ ਵਿਚ ਫੁਰਮਾਨ ਹੈ ਕਿ ਜੇ ਆਰੇ ਨਾਲ ਚੀਰੇ ਜਾਣ 'ਤੇ ਮੁਕਤੀ ਮਿਲਦੀ ਹੈ, ਫਿਰ ਤਾਂ ਚੋਰਟੇ ਨੂੰ ਕਈ ਵਾਰ ਕੁਹਾੜੇ ਨਾਲ ਚੀਰਿਆ ਜਾਂਦਾ ਹੈ ਅਤੇ ਉਸ ਨੂੰ ਸਹਿਜੇ ਹੀ ਮੁਕਤੀ ਮਿਲ ਜਾਣੀ ਚਾਹੀਦੀ ਹੈ। ਜੇ ਕੋਈ ਮੂਰਖ ਬੰਦਾ ਗਰਦਨ ਦੁਆਲੇ ਫਾਹੀ ਪਾ ਕੇ ਗੰਗਾ ਵਿਚ ਡੁੱਬ ਜਾਵੇ (ਮੁਕਤੀ ਪ੍ਰਾਪਤ ਕਰਨ ਲਈ ਕਿਉਂਕਿ ਗੰਗਾ ਵਿਚ ਡੁੱਬ ਕੇ ਮਰਨ ਨਾਲ ਵੀ ਮੁਕਤੀ ਦਾ ਖਿਆਲ ਜੋੜ ਰੱਖਿਆ ਹੈ) ਤਾਂ ਕੁੱਝ ਨਹੀਂ ਹੁੰਦਾ। ਗਲ ਦੁਆਲੇ ਰੱਸੀਆਂ ਵਲ ਕੇ ਠੱਗ ਅਨੇਕਾਂ ਨੂੰ ਮਾਰ ਮਾਰ ਕੇ ਸੁੱਟਦੇ ਰਹਿੰਦੇ ਹਨ। ਇਸ ਤਰ੍ਹਾਂ ਮੂਰਖ ਲੋਕ ਗਿਆਨ ਅਤੇ ਵਿਚਾਰ ਤੋਂ ਸੱਖਣੇ ਨਰਕ ਵਿਚ ਡੁੱਬ ਜਾਂਦੇ ਹਨ। ਵਿਸ਼ਵਾਸ ਤੋਂ ਸੱਖਣਾ ਮਨੁੱਖ ਗਿਆਨ ਕਿਵੇਂ ਪ੍ਰਾਪਤ ਕਰ ਸਕਦਾ ਹੈ? ਗੁਰਮਤਿ ਵਿਚ ਵਿਚਾਰ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ ਕਿਉਂਕਿ ਵਿਚਾਰ ਰਾਹੀਂ ਹੀ ਸ਼ਬਦ ਨੂੰ ਗ੍ਰਹਿਣ ਕਰ ਸਕੀਦਾ ਹੈ। 'ਅਕਲੀ ਸਾਹਿਬ ਸੇਵੀਐ' ਦਾ ਆਦੇਸ਼ ਕੀਤਾ ਹੈ। ਇਸੇ ਤਰ੍ਹਾਂ ਜੇ ਅੱਗ ਦਾ ਸੇਕ ਸਹਿ ਕੇ ਜਾਂ ਸਰੀਰ ਨੂੰ ਕਸ਼ਟ ਦੇ ਕੇ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੋਵੇ ਫਿਰ ਤਾਂ ਸਰੀਰ 'ਤੇ ਕਸ਼ਟ ਸਹਿ ਰਹੇ ਜ਼ਖ਼ਮੀ ਮਨੁੱਖ ਨੂੰ ਵੀ ਪਰਮਾਤਮਾ ਦੀ ਪ੍ਰਾਪਤੀ ਹੋ ਜਾਣੀ ਚਾਹੀਦੀ ਹੈ। ਜੇ ਜਾਪ ਰਾਹੀਂ 'ਅਜਪਾ' ਨਿਰੰਕਾਰ ਨੂੰ ਪਾ ਸਕੀਦਾ ਹੈ ਫਿਰ ਤਾਂ ਪੁਦਨਾ (ਇੱਕ ਭੂਰੇ ਰੰਗ ਦਾ ਪੰਛੀ) ਸਾਰਾ ਦਿਨ 'ਤੁਹੀ ਤੁਹੀ' ਜਪਦਾ ਹੈ। ਜੇ ਅਕਾਸ਼ ਵਿਚ ਉਡਣ ਨਾਲ 'ਨਾਰਾਇਣ' ਦੀ ਪ੍ਰਾਪਤੀ ਸੰਭਵ ਹੈ ਫਿਰ ਤਾਂ 'ਅਨਲ' (ਉਨੰਕਾ- ਇੱਕ ਪੰਛੀ ਜੋ ਸਾਰਾ ਦਿਨ ਅਕਾਸ਼ ਵਿਚ ਹੀ ਉਡਿਆ ਰਹਿੰਦਾ ਹੈ) ਪਰਮਾਤਮਾ ਨੂੰ ਪਾ ਲਵੇ। ਜੇ ਅੱਗ ਵਿਚ ਸੜਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ ਫਿਰ ਤਾਂ ਉਹ ਵਿਧਵਾ ਜੋ ਪਤੀ ਦੀ ਚਿਖਾ 'ਤੇ ਸੜ ਕੇ ਮਰ ਜਾਂਦੀ ਹੈ, ਮੁਕਤੀ ਪ੍ਰਾਪਤ ਕਰ ਲਵੇ। ਜੇ ਗੁਫਾਵਾਂ ਵਿਚ ਰਹਿਣ ਨਾਲ ਮੁਕਤੀ ਮਿਲਦੀ ਹੋਵੇ ਫਿਰ ਸੱਪ ਤਾਂ ਹਮੇਸ਼ਾ ਰਹਿੰਦੇ ਹੀ ਧਰਤੀ ਅੰਦਰ ਹਨ, ਉਹ ਕਿਉਂ ਨਹੀਂ ਤਰ ਜਾਂਦੇ:

ਡੂਬੇ ਨਰਕ ਧਾਰਿ
ਮੂੜ੍ਹ ਗਿਆਨ ਕੇ ਬਿਨਾ ਬਿਚਾਰ;
ਭਾਵਨਾ ਬਿਹੀਨ
ਕੈਸੇ ਗਿਆਨ ਕੋ ਬਿਚਾਰ ਹੀਂ॥83॥
ਆਗ ਮੈ ਜਰੇ ਤੇ ਗਤਿ
ਰਾਂਡ ਕੀ ਪਰਤ ਕਰਿ;
ਪਤਾਲ ਕੇ ਬਾਸੀ
ਕਿਉਂ ਭੁਜੰਗ ਨ ਤਰਤ ਹੈਂ॥84॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਇਹ ਸਾਰਾ ਸੰਸਾਰ ਪਰਮਾਤਮਾ ਨੇ ਆਪਣੇ ਆਪ ਤੋਂ ਆਪਣੇ ਹੁਕਮ ਵਿਚ ਸਾਜਿਆ ਹੈ ਅਤੇ ਹਰ ਥਾਂ ਉਸ ਦੀ ਜੋਤਿ ਵਿਆਪਕ ਹੈ। ਇਸ ਸੰਸਾਰ ਦਾ ਮੂਲ ਇੱਕ ਹੈ। ਇਸੇ ਲਈ ਕੋਈ ਮਨੁੱਖ ਜਨਮ, ਜਾਤਿ ਜਾਂ ਇਸਤਰੀ-ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ ਨਹੀਂ ਹੈ। ਸਾਰੇ ਬਰਾਬਰ ਹਨ। ਗੁਰੂ ਨਾਨਕ ਰਾਗੁ ਧਨਾਸਰੀ ਵਿਚ ਫੁਰਮਾਉਂਦੇ ਹਨ ਕਿ ਸਾਰੇ ਜੀਵਾਂ ਵਿਚ ਉਸ ਇੱਕ ਪਰਮਾਤਮਾ ਦੀ ਜੋਤਿ ਹੈ ਜਿਸ ਨਾਲ ਸਾਰੇ ਜੀਵ ਰੁਸ਼ਨਾਏ ਹੋਏ ਹਨ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥" ਗੁਰੂ ਨਾਨਕ ਅੱਗੇ ਕਹਿੰਦੇ ਹਨ ਕਿ ਇੱਕ ਪੁੜ (ਫਰਸ਼ ਦਾ ਤਖਤਾ) ਜ਼ਮੀਨ ਹੈ ਅਤੇ ਦੂਜਾ (ਛੱਤ ਦਾ ਤਖਤਾ) ਪਾਣੀ (ਬੱਦਲ, ਅਸਮਾਨ) ਹੈ। ਚਾਰੇ ਤਰਫ਼ਾਂ ਦੇ ਚੁਬਾਰੇ ਵਿਚ ਉਸ ਅਕਾਲ ਪੁਰਖ ਦਾ ਆਸਣ ਹੈ। ਸਾਰੀ ਸ੍ਰਿਸ਼ਟੀ ਦਾ ਮਾਲਕ ਉਹ ਇੱਕ ਅਕਾਲ ਪੁਰਖ ਹੈ ਅਤੇ ਉਸ ਰਾਹੀਂ ਹੀ ਖੋਟੇ ਅਤੇ ਖਰੇ ਦੀ ਟਕਸਾਲ ਵਾਂਗ ਪਰਖ ਹੁੰਦੀ ਹੈ। ਉਸ ਦਾ ਰਚਨਾ ਦਾ ਇਹ ਖੇਲ ਅਸਚਰਜ ਹੈ। ਉਹ ਹਰ ਥਾਂ ਭਰਪੂਰ ਅਤੇ ਵਿਆਪਕ ਹੈ ਅਤੇ ਸਭ ਉਸੇ ਦਾ ਰੂਪ ਹੈ ਕਿਉਂਕਿ ਇੱਕੋ ਰੂਪ ਨਾਲ ਉਹ ਸਭ ਥਾਂਵਾਂ 'ਤੇ ਲੁਕਿਆ ਹੋਇਆ ਹੈ ਪਰ ਫਿਰ ਵੀ ਕਿਸੇ ਇੱਕ ਦਾ ਰੂਪ ਦੂਜੇ ਨਾਲ ਨਹੀਂ ਮਿਲਦਾ:

ਪੁੜੁ ਧਰਤੀ ਪੁੜੁ ਪਾਣੀ ਆਸਣੁ
ਚਾਰਿ ਕੁੰਟ ਚਉਬਾਰਾ॥
ਸਗਲ ਭਵਣ ਕੀ ਮੂਰਤਿ ਏਕਾ
ਮੁਖਿ ਤੇਰੈ ਟਕਸਾਲਾ॥1॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ
ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ
ਕੋਇ ਨ ਕਿਸ ਹੀ ਜੇਹਾ॥2॥ (ਪੰਨਾ 596)

ਗੁਰੂ ਅਮਰਦਾਸ ਇਸੇ ਵਿਚਾਰ ਨੂੰ ਪ੍ਰਗਟ ਕਰਦਿਆਂ ਕਹਿੰਦੇ ਹਨ ਕਿ ਜਾਤ-ਜਨਮ ਦਾ ਮਾਣ ਕਰਨਾ ਬੇਅਰਥ ਹੈ ਕਿਉਂਕਿ ਸਾਰੇ ਸੰਸਾਰ ਦੀ ਰਚਨਾ ਉਸ ਰੱਬ ਨੇ ਵੱਖੋ ਵੱਖਰੇ ਰੂਪਾਂ ਵਿਚ ਕੀਤੀ ਹੈ ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਵੱਖੋ ਵੱਖਰੇ ਰੂਪ ਘੜਦਾ ਹੈ। ਸਾਰੇ ਮਨੁੱਖ ਉਨ੍ਹਾਂ ਹੀ ਪੰਜ ਤੱਤਾਂ ਤੋਂ ਬਣੇ ਹਨ। ਕੋਈ ਨਹੀਂ ਕਹਿ ਸਕਦਾ ਕਿ ਕਿਸ ਵਿਚ ਕਿਹੜਾ ਤੱਤ ਘੱਟ ਹੈ ਤੇ ਕਿਹੜਾ ਵੱਧ:

ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥

## ਗੁਰਮਤਿ ਚਿੰਤਨ

ਘਟਿ ਵਧਿ ਕੋ ਕਰੈ ਬੀਚਾਰਾ॥4॥

ਭਗਤ ਕਬੀਰ ਕਹਿੰਦੇ ਹਨ ਕਿ ਇਹ ਸਾਰਾ ਸੰਸਾਰ ਉਸ ਇੱਕ ਦੇ ਨੂਰ ਤੋਂ ਪੈਦਾ ਹੋਇਆ ਹੈ ਅਤੇ ਸਾਰੇ ਇਨਸਾਨ ਉਸ ਕੁਦਰਤ ਦੇ ਪੈਦਾ ਕੀਤੇ ਹੋਏ ਹਨ। ਸਾਰਾ ਸੰਸਾਰ ਉਸ ਇੱਕ ਤੋਂ ਪੈਦਾ ਹੋਣ ਕਰਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਕੌਣ ਮੰਦਾ ਜਾਂ ਚੰਗਾ ਹੈ। ਉਹ ਸਿਰਜਣਹਾਰ ਸ੍ਰਿਸ਼ਟੀ ਵਿਚ ਵਿਆਪਕ ਹੈ ਅਤੇ ਸ੍ਰਿਸ਼ਟੀ ਉਸ ਵਿਚ, ਭਾਵ ਉਹ ਆਪਣੀ ਸ੍ਰਿਸ਼ਟੀ ਤੋਂ ਵੱਖ ਨਹੀਂ ਹੈ। ਉਸ ਨੇ ਇਸ ਸੰਸਾਰ ਨੂੰ ਅਨੇਕ ਤਰ੍ਹਾਂ ਨਾਲ ਸਾਜਿਆ ਹੈ ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਅਨੇਕ ਤਰ੍ਹਾਂ ਦੇ ਭਾਂਡੇ ਘੜਦਾ ਹੈ। ਇਸ ਵਿਚ ਨਾ ਮਿੱਟੀ ਦਾ ਕੋਈ ਨੁਕਸ ਹੈ ਅਤੇ ਨਾ ਹੀ ਉਸ ਤੋਂ ਭਾਂਡੇ ਬਣਾਉਣ ਵਾਲੇ ਦਾ। ਸਭ ਵਿਚ ਉਸ ਇੱਕ ਸੱਚੇ ਦਾ ਨਿਵਾਸ ਹੈ ਜਿਸ ਦਾ ਕੀਤਾ ਸਭ ਕੁੱਝ ਹੋ ਰਿਹਾ ਹੈ। ਜੋ ਉਸ ਦੇ ਸ੍ਰਿਸ਼ਟੀ 'ਚ ਵਿਆਪਕ ਹੁਕਮ ਨੂੰ ਸਮਝ ਲੈਂਦਾ ਹੈ ਉਸ ਨੂੰ ਉਸ ਇੱਕ ਦਾ ਗਿਆਨ ਹੋ ਜਾਂਦਾ ਹੈ ਤੇ ਉਹੀ ਅਸਲੀ ਬੰਦਾ ਹੈ:

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥1॥ (ਪੰਨਾ 1349)

ਦਸਮ ਗੁਰੂ 'ਅਕਾਲ ਉਸਤਤਿ' ਵਿਚ ਅਨੇਕਤਾ ਵਿਚ ਏਕਤਾ ਦੇ ਇਸੇ ਸਿਧਾਂਤ ਨੂੰ ਹੋਰ ਅੱਗੇ ਲੈਜਾਂਦੇ ਹੋਏ ਫੁਰਮਾਉਂਦੇ ਹਨ ਕਿ ਇਹ ਸੰਸਾਰ ਧਾਰਮਿਕ ਅਤੇ ਕੌਮੀਅਤਾਂ ਅਤੇ ਸਭਿਆਚਾਰਾਂ ਦੇ ਵੱਖਰੇਵੇਂ ਨਾਲ ਭਰਪੂਰ ਹੈ ਪਰ ਇਸ ਦੇ ਬਾਵਜੂਦ ਇਹ ਉਸੇ ਇੱਕ ਦਾ ਰਚਿਆ ਹੋਇਆ ਹੈ ਅਤੇ ਸਭ ਵਿਚ ਉਹ ਇੱਕ ਹੀ ਵਿਆਪਕ ਹੈ। ਇੱਕੋ ਸੋਮੇ ਤੋਂ ਹੋਣ ਕਰਕੇ ਸਾਰੀ ਮਾਨਵ ਜਾਤਿ ਇੱਕ ਹੀ ਹੈ। ਕੋਈ ਮੁੰਡੀਆ ਭਾਵ ਵੈਰਾਗੀ ਸਾਧੂ ਹੈ ਅਤੇ ਕੋਈ ਸਨਿਆਸੀ ਜਾਂ ਜੋਗੀ ਦੇ ਭੇਖ ਵਿਚ ਹੈ। ਕੋਈ ਬ੍ਰਹਮਚਾਰੀ ਹੈ ਅਤੇ ਕੋਈ ਜੈਨੀ ਸਾਧੂ, ਕੋਈ ਹਿੰਦੂ ਹੈ ਤਾਂ ਕੋਈ ਤੁਰਕ। ਮੁਸਲਮਾਨਾਂ ਵਿਚ ਵੀ ਵੱਖ ਵੱਖ ਫਿਰਕੇ ਹਨ ਜਿਵੇਂ ਕੋਈ 'ਸੁੰਨੀ' ਤੇ ਕੋਈ 'ਸ਼ੀਆ' ਹੈ। ਇਨ੍ਹਾਂ ਸਾਰੇ ਵਖਰੇਵਿਆਂ ਦੇ ਬਾਵਜੂਦ ਮਨੁੱਖ ਦੀ ਜਾਤਿ ਨੂੰ ਇੱਕ ਹੀ ਜਾਣਨਾ ਚਾਹੀਦਾ ਹੈ ਕਿਉਂਕਿ ਉਹ ਕਿਰਪਾਲੂ ਪਰਮਾਤਮਾ ਹੀ ਸਭ ਦਾ ਕਰਤਾ ਪੁਰਖ ਅਤੇ ਰਿਜ਼ਕ ਦੇਣ ਵਾਲਾ ਹੈ। ਉਸ ਪਰਮਾਤਮਾ ਤੋਂ ਬਿਨਾ ਕੋਈ ਹੋਰ ਦੂਸਰਾ ਨਹੀਂ ਹੈ। ਜਿਹੜੇ ਹਿੰਦੂ ਜਾਂ ਮੁਸਲਮਾਨ ਵਿਚ ਫਰਕ ਕਰਦੇ ਹਨ ਉਹ ਭਰਮ ਵਿਚ ਪਏ ਹੋਏ ਹਨ। ਉਸ ਇੱਕ ਪਰਮਾਤਮਾ ਦੀ ਪੂਜਾ ਕਰੋ ਜਿਸ ਦੀ ਜੋਤਿ ਸਭ ਵਿਚ ਵਿਆਪਕ ਹੈ ਅਤੇ ਸਭ ਵਿਚ ਉਸ ਇੱਕ ਦੀ ਜੋਤਿ ਨੂੰ ਪਛਾਣੋ।

ਧਰਮਸਾਲਾ ਅਰਥਾਤ ਹਿੰਦੂ ਮੰਦਿਰ ਅਤੇ ਮਸਜਿਦ ਜਾਂ ਮੁਸਲਮਾਨਾਂ ਦਾ ਪਾਕਿ ਮਕਾਨ ਇੱਕ ਹੀ ਗੱਲ ਹੈ (ਕਿਉਂਕਿ ਇਹ ਉਸ ਪਰਵਦਗਾਰ ਦਾ ਧਿਆਨ ਧਰਨ ਦਾ ਸਥਾਨ ਹੈ)। ਹਿੰਦੂ ਤਰੀਕੇ ਨਾਲ ਪੂਜਾ ਕਰਨੀ ਜਾਂ ਮੁਸਲਮਾਨੀ ਤਰੀਕੇ ਨਾਲ ਨਮਾਜ਼ ਗੁਜ਼ਾਰਨੀ ਇੱਕ ਹੀ ਗੱਲ ਹੈ। ਸਾਰੇ ਇਨਸਾਨ ਇੱਕ ਹੀ ਹਨ, ਉਨ੍ਹਾਂ ਨੂੰ ਵੱਖੋ ਵੱਖਰੇ ਮੰਨਣਾ ਭਰਮ-ਮੂਲਕ ਹੈ। ਦੇਵਤੇ ਅਤੇ ਦੈਂਤ, ਜੱਛ ਅਤੇ ਗੰਧਰਵ, ਹਿੰਦੂ ਅਤੇ ਤੁਰਕ ਆਦਿ ਸਭ ਇੱਕ ਹਨ ਪਰ ਵੱਖੋ ਵੱਖਰੇ ਦੇਸਾਂ ਤੋਂ ਹੋਣ ਕਰਕੇ ਵੱਖੋ ਵੱਖਰਾ ਪ੍ਰਭਾਵ ਪਾਉਂਦੇ ਹਨ। ਸਭ ਦੇ ਇੱਕੋ ਜਿਹੇ ਹੀ ਨੈਣ-ਨਕਸ਼ ਹਨ ਅਤੇ ਇੱਕੋ ਜਿਹੀ ਮਨੁੱਖੀ ਸਰੀਰਾਂ ਦੀ ਬਨਾਵਟ ਹੈ ਅਤੇ ਮਨੁੱਖੀ ਸੁਭਾ ਵੀ ਉਹੀ ਹਨ। ਸਾਰੇ ਉਨ੍ਹਾਂ ਹੀ ਭੌਤਕ ਤੱਤਾਂ-ਮਿੱਟੀ, ਹਵਾ, ਅੱਗ ਅਤੇ ਪਾਣੀ ਦੇ ਮੇਲ ਤੋਂ ਬਣੇ ਹਨ। ਅਲਹ (ਮੁਸਲਮਾਨਾਂ ਦਾ ਖ਼ੁਦਾ) ਅਤੇ ਅਭੇਖ (ਪਰਮਾਤਮਾ ਦਾ ਹਿੰਦੂ ਨਾਮ) ਉਹੀ ਨਿਰਾਕਾਰ ਪਰਮਾਤਮਾ ਹੈ। ਧਰਮ ਗ੍ਰੰਥ ਜਿਵੇਂ ਪੁਰਾਣ ਅਤੇ ਕੁਰਾਨ ਵੀ ਉਹੀ ਹਨ ਅਰਥਾਤ ਸਭ ਵਿਚ ਉਸ ਇੱਕ ਪਰਮਾਤਮਾ ਦੀ ਹੀ ਉਸਤਤਿ ਹੈ, ਸਭ ਦਾ ਇੱਕ ਹੀ ਸਰੂਪ ਹੈ ਅਤੇ ਇੱਕ ਹੀ ਬਣਾਵਟ ਹੈ:

ਹਿੰਦੂ ਤੁਰਕ ਕੋਊ
ਰਾਫ਼ਿਜ਼ੀ ਇਮਾਮ ਸ਼ਾਫ਼ੀ;
ਮਾਨਸ ਕੀ ਜਾਤਿ
ਸਬੈ ਏਕੈ ਪਹਚਾਨਬੋ।
ਕਰਤਾ ਕਰੀਮ ਸੋਈ
ਰਾਜ਼ਿਕ ਰਹੀਮ ਓਈ;
ਦੂਸਰੋ ਨਾ ਭੇਦ ਕੋਈ
ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ
ਸਭ ਹੀ ਕੋ ਗੁਰਦੇਵ ਏਕ;
ਏਕ ਹੀ ਸਰੂਪ ਸਭੈ
ਏਕੈ ਜੋਤਿ ਜਾਨਬੋ॥85॥
ਦੇਹੁਰਾ ਮਸੀਤ ਸੋਈ
ਪੂਜਾ ਔ ਨਿਵਾਜ਼ ਓਈ;
ਮਾਨਸ ਸਬੈ ਏਕ
ਪੈ ਅਨੇਕ ਕੋ ਭ੍ਰਮਾਉ ਹੈ।
ਅੱਲਹ ਅਭੇਖ ਸੋਈ
ਪੁਰਾਨ ਅਉ ਕੁਰਾਨ ਓਈ;
ਏਕ ਹੀ ਸਰੂਪ ਸਬੈ
ਏਕ ਹੀ ਬਨਾਉ ਹੈ॥86॥

ਪਰਮਾਤਮਾ ਅਤੇ ਉਸ ਦੀ ਸ੍ਰਿਸ਼ਟੀ ਇੱਕਰੂਪ ਕਿਸ ਤਰ੍ਹਾਂ ਹੈ, ਇਸ ਤੱਥ ਨੂੰ ਅੱਗੇ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਕਿ ਜਿਸ ਤਰ੍ਹਾਂ ਅੱਗ ਵਿਚੋਂ ਅਣਗਿਣਤ ਚੰਗਿਆੜੇ ਉਠਦੇ ਹਨ, ਵੱਖੋ-ਵੱਖਰੇ ਰੂਪ ਦਿਖਾ ਕੇ ਫਿਰ ਅੱਗ ਵਿਚ ਹੀ ਸਮਾ ਜਾਂਦੇ ਹਨ। ਇਸੇ ਤਰ੍ਹਾਂ ਧੂੜ ਦੇ ਅਣਗਿਣਤ ਕਿਣਕੇ ਮਿੱਟੀ ਵਿਚੋਂ ਅਕਾਸ਼ ਵਿਚ ਭਰ ਜਾਂਦੇ ਹਨ ਪਰ ਧੂੜ ਦੇ ਕਿਣਕੇ ਫਿਰ ਧੂੜ ਵਿਚ ਹੀ ਮਿਲ ਜਾਂਦੇ ਹਨ। ਸਾਗਰ ਵਿਚੋਂ ਜਿਵੇਂ ਪਾਣੀ ਦੀਆਂ ਅਨੇਕ ਲਹਿਰਾਂ ਉਠਦੀਆਂ ਹਨ ਅਤੇ ਸਾਰੀਆਂ ਪਾਣੀ ਹੀ ਅਖਵਾਉਂਦੀਆਂ ਹਨ। ਇਸੇ ਤਰ੍ਹਾਂ ਜਗਤ-ਰੂਪ ਪਰਮਾਤਮਾ ਤੋਂ ਸ੍ਰਿਸ਼ਟੀ ਦੇ ਸੂਖਮ ਅਤੇ ਭੌਤਿਕ ਤੱਤ ਪੈਦਾ ਹੁੰਦੇ ਹਨ, ਉਸ ਤੋਂ ਪੈਦਾ ਹੋ ਕੇ ਉਸੇ ਵਿਚ ਸਮਾ ਜਾਂਦੇ ਹਨ। ਗੁਰੂ ਅਰਜਨ ਦੇਵ ਸੂਰਜ ਅਤੇ ਕਿਰਨ, ਜਲ ਅਤੇ ਜਲ ਦੇ ਦ੍ਰਿਸ਼ਟਾਂਤ ਰਾਹੀਂ ਆਤਮਾ ਦਾ ਪਰਮਾਤਮਾ ਵਿਚ ਅਭੇਦ ਹੋ ਜਾਣਾ ਸਮਝਾਉਂਦੇ ਹਨ ਅਤੇ ਦੱਸਦੇ ਹਨ ਕਿ ਜੋ ਕੁੱਝ ਵੀ ਨਜ਼ਰ ਆਉਂਦਾ ਹੈ ਸਭ ਬ੍ਰਹਮ ਹੀ ਹੈ। ਦਸਮ ਗੁਰੂ ਅੱਗੇ ਦੱਸਦੇ ਹਨ ਕਿ ਕਿੰਨੀ ਕਿਸਮ ਦੇ ਮੱਛ ਅਤੇ ਕੱਛ ਹਨ ਅਤੇ ਉਨ੍ਹਾਂ ਨੂੰ ਖਾ ਜਾਣ ਵਾਲੇ ਵੀ ਕਿੰਨੇ ਹੀ ਹਨ (ਵੱਡੀਆਂ ਮੱਛੀਆਂ ਛੋਟੀਆਂ ਨੂੰ ਖਾ ਜਾਂਦੀਆਂ ਹਨ)। ਕਿੰਨੇ ਹੀ ਖੰਭਾਂ ਵਾਲੇ ਜੀਵ ਭਾਵ ਪੰਛੀ ਹਨ ਅਤੇ ਉਨ੍ਹਾਂ ਨੂੰ ਅਕਾਸ਼ ਵਿਚ ਹੀ ਖਾ ਜਾਣ ਵਾਲੇ ਵੀ ਅਨੇਕ ਪੰਛੀ ਹਨ। ਸਭ ਨੂੰ ਪੈਦਾ ਵੀ ਮੌਤ ਦਾ ਦੇਵਤਾ (ਪਰਮਾਤਮਾ) ਕਰਦਾ ਹੈ ਅਤੇ ਮਾਰਦਾ ਵੀ ਉਹੀ ਹੈ। ਜਿਸ ਤਰ੍ਹਾਂ ਹਨੇਰਾ ਚਾਨਣ ਵਿਚ ਅਤੇ ਚਾਨਣ ਹਨੇਰੇ ਵਿਚ ਵਿਲੀਨ ਹੋ ਜਾਂਦਾ ਹੈ, ਇਸੇ ਤਰ੍ਹਾਂ ਸਭ ਉਸ ਇੱਕ ਤੋਂ ਪੈਦਾ ਹੋ ਕੇ ਉਸ ਇੱਕ ਵਿਚ ਹੀ ਸਮਾ ਜਾਣਗੇ। ਇਹ ਦੁਨੀਆਂ ਬਹੁਰੰਗੀ ਹੈ। ਕਈ ਕੂਕਦੇ ਫਿਰਦੇ ਹਨ ਅਤੇ ਕਈ ਰੋਂਦੇ ਮਰ ਜਾਂਦੇ ਹਨ। ਕਈ ਪਾਣੀ ਵਿਚ ਡੁੱਬ ਜਾਂਦੇ ਹਨ ਅਤੇ ਕਈ ਅੱਗ ਵਿਚ ਸੜ ਜਾਂਦੇ ਹਨ। ਕਈ ਗੰਗਾ ਕਿਨਾਰੇ ਨਿਵਾਸ ਕਰਦੇ ਹਨ ਅਤੇ ਕਈ ਉਦਾਸੀ ਭੇਸ ਧਾਰ ਕੇ ਭਰਮ ਵਿਚ ਪਏ ਫਿਰਦੇ ਹਨ। ਕਈ ਆਪਣੇ ਉਤੇ ਆਰੇ ਦੇ ਫੱਟ ਸਹਿੰਦੇ ਹਨ ਅਤੇ ਕਈ ਜ਼ਮੀਨ ਵਿਚ ਗੱਡੇ ਜਾਂਦੇ ਹਨ। ਕਈ ਸੂਲੀ 'ਤੇ ਚੜ੍ਹ ਜਾਂਦੇ ਹਨ ਅਤੇ ਦੁੱਖ ਪਾਉਂਦੇ ਹਨ। ਕਈ ਅਸਮਾਨ ਵਿਚ ਉਡਦੇ ਹਨ ਅਤੇ ਕਈ ਪਾਣੀ ਵਿਚ ਰਹਿੰਦੇ ਹਨ। ਅਗਿਆਨੀ ਮਨੁੱਖ ਦੋਜ਼ਕ ਦੀ ਅੱਗ ਵਿਚ ਸੜ ਕੇ ਮਰ ਜਾਂਦੇ ਹਨ। ਉਸ ਪਰਮਾਤਮਾ ਦਾ ਭੇਦ ਪਾਉਣਾ ਮੁਸ਼ਕਿਲ ਹੈ। ਦੇਵਤੇ ਛਾਣਬੀਣ ਕਰਦੇ ਅਤੇ ਦਾਨਵ ਜੁੱਧ ਕਰਦੇ ਹਾਰ ਗਏ। ਮੰਤਕੀ ਦਲੀਲਬਾਜ਼ੀ ਕਰਦੇ ਅਤੇ ਗਿਣਤੀਆਂ ਮਿਣਤੀਆਂ ਦਾ ਜਾਪ ਕਰਨ ਵਾਲੇ ਗਿਆਨ ਦਾ ਉਪਦੇਸ਼ ਦਿੰਦੇ ਥੱਕ ਗਏ। ਮੱਥੇ ਚੰਦਨ ਦਾ ਟਿੱਕਾ ਲਾ ਲਾ ਕੇ, ਉਤਮ ਸੁਗੰਧੀ ਵਾਲਾ ਤੇਲ ਮਲ ਮਲ ਕੇ ਥੱਕ ਗਏ। ਪੱਥਰਾਂ ਨੂੰ ਪੂਜ ਪੂਜ ਕੇ, ਸਮਗਰੀ ਚੜ੍ਹਾ ਕੇ ਅਤੇ ਕਬਰਾਂ ਗਾਹ ਗਾਹ ਕੇ ਥੱਕ ਗਏ। ਮੜ੍ਹੀਆਂ ਮਸਾਣਾਂ ਨੂੰ ਮਨਾ ਮਨਾ ਕੇ, ਘਰਾਂ ਨੂੰ ਲਿੰਪ ਲਿੰਪ ਕੇ ਥੱਕ ਗਏ ਪਰ ਕੋਈ ਵੀ ਪਰਮਾਤਮਾ ਦੇ ਭੇਦ ਨੂੰ ਨਹੀਂ ਪਾ ਸਕਿਆ।

#

## ਸਿਆਣਿਆਂ ਦਾ ਕਿਹਾ

(1) ਜਦੋਜਹਿਦ ਤੋਰਨ ਲਈ ਕਈ ਵਾਰ ਬਾਰਸ਼ ਦਾ ਪਹਿਲਾ ਕਤਰਾ ਹੀ ਕਰਾਮਾਤ ਕਰ ਜਾਂਦਾ ਹੈ।

(2) ਕੌਮੀ ਕਲਿਆਣ ਅਤੇ ਕਾਲੀ ਮੱਸਿਆ ਤੋਂ ਛੁਟਕਾਰੇ ਲਈ ਹੀਰਿਆਂ ਦੀ ਰੌਸ਼ਨੀ ਪੈਦਾ ਕਰੋ।

(3) ਸੱਚ ਕੈਦ ਕੀਤਾ ਜਾ ਸਕਦਾ ਹੈ ਪਰ ਫਾਹੇ ਨਹੀਂ ਚਾੜ੍ਹਿਆ ਜਾ ਸਕਦਾ।

(4) ਸੱਚ ਦੇ ਅਵਤਾਰ ਗੁਰੂ ਨਾਨਕ ਸਾਹਿਬ ਨੇ ਏਮਨਾਬਾਦ ਵਿਚ ਬਾਬਰ ਦੀ ਤਲਵਾਰ ਨੀਵੀਂ ਕਰ ਦਿੱਤੀ ਸੀ। ਉਹੀ ਸੱਚ ਚੌਰਾਸੀ ਦੀ ਸਿੱਖ ਕਤਲੇਆਮ ਨੂੰ ਵੰਗਾਰਦਾ ਹੈ।

(5) ਪੰਜਾਬ ਨੂੰ ਜ਼ਿੰਦਗੀ ਮੌਤ ਦਾ ਸਵਾਲ ਬਣਾ ਕੇ ਹਰ ਸ਼ਹਿਰ ਅਤੇ ਪਿੰਡ ਦੇ ਗੁਰਦੁਆਰਿਆਂ ਵਿਚ ਮੀਟਿੰਗਾਂ ਜੋੜੀਆਂ ਜਾਣ।

(6) ਪੰਜਾਬ ਦੀ ਮਿੱਟੀ ਸੋਨਾ ਹੀ ਨਹੀਂ ਅਨਮੋਲ ਜ਼ਿੰਦਗੀ ਹੈ। ਇਹ ਮਿੱਟੀ ਸਾਡੇ ਬਜ਼ੁਰਗ ਸ਼ਹੀਦਾਂ ਦੇ ਲਹੂ ਦੀ ਮਹਿਕ ਨਾਲ ਭਿੱਜੀ ਹੈ।

(7) ਆਪਣੀ ਤਾਰੀਖੀ ਅਜ਼ਮਤ ਗੁਆ ਕੇ ਤਾਂ ਪੱਲੇ ਖੁਆਰੀ ਹੀ ਰਹਿ ਜਾਂਦੀ ਹੈ।

(8) ਅਮਰੀਕਾ ਛੱਡ ਨਸ਼ਾ ਚੰਦ 'ਤੇ ਚਲੇ ਜਾਵੋ, ਪੰਜਾਬ ਦੀ ਜ਼ਿਬਾਹ ਹੋ ਰਹੀ ਗੈਰਤ ਹਰ ਥਾਂ ਤੇ ਤੁਹਾਡਾ ਪਿੱਛਾ ਕਰੇਗੀ।

(9) ਜਿਨ੍ਹਾਂ ਨੂੰ ਮਾਂ ਦੇ ਪਿਆਰ ਦੀ ਛਾਂਵੇਂ ਬੈਠਣ ਦਾ ਮੌਕਾ ਮਿਲ ਜਾਵੇ ਉਨ੍ਹਾਂ ਨੂੰ ਸਵਰਗ ਦੀ ਕਲਪਨਾ ਛੱਡ ਦੇਣੀ ਚਾਹੀਦੀ ਹੈ।

(10) ਜਿਨ੍ਹਾਂ ਘਰਾਂ ਵਿਚ ਮਾਂ ਦਾ ਬੁੱਢਾ ਚਿਹਰਾ ਗੁਲਾਬ ਵਾਂਗ ਖਿੜਿਆ ਰਹਿੰਦਾ ਹੈ, ਉਥੇ ਕੁੱਝ ਵੀ ਨਾ ਹੋਵੇ ਤਾਂ ਵੀ ਸਭ ਕੁੱਝ ਹੁੰਦਾ ਹੈ, ਸੁੱਕੀ ਰੋਟੀ ਵੀ ਪਰੌਠਿਆਂ ਵਰਗੀ ਲਗਦੀ ਹੈ।

(11) ਜਿਨ੍ਹਾਂ ਘਰਾਂ 'ਚ ਮਾਂ ਦਾ ਚਿਹਰਾ ਉਦਾਸ ਹੈ ਉਥੇ ਕਲੇਸ਼ ਝਗੜਾ ਮੁੱਕ ਹੀ ਨਹੀਂ ਸਕਦਾ।

(12) ਔਰਤ ਨੂੰ ਸਿਰਫ ਮਾਂ ਦੇ ਰੂਪ ਵਿਚ ਹੀ ਸਭ ਤੋਂ ਵੱਧ ਸਤਿਕਾਰਿਆ ਤੇ ਸਵੀਕਾਰਿਆ ਜਾਂਦਾ ਹੈ।

(13) ਮਾਂ ਦਾ ਦੁੱਧ ਤੇ ਮਾਂ ਦੀ ਕੁੱਖ ਦੁਨੀਆਂ ਵਿਚ ਸਭ ਤੋਂ ਅਹਿਮ ਹੈ।

(14) ਜਿਹੜੇ ਮਰਦ ਆਪਣੀਆਂ ਪਤਨੀਆਂ ਦੀ ਮੁਹੱਬਤ 'ਚ ਲੱਟੂ ਹੋ ਕੇ ਮਾਂਵਾਂ ਨੂੰ ਦੁਰਕਾਰਦੇ ਹਨ, ਉਨ੍ਹਾਂ ਨੂੰ ਫਿਰ ਉਨ੍ਹਾਂ ਦੀ ਔਲਾਦ ਠੇਡੇ ਮਾਰਦੀ ਹੈ।

(15) ਮਾਂ ਤੇ ਧੀ ਦਾ ਇਕ ਪਰਦਾ ਹੀ ਨਹੀਂ ਹੁੰਦਾ ਸਗੋਂ ਮਾਂਵਾਂ-ਧੀਆਂ ਸਹੇਲੀਆਂ ਵੀ ਹੁੰਦੀਆਂ ਹਨ।

(16) ਮਾਂ ਪਿਆਰ ਪੁੱਤ ਨੂੰ ਕਰਦੀ ਹੈ, ਕਲਾਵੇ 'ਚ ਧੀ ਨੂੰ ਘੁੱਟਦੀ ਹੈ।

(17) ਪੁੱਤਾਂ ਦੀਆਂ ਦੁਰਕਾਰੀਆਂ ਮਾਂਵਾਂ ਨੂੰ ਜਿਨ੍ਹਾਂ ਧੀਆਂ ਨੇ ਢੋਈ ਦਿੱਤੀ ਹੈ, ਉਥੇ ਤੰਦਰੁਸਤੀ ਤੇ ਖੁਸ਼ਹਾਲੀ 'ਕੱਠੀਆਂ ਰਹਿੰਦੀਆਂ ਹਨ।

(18) ਦੁੱਖ ਉਨ੍ਹਾਂ ਧੀਆਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਦੀਆਂ ਮਾਂਵਾਂ ਖੇਲ੍ਹਣ ਮੱਲਣ ਦੀ ਉਮਰੇ ਤੁਰ ਗਈਆਂ, ਸਾਰੀ ਉਮਰ ਧੀ ਦਾ ਪੱਲਾ ਅੱਥਰੂਆਂ ਨਾਲ ਹੀ ਗਿੱਲਾ ਰਹਿੰਦਾ ਹੈ।

(19) ਜਿਨ੍ਹਾਂ ਮਾਂਵਾਂ ਨੇ ਆਪਣੀਆਂ ਧੀਆਂ ਨੂੰ ਮੁਕਲਾਵੇ ਦੀ ਮੱਛਰਦਾਨੀ ਵਿਚ ਵੜਨਾ ਸਿਖਾਇਆ ਹੁੰਦਾ ਹੈ ਉਨ੍ਹਾਂ ਧੀਆਂ ਲਈ ਵਿਆਹ ਫੁੱਲਾਂ ਦੀ ਸੇਜ ਤੋਂ ਘੱਟ ਨਹੀਂ ਹੁੰਦਾ।

(20) ਜਿਸ ਘਰ ਵਿਚ ਮਾਂ ਦੇ ਝੁਰੜੀਆਂ ਭਰੇ ਚਿਹਰੇ 'ਤੇ ਰੌਣਕ ਹੈ, ਜਿਥੇ ਮਾਂ ਦੀ ਮਮਤਾ ਦੁਪਹਿਰ ਬੂਟੀ ਵਾਂਗ ਹੱਸਦੀ ਹੈ, ਜਿਥੇ ਔਲਾਦ ਮਾਂ ਦੇ ਗੋਡੇ ਨਾਲ ਲੱਗ ਕੇ ਹਰ ਸੁੱਖ ਸਾਂਝਾ ਕਰਨਾ ਚਾਹੁੰਦੀ ਹੈ, ਉਸ ਘਰ ਵਿਚ ਕਿਸੇ ਦੇਵੀ-ਦੇਵਤੇ ਦੀ ਪੂਜਾ ਕਰਨ ਦੀ ਲੋੜ ਨਹੀਂ ਰਹਿੰਦੀ।

(21) ਵਿਸਾਖੀ ਮੇਲੇ ਨੂੰ ਮੇਲਿਆਂ ਦਾ ਬਾਪ ਕਿਹਾ ਜਾਂਦਾ ਹੈ।

(22) ਪੰਜਾਬ ਦੀ ਧਰਤੀ ਤਿਉਹਾਰਾਂ ਅਤੇ ਮੇਲਿਆਂ ਦੀ ਮਾਂ ਹੈ।

(23) ਜੇਕਰ ਪੰਜਾਬ ਦਾ ਕਿਸਾਨ ਭੁੱਖਾ ਮਰੇਗਾ ਤਾਂ ਇਕ ਦਿਨ ਸਾਰਾ ਹਿੰਦੋਸਤਾਨ ਵੀ ਭੁੱਖਾ ਮਰੇਗਾ।

(24) ਦੁਨੀਆਂ ਵਿਚ ਇਸ ਸਮੇਂ ਛੇ ਹਜ਼ਾਰ ਦੇ ਕਰੀਬ ਬੋਲੀਆਂ ਮੰਨੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚ ਪੰਜਾਬੀ ਦਾ ਦਰਜਾ ਦਸਵਾਂ ਹੈ।

(25) ਕਰੀਬ ਪੰਦਰਾਂ ਕਰੋੜ ਲੋਕ ਪੰਜਾਬੀ ਬੋਲਦੇ ਹਨ ਅਤੇ ਕਰੀਬ 150 ਦੇਸ਼ਾਂ ਵਿਚ ਸਿੱਖ ਰਹਿ ਰਹੇ ਹਨ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN#978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਗੱਡੀ ਵਿਚੋਂ ਲੱਤ ਲਮਕੇ ਪਰ ਨਹੀਂ ਭੌਰ ਚੱਲਿਆ ਮੁਕਲਾਵੇ

*ਸਰਕਾਰਾਂ ਬਣਾਉਣ ਦੀ ਲੋੜ ਤਾਂ ਪਈ ਸੀ ਕਿ ਮੁਲਕ ਇਮਾਨਦਾਰੀ ਨਾਲ ਚੱਲੇ ਪਰ ਜੇ ਸਰਕਾਰਾਂ ਚਲਾਉਣ ਵਾਲੇ ਆਪਣੇ ਮੁਲਕ ਵਿਚ ਇਮਾਨਦਾਰ ਨਹੀਂ ਰਹੇ ਤਾਂ ਸਿਰ ਕਿਹੜੀ ਕੰਧ 'ਚ ਮਾਰੀਏ? ਸ਼ਰਮ ਦੀ ਹਾਲੇ ਕੋਈ ਹੱਦ ਹੈ ਪਰ ਬੇਸ਼ਰਮੀ ਦੀ ਮੁੱਕ ਗਈ ਹੈ। ਇਹ ਹਾਕਮ ਕਹਾਉਣ ਵਾਲੇ ਜੇਲ੍ਹਾਂ 'ਚ ਬਹਿ ਕੇ ਵੀ ਦੰਦ ਕੱਢਣ ਤੋਂ ਹਟਦੇ ਨਹੀਂ। ਮਾੜੇ ਦੀ ਬੇਇਜ਼ਤੀ ਤਾਂ ਚਲੋ ਗਰੀਬੀ ਕਰਕੇ ਹੋਣੀ ਹੀ ਹੁੰਦੀ ਹੈ, ਤੇ ਜੇ ਧਨਵਾਨ ਦੀ ਵੀ ਹੋਣ ਲੱਗ ਪਈ ਹੈ ਤਾਂ ਸਮਝ ਲੈਣਾ ਚਾਹੀਦੈ ਕਿ ਲੋਕ ਜਾਗਣ ਲਈ ਉਸਲਵੱਟੇ ਲੈ ਰਹੇ ਹਨ। ਚੋਰਾਂ, ਲੁਟੇਰਿਆਂ ਨੇ ਤਾਂ ਚਲੋ ਫਿਰ ਵੀ ਥਾਂ ਕੁ ਥਾਂ ਦੇਖ ਦੇ ਸੰਨ੍ਹ ਲਾਉਣੀ ਹੁੰਦੀ ਹੈ, ਪਰ ਉਹਨੂੰ ਕਿਹੜਾ ਨਾਂ ਦਈਏ ਜੋ ਗਰੀਬ ਦੀ ਜੇਬ ਵੀ ਤਸੱਲੀ ਨਾਲ ਕੱਟੀ ਜਾ ਰਹੇ ਹਨ। ਭ੍ਰਿਸ਼ਟ, ਬੇਈਮਾਨ ਬੰਦਾ ਸੌਂਦਾ ਭਾਵੇਂ ਛੇਤੀ ਨਹੀਂ ਪਰ ਉਠ ਜਲਦੀ ਜਾਂਦਾ ਹੈ ਕਿਉਂਕਿ ਜਦੋਂ ਤੀਕਰ ਲੋਕਾਂ ਨੇ ਜਾਗਣਾ ਹੁੰਦਾ ਹੈ, ਉਦੋਂ ਤੀਕਰ ਬਹੁਤ ਕੁਝ ਸਾਂਭ-ਸੰਭਾਲ ਲਿਆ ਗਿਆ ਹੁੰਦਾ ਹੈ। ਅਣਬਣ ਹੋਣਾ ਸੁਭਾਵਿਕ ਹੈ, ਵਿਰੋਧ ਵਿਕਾਸ ਦੇ ਗੀਤ ਗਾਉਂਦਾ ਹੈ, ਚਲੋ ਮੁਲਕ ਲੁੱਟ ਵੀ ਲੈਣ ਅੰਗਰੇਜ਼ਾਂ ਵਾਂਗ ਤਾਂ ਝੱਲ ਹੋ ਜੂ, ਖਾ ਈ ਜਾਣ ਤਾਂ ਹਉਕਿਆਂ ਦਾ ਰਾਗ ਕਿਹੜੀ ਰਬਾਬ ਤੇ ਤਾਨਪੂਰੇ ਨਾਲ ਕੱਢੀਏ! ਸ਼ਰੀਫ ਹਾਲੇ ਵੀ "ਓਏ" ਨਾਲ ਮਰ ਰਿਹਾ ਹੈ, ਲੁੱਚਾ ਜੁੱਤੀਆਂ ਖਾ ਕੇ ਵੀ "ਹੀਂ ਹੀਂ" ਕਰ ਰਿਹਾ ਹੈ ਤਾਂ ਨੁਕਸ ਕਿੱਥੇ ਕੱਢੀਏ? ਅਨਪੜ੍ਹ ਬੰਦਾ ਇਸਤਰੀ ਵੱਲ ਬਾਜ਼ ਵਾਂਗ ਆਉਂਦਾ ਹੈ ਤੇ ਪੜ੍ਹਿਆ ਲਿਖਿਆ ਛੂਹਣ ਤੋਂ ਵੀ ਸ਼ਰਮਾ ਜਾਂਦਾ ਹੈ। ਹੁਣ ਲੱਗਦੈ ਚੁਬਾਰਾ ਥੱਲੇ ਹੈ ਤੇ ਮਕਾਨ ਉਪਰ। ਵਕਤ ਦਾ ਤਕਾਜ਼ਾ ਹੀ ਹੁੰਦਾ ਹੈ। ਕਦੇ ਰਿਸ਼ਤੇ ਵੀ ਅਰਥ ਬਦਲ ਲੈਣਾ ਚਾਹੁੰਦੇ ਹਨ, ਜਾਣੀ ਕਿ ਜੁਆਨੀ 'ਚ ਔਰਤ ਅਤੇ ਮਰਦ ਪਿਆਰ ਲਈ ਤਾਂਘਦੇ ਹਨ ਤੇ ਬਜ਼ੁਰਗ ਸਤਿਕਾਰ ਮੰਗਣ ਲੱਗ ਪੈਂਦੇ ਹਨ ਪਰ ਹਕੂਮਤ ਦੇ ਨਸ਼ੇ ਅਤੇ ਰਾਜਨੀਤੀ ਦੀਆਂ ਚਾਲਾਂ ਨੇ ਬੁੱਢਿਆਂ ਦਾ ਦਿਮਾਗ ਵੀ ਸਤੁੰਲਿਤ ਨਹੀਂ ਰਹਿਣ ਦਿੱਤਾ। ਸੋਚੋ ਤਾਂ ਸਹੀ, ਆਰਾਮ ਕਰਨ ਦੀ ਉਮਰ ਵਿਚ ਇਨ੍ਹਾਂ ਕਰਕੇ ਹੀ, ਦੇਸ਼ ਲਈ ਅੰਨਾ ਹਜ਼ਾਰੇ ਬੇਆਰਾਮ ਨਹੀਂ ਹੋ ਰਿਹਾ?*

"ਏ ਭੂਆ।"

"ਵੇ ਸ਼ੇਹ ਪੈਣਿਆਂ ਫੇਰ ਆ ਗਿਆ ਕਿਤੋਂ ਅੱਜ, ਕੀ ਢਿੱਡ ਦੁਖਦਾ ਤੇਰਾ। ਹਾਲੇ ਭੱਠੀ "ਤੇ ਆ ਕੇ ਬੈਠੀ ਤੀ, ਇਕ ਪਰਾਗਾ ਨੀ ਭੁੰਨਿਆ ਦਾਣਿਆਂ ਦਾ। ਤੂੰ ਕਰਤੀ ਖਰੋੜ।"

"ਭੂਆ ਤੂੰ ਸਿਆਣ ਲਿਆ ਮੈਨੂੰ?"

ਤੂੰ ਹੈਗਾਂ ਕਿਤੇ 'ਮਰੀਕਾ ਆਲਾ ਬਾਮਾ?"

"ਭੂਆ ਬਾਮਾ ਨੀ, ਓਬਾਮਾ।"

"ਕੁਛ ਹੋਵੇ ਮੈਂ ਕਿਤੇ ਉਹਦਾ ਨਾੜੂਆ ਕੱਟਣ ਗਈ 'ਤੀ। ਤੂੰ ਬਾਰੂ ਆਲੇ ਫੱਤੂ ਦਾ ਮੱਦੀ ਨੀ ਔਂਤਰਿਆ?"

"ਅੱਜ ਤਾਂ ਭੂਆ ਤੂੰ ਅੰਨਾ ਹਜ਼ਾਰੇ ਵਾਂਙੂੰ ਸਿਆਣ ਲਿਆ ਝੱਟ ਦੇਣੀ।"

"ਹਾਅ ਕੀਹਦਾ ਨਾ ਲੈ 'ਤਾ ਤੂੰ?"

"ਭੂਆ ਤੂੰ ਜਾਣਦੀ ਐਂ ਅੰਨਾ ਹਜ਼ਾਰੇ ਨੂੰ?"

"ਹੈ ਹਾ ਟੁੱਟ ਪੈਣਿਆਂ। ਮੈਂ ਕਿੱਦਾਂ ਨੀ ਜਾਣਦੀ?"

"ਦੱਸ ਫੇ ਕੌਣ ਐ?"

"ਮੇਰੇ ਅੱਛਰੂ ਦਾ ਪਿਓ ਹਜ਼ਾਰੀ ਲਾਲ। ਅੱਛਰੂ ਤਾਂ ਨਸ਼ਿਆਂ ਦਾ ਖਾਧਾ, ਜਿੱਧਰੋਂ ਦੇਖੋ ਚਿੱਬ-ਖੜਿੱਬਾ, ਵਿੰਗਾ-ਟੇਡਾ। ਹਜ਼ਾਰੀ ਬੜਾ ਸੁੱਨਖਾ ਸੀ ਤੇ ਸੱਸ ਸੰਤੀ ਵੀ। ਅੱਛਰੂ ਪਤਾ ਨ੍ਹੀਂ ਬੂਰੀ ਮੱਝ ਦੇ ਪੇਟੋਂ ਕਿਥੋਂ ਜੰਮ ਪਿਆ ਕਾਲਾ ਕੱਟਾ।"

"ਭੂਆ ਤੂੰ ਤਾਂ ਗੱਲ ਹੋਰ ਪਾਸੇ ਲੈ ਗਈ।"

"ਵੇ ਛਲਾਰੂਆ ਜਿਹਾ, ਮੈਂ ਸਿਆਣੀ-ਬਿਆਣੀ ਝੂਠ ਬੋਲਦੀ ਐਂ। ਮੇਲੇ 'ਤੇ ਗਿਆ ਸ਼ਰਤਾਂ ਲਾ ਲੈਂਦਾ ਤੀ। 'ਕੇਰਾਂ ਵਿਸਾਖੀ 'ਤੇ ਗਿਆ ਤਿੰਨ ਸੇਰ ਜਲੇਬੀਆਂ ਖਾ ਗਿਆ। ਤਿੰਨ ਦਿਨ ਫੇ ਜਲਾਬ ਨੀ ਹਟੇ।"

"ਭੂਆ ਤੂੰ ਗੱਲ ਤਾਂ ਸੁਣ।"

"ਮੈਂ ਕਿਤੇ ਤੈਨੂੰ ਨੇਂਦਾ ਦੇਣ ਗਈ ਤੀ, ਮੈਨੂੰ ਵੀ ਕਰਨ ਦੇ ਪੂਰੀ। ਮਰਨ ਤੋਂ ਪਹਿਲਾਂ ਜੱਟਾਂ ਦੇ ਫੱਗੂ ਦੇ ਚਲੇ ਗਿਆ ਛੱਲੀਆਂ ਗੁੱਡਣ। ਪੰਜ ਸੱਤ ਜਣੇ 'ਕੱਠੇ ਤਿਗੇ। ਮਰਾਸੀਆਂ ਦਾ ਇੰਦਰੂ ਆਂਹਦਾ- ਲੈ ਬਈ ਹਜ਼ਾਰਿਆ, ਛਾਹ ਵੇਲਾ ਆ ਗਿਆ। ਜੇ ਸਾਰਿਆਂ ਦੀਆਂ ਰੋਟੀਆਂ ਖਾ ਜਾਏਂ ਤਾਂ ਦਸ ਰੁਪਈਏ ਇਨਾਮ। ਅੰਨ ਦਾ ਵੈਰੀ, ਤੀਹਾਂ ਉਤੇ ਦੋ ਰੋਟੀਆਂ ਖਾ ਗਿਆ। ਦਸਾਂ ਦੇ ਲਾਲਚ 'ਚ ਦੋ ਦਿਨ ਨ੍ਹੀਂ ਕੱਟੇ, ਮਰ ਗਿਆ ਤੀਏ ਦਿਨ। ਤੂੰ ਆਏਂ ਦੱਸ, ਪਈ ਮੇਰੇ ਸਹੁਰੇ ਹਜ਼ਾਰੀ ਲਾਲ ਦਾ ਅੰਨ ਖਾਣ ਕਰਕੇ ਨਾਂ ਵਿਗਾੜਦੈਂ?"

"ਭੂਆ ਮੈਂ ਤੇਰੇ ਹਜ਼ਾਰੀ ਲਾਲ ਦੀ ਗੱਲ ਨ੍ਹੀਂ ਕਰਦਾ। ਅੰਨਾ ਹਜ਼ਾਰੇ ਦੀ ਗੱਲ ਕਰਦੈਂ ਜੀਹਨੇ ਸਰਕਾਰ ਨੂੰ ਵਖਤ ਪਾਇਆ ਪਿਐ।"

"ਵੇ ਮੂਰਖਾ ਦੋ ਜਹਾਨ ਦਿਆ! ਕਸੂਲੇ (ਸਕੂਲੇ) ਤਾਂ ਤੂੰ ਵੀ ਨ੍ਹੀਂ ਗਿਆ। ਮੈਨੂੰ ਦੱਸ, ਪਈ ਕਦੋਂ ਸਰਕਾਰਾਂ ਨੂੰ ਵਖਤ ਪੈਂਦੇ ਆ। ਜਦੋਂ ਵੀ ਵਖਤ ਪਿਆ ਮਾੜੇ 'ਤੇ ਪਿਆ, ਜਦੋਂ ਵੀ ਦਿੱਲੀ ਲੁੱਟੀ ਗਈ ਗਰੀਬ ਦੀ ਲੁੱਟੀ ਗਈ। ਟੂਟਣੇ ਘਸ ਗਏ ਮੇਰੇ, ਚੂਲ੍ਹਾ ਦੁਖਦੈ, ਸਾਰੀ ਉਮਰ ਭੱਠੀ 'ਤੇ ਲੰਘ ਗਈ ਦਾਣੇ ਭੁੰਨਦੀ ਦੀ।"

"ਮੇਰੀ ਗੱਲ ਤਾਂ ਭੂਆ ਅੱਜ ਤੂੰ ਸੁਣਦੀ ਨ੍ਹੀਂ।"

"ਵੇ ਫਕਿਆ ਰਹਿ। ਟਿੱਡੀ ਦਾ ਬੱਚਾ, ਬਹਿੰਦਾ ਜਾ ਕੇ ਸ਼ੇਰ ਦੀਆਂ ਮੁੱਛਾਂ 'ਤੇ। ਕੰਮ ਧੰਦਾ ਕਰਿਆ ਕਰ, ਛੱਡ ਸਰਕਾਰਾਂ ਨੂੰ, ਮੇਲੇ 'ਚ ਚੱਕੀਰਾਹਾ ਬੋਲੀਆਂ ਪਾਉਂਦਾ ਰਹਿੰਦੈ। ਦਾਦੇ ਮੰਗਾਉਣੀ ਮੂੰਗਾਈ ਨੇ ਪੀਂਞੂ ਕੱਢ 'ਤਾ। ਅੱਗੇ ਲੋਕ ਮੈਥੋਂ ਛੋਲੇ ਭੁੰਨਾਉਣ ਆਉਂਦੇ ਤੀ, ਸਾਲ ਜੋਗਾ ਖਾਣ ਲਈ ਕਰ ਲੈਂਦੀ ਤੀ। ਹੁਣ ਕੋਈ ਨ੍ਹੀਂ ਵੜਦਾ। ਅੱਗੇ ਸੇਰ ਦਾਣਿਆਂ ਦੇ ਪੰਜ ਸੇਰ ਸ਼ੋਲੇ, ਤੇ ਹੁਣ ਦਸ ਘੱਟ ਸੌ ਦੇ ਕਿਲੋ। ਮਾੜਾ ਬੰਦਾ ਚਾਰ ਦਾਣੇ ਚੱਬ ਕੇ ਲੂਣ ਵਾਲਾ ਪਾਣੀ ਪੀ ਲੈਂਦੈ ਕਿ ਚਲੋ ਦਾਲ ਅੰਦਰੇ ਬਣ ਜੂ।"

"ਭੂਆ ਸੱਚੀਂ, ਗੱਲਾਂ ਤੇਰੀਆਂ ਬੜੀਆਂ ਸੁਆਦ ਹੁੰਦੀਆਂ।"

"ਦਾਤੀ ਮਾਰੂੰ ਕਲੱਛਣੇ ਦੇ ਢਿੱਡ 'ਚ। ਮੈਂ ਕੋਈ ਰੇਡੂਆ ਆਂ ਪਈ ਠੰਡੂ ਰਾਮ ਹੋਰਾਂ ਦਾ ਪ੍ਰੋਗਰਾਮ ਪੇਸ਼ ਕਰਦੀ ਆਂ?"

"ਭੂਆ ਦੇਖ ਲੈ, ਤੂੰ ਮਰਾਸੀ ਇੰਦਰ ਦੀ ਗੱਲ ਕਰਦੀ ਤੀ। ਉਹ ਵੀ ਕਰ ਗਿਆ ਚੜ੍ਹਾਈ ਵਿਚਾਰਾ।"

"ਮੈਂ ਉਹਨੂੰ ਬੜਾ ਪਿੱਟੀ ਮੂਹਰੇ ਹੋ ਹੋ ਕੇ...।"

"ਕੋਈ ਗੱਲ ਤੀ ਉਹਦੇ...।"

"ਵੇ ਤੇਰੇ ਨਿਕਲੇ 'ਗੂਰਾਂ (ਅੰਗੂਰ) ਵਾਲੀ ਫੂੱਲ ਮਾਤਾ ਵੇ, ਸਿਆਣੀ-ਬਿਆਣੀ ਨੂੰ ਟਿੱਚਰਾਂ...।"

"ਚੱਲ ਭੂਆ ਗਲਤੀ ਹੋਗੀ। ਫੇਰ...।"

"ਸਰਕਾਰ ਨੂੰ ਪਿੱਟਦਾ ਮਰ ਗਿਆ। ਕਿਤੇ ਬੈਂਕ ਤੋਂ ਦਸ ਹਜ਼ਾਰ ਕਰਜ਼ਾ ਚੱਕ ਲਿਆ, ਧੀ ਵਿਆਹੀ, ਮੋੜ ਨ੍ਹੀਂ ਹੋਇਆ। ਆਹ ਵੋਟਾਂ ਮੰਣ ਵਾਲਿਆਂ ਦੇ ਤਰਲੇ ਮੈਂ ਵੀ ਕੀਤੇ। ਉਹ ਵੀ ਪੈਰੀਂ ਪੈਂਦਾ ਰਿਹੈ, ਪਰ ਕਿੱਥੇ! ਵਿਆਜ-ਵੂਜ ਪਾ ਕੇ ਤੀਹ ਕੁ ਹਜ਼ਾਰ ਤੀਗਾ। ਬੱਸ, ਮਰ ਗਿਆ ਵਿਚਾਰਾ ਫਾਹਾ ਲੈ ਕੇ। ਮੈਂ ਵੀ ਪਿੱਟਦੀ ਨੇ ਫੇਰ ਆਹੂ ਬੜੇ ਲਾਹੇ-ਵੇ ਲੀਡਰੋ ਵੇ ਮੁਲਕ ਖਾਣਿਓ! ਵੇ ਚਿੱਟੀਆਂ ਆਲਿਓ, ਵੇ ਨੀਲੀਆਂ ਆਲਿਓ! ਤੁਸੀਂ ਤਾਂ ਉਨੇ ਪੈਸੇ ਖਾਣੇ ਓਂ ਜਿੰਨੇ ਗਰੀਬ ਨੂੰ ਗਿਣਨੇ ਵੀ ਨਹੀਂ ਆਉਂਦੇ। ਵੇ ਥੋੜੇ ਅੱਧੇ ਦਿਨ ਦੀ ਗੱਡੀ ਦਾ ਤੇਲ ਤਿਗਾ ਇੰਦਰੂ ਦਾ ਕਰਜ਼ਾ। ਪਿੰਡ ਦਾ ਹੀਰਾ ਬੰਦਾ ਤੀ। ਬੈਂਕ ਵਾਲਿਆਂ ਨੇ ਦੋ ਤਿੰਨ ਵਾਰ ਗੱਡੀ 'ਚ ਸੁੱਟਿਆ, ਫੇਰ ਪਾ ਲਿਆ ਸਾਫਾ ਛੱਤ ਨਾਲ ਵਿਚਾਰੇ ਨੇ।"

"ਊਂ ਭੂਆ ਰੌਣਕਾਂ ਲਾਈ ਰੱਖਦਾ ਤੀ, ਬੜਾ ਮਜ਼ਾਕੀਆ ਤੀ।"

"ਸੁਣ ਲੈ ਉਹਦੀ ਵੀ, ਤੇਰਾ ਤਾਂ ਮੱਦੀਆ ਉਦੋਂ ਸਿਰ ਵੀ ਗਿੱਲਾ ਹੋਊ। ਇੰਦਰੂ ਦਾ ਜਦੋਂ ਵਿਆਹ ਹੋਇਆ ਤਾਂ ਲੱਛੀ ਮੁਕਲਾਵਾ ਕੱਟ ਕੇ ਚਲੇ ਗੀ ਪੇਕੀਂ। ਜਿੰਦਣ ਲੈਣ ਜਾਣਾ ਤੀ, ਅੱਛਰੂ ਤੋਂ ਸਾਈਕਲ ਮੰਗਣ ਆ ਗਿਆ। ਹਾੜਾ ਲਾਉਂਦੇ ਨੂੰ ਅੱਛਰੂ ਸਹਿਜ-ਸੁਭਾਅ ਕਹਿ ਬੈਠਾ-ਮੁਕਲਾਵੇ ਪਿੱਛੋਂ ਵਹੁਟੀ ਲੈਣ ਚੱਲਿਐਂ, ਫੱਗੂ ਜੱਟ ਦੀ ਘੋੜੀ ਮੰਗ ਲੈ। ਮਰਾਸੀ ਨੂੰ ਖਿਆਲ ਬੜਾ ਜਚਿਆ। ਦੋ ਕੁ ਹਾੜੇ ਮੋਟੇ ਜਿਹੇ ਹੋਰ ਲਾਏ, ਮੰਗ ਲੀ ਘੋੜੀ-ਸਰਦਾਰਾ! ਲੱਛੀ ਲੈ ਕੇ ਆਉਣੀ ਐਂ, ਦੇਹ ਕੇਰਾਂ ਮਿਰਜ਼ੇ ਆਲੀ।"

"ਫੱਗੂ ਨੇ ਦੇਤੀ ਫੇ?"

"ਗੱਲ ਦਾ ਸੁਆਦ ਈ ਖ਼ਰਾਬ ਕਰਤਾ ਵਿਚੋਂ ਟੌਂਕਣ ਲੱਗ ਪਿਆ।"

'ਚੱਲ ਭੂਆ ਚੱਲ ਫੇ।"

"ਫੱਗੂ ਵੀ ਘਰ ਦੀ ਕੱਢੀ ਕੱਢ ਕੇ ਬੈਠਾ ਤੀ। ਦੋ ਉਹਨੇ ਲੁਆ ਤੇ। ਆਂਹਦਾ, ਇੰਦਰੂ ਘੋੜੀ ਬਾਹਰਲੀ ਹਵੇਲੀ ਖੜ੍ਹੀ ਆ, ਲੈ ਜਾ। ਦੁਲੱਤੇ-ਦਲੁੱਤੇ ਤੋਂ ਬਚੀਂ। ਡਿਗਦਾ-ਢਹਿੰਦਾ ਹਵੇਲੀ ਵੀ ਚਲੇ ਗਿਆ, ਤੇ ਰਕਾਬ ਲੱਭ ਕੇ ਚੜ੍ਹ ਗਿਆ ਉਪਰ। ਘੋੜੀ 'ਤੇ ਲੰਮਾ ਈ ਪੈ ਗਿਆ, ਗਲ ਨੂੰ ਚਿੰਬੜ ਗਿਆ। ਸਾਰੀ ਰਾਤ ਲਗਾਮ ਖਿੱਚਦਾ ਰਿਹਾ।"

"ਦਿਨ ਚੜ੍ਹੇ ਆ ਗਿਆ ਫੱਗੂ ਵੀ, ਆਂਹਦਾ ਮਰਾਸੀਆ ਗਿਆ ਨ੍ਹੀਂ?"

"ਫੇਰ?"

"ਗੱਲ ਈ ਉਲਟ ਹੋ ਗਈ। ਮਰਾਸੀ ਤਾਂ ਹੋ ਗਿਆ ਲਾਲ, ਆਂਹਦਾ ਤੂੰ ਵੀ ਮੇਰੇ ਸਹੁਰੀਂ ਮੈਥੋਂ ਪਹਿਲਾਂ ਢੁੱਕ ਆਇਆ। ਤੇਰਾ ਯਾਰ ਬੰਤਾ ਮੇਰਾ ਵਿਚੋਲਾ ਨ੍ਹੀਂ, ਥੋਡੀ ਲੱਛੀ ਨਾਲ ਕੋਈ ਏੜੀ-ਗੇੜੀ ਲਗਦੀ ਐ?"

"ਏਹ ਤਾਂ ਫੇ ਮਾੜੀ ਗੱਲ ਤੀ ਫੱਗੂ ਦੀ।"

"ਲੱਖ ਲਾਹਣਤ ਤੇਰੇ, ਟੇਸ਼ਨ ਆਉਣ ਲੱਗਾ ਤਾਂ ਚੈਨ ਖਿੱਚ ਲੀ ਤੂੰ।"

"ਅੱਛਾ ਗੱਲ ਕੋਈ ਹੋਰ ਤੀ?"

"ਅੰਨ੍ਹੇ ਨੂੰ ਕੀ ਪਤਾ ਬਾਂਦਰ ਦਾ ਮੂੰਹ ਕਿੱਧਰ ਨੂੰ ਸੀ। ਸਾਰੀ ਰਾਤ ਘੋੜੀ ਦੀ ਗਰਦਣ ਦੇ ਵਾਲ ਈ ਖਿੱਚੀ ਗਿਆ। ਫੱਗੂ ਪੈ ਗਿਆ, ਸਾਲਿਆ ਮਰਾਸੀਆ! ਘੋੜੀ ਦਾ ਰੱਸਾ ਤੇਰੇ ਪੇ ਨੇ ਖੋਲ੍ਹਣਾ ਤੀ। ਇਹ ਤਾਂ ਮੇਰੀ ਹਵੇਲੀ ਈ ਐ। ਇਸ ਗੱਲ ਨੂੰ ਜਦੋਂ ਉਹ ਬੋਹੜ ਥੱਲੇ ਆਪ ਬੈਠ ਕੇ ਸੁਣਾਉਂਦਾ ਹੁੰਦਾ ਤੀ, ਤਾਂ ਪਿੰਡ ਦੇ ਬੁੜ੍ਹੇ ਲਿਟ ਲਿਟ ਜਾਂਦੇ ਤੀ।"

"ਭੂਆ ਹਾਅ ਜਿਹੜਾ ਹੁਣੇ ਬਾਹਰਲਿਆਂ ਦਾ ਗੇਂਦੂ ਤੇਰੇ ਨਾਲ ਮੱਥਾ ਮਾਰਦਾ ਤੀ, ਕੀ ਰਾਮ ਕਥਾ ਸੁਣਾਉਣ ਲੱਗਾ ਤੀ?"

"ਇਹਦੀ ਵੀ ਵਿਚਾਰੇ ਦੀ ਜੱਗੋਂ ਤੇਰਵੀਂ ਸੁਣ ਲੈ ਮੱਦੀ। ਕਿਤੇ ਚੱਕ-ਥੱਲ ਕਰਕੇ, ਤੇ ਘਰ ਆਲੀ ਦੀ ਕੰਨਾਂ ਦੀ ਇਕ ਵਾਲੀ ਵੇਚ ਕੇ ਦੋ ਕੁ ਸਾਲ ਪਹਿਲਾਂ ਇਹਨੇ ਭਲੇਮਾਣਸ ਨੇ ਲੈ ਲਈ ਸਕੂਟਰੀ। ਖੜ੍ਹੀ ਆ ਹੁਣ।"

"ਖਰਾਬ ਹੋ ਗਈ, ਹੁਣ ਦੇਖਿਆ ਤਾਂ ਹੈ ਨ੍ਹੀਂ ਕਦੇ ਚਲਾਉਂਦਾ?"

"ਜਣਦਿਆਂ ਦੇ ਦੀ ਗੱਲ ਵੱਢਣ ਦੀ ਆਦਤ ਨ੍ਹੀਂ ਜਾਂਦੀ। ਸਬਰ ਕਰ ਅੰਨਾ ਹਜ਼ਾਰੇ ਦਿਆ ਹਮਦਰਦਾ। ਆਂਹਦਾ ਤੀ ਸਰੀਰ ਲਫ਼ ਗਿਐ, ਵੱਡਾ ਮੁੰਡਾ ਢਿੱਲਾ ਜਿਹਾ ਰਹਿਣ ਲੱਗ ਪਿਆ। ਛੋਟਾ ਹਾਲੇ ਸਕੂਲ ਜਾਂਦੈ। ਸੈਕਲ 'ਤੇ ਜਾਂਦਾ ਤੀ ਦਿਹਾੜੀ ਦੱਪਾ ਕਰਨ। ਸਾਰਾ ਦਿਨ ਟੁੱਟ-ਟੁੱਟ ਮਰਨਾ। ਫੇ ਬਾਰਾਂ ਕੋਹ ਸੈਕਲ ਚਲਾਉਣਾ। ਭਲਾ ਹਮਾਤੜਾਂ 'ਚ ਲੂਣ ਮਸਾਲੇ ਨਾਲ ਰੋਟੀ ਖਾ ਕੇ ਕਿਤੇ ਜਾਨ ਰਹਿੰਦੀ ਐ।...ਤਾਂ ਅੱਡੀਆਂ ਚੁੱਕ ਕੇ ਫਾਹਾ ਲੈ ਲਿਆ ਸਕੂਟਰੀ ਦਾ। ਖਿੱਚ ਧੂਹ ਕੇ ਚਲਾਉਣੀ ਤਾਂ ਸਿੱਖ ਲੀ, ਫੇ ਸਲੰਸ ਹੈ ਨ੍ਹੀਂ ਤੀਗਾ, ਫੜਿਆ ਗਿਆ।"

"ਭੂਆ ਸਲੰਸ ਨ੍ਹੀਂ ਲਸੰਸ।"

"ਐਂ ਟੋਕੀ ਜਾਨੈ ਜਿਵੇਂ ਡੀ ਸੀ ਦਾ ਸਾਲਾ ਹੁੰਦੈਂ। ਕੋਈ ਭਲਾਮਾਣਸ ਇਨ੍ਹਾਂ ਵੱਡੇ ਵੱਡੇ ਢਿੱਡਾਂ ਆਲਿਆਂ ਨੂੰ ਪੁੱਛੇ, ਪਈ ਕੰਜਰ ਦਿਓ! ਤੁਸੀਂ ਹਰਾਮ ਦੀ ਖਾ ਕੇ, ਵੱਢੀਆਂ ਲੈਣ ਦੇ ਸਲੰਸ ਲਏ ਹੋਏ ਆ। ਕੁਛ ਫਰਕ ਤਾਂ ਹੈ ਨ੍ਹੀਂ ਤੀਗਾ। ਰੇੜ੍ਹੇ ਤੋਂ ਵੀ ਹੌਲੀ ਦੌੜਦੀ ਤੀ। ਮੁਲਕ ਦੇ ਲੁਟੇਰਿਆਂ ਦੀਆਂ ਕਾਰਾਂ ਛੂੰ ਛੂੰ ਕਰਦੀਆਂ ਲੰਘਦੀਆਂ।"

"ਹੁਣ ਕਿਧਰੋਂ ਆਇਆ ਤੀ ਗੇਂਦੂ?"

"ਆਇਆ ਜਣਦਿਆਂ ਦੇ ਸਿਰ 'ਚੋਂ। ਧੂਫ ਲੈ ਕੇ ਆਇਐ।"

"ਪੀਰਾਂ ਦੇ ਜਾਣਾ?"

"ਇਨ੍ਹਾਂ ਲੋਟੂਆਂ ਦਾ ਸਿਆਪਾ ਕਰਨ। ਆਂਹਦਾ ਸਕੂਟਰੀ ਧੋ ਕੇ ਖੜ੍ਹੀ ਕਰਤੀ ਐ। ਮੂਹਰੇ ਦੋ ਲੀਡਰਾਂ ਦੀ ਫੋਟੋ ਲਾ 'ਤੀ ਐ।"

"ਇਕ ਦਿੱਲੀ ਆਲੇ ਦੀ, ਇਕ ਏਥੇ ਆਲੇ ਦੀ?"

"ਹਾਂ ਹਾਂ! ਮੈਨੂੰ ਕਿਹੜਾ ਦਾਦੇ ਮੰਗਾਉਣੇ ਨਾਂ ਆਉਂਦੇ ਆ, ਇਹੀ ਲੈਂਦਾ ਤੀ। ਆਂਹਦਾ ਦਿਹਾੜੀ ਦੇ ਸੱਤਰਾਂ 'ਤੇ ਪੰਜ ਮਿਲਦੇ ਐ, ਤੇਲ ਸੱਠਾਂ ਉਤੇ ਪੰਜਾਂ ਦਾ। ਖਾਣਾ ਕਿੱਥੋਂ ਐ? ਬੱਸ ਧੂਫ ਦੇ ਕੇ ਹੱਥ ਹੀ ਜੋੜੀਦੇ ਆ ਕਿ ਰੱਬ ਦੇ ਬੰਦਿਓ! ਰੁਪਏ ਤਾਂ ਖਾਂਦੇ ਤੀ, ਤੇਲ ਵੀ ਪੀਣ ਲੱਗ ਪਏ। ਜਿਉਂਦੇ ਵਸਦੇ ਰਹੋ।"

"ਹਾਅ ਹੀ ਤਾਂ ਭੂਆ ਮੈਂ ਗੱਲ ਕਰਨੀ ਤੀ ਅੰਨਾ ਹਜ਼ਾਰੇ ਦੀ। ਤੂੰ ਐਵੇਂ ਫੁੱਲਾਂ 'ਚੀਂ ਹੋਰ ਈ ਸੱਪ ਲੰਘਾਉਣ ਲੱਗ ਗੀ।"

"ਡੁੱਬ ਜਾਣਿਓ! ਕਦੇ ਤਾਂ ਗਰੀਬਾਂ ਦੀ ਸੁਣੋ। ਭਰ ਕੇ ਬੇੜਾ ਨਾ ਡੁੱਬਿਆ, ਤਾਂ ਮੈਂ ਵੀ ਅੱਛਰੂ ਦੀ ਉਹ ਨ੍ਹੀਂ...?"

"ਪ੍ਰਸਿੰਨੀ...!"

'ਚੱਲ! ਪੇਸ਼ ਈ ਪੈ ਗਿਆ ਅੱਜ।"

*(ਬਾਕੀ ਸਫਾ 36 'ਤੇ)*

## ਗੱਲ ਬਣੀ ਕਿ ਨਹੀਂ

### *ਜਰਿਆ ਨਹੀਂ ਜਾਂਦਾ*

ਹੋਵੇ ਵਿਧਵਾ 'ਕੱਲੀ ਔਰਤ
ਹੋ ਕੇ ਗੱਭਰੂ ਮਰ ਜਾਏ ਪੁੱਤ।
ਮਾਂ ਸਿਰ 'ਤੇ ਕੇਸਕੀ ਬੰਨ੍ਹੇ
ਧੀ ਕਟਾ ਕੇ ਆ ਜਾਏ ਗੁੱਤ।
ਤਾਂ ਜਰਿਆ ਨਹੀਂ ਜਾਂਦਾ...।

ਇਕ ਲੱਗ ਜਾਏ ਬੁਰੀ ਬਿਮਾਰੀ
ਸਿਰ 'ਤੇ ਕਰਜ਼ਾ ਹੋਵੇ ਭਾਰੀ।
ਸ਼ਰੀਕਾਂ ਨਾ ਹੋਵੇ ਵੈਰ
ਘਰੋਂ ਨਿਕਲੇ ਧੀ ਕੁਆਰੀ।
ਤਾਂ ਜਰਿਆ ਨਹੀਂ ਜਾਂਦਾ...।

ਪਤੀ ਹੋਵੇ ਸ਼ਰਾਬੀ ਭਾਰੀ
ਖੁੱਲ੍ਹੇ ਪਿੰਡ ਸਰਕਾਰੀ ਠੇਕਾ।
ਬੰਦਾ ਹੋਵੇ ਬੜਾ ਸਿਆਣਾ
ਪਾ ਦਏ ਵਿਆਹ 'ਚ
ਬੀਅ ਦਾ ਲੇਖਾ।
ਤਾਂ ਜਰਿਆ ਨਹੀਂ ਜਾਂਦਾ...।

ਕਰਜ਼ਾ ਚੁੱਕ ਕੇ ਬੀਜੀ ਫਸਲ
ਉਤੋਂ ਡਾਢਾ ਪਾ ਦਏ ਸੋਕਾ।
ਹੱਡ ਭੰਨਾਵੇ ਧੀ ਵਿਚਾਰੀ
ਜਵਾਈ ਹੋਵੇ ਮਾਂ ਦਾ ਠੋਕਾ।
ਤਾਂ ਜਰਿਆ ਨਹੀਂ ਜਾਂਦਾ...।


ਮਾੜਾ ਹੋਵੇ ਕੁੜਮ ਕਬੀਲਾ
ਮਿਲ ਜਾਏ ਜਵਾਈ ਨੰਗ।
ਫੌਜੀ ਦਾ ਹੋਵੇ ਵਿਆਹ
ਤੇ ਕਿਤੇ ਉਤੋਂ ਛਿੜ ਜਾਏ ਜੰਗ।
ਤਾਂ ਜਰਿਆ ਨਹੀਂ ਜਾਂਦਾ...।

*-ਐਸ. ਅਸ਼ੋਕ ਭੌਰਾ*

## *ਕਿਤੇ ਏਸ ਬੋਹੜ ਦੀ ਛਾਂਵੇਂ ਵੇਖੀਂ ਬਹਿ ਮਿੱਤਰਾ!*

### ਧੁੱਪੇ ਬੈਠੀਆਂ ਯਾਦਾਂ

ਜਗਦੇਵ ਸਿੰਘ ਜੱਸੋਵਾਲ ਪੰਜਾਬੀ ਸੱਭਿਆਚਾਰ ਦੇ ਖੇਤਰ ਦੀ ਮਹਾਂਸ਼ਕਤੀ ਦਾ ਨਾਂ ਹੈ। ਇਹ ਗੱਲ ਪੱਖਪਾਤੀ ਨਹੀਂ, ਉਹਨੂੰ ਨੇੜੇ ਤੋਂ ਜਾਨਣ ਵਾਲੇ ਝੱਟ ਮੰਨ ਜਾਣਗੇ ਕਿ ਉਸ ਦੀ ਸ਼ਖ਼ਸੀਅਤ ਉਸਾਰੀ ਵਿਚ ਵਰਤੇ ਜਾਣ ਵਾਲੇ ਵੱਡੇ ਵੱਡੇ ਸ਼ਬਦ ਵੀ ਨਿੱਕੇ-ਨਿੱਕੇ ਹੋ ਜਾਂਦੇ ਹਨ। ਰੱਬ ਵਿਚ ਦੁਨੀਆਂ ਭਰ ਦੇ ਲੋਕਾਂ ਦਾ ਵਿਸ਼ਵਾਸ ਇਸ ਕਰਕੇ ਹੈ ਕਿ ਕੁਦਰਤ ਨੂੰ ਸੰਭਾਲਣ, ਸਿਰਜਣ ਅਤੇ ਚਲਾਉਣ ਵਿਚ ਉਸ ਤੋਂ ਵੱਡੀ ਕੋਈ ਸ਼ਕਤੀ ਨਾ ਹੋਣ ਕਰਕੇ, ਹਰ ਕੋਈ ਉਹਦੇ ਗਲ ਜਾਂ ਲੜ ਲੱਗ ਕੇ ਸੁਰੱਖਿਅਤ ਹੋ ਜਾਣਾ ਚਾਹੁੰਦਾ ਹੈ। ਇਵੇਂ ਜੱਸੋਵਾਲ ਦੇ ਕਲਾਵੇ ਵਿਚ ਇੰਨਾ ਕੁਝ ਸਿਮਟਿਆ ਤੇ ਲਿਪਟਿਆ ਹੋਇਆ ਹੈ ਕਿ ਸੰਗੀਤਕਾਰ ਹੋਵੇ, ਗੀਤਕਾਰ ਹੋਵੇ, ਗਾਇਕ ਹੋਵੇ, ਸਾਕੀ ਹੋਵੇ, ਢਾਡੀ ਹੋਵੇ, ਕਵੀਸ਼ਰ ਹੋਵੇ, ਸਭਿਆਚਾਰ ਦੇ ਖੇਤਰ ਦੀ ਕੋਈ ਵੀ ਹੋਂਦ ਰੱਖਣ ਵਾਲੀ ਹਸਤੀ ਹੋਵੇ, ਜੀਹਨੇ ਵੀ ਉਹਦੀ ਬੁੱਕਲ ਵਿਚ ਵੜ ਕੇ ਵੇਖਿਆ ਹੈ, ਉਹ ਜਾਣਦੇ ਨੇ ਕਿ ਆਪਣੇ ਮੂੰਹ 'ਚੋਂ ਬੁਰਕੀ ਕੱਢ ਕੇ ਦੂਜੇ ਦੇ ਮੂੰਹ ਵਿਚ ਪਾਉਣੀ ਸਿਰਫ਼ ਤੇ ਸਿਰਫ਼ ਜੱਸੋਵਾਲ ਨੂੰ ਆਉਂਦੀ ਹੈ। ਜਦੋਂ ਰਵਾਇਤ ਅਨੁਸਾਰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹੇਗਾ ਤਾਂ ਬੜੇ ਲੀਡਰ ਤੇ ਸਰਕਾਰਾਂ, ਸੰਗੀਤ ਤੇ ਸਭਿਆਚਾਰ ਦੇ ਘਾਟੇ ਦੀ ਦੁਹਾਈ ਦੇਣਗੀਆਂ ਪਰ ਹੁਣ ਇਹ ਸਾਰੇ ਉਹਦੇ ਵਸਦੇ ਸ਼ਹਿਰ ਲੁਧਿਆਣੇ 'ਚੋਂ ਕੰਨੀ ਖਿੱਚ ਕੇ ਨਿਕਲ ਜਾਂਦੇ ਹਨ।



*ਜਗਦੇਵ ਸਿੰਘ ਜੱਸੋਵਾਲ*

ਹਾਲ ਹੀ 'ਚ "ਪੰਜਾਬੀ ਟ੍ਰਿਬਿਊਨ" ਵਿਚ ਉਹਦੇ ਬਾਰੇ ਮੈਂ ਪ੍ਰੋ. ਨਿਰਮਲ ਜੌੜਾ ਦਾ ਲੇਖ ਪੜ੍ਹਿਆ। ਗੱਲ ਸੁਭਾਵਿਕ ਸੀ, ਉਹਦੀ ਸਕਾਰਪਿਓ ਗੱਡੀ ਲੁਧਿਆਣੇ ਤੋਂ ਫਿਰੋਜ਼ਪੁਰ ਵੱਲ ਜਾਂਦਿਆਂ ਬੰਦ ਹੋਈ ਜਾਂਦੀ ਸੀ। ਵਰਕਸ਼ਾਪ ਲੈ ਕੇ ਗਏ। ਮਕੈਨਿਕ ਕਹਿਣ ਲੱਗੇ-ਇੰਜਣ ਵੀ ਠੀਕ ਨਹੀਂ, ਰੇਡੀਏਟਰ 'ਚ ਵੀ ਨੁਕਸ ਹੈ, ਕਾਰਬੋਰੇਟਰ ਬਦਲਣਾ ਪੈਣਾ ਹੈ, ਅਲਟੀਨੇਟਰ ਵੀ ਪੂਰਾ ਕੰਮ ਨਹੀਂ ਕਰਦਾ, ਟਾਇਰ ਵੀ ਨਵੇਂ ਪੈਣਗੇ, ਅਲਾਇਨਮੈਂਟ ਵੀ ਹੋਣ ਵਾਲੀ ਐ, ਐਕਸੀਲੇਟਰ ਵੀ ਠੀਕ ਨਹੀਂ, ਓਵਰਹਾਲ ਹੀ ਕਰਨਾ ਪਊ। ਅਗਲੇ ਦਿਨ ਉਹ ਢਿੱਲਾ ਹੋ ਗਿਆ। ਡਾਕਟਰ ਕਹਿਣ ਲੱਗੇ-ਲਿਵਰ 'ਚ ਵੀ ਨੁਕਸ ਐ, ਸ਼ੂਗਰ ਵੀ ਜ਼ਿਆਦਾ ਹੈ, ਦਿਲ ਦੇ ਵਾਲਵ ਵੀ ਟ੍ਰੀਟਮੈਂਟ ਮੰਗਦੇ ਨੇ, ਬਲੱਡ ਪ੍ਰੈਸ਼ਰ ਵੀ ਨਾਰਮਲ ਨਹੀਂ, ਪਲਸ ਰੇਟ ਵੀ ਘਟਦਾ-ਵਧਦਾ।...ਤੇ ਜੱਸੋਵਾਲ ਵਿਚੋਂ ਬੋਲ ਪਿਆ-ਮੈਨੂੰ ਵੀ ਗੱਡੀ ਵਾਂਗ ਓਵਰਹਾਲ ਹੀ ਕਰ ਦਿਓ। ਜਿਸ ਬਾਬੇ ਬੋਹੜ ਦੀ ਛਾਂ ਹੇਠ ਮੈਂ ਵੀ ਤੀਹ ਸਾਲ ਗੁਜ਼ਾਰੇ ਨੇ, ਸਾਡੀ ਤੀਵੀਂ-ਆਦਮੀ ਵਾਂਗ ਮੇਲਿਆਂ ਤੱਕ ਸਭਿਆਚਾਰ ਦੀ ਬੜੀ ਸਾਂਝ ਐ, ਉਹਨੂੰ ਫੋਨ ਕਰਨਾ ਇਤਫਾਕ ਹੀ ਸੀ। ਮੈਂ ਪੁੱਛਿਆ- ਇਹ ਸਾਰਾ ਕੁਝ ਸੱਚ ਐ? ਕਹਿਣ ਲੱਗਾ- ਵੱਡੇ ਇੰਜਣਾਂ 'ਚ ਛੋਟੇ ਨੁਕਸ ਨਹੀਂ ਪੈਂਦੇ। ਤੂੰ ਕਿੰਨੇ ਸਾਲਾਂ ਦਾ ਤੇ ਕੱਦ ਕਿੱਡਾ?

ਮੈਂ ਹੱਸਦਿਆਂ ਕਿਹਾ-ਪੰਜਾਹਾਂ ਦਾ ਹੋ ਗਿਐਂ, ਤੇ ਕੱਦ ਪੰਜ ਫੁੱਟ ਅੱਠ ਇੰਚ। ਉਹਦਾ ਜਵਾਬ ਸੀ-ਕੱਦ 'ਚ ਪੰਜ ਇੰਚ ਛੋਟਾ ਤੇ ਉਮਰ 'ਚ ਪੱਚੀ ਸਾਲ। ਇਸ ਹਿਸਾਬ ਨਾਲ ਹੁਣੇ ਡਾਕਟਰਾਂ ਤੋਂ ਸਾਰੀ ਸਰੀਰਕ ਛਾਣ-ਬੀਣ ਕਰਵਾ ਕੇ ਵੇਖੀਂ, ਦਾਰੂ ਹੀ ਤੈਥੋਂ ਥੋੜ੍ਹੀ ਬਹੁਤੀ ਵੱਧ ਪੀਤੀ ਹੋਊ। ਦੇਖੀਂ, ਡਾਕਟਰ ਸੱਪ ਦੇ ਬੱਚੇ ਦਾ ਨਾਲਾ ਬਣਾ ਦੇਣਗੇ। ਮੈਂ ਨਹਾਉਣ ਲੱਗਾਂ ਤੇ ਬਾਕੀ ਹਿੱਸਾ ਫੇਰ ਸਹੀ।"

ਤੇ ਕੋਲ ਬੈਠੇ ਜਨਮੇਜਾ ਜੌਹਲ ਨੇ ਕੈਮਰੇ 'ਚ ਜਗਦੇਵ ਸਿੰਘ ਜੱਸੋਵਾਲ ਬੰਦ ਕਰ ਲਿਆ।

ਪੰਜਾਬੀ ਬੋਲੀ ਨੂੰ ਪਿਆਰ ਭਾਵੇਂ ਕਈ ਕਰਦੇ ਹੋਣਗੇ ਪਰ ਅਠਖੇਲੀਆਂ ਇਸ ਬਾਬਾ ਬੋਹੜ ਨੇ ਕੀਤੀਆਂ ਹਨ।

*-ਐਸ ਅਸ਼ੋਕ ਭੌਰਾ*

# ਨੇੜਿਓਂ ਵੇਖਿਆ ਜਸਵੰਤ ਸਿੰਘ ਕੰਵਲ

ਸਫ਼ਰ ਜ਼ਿੰਦਗੀ ਦਾ

***ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਅਤੇ ਜ਼ਿੰਦਗੀ ਦਾ ਆਪਣਾ ਹੀ ਜਲੌਅ ਹੈ। ਪੰਜਾਬੀ ਸਾਹਿਤ ਵਿਚ ਉਸ ਦੀ ਪੈਂਠ ਬੇਜੋੜ ਹੀ ਹੈ ਪਰ ਉਸ ਨਾਲ ਵਿਵਾਦ ਵੀ ਉਤਨੇ ਹੀ ਜੁੜੇ ਹੋਏ ਹਨ। ਇਸ ਲੇਖ ਵਿਚ ਪ੍ਰਿੰਸੀਪਲ ਸਰਵਣ ਸਿੰਘ ਨੇ ਉਸ ਦੀ ਤੁਲਨਾ ਸਰੂ ਦੇ ਬੂਟੇ ਨਾਲ ਕੀਤੀ ਹੈ ਜੋ ਰਤਾ ਕੁ ਹਵਾ ਚੱਲਣ ਨਾਲ ਝੂਮ ਜਾਂਦਾ ਹੈ, ਝੁਕ ਜਾਂਦਾ ਹੈ। ਇਹ ਗੱਲ ਉਸ ਦੀ ਸ਼ਖਸੀਅਤ ਨਾਲ ਬਹੁਤ ਮੇਲ ਖਾਂਦੀ ਹੈ। ਉਹ ਵਕਤ ਵਕਤ 'ਤੇ ਬਦਲਦਾ ਰਿਹਾ ਹੈ। ਇਕ ਗੱਲ ਹੋਰ ਵੀ ਹੈ-ਹੋਰ ਪੰਜਾਬੀ ਲੇਖਕਾਂ ਵਾਂਗ ਉਸ ਦੀਆਂ ਬਾਅਦ ਵਾਲੀਆਂ ਰਚਨਾਵਾਂ ਵਿਚ ਉਹ ਜਲਵਾ ਕਾਇਮ ਨਹੀਂ ਰਹਿ ਸਕਿਆ, ਜੋ ਪਹਿਲੀਆਂ ਵਿਚ ਹੈ। ਇਹ ਗੱਲ ਪ੍ਰਿੰਸੀਪਲ ਸਰਵਣ ਸਿੰਘ ਨੇ ਵੀ ਇਸ ਲੇਖ ਵਿਚ ਨੋਟ ਕੀਤੀ ਹੈ। ਰੂਸੀ ਲੇਖਕਾਂ ਨੇ ਆਪਣੀਆਂ ਸ਼ਾਹਕਾਰ ਰਚਨਾਵਾਂ ਅਖੀਰਲੀ ਉਮਰ ਵਿਚ ਲਿਖੀਆਂ। ਇਹ ਖੋਜ ਕਰਨ ਵਾਲੀ ਗੱਲ ਹੈ ਕਿ ਅਖੀਰਲੀ ਉਮਰੇ ਜਦੋਂ ਤਜਰਬਾ ਲਬਾ-ਲਬ ਹੁੰਦਾ ਹੈ, ਤਾਂ ਪੰਜਾਬੀ ਲੇਖਕਾਂ ਦੀ ਝੋਲੀ ਖਾਲੀ ਕਿਉਂ ਹੋ ਜਾਂਦੀ ਹੈ ਅਤੇ ਇਨ੍ਹਾਂ ਦੀਆਂ ਰਚਨਾਵਾਂ ਪੇਤਲੀਆਂ ਕਿਉਂ ਪੈ ਜਾਂਦੀਆਂ। -ਸੰਪਾਦਕ***

ਨਾਵਲਕਾਰ ਜਸਵੰਤ ਸਿੰਘ ਕੰਵਲ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਦੈ। ਉਸ ਦੀ ਸਾਹਿਤਕ ਪੈਂਠ ਤੋਂ ਕੋਈ ਵੀ ਮੁਨਕਰ ਨਹੀਂ। ਪੰਜਾਬੀ ਵਿਚ ਉਹ ਸਭ ਤੋਂ ਵੱਧ ਵਿਕਦੈ। ਹੁਣ ਉਹ ਸੈਂਚਰੀ ਮਾਰਨ ਦੇ ਲਾਗੇ ਹੈ। ਉਹਨੂੰ ਲਿਖਦਿਆਂ ਪੌਣੀ ਸਦੀ ਹੋ ਗਈ ਹੈ ਤੇ ਉਹ ਅਜੇ ਵੀ ਲਿਖੀ ਜਾ ਰਿਹੈ। ਹਰ ਸਾਲ ਉਹਦੀਆਂ ਇਕ-ਦੋ ਪੁਸਤਕਾਂ ਪ੍ਰਕਾਸ਼ਤ ਹੋ ਜਾਂਦੀਐਂ ਤੇ ਉਹ ਚਰਚਾ ਦਾ ਕੇਂਦਰ ਬਣਿਆ ਰਹਿੰਦੈ।



**ਪ੍ਰਿੰ. ਸਰਵਣ ਸਿੰਘ**

ਮੇਰਾ ਉਸ ਨਾਲ 45 ਵਰ੍ਹਿਆਂ ਤੋਂ ਨੇੜ ਹੈ। ਮੈਂ ਉਸ ਨੂੰ ਉਠਦਾ ਬੈਠਦਾ, ਪੜ੍ਹਦਾ ਲਿਖਦਾ, ਬੋਲਦਾ-ਚਲਦਾ, ਹਸਦਾ-ਖੇਡਦਾ ਤੇ ਦੁੱਖ-ਦਰਦ ਵਿਚ ਹੰਝੂ ਵਹਾਉਂਦਾ ਵੇਖਦਾ ਰਿਹਾਂ। ਉਹਨੂੰ ਅਨੇਕਾਂ ਰੰਗਾਂ ਤੇ ਰੌਂਆਂ 'ਚ ਵਿਚਰਦੇ ਵੇਖਿਐ। ਕਦੇ ਖੇੜੇ 'ਚ ਖਿੜਦਾ ਤੇ ਕਦੇ ਉਦਾਸੀ 'ਚ ਝੁਰਦਾ। 1967 ਵਿਚ ਉਹਨੇ ਹੀ ਮੈਨੂੰ ਦਿੱਲੀ ਦੇ ਖ਼ਾਲਸਾ ਕਾਲਜ ਦੀ ਪ੍ਰੋਫੈਸਰੀ ਤੋਂ ਪੱਟਿਆ ਸੀ ਵਰਨਾ ਮੈਂ ਦਿੱਲੀ 'ਚ ਦਿਲ ਲਾਈ ਰੱਖਣਾ ਸੀ। ਉਹਦੇ ਆਖੇ ਮੈਂ 30 ਸਾਲ ਦੇ ਕਰੀਬ ਢੁੱਡੀਕੇ ਦੇ ਲਾਲਾ ਲਾਜਪਤ ਰਾਏ ਕਾਲਜ ਵਿਚ ਪੜ੍ਹਾਇਆ ਤੇ ਵੀਹ ਸਾਲ ਉਸ ਦਾ ਗੁਆਂਢੀ ਬਣਿਆ ਰਿਹਾ। ਢੁੱਡੀਕੇ ਰਹਿਣ ਕਾਰਨ ਬਹੁਤੇ ਬੰਦੇ ਮੈਨੂੰ ਢੁੱਡੀਕੇ ਦਾ ਹੀ ਸਮਝਦੇ ਹਨ ਜਦ ਕਿ ਮੇਰਾ ਪਿੰਡ ਉਥੋਂ ਵੀਹ ਕਿਲੋਮੀਟਰ ਲਾਂਭੇ ਚਕਰ ਹੈ।

ਕੰਵਲ ਵਧੀਆ ਨਾਵਲਕਾਰ ਪਰ ਵਿਵਾਦਪੂਰਨ ਲੇਖਕ ਹੈ। ਉਹਦੇ ਨਾਵਲ ਪੂਰਨਮਾਸ਼ੀ, ਰਾਤ ਬਾਕੀ ਹੈ ਤੇ ਲਹੂ ਦੀ ਲੋਅ ਦਾ ਕੋਈ ਤੋੜ ਨਹੀਂ। ਉਹ ਲੋਹੜੇ ਦਾ ਜਜ਼ਬਾਤੀ, ਰੁਮਾਂਚਿਕ, ਆਦਰਸ਼ਵਾਦੀ, ਦਿਲਦਾਰ ਦੋਸਤ, ਦਿਲਚਸਪ ਬੰਦਾ, ਪਾਸਾ-ਬਦਲੂ ਪਰ ਸੁਹਿਰਦ ਸਾਹਿਤਕਾਰ ਹੈ। ਪੰਜਾਬੀ ਵਿਚ ਉਸ ਦੇ ਪਾਠਕ ਸਭ ਤੋਂ ਵੱਧ ਹਨ ਤੇ ਉਹ ਸਭ ਤੋਂ ਵੱਧ ਰਾਇਲਟੀ ਲੈਂਦੈ। ਉਸ ਨੂੰ ਪਾਠਕਾਂ ਦੀਆਂ ਸੈਂਕੜੇ ਚਿੱਠੀਆਂ ਆਉਂਦੀਆਂ ਰਹੀਆਂ ਨੇ ਤੇ ਉਹ ਹਰ ਇਕ ਦਾ ਜੁਆਬ ਦਿੰਦਾ ਰਿਹੈ। ਉਸ ਦੀਆਂ ਪਾਠਕਾਂ ਨੂੰ ਲਿਖੀਆਂ ਚਿੱਠੀਆਂ ਹੀ 'ਕੱਠੀਆਂ ਕਰਨੀਆਂ ਹੋਣ ਤਾਂ ਉਨ੍ਹਾਂ ਦਾ ਵੱਡਾ ਸੰਗ੍ਰਹਿ ਬਣ ਸਕਦੈ। ਉਹਦੀ ਲਿਖਾਈ ਸੁੰਦਰ ਹੈ ਤੇ ਸੰਘਣਾ ਲਿਖਦਿਆਂ ਉਹ ਕਿਤੇ ਵੀ ਕਾਗਜ਼ ਖਾਲੀ ਨਹੀਂ ਛੱਡਦਾ। ਉਹਦਾ ਲਿਖਿਆ ਇਕ ਸਫ਼ਾ ਕਿਤਾਬ ਦਾ ਡੇਢ ਸਫ਼ਾ ਬਣ ਜਾਂਦੈ। ਸਫ਼ਾ ਉਹ ਅੱਧੇ ਘੰਟੇ 'ਚ ਲਿਖ ਲੈਂਦੈ ਤੇ ਲਿਖਤ ਵਿਚ ਬਹੁਤੀ ਕੱਟ ਵੱਢ ਨਹੀਂ ਕਰਦਾ। ਲਿਖਦਾ ਕਲਿਪ ਨਾਲ ਟੰਗੇ ਤਖ਼ਤੀ ਉਤਲੇ ਕਾਗਜ਼ਾਂ ਉਤੇ ਹੈ। ਕਾਗਜ਼ਾਂ ਦਾ ਉਹ ਪੂਰਾ ਸਰਫ਼ਾ ਕਰਦੈ।

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਹੈ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਹੈ। ਉਹ ਵਗਦੀਆਂ ਤੇ ਬਦਲਦੀਆਂ ਹਵਾਵਾਂ ਨਾਲ ਸਰੂ ਵਾਂਗ ਝੂੰਮਦੈ। ਕਦੇ ਖੱਬੇ ਲਹਿਰਾਉਂਦੈ, ਕਦੇ ਸੱਜੇ ਤੇ ਕਦੇ ਗੁਲਾਈ ਵਿਚ ਘੁੰਮਦੈ। ਉਹਦਾ ਤਣਾ ਮਜ਼ਬੂਤ ਹੈ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫ਼ਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਜਿੰਨਾ ਧਰਤੀ ਤੋਂ ਉਪਰ ਹੈ ਉਨਾ ਹੀ ਧਰਤੀ ਦੇ ਥੱਲੇ ਹੈ। ਉਹਦਾ ਕੱਦ-ਕਾਠ ਵੀ ਸਰੂ ਵਾਂਗ ਲੰਮਾ-ਝੰਮਾ ਹੈ ਤੇ ਉਮਰ ਦੇ ਬਾਨਵੇਂ ਸਾਲ ਪੂਰੇ ਕਰ ਕੇ ਵੀ ਉਹ ਪੂਰਾ ਸਿਹਤਯਾਬ ਹੈ। ਅੱਖਾਂ, ਕੰਨ, ਦੰਦ, ਮਿਹਦਾ, ਜਿਗਰ, ਗੋਡੇ-ਗਿੱਟੇ, ਲੱਤਾਂ-ਬਾਹਾਂ ਤੇ ਸੂਝ-ਬੂਝ ਸਭ ਕਾਇਮ-ਦਾਇਮ ਨੇ। ਦਿਲ ਨੂੰ ਕੁਝ ਤਕਲੀਫ ਹੋਈ ਸੀ ਜੋ ਇਲਾਜ ਕਰਾਉਣ ਨਾਲ ਠੀਕ ਹੋ ਗਈ। ਖਾਣ-ਪੀਣ ਵਲੋਂ ਪਰਹੇਜ਼ਗਾਰ ਹੈ ਤੇ ਦਾਰੂ ਅਨਸਰਦੇ ਨੂੰ ਲੈਂਦੈ। ਉਹਦੇ ਸਮਕਾਲੀ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਦੇਵਿੰਦਰ ਸਤਿਆਰਥੀ, ਡਾ. ਹਰਿਭਜਨ ਸਿੰਘ ਤੇ ਬਲਵੰਤ ਗਾਰਗੀ ਹੋਰੀਂ ਕਦੋਂ ਦੇ ਚੱਲ ਵਸੇ ਨੇ।

ਉਹ ਤੁਰਦਾ ਫਿਰਦਾ ਦੂਰ ਨੇੜੇ ਜਾ ਆਉਂਦੈ। ਪਹਿਲਾਂ ਬੱਸ 'ਤੇ ਜਾਂਦਾ ਸੀ ਹੁਣ ਕਾਰ 'ਤੇ ਜਾਂਦੈ। ਕਾਨਫਰੰਸਾਂ, ਸੈਮੀਨਾਰ, ਰੂਬਰੂ ਤੇ ਮੇਲਿਆਂ-ਗੇਲਿਆਂ 'ਚ ਅਕਸਰ ਜਾਂਦਾ ਰਹਿੰਦੈ। ਭੋਗਾਂ 'ਤੇ ਘੱਟ ਜਾਂਦੈ ਤੇ ਵਿਆਹ ਵੀ ਘੱਟ ਵੇਖਦੈ। ਪਹਿਲਾਂ ਪਹਿਲ ਉਸ ਫਿਲਮਾਂ ਤੇ ਨਾਟਕ ਬਹੁਤ ਵੇਖੇ, ਹੁਣ ਘਟ ਗਏ ਹਨ। ਖੇਡ ਮੇਲੇ ਸਾਊਥਾਲ, ਟੋਰਾਂਟੋ ਤੇ ਵੈਨਕੂਵਰ ਤਕ ਨਹੀਂ ਛੱਡੇ। ਅਸੀਂ ਵਿਦੇਸ਼ਾਂ ਦੇ ਪੰਜਾਬੀ ਖੇਡ ਮੇਲਿਆਂ 'ਚ ਅਕਸਰ ਇਕੱਠੇ ਹੋ ਜਾਂਦੇ ਰਹੇ ਹਾਂ। ਉਹਦੇ ਹਾਣੀ ਹਰਕਿਸ਼ਨ ਸਿੰਘ ਸੁਰਜੀਤ ਤੇ ਕਵੀਸ਼ਰ ਕਰਨੈਲ ਸਿੰਘ ਪਾਰਸ ਵੀ ਵਿਛੜ ਗਏ ਨੇ ਪਰ ਉਹ ਖੁਸ਼ਵੰਤ ਸਿੰਘ ਵਾਂਗ ਆਪਣੇ ਲਿਖਣ ਕਾਰਜ ਵਿਚ ਅਜੇ ਵੀ ਲੱਗਾ ਹੋਇਐ। ਕੰਵਲ ਦੀ ਉਮਰ ਦਾ ਪੰਜਾਬੀ ਲੇਖਕ ਹੁਣ ਕਰਤਾਰ ਸਿੰਘ ਦੁੱਗਲ ਤੋਂ ਬਿਨਾਂ ਹੋਰ ਕੋਈ ਨਹੀਂ ਰਿਹਾ। ਦੁੱਗਲ ਦੀ ਸਿਹਤ ਕੰਵਲ ਦੇ ਮੁਕਾਬਲੇ ਢਿੱਲੀ ਸੁਣੀਂਦੀ ਹੈ।


ਕੰਵਲ ਦਾ ਜਨਮ 27 ਜੂਨ 1919 ਨੂੰ ਸ. ਮਾਹਲਾ ਸਿੰਘ ਗਿੱਲ ਦੇ ਘਰ ਢੁੱਡੀਕੇ ਦੀ ਕਪੂਰਾ ਪੱਤੀ ਵਿਚ ਹੋਇਆ ਸੀ। ਇਸੇ ਪਿੰਡ ਵਿਚ ਲਾਲਾ ਲਾਜਪਤ ਰਾਏ ਜੰਮਿਆ ਸੀ ਤੇ ਗ਼ਦਰੀ ਬਾਬੇ ਜਨਮੇ ਸਨ। ਉਹ 5 ਕੁ ਸਾਲ ਦਾ ਸੀ ਜਦੋਂ ਉਸ ਦੇ ਪਿਤਾ ਜੈਤੋ ਦੇ ਮੋਰਚੇ 'ਚ ਗਏ। ਕੰਵਲ ਹੋਰੀਂ 3 ਭਰਾ ਸਨ। ਵੱਡਾ ਭਰਾ ਗਿਆਨੀ ਕਰਤਾਰ ਸਿੰਘ ਜ਼ਿਲ੍ਹਾ ਬੋਰਡ ਦਾ ਮੈਂਬਰ ਸੀ ਜੋ ਚਿਰੋਕਣਾ ਚਲਾਣਾ ਕਰ ਚੁੱਕੈ। ਛੋਟਾ ਭਰਾ ਹਰਬੰਸ ਸਿੰਘ ਖੇਤੀ ਕਰਦਾ ਰਿਹੈ। ਕੰਵਲ ਦਾ ਪੁੱਤਰ ਸਰਬਜੀਤ ਆਪ ਖੇਤੀ ਕਰਨ ਦੀ ਥਾਂ ਬਾਪ ਦੀ ਚੌਦਾਂ ਕਿੱਲੇ ਜ਼ਮੀਨ ਠੇਕੇ 'ਤੇ ਦੇ ਦਿੰਦੈ। ਇਕ ਪੋਤਰਾ ਆਸਟਰੇਲੀਆ ਚਲਾ ਗਿਆ ਸੀ ਤੇ ਦੂਜਾ ਏਧਰ ਹੀ ਹੈ। ਪੋਤ ਨੂੰਹ ਪਿੰਡ ਦੇ ਕਾਲਜ ਵਿਚ ਹੀ ਪੜ੍ਹਾਉਂਦੀ ਹੈ।

ਕੰਵਲ ਨੇ ਪਿੰਡੋਂ ਚਾਰ ਜਮਾਤਾਂ ਪੜ੍ਹ ਕੇ ਹਾਈ ਸਕੂਲ ਦੀ ਪੜ੍ਹਾਈ ਚੂਹੜਚੱਕ ਤੇ ਮੋਗੇ ਤੋਂ ਕੀਤੀ ਪਰ ਦਸਵੀਂ ਪਾਸ ਨਾ ਹੋਈ। ਉਹਨੂੰ ਅਲਜਬਰਾ ਲੈ ਬੈਠਾ ਤੇ ਉਹ ਸੋਲਾਂ ਸਾਲਾਂ ਦੀ ਉਮਰੇ ਕਮਾਈ ਕਰਨ ਮਲਾਇਆ ਦੇ ਜੰਗਲਾਂ ਵਿਚ ਚਲਾ ਗਿਆ। ਮਲਾਇਆ ਲਿਜਾਣ ਦਾ ਸਬੱਬ ਇਕ ਰਿਸ਼ਤੇਦਾਰ ਨੇ ਬਣਾਇਆ। ਉਥੇ ਜਾਗੇ ਦੀ ਨੌਕਰੀ ਕਰਦੇ ਨੂੰ ਮੀਨਾ ਨਾਂ ਦੀ ਚੀਨਣ ਨੇ ਫਾਹੁਣਾ ਚਾਹਿਆ ਪਰ ਮੀਨਾ ਨਾਲ ਪੂਰਨ ਦੀ ਸੁੰਦਰਾਂ ਵਾਲੀ ਹੋਈ। ਉਹਦਾ ਜ਼ਿਕਰ ਉਸ ਨੇ 'ਚਿੱਕੜ ਦੇ ਕੰਵਲ' ਪੁਸਤਕ ਦੀ ਕਹਾਣੀ 'ਪਹਿਲੀ ਮੁਹੱਬਤ' ਵਿਚ ਕੀਤਾ ਹੈ। ਪਰਦੇਸੀ ਹੋਣ ਨੇ ਉਹਦੇ ਅੰਦਰ ਸਾਹਿਤਕ ਚੇਟਕ ਲਾ ਦਿੱਤੀ ਤੇ ਉਹ ਤਿੰਨ ਸਾਲ ਮਲਾਇਆ 'ਚ ਗੁਜ਼ਾਰ ਕੇ ਵਾਪਸ ਢੁੱਡੀਕੇ ਮੁੜ ਆਇਆ। ਆ ਕੇ ਖੇਤੀ ਕਰਨ ਲੱਗਾ ਤੇ ਵੀਹ ਸਾਲ ਦੀ ਉਮਰ ਵਿਚ 'ਜੀਵਨ ਕਣੀਆਂ' ਨਾਂ ਦੀ ਕਿਤਾਬ ਛਪਵਾ ਕੇ ਲੇਖਕ ਬਣ ਗਿਆ। ਹੁਣ ਤਕ ਉਹ ਪੰਜਾਹ-ਸੱਠ ਕਿਤਾਬਾਂ ਲਿਖ ਚੁੱਕੈ। ਉਹਦੀ ਕਲਮ ਨੇ ਪੈਂਤੀ-ਚਾਲੀ ਲੱਖ ਲਫ਼ਜ਼ ਤੇ ਚਾਰ-ਪੰਜ ਲੱਖ ਸੰਵਾਦ ਲਿਖ ਦਿੱਤੇ ਹੋਣਗੇ।

ਉਹਦਾ ਲਿਖਣ ਮੇਜ਼ ਸਟੂਲ ਵਰਗਾ ਹੈ ਜੀਹਦੀ ਉਮਰ ਅੱਧੀ ਸਦੀ ਤੋਂ ਵੱਧ ਹੈ। ਮੇਜ਼ ਪਿੰਡ ਦੇ ਕਾਰੀਗਰ ਨੇ ਬਣਾਇਆ ਸੀ। ਮੇਜ਼ ਨਾਲ ਦੀ ਪੁਰਾਣੀ ਕੁਰਸੀ ਹੈ ਜਿਹੜੀ ਹਲਕੇ ਫੁਲਕੇ ਕੰਵਲ ਦਾ ਭਾਰ ਸਹਿਣ ਜੋਗੀ ਹੀ ਹੈ। ਇਕ ਵਾਰ ਮੈਂ ਉਹਦੇ 'ਤੇ ਬੈਠਾ ਤਾਂ ਉਹਦਾ ਜੜਾਕਾ ਪੈ ਗਿਆ ਪਰ ਪੱਤੀਆਂ ਤੇ ਮੇਖਾਂ ਲੁਆ ਕੇ ਕੰਵਲ ਨੇ ਫਿਰ ਬਹਿਣ ਜੋਗੀ ਕਰ ਲਈ। ਕੁਰਸੀ-ਮੇਜ਼ ਬਾਹਰ ਟਾਹਲੀ ਹੇਠਾਂ ਹੀ ਡੱਠੇ ਰਹਿੰਦੇ ਹਨ ਤੇ ਮੀਂਹ ਕਣੀ 'ਚ ਭਿੱਜਦੇ ਹਨ। ਅੱਧੀ ਸਦੀ ਦੀਆਂ ਨੇਰ੍ਹੀਆਂ ਉਸ ਮੇਜ਼-ਕੁਰਸੀ ਤੋਂ ਲੰਘੀਆਂ ਹਨ। ਕੰਵਲ ਨੂੰ ਵਹਿਮ ਵਰਗਾ ਵਿਸ਼ਵਾਸ ਹੈ ਕਿ ਉਹ ਉਸੇ ਮੇਜ਼ ਕੁਰਸੀ 'ਤੇ ਹੀ ਚੰਗਾ ਲਿਖ ਸਕਦੈ!

ਜੇ ਕਦੇ ਉਸ ਮੇਜ਼-ਕੁਰਸੀ ਦੀ ਬੋਲੀ ਲੱਗੇ ਤਾਂ ਮੈਨੂੰ ਲੱਗਦੈ ਕੋਈ ਹਜ਼ਾਰ ਦੀ ਬੋਲੀ ਵੀ ਨਾ ਦੇਵੇ ਕਿਉਂਕਿ ਪੰਜਾਬੀ ਏਨੇ ਬੇਪਰਵਾਹ ਹਨ ਕਿ ਉਹ ਲੇਖਕਾਂ ਦੀਆਂ ਨਿਸ਼ਾਨੀਆਂ ਨੂੰ ਟਿੱਚ ਸਮਝਦੇ ਹਨ। ਸਾਡੇ ਹਾਕੀ ਦੇ ਖਿਡਾਰੀ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਦੇ ਰਹੇ ਪਰ ਜਿਨ੍ਹਾਂ ਹਾਕੀਆਂ ਨਾਲ ਗੋਲ ਹੋਏ ਉਨ੍ਹਾਂ ਨੂੰ ਸੰਭਾਲਣ ਦੀ ਥਾਂ ਉਹ ਹਾਕੀਆਂ ਚੁੱਲ੍ਹਿਆਂ ਦਾ ਬਾਲਣ ਬਣ ਚੁੱਕੀਆਂ ਹਨ। ਸੰਭਵ ਹੈ ਕਿਸੇ ਦਿਨ ਕੰਵਲ ਦੀ ਕੁਰਸੀ ਤੇ ਮੇਜ਼ ਦਾ ਵੀ ਇਹੋ ਹਾਲ ਹੋਵੇ। ਕੰਵਲ ਨਾਲ ਤੇ ਹੋਰਨਾਂ ਪੰਜਾਬੀ ਲੇਖਕਾਂ ਨਾਲ ਸਬੰਧਤ ਵਸਤਾਂ ਸੰਭਾਲੇ ਜਾਣ ਦੀ ਲੋੜ ਹੈ ਪਰ ਸੰਭਾਲੇ ਤਾਂ ਖਰਤੇ ਵੀ ਨਹੀਂ ਜਾ ਰਹੇ। ਅੰਮ੍ਰਿਤਾ ਪ੍ਰੀਤਮ ਦਾ ਯਾਦਗਾਰੀ ਘਰ ਵਿਕ ਚੁੱਕੈ। ਇੰਗਲੈਂਡ ਵਾਸੀਆਂ ਨੇ ਸਦੀਆਂ ਪਹਿਲਾਂ ਸ਼ੈਕਸਪੀਅਰ ਤੇ ਹੋਰਨਾਂ ਲੇਖਕਾਂ ਨਾਲ ਸਬੰਧਤ ਵਸਤਾਂ ਸੰਭਾਲ ਲਈਆਂ ਸਨ।

1996 ਵਿਚ ਜਦੋਂ ਮੈਂ ਅਮਰਦੀਪ ਕਾਲਜ ਮੁਕੰਦਪੁਰ ਦਾ ਪ੍ਰਿੰਸੀਪਲ ਲੱਗਣਾ ਸੀ, ਕੰਵਲ ਤੇ ਮੈਂ ਡਾ. ਸਰਦਾਰਾ ਸਿੰਘ ਜੌਹਲ ਨੂੰ ਮਿਲਣ ਲੁਧਿਆਣੇ ਗਏ। ਕੰਵਲ ਨੇ ਡਾ. ਜੌਹਲ ਨੂੰ ਹੰਮੇ ਨਾਲ ਕਿਹਾ, "ਅਸੀਂ ਇਹਨੂੰ ਦਿੱਲੀ ਤੋਂ ਲਿਆਂਦਾ ਸੀ। ਹੁਣ ਤੁਹਾਨੂੰ ਦੇਣ ਲੱਗੇ ਆਂ।" ਡਾ. ਜੌਹਲ ਨੇ ਪੁੱਛਿਆ, "ਇਹ ਢੁੱਡੀਕੇ ਛੱਡ ਕੇ ਮੁਕੰਦਪੁਰ ਰਹਿ ਪਊ?" ਕੰਵਲ ਨੇ ਕਿਹਾ, "ਜੇ ਦਿੱਲੀ ਛੱਡ ਕੇ ਢੁੱਡੀਕੇ ਰਹੀ ਜਾਂਦੈ ਤਾਂ ਮੁਕੰਦਪੁਰ ਕਿਵੇਂ ਨਾ ਰਹੂ?" ਮੈਥੋਂ ਪੁੱਛਿਆ ਤਾਂ ਮੈਂ ਵੀ ਹਾਂ ਕਰ ਦਿੱਤੀ।



ਜਸਵੰਤ ਸਿੰਘ ਕੰਵਲ

ਮੁੜਦਿਆਂ ਮੁੱਲਾਂਪੁਰ ਕੋਲ ਮੈਂ ਉਂਜ ਈ ਕੰਵਲ ਤੋਂ ਉਹਦੀ ਉਮਰ ਪੁੱਛ ਬੈਠਾ। ਉਸ ਨੇ ਸਤੱਤਰ ਸਾਲ ਦੱਸੀ। ਜਨਮ ਦਿਨ ਪੁੱਛਿਆ ਤਾਂ ਸਬੱਬੀਂ ਉਦਣ ਹੀ ਉਹਦਾ ਜਨਮ ਦਿਨ ਸੀ। ਮੈਂ ਆਖਿਆ, "ਚਲੋ ਅੱਜ ਢੁੱਡੀਕੇ ਚੱਲ ਕੇ ਤੁਹਾਡਾ ਜਨਮ ਦਿਨ ਮਨਾਵਾਂਗੇ।" ਉਸ ਨੇ ਕਿਹਾ, "ਅੱਗੇ ਤਾਂ ਕਦੇ ਮਨਾਇਆ ਨੀ।" ਮੈਂ ਕਿਹਾ, "ਅੱਗੇ ਤਾਂ ਪਤਾ ਨੀ ਸੀ, ਅੱਜ ਪਤਾ ਲੱਗ ਗਿਐ।" ਅਸੀਂ ਜਗਰਾਓਂ ਅੱਪੜੇ ਤਾਂ ਇਕ ਰੇੜ੍ਹੀ 'ਤੇ ਦਸਹਿਰੀ ਅੰਬ ਪਏ ਵੇਖੇ। ਕੰਵਲ ਨੇ ਕਿਹਾ, "ਇਹ ਅੰਬ ਤਾਂ ਡਾਕਟਰ ਵੀ ਪਸੰਦ ਕਰੂ ਪਰ ਚੂਪੂੰ ਇਕ ਈ।" ਉਹਦਾ ਇਸ਼ਾਰਾ ਡਾ. ਜਸਵੰਤ ਗਿੱਲ ਵੱਲ ਸੀ ਜੋ ਉਸ ਦੀ ਪ੍ਰੇਮਿਕਾ-ਪਤਨੀ ਬਣ ਕੇ ਬਾਹਰਲੇ ਘਰ ਰਹਿ ਰਹੀ ਸੀ। ਕੰਵਲ ਦੇ ਬੱਚੇ ਉਸ ਨੂੰ ਮਾਸੀ ਸੱਦਦੇ ਸਨ। ਉਸ ਨੇ ਸਿਹਤ ਸਾਹਿਤ ਬਹੁਤ ਲਿਖਿਆ ਤੇ ਉਹਦੀ ਖੁਰਾਕ ਬਹੁਤ ਘੱਟ ਸੀ।

ਇਕੱਠੇ ਰਹਿਣ ਤੋਂ ਪਹਿਲਾਂ ਦੋਹਾਂ ਜਸਵੰਤ ਗਿੱਲਾਂ ਨੇ ਫੈਸਲਾ ਕੀਤਾ ਸੀ ਕਿ ਉਹ ਕੋਈ ਬੱਚਾ ਪੈਦਾ ਨਹੀਂ ਕਰਨਗੇ। ਕੰਵਲ ਦੀ ਪਹਿਲੀ ਪਤਨੀ ਦਾ ਨਾਂ ਮੁਖਤਿਆਰ ਕੌਰ ਸੀ ਜੋ ਲੰਮਾ ਸਮਾਂ ਜੀਵੀ। ਉਸ ਦੇ ਪੇਟੋਂ ਚਾਰ ਲੜਕੀਆਂ ਤੇ ਇਕ ਲੜਕਾ ਪੈਦਾ ਹੋਏ। ਉਸ ਨੇ ਆਪਣੀ ਸੌਂਕਣ ਬਰਦਾਸ਼ਤ ਕਰੀ ਰੱਖੀ। ਇਕ ਅੰਦਰਲੇ ਘਰ ਤੇ ਦੂਜੀ ਬਾਹਰਲੀ ਕੋਠੀ ਰਹਿੰਦੀਆਂ ਰਹੀਆਂ। ਮੈਂ ਕੰਵਲ ਦੇ ਨੇੜੇ ਹੀ ਰਹਿੰਦਾ ਸਾਂ ਤੇ ਚਸ਼ਮਦੀਦ ਗਵਾਹ ਹਾਂ ਕਿ ਦੋਹਾਂ ਪਤਨੀਆਂ ਵਿਚਕਾਰ ਕਦੇ ਤਕਰਾਰ ਨਹੀਂ ਸੁਣੀ। ਪਿੰਡ ਵਿਚ ਵੀ ਕੰਵਲ ਦੀ ਬਦਖੋਈ ਨਹੀਂ ਸੁਣੀ, ਬਾਹਰਲੇ ਲੋਕ ਜੋ ਮਰਜ਼ੀ ਪਏ ਕਹਿਣ। "ਮੀਆਂ ਬੀਵੀ ਰਾਜ਼ੀ ਕੀ ਕਰੇਗਾ ਕਾਜ਼ੀ" ਵਾਲੀ ਗੱਲ ਸੀ। ਡਾ. ਜਸਵੰਤ ਗਿੱਲ ਦੇ ਢੁੱਡੀਕੇ ਰਹਿਣ ਨਾਲ ਔਰਤਾਂ ਨੂੰ ਬੜਾ ਸੁਖ ਹੋ ਗਿਆ ਸੀ ਤੇ ਉਹ ਉਸ ਤੋਂ ਦਵਾਈ ਬੂਟੀ ਤੇ ਸਲਾਹ ਮਸ਼ਵਰਾ ਲੈਂਦੀਆਂ ਰਹਿੰਦੀਆਂ ਸਨ।

ਮੈਂ ਰੇੜ੍ਹੀ ਤੋਂ ਅੰਬ ਲੈਣ ਲੱਗਾ ਤਾਂ ਕੰਵਲ ਨੇ ਕਿਹਾ, "ਅੰਬ ਮੈਂ ਖਰੀਦਾਂਗਾ, ਜਨਮ ਦਿਨ ਮੇਰਾ ਐ।" ਉਸ ਨੇ ਦਸ ਬਾਰਾਂ ਅੰਬ ਚੁਣੇ ਜੋ ਦੋ ਕਿੱਲੋ ਬਣੇ। ਮੈਂ ਆਖਿਆ, "ਕੰਵਲ ਸਾਹਿਬ, ਏਨੇ ਅੰਬਾਂ ਨਾਲ ਨੀ ਸਰਨਾ। ਸਤੱਤਰਵਾਂ ਜਨਮ ਦਿਨ ਮਨਾਉਣ ਲੱਗੇ ਆਂ, ਘੱਟੋ-ਘੱਟ ਸਤੱਤਰ ਅੰਬ ਤਾਂ ਹੋਣ! ਨਾਲੇ ਏਡੇ ਵੱਡੇ ਲੇਖਕ ਓਂ। ਅੰਬਾਂ ਨੂੰ ਹੱਥ ਪਾ ਈ ਲਿਐ ਤਾਂ ਕੰਜੂਸੀ ਕਿਓਂ ਕਰਦੇ ਓਂ?" ਕੰਵਲ ਨੇ ਰੇੜ੍ਹੀ ਵਾਲੇ ਨੂੰ ਪੈਸੇ ਦਿੱਤੇ ਤੇ ਮੈਨੂੰ ਜਵਾਬ ਦਿੱਤਾ, "ਬੱਲੇ ਓਏ ਤੇਰੇ! ਤੇਰੇ ਅਰਗਿਆਂ ਦੇ ਆਖੇ ਲੱਗ ਕੇ ਮੈਂ ਝੁੱਗਾ ਚੌੜ ਕਰਾਉਣ ਆਲਾ ਨੀ। ਮੈਂ ਤਾਂ ਫੇਰ ਵੀ ਦੋ ਕਿੱਲੋ ਲੈ-ਲੇ। ਜਾਹ ਸੇਖੋਂ ਨੂੰ ਕਹਿ ਕੇ ਪਰਖ ਲੈ ਜੇ ਉਹ ਕਿੱਲੋ ਈ ਲੈ ਕੇ ਦਿਖਾਦੇ! ਨਾਲੇ ਉਹ ਮੈਥੋਂ ਹੈ ਵੀ ਵੱਡਾ!" ਮੈਂ ਮਨ 'ਚ ਕਿਹਾ, "ਬੱਲੇ ਓਏ ਪੰਜਾਬੀ ਸਾਹਿਤ ਦੇ ਸਰੂਓ ਤੇ ਬੋਹੜੋ! ਨਈਂ ਰੀਸਾਂ ਥੋਡੀਆਂ!!

ਅਜੀਤਵਾਲ ਤੋਂ ਢੁੱਡੀਕੇ ਨੂੰ ਮੁੜਨ ਲੱਗੇ ਤਾਂ ਕੰਵਲ ਕਹਿਣ ਲੱਗਾ, "ਮੇਰਾ ਜੀਅ ਕਰਦੈ ਮੈਂ ਚੁਰਾਸੀ ਸਾਲ ਜੀਵਾਂ, ਨਾਲੇ ਚੁਰਾਸੀ ਕੱਟੀ ਜਾਊ।" ਉਦੋਂ ਉਸ ਨੂੰ ਦਿਲ ਦੀ ਤਕਲੀਫ਼ ਹੋਈ ਸੀ ਤੇ ਡਾਕਟਰ ਨੇ ਚੁਕੰਨੇ ਹੋਣ ਲਈ ਕਿਹਾ ਸੀ। ਉਸ ਨੂੰ ਲੱਗਣ ਲੱਗਾ ਸੀ ਕਿ ਉਹ ਬਹੁਤੇ ਸਾਲ ਨਹੀਂ ਜੀਵੇਗਾ। ਜੇ ਚੁਰਾਸੀ ਨੂੰ ਅੱਪੜ ਜੇ ਤਾਂ ਗਨੀਮਤ ਐ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਹੈ। ਉਸ ਦਾ 90ਵਾਂ ਜਨਮ ਦਿਨ 2009 'ਚ ਢੁੱਡੀਕੇ ਦੇ ਮੇਲੇ ਵਿਚ ਮਨਾਇਆ ਗਿਆ। ਕੰਵਲ ਦੇ ਗਲ 'ਚ ਮੈਡਲ ਪਾ ਕੇ ਵਧਾਈਆਂ ਦਿੱਤੀਆ ਗਈਆਂ। ਮੈਂ ਮੇਲੀਆਂ ਨੂੰ ਕਿਹਾ, "ਆਓ ਸ਼ੁਭ ਇੱਛਾਵਾਂ ਪ੍ਰਗਟ ਕਰੀਏ ਬਈ ਇਸ ਮੇਲੇ ਦਾ ਬਾਨੀ ਬਾਈ ਕੰਵਲ ਸੌ ਸਾਲ ਜੀਵੇ!"

ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਕੰਵਲ ਦੀ ਪਹਿਲਕਦਮੀ ਨਾਲ ਪੰਜਾਹਵਿਆਂ ਵਿਚ ਸ਼ੁਰੂ ਹੋਇਆ ਸੀ। ਉਹ ਪਿੰਡ ਦਾ ਸਰਪੰਚ ਸੀ ਤੇ ਉਸ ਨੇ ਲੜਾਈਆਂ ਝਗੜਿਆਂ ਦਾ ਮੂੰਹ ਖੇਡ ਮੁਕਾਬਲਿਆਂ ਵੱਲ ਮੋੜ ਦਿੱਤਾ ਸੀ। 2010 ਵਿਚ ਸਮੁੱਚੇ ਪਿੰਡ ਵਾਸੀਆਂ ਨੇ ਉਹਦਾ 91ਵਾਂ ਜਨਮ ਦਿਨ ਫਿਰ ਮਨਾਇਆ। ਉਹਦਾ ਸੇਰ ਲਹੂ ਵਧ ਗਿਆ। ਫਿਰ 92ਵਾਂ ਜਨਮ ਦਿਨ ਮਨਾਇਆ ਗਿਆ। ਜੇ ਹਰੇਕ ਸਾਲ ਉਹਦੇ ਜਨਮ ਦਿਨ ਮਨਾਏ ਜਾਂਦੇ ਰਹੇ ਤਾਂ ਲੱਗਦੈ ਉਹ ਸੈਂਚਰੀ ਮਾਰ ਹੀ ਜਾਵੇਗਾ। ਉਂਜ ਕ੍ਰਿਕਟ ਦੇ ਖਿਡਾਰੀਆਂ ਵਾਂਗ ਰਿਸਕੀ ਦੌੜਾਂ ਨੱਬੇ ਤੇ ਸੌ ਵਿਚਕਾਰਲੀਆਂ ਹੀ ਹੁੰਦੀਐਂ।

ਜੁਲਾਈ 1967 'ਚ ਮੈਂ ਢੁੱਡੀਕੇ ਦੇ ਕਾਲਜ 'ਚ ਪੜ੍ਹਾਉਣ ਲੱਗਾ ਤਾਂ ਕੰਵਲ ਜੁਆਨਾਂ ਵਰਗਾ ਸੀ। ਉਹ ਬਲੈਕ ਬੋਰਡ ਉਤੇ ਕੰਵਲ ਫੁੱਲ ਦੀ ਤਸਵੀਰ ਵਾਹ ਦਿੰਦਾ। ਕਾਲਜ ਚਲਾਉਣ ਵਿਚ ਪ੍ਰੋ. ਪ੍ਰੀਤਮ ਸਿੰਘ ਉਹਦਾ ਸਲਾਹਕਾਰ ਸੀ ਜਿਸ ਨੇ ਸਲਾਹ ਦਿੱਤੀ ਸੀ ਕਿ ਪੇਂਡੂ ਕਾਲਜ ਚਲਦਾ ਰੱਖਣ ਲਈ ਸਟਾਫ ਪੇਂਡੂ ਪਿਛੋਕੜ ਦਾ ਰੱਖਿਓ। ਸ਼ਹਿਰੀਆਂ ਨੇ ਪਿੰਡ ਵਿਚ ਨੀਂ ਟਿਕਣਾ। ਇਸੇ ਸਲਾਹ ਸਦਕਾ ਮੈਨੂੰ ਢੁੱਡੀਕੇ ਲਿਆਂਦਾ ਗਿਆ ਸੀ। ਅਗਸਤ 1967 'ਚ ਕੰਵਲ ਨੇ ਮਲਾਇਆ ਨੂੰ ਉਡਾਰੀ ਮਾਰੀ ਤਾਂ ਮੈਂ ਮੁੜ ਦਿੱਲੀ ਨੂੰ ਉਡਾਰੀ ਮਾਰ ਗਿਆ ਸਾਂ। ਉਹ ਢੁੱਡੀਕੇ ਮੁੜਿਆ ਤਾਂ ਮੈਨੂੰ ਮਿਲਣ ਲਈ ਸੱਦਿਆ। ਮੱਥੇ ਲੱਗਾ ਤਾਂ ਪੈਂਦੀ ਸੱਟੇ ਮਿਹਣਾ ਮਾਰਿਆ, "ਜੇ ਪਿੰਡਾਂ ਦੇ ਪੜ੍ਹਿਆਂ ਨੇ ਸ਼ਹਿਰਾਂ ਦੀ ਅੰਗੂਰੀ ਚਰਨੀ ਐਂ ਤਾਂ ਤੁਹਾਨੂੰ ਪੜ੍ਹਾਉਣਾ ਕਾਹਨੂੰ ਸੀ? ਜਾਓ ਚਰੋ ਸ਼ਹਿਰਾਂ ਦੀ ਅੰਗੂਰੀ! ਪਿੰਡਾਂ ਨਾਲ ਤੁਹਾਨੂੰ ਕੀ?" ਮਿਹਣਾ ਸਿੱਧਾ ਮੇਰੇ ਸੀਨੇ 'ਚ ਵੱਜਾ ਤੇ ਮੈਂ ਦਿੱਲੀ ਦੀ ਪੱਕੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਫਿਰ ਢੁੱਡੀਕੇ ਆ ਲੱਗਾ।

ਉਨ੍ਹੀਂ ਦਿਨੀਂ ਉਹਦੇ ਕੋਲ ਬਲਰਾਜ ਸਾਹਨੀ ਆਉਂਦਾ ਹੁੰਦਾ ਸੀ। ਬਲਰਾਜ ਸਾਹਨੀ ਕੋਲ ਛੋਟਾ ਟਾਈਪ ਰਾਈਟਰ ਹੁੰਦਾ ਸੀ ਜਿਸ ਉਤੇ ਉਸ ਨੇ ਆਪਣੇ ਦੋ ਸਫ਼ਰਨਾਮੇ ਕੰਵਲ ਦੇ ਘਰ ਬੈਠ ਕੇ ਟਾਈਪ ਕੀਤੇ। ਉਂਜ ਬਲਰਾਜ ਦੀ ਗੁਰਮੁਖੀ ਲਿਖਤ ਵੀ ਸੋਹਣੀ ਸੀ ਜੋ ਉਸ ਦੀਆਂ ਚਿੱਠੀਆਂ ਤੋਂ ਵੇਖੀ ਸੀ। ਉਸ ਦੇ ਰੂਸੀ ਸਫ਼ਰਨਾਮੇ ਨੂੰ ਸੋਵੀਅਤ ਦੇਸ ਦਾ ਨਹਿਰੂ ਪੁਰਸਕਾਰ ਮਿਲਿਆ ਤਾਂ ਉਸ ਨੇ ਪੁਰਸਕਾਰ ਵਿਚ ਮਿਲੇ ਪੈਸੇ ਢੁੱਡੀਕੇ ਕਾਲਜ ਨੂੰ ਦਾਨ ਕਰ ਦਿੱਤੇ ਜੋ ਕਾਲਜ ਦੀ ਦਾਨ ਸ਼ਿਲਾ 'ਤੇ ਉਕਰੇ ਗਏ। ਬਲਰਾਜ ਦੇ ਪੁੱਤਰ ਪ੍ਰੀਕਸ਼ਤ ਸਾਹਨੀ ਨੇ ਬਾਪ ਨੂੰ ਦੱਸੇ ਬਿਨਾਂ ਵਿਆਹ ਕਰਵਾਇਆ ਸੀ ਤੇ ਉਸ ਦੀ ਵਧਾਈ ਬਲਰਾਜ ਸਾਹਨੀ ਨੂੰ ਕੰਵਲ ਦੇ ਅੰਦਰਲੇ ਘਰ ਮਿਲੀ ਸੀ। ਕੰਵਲ ਖ਼ੁਦ ਡਾਕਖਾਨੇ ਗਿਆ ਸੀ ਤੇ ਉਹੀ ਪ੍ਰੀਕਸ਼ਤ ਦੇ ਵਿਆਹ ਦੀ ਵਧਾਈ ਲੈ ਕੇ ਆਇਆ ਜੋ ਤਾਰ ਰਾਹੀਂ ਆਈ ਸੀ। ਬਲਰਾਜ ਸਾਹਨੀ ਦੀ ਮ੍ਰਿਤੂ ਉਤੇ ਕੰਵਲ ਦੇ ਘਰ ਸੱਥਰ ਵਿਛਿਆ ਰਿਹਾ ਸੀ ਤੇ ਲੋਕ ਅਫਸੋਸ ਕਰਨ ਆਉਂਦੇ ਰਹੇ ਸਨ।

ਪੰਜਾਬੀ ਸੂਬੇ ਲਈ ਮੋਰਚੇ ਬੇਸ਼ਕ ਅੰਮ੍ਰਿਤਸਰੋਂ ਲੱਗਦੇ ਰਹੇ ਪਰ ਨਿਰੋਲ ਭਾਸ਼ਾ ਦੇ ਆਧਾਰ 'ਤੇ ਸੈਕੂਲਰ ਪੰਜਾਬੀ ਸੂਬੇ ਦਾ ਮਤਾ ਕੰਵਲ ਦੇ ਸੱਦੇ 'ਤੇ ਢੁੱਡੀਕੇ ਦੀ ਧਰਮਸ਼ਾਲਾ ਵਿਚ ਹੋਈ ਲੇਖਕਾਂ ਦੀ ਮੀਟਿੰਗ ਵਿਚ ਪਾਸ ਹੋਇਆ ਸੀ। ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਅੰਦਰਖਾਤੇ ਸਿੱਖ ਬਹੁਗਿਣਤੀ ਵਾਲੇ ਸੂਬੇ ਨਾਲ ਰਲਗੱਡ ਕੀਤੀ ਹੋਈ ਸੀ। ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਫਿਰ ਕੂਟਨੀਤਕ ਚਾਲ ਚਲਦਿਆਂ ਸਿੱਖ ਬਹੁਗਿਣਤੀ ਵਾਲਾ ਸੂਬਾ ਤਾਂ ਬਣਾ ਦਿੱਤਾ ਪਰ ਪੰਜਾਬੀ ਬੋਲਦੇ ਕਈ ਇਲਾਕੇ ਪੰਜਾਬੀ ਸੂਬੇ ਤੋਂ ਬਾਹਰ ਰੱਖੇ। ਲੰਗੜਾ ਪੰਜਾਬੀ ਸੂਬਾ ਬਣਾਉਣ 'ਚ ਕਸੂਰ ਦੋਹਾਂ ਧਿਰਾਂ ਦਾ ਸੀ।

ਬੜੇ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਕੰਵਲ ਵਾਲੀਬਾਲ ਦਾ ਵਧੀਆ ਖਿਡਾਰੀ ਸੀ। ਮਿੰਟਗੁਮਰੀ ਦੇ ਚੱਕਾਂ ਵਿਚ ਉਸ ਦੇ ਨਾਨਕੇ ਸਨ ਜਿਥੇ ਉਹਦੇ ਨਾਲ ਇਕ ਨੌਜੁਆਨ ਵਾਲੀਬਾਲ ਖੇਡਦਾ ਹੁੰਦਾ

ਸੀ ਜੋ ਉਹਦੇ ਪਹਿਲੇ ਨਾਵਲ 'ਸੱਚ ਨੂੰ ਫਾਂਸੀ' ਦਾ ਨਾਇਕ ਬਣਿਆ। ਉਹ ਨਾਵਲ ਸੱਚੀ ਘਟਨਾ 'ਤੇ ਆਧਾਰਤ ਸੀ। ਕੰਵਲ ਨੇ 'ਸੱਚ ਨੂੰ ਫਾਂਸੀ' ਤੇ 'ਪਾਲੀ' ਨਾਵਲ ਪਾਕਿਸਤਾਨ ਬਣਨ ਤੋਂ ਪਹਿਲਾਂ ਲਿਖੇ ਅਤੇ 'ਰਾਤ ਬਾਕੀ ਹੈ' ਤੇ 'ਪੂਰਨਮਾਸ਼ੀ' ਵੰਡ ਤੋਂ ਪਿੱਛੋਂ, ਜਿਨ੍ਹਾਂ ਨੇ ਉਹਦੀ ਗੁੱਡੀ ਅਸਮਾਨੇ ਚੜ੍ਹਾ ਦਿੱਤੀ। ਦੇਸ਼ ਵੰਡ ਤੋਂ ਪਹਿਲਾਂ ਉਹ ਅਜੀਤਵਾਲ ਤੋਂ ਗੱਡੀ ਚੜ੍ਹ ਕੇ ਲਾਹੌਰ ਕਿਤਾਬਾਂ ਖਰੀਦਣ ਜਾਂਦਾ ਤੇ ਅਨਾਰਕਲੀ ਦਾ ਗੇੜਾ ਮਾਰਦਾ। ਉਦੋਂ ਰੇਲ ਗੱਡੀ ਦਾ ਭਾੜਾ ਕੁਝ ਆਨੇ ਹੀ ਸੀ। ਡੇਢ ਦੋ ਰੁਪਿਆਂ ਦੀਆਂ ਦਸ ਪੰਦਰਾਂ ਕਿਤਾਬਾਂ ਆ ਜਾਂਦੀਆਂ ਜੋ ਦੋ ਢਾਈ ਮਹੀਨੇ ਲੰਘਾ ਦਿੰਦੀਆਂ।

ਕੰਵਲ ਨੇ ਗੁਰੂ ਨਾਨਕ, ਕਬੀਰ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਪ੍ਰੋ. ਪੂਰਨ ਸਿੰਘ, ਟਾਲਸਟਾਏ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਚੈਖੋਵ ਤੇ ਮੁਨਸ਼ੀ ਪ੍ਰੇਮ ਚੰਦ ਪੜ੍ਹੇ। ਹਾਲੀਆਂ ਪਾਲੀਆਂ ਦੇ ਲੋਕ ਗੀਤਾਂ ਦੀ ਲੈਅ ਵਿਚ




ਸੁਰਸ਼ਾਰਿਆ ਰਿਹਾ। ਔਰਤਾਂ ਉਸ ਨੂੰ ਲੋਕ ਗੀਤ ਲਿਖ ਕੇ ਭੇਜਦੀਆਂ ਰਹੀਆਂ। ਵੰਡ ਵੇਲੇ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ ਜਿਸ ਦੇ ਜ਼ਿੰਮੇ ਲਹਿੰਦੇ ਪੰਜਾਬ ਦੇ ਹਿੰਦੂ-ਸਿੱਖਾਂ ਨੂੰ ਸੁਰੱਖਿਅਤ ਲਿਆਉਣ ਦੀ ਡਿਊਟੀ ਲੱਗੀ ਸੀ। ਉਸ ਦਾ ਵਾਹ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨਾਲ ਪੈਂਦਾ ਰਹਿੰਦਾ ਸੀ। ਪੰਜਾਬ ਵੰਡ ਦਾ ਦਰਦ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ। ਉਸ ਨੇ ਢੁੱਡੀਕੇ ਦੇ ਮੁਸਲਮਾਨਾਂ ਨੂੰ ਤਾਂ ਬਚਾ ਲਿਆ ਪਰ ਮੱਦੋਕੇ ਦੇ ਮੁਸਲਮਾਨਾਂ ਨੂੰ ਨਾ ਬਚਾ ਸਕਿਆ ਜੋ ਸਿੱਖ ਬਣਾ ਕੇ ਵੀ ਮਾਰ ਦਿੱਤੇ ਗਏ। ਉਸ ਦੀ ਡਿਊਟੀ ਪਾਕਿਸਤਾਨ ਵਿਚ ਫਸੇ ਸਿੱਖਾਂ ਨੂੰ ਵੀ ਕੱਢ ਲਿਆਉਣ ਦੀ ਲੱਗੀ।

ਕੰਵਲ ਦੀਆਂ ਲਿਖਤਾਂ ਵਿਚ ਮੁਸਲਮਾਨ ਪਾਤਰਾਂ ਦਾ ਭਰਪੂਰ ਵਰਣਨ ਹੈ। ਉਹ ਪਾਕਿਸਤਾਨ, ਕੈਨੇਡਾ, ਅਰਬ ਦੇਸ਼ਾਂ, ਯੂਰਪ ਅਤੇ ਏਸ਼ੀਆ ਦੇ ਕਈ ਦੇਸ਼ਾਂ ਵਿਚ ਗਿਆ ਹੈ ਪਰ ਰੂਸ ਤੇ ਚੀਨ ਨਹੀਂ ਗਿਆ। ਉਸ ਨੇ ਅਨੇਕਾਂ ਅਜਾਇਬ ਘਰ ਵੇਖੇ ਤੇ ਵੇਖਣਯੋਗ ਥਾਂਵਾਂ ਦੀ ਯਾਤਰਾ ਕੀਤੀ ਹੈ। ਉਹ ਸੰਗੀਤ ਦਾ ਸ਼ੌਕੀਨ ਹੈ ਤੇ ਗਾਉਣ ਵਾਲੀਆਂ ਤਵਾਇਫ਼ਾਂ ਦੇ ਰਾਗ ਰੰਗ ਦਾ ਆਪਣੀਆਂ ਲਿਖਤਾਂ ਵਿਚ ਬੜੀ ਸ਼ਿੱਦਤ ਨਾਲ ਵਰਣਨ ਕਰਦੈ। ਵੇਦਾਂਤ ਦਾ ਗਿਆਨ ਹੈ ਤੇ ਉਰਦੂ ਦੀ ਸ਼ੇਅਰੋ-ਸ਼ਾਇਰੀ ਦੇ ਅਦਬ-ਆਦਾਬ ਦੀ ਸਾਰ ਹੈ। ਮਲਕਾ-ਏ-ਤਰੰਨੁਮ ਗੌਹਰ ਜਾਨ, ਪਾਕ ਨਗੀਨਾ ਬਾਈ ਤੇ ਅਲਾਹੀ ਜਾਨ ਬਾਰੇ ਉਹਦੇ ਆਰਟੀਕਲ ਕਮਾਲ ਹਨ।

ਕੰਵਲ ਨਾਲ ਮੇਰੀ ਸਿਆਣ 1958 ਵਿਚ ਹੋਈ ਸੀ। ਮੈਂ ਉਦੋਂ ਐਮ. ਆਰ. ਕਾਲਜ ਫਾਜ਼ਿਲਕਾ ਵਿਚ ਪੜ੍ਹਦਾ ਸਾਂ। ਕਾਲਜ ਦੀ ਪੰਜਾਬੀ ਸਾਹਿਤ ਸਭਾ ਨੇ ਕਵੀ ਦਰਬਾਰ ਕਰਵਾਇਆ ਸੀ। ਪ੍ਰਧਾਨਗੀ ਲਈ ਅਸੀਂ ਜਸਵੰਤ ਸਿੰਘ ਕੰਵਲ ਨੂੰ ਸੱਦਿਆ ਸੀ ਜਿਸ ਦਾ ਵੇਰਵਾ ਮੈਂ ਆਪਣੀ ਜੀਵਨ ਗਾਥਾ 'ਹਸਦਿਆਂ ਖੇਲਦਿਆਂ' ਵਿਚ ਦੇ ਚੁੱਕਾਂ। ਕਵੀ ਦਰਬਾਰ ਵਿਚ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਤੇ ਹੋਰ ਕਈ ਕਵੀ ਆਏ ਸਨ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। ਮੈਂ ਤੇ ਹਰਚਰਨ ਮੌੜ ਨੇ ਬੀਰਬਲ ਦੀ ਹਾਸਰਸੀ ਕਵਿਤਾ 'ਭਾਨੀਮਾਰਾਂ ਦੀ ਕਰਤੂਤ' ਸੁਣਾਈ ਸੀ। ਪ੍ਰਧਾਨਗੀ ਭਾਸ਼ਣ ਦਿੰਦਿਆਂ ਕੰਵਲ ਨੇ ਕਿਹਾ ਸੀ, "ਅਜੇ ਮੈਂ ਦੋ-ਚਾਰ ਕਿਤਾਬੜੀਆਂ ਈ ਲਿਖੀਆਂ ਨੇ, ਕੋਈ ਮਾਅਰਕਾ ਨਹੀਂ ਮਾਰਿਆ।" ਉਹਦੇ ਹੱਥ ਵਿਚ 'ਸੋਵੀਅਤ ਦੇਸ' ਨਾਂ ਦਾ ਪਰਚਾ ਸੀ।

1960 ਤੋਂ ਮੈਂ ਉਸ ਦਾ ਪਾਠਕ ਬਣਿਆਂ। ਕਾਲਜ ਦੀ ਲਾਇਬਰੇਰੀ ਵਿਚੋਂ ਨਾਵਲ 'ਪੂਰਨਮਾਸ਼ੀ' ਕਢਵਾ ਕੇ ਜਮਾਤ 'ਚ ਪਿਛਲੇ ਬੈਂਚ 'ਤੇ ਜਾ ਬੈਠਾ। ਨਾਵਲ ਨੇ ਐਸਾ ਬੰਨ੍ਹਿਆ ਪਈ ਪਤਾ ਈ ਨਾ ਲੱਗਾ ਪ੍ਰੋਫੈਸਰ ਕੀ ਪੜ੍ਹਾਉਂਦੇ ਗਏ ਤੇ ਪੀਰਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੇਤਾਂ, ਮੱਦੋਕੇ ਦੇ ਗੁਰਦਵਾਰੇ, ਕਿਲੀ ਚਹਿਲਾਂ ਦੇ ਮੇਲੇ, ਕਪੂਰੇ, ਤਖ਼ਾਣਵੱਧ, ਦਾਊਧਰ ਦੇ ਸੂਏ, ਬੁੱਟਰ ਦੇ ਛੱਪੜ ਤੇ ਟਾਂਗੇ ਵਾਲੇ ਅਮਲੀ ਸੰਗ ਵਿਚਰ ਰਿਹਾ ਸਾਂ। ਉਥੇ ਚੰਨੋ ਸੀ, ਸ਼ਾਮੋ ਸੀ, ਜਗੀਰ ਸੀ, ਰੂਪ ਸੀ ਤੇ ਗਿਆਨੀ ਬਣਿਆ ਕੰਵਲ ਆਪ ਸੀ। ਬੀਅਰ ਦੀ ਲੋਰ ਵਿਚ 'ਕੇਰਾਂ ਕੰਵਲ ਨੇ ਮੇਰੇ ਕੋਲ ਭੇਤ ਖੋਲ੍ਹਿਆ, "ਮੈਨੂੰ ਲੋਕਾਂ ਨੇ ਜੁਆਨੀ ਚੜ੍ਹਦੇ ਨੂੰ ਈ ਗਿਆਨੀ ਕਹਿਣਾ ਸ਼ੁਰੂ ਕਰਤਾ ਸੀ। ਊਂ ਮੈਂ ਗਿਆਨੀ ਗਿਊਣੀ ਕੋਈ ਨੀਂ ਸੀ। ਇਸ ਗਿਆਨੀਪੁਣੇ ਨੇ ਮੇਰੀਆਂ ਬਹੁਤ ਸਾਰੀਆਂ ਖ਼ੁਸ਼ੀਆਂ ਮਾਰਤੀਆਂ। ਜੇ ਮੇਰੇ ਨਾਂ ਨਾਲ ਗਿਆਨੀ ਨਾ ਜੁੜਦਾ ਤਾਂ ਮੈਂ ਵੀ ਐਸ਼ਾਂ ਕਰਨੀਆਂ ਸੀ।" ਦੂਜੇ ਕਮਰੇ 'ਚ ਡਾ. ਜਸਵੰਤ ਗਿੱਲ ਬੈਠੀ ਸੀ। ਮੈਂ ਮਨ 'ਚ ਕਿਹਾ, "ਘੱਟ ਤਾਂ ਕੰਵਲ ਸਾਹਿਬ ਆਪਾਂ ਗਿਆਨੀ ਬਣ ਕੇ ਵੀ ਨਹੀਂ ਗੁਜ਼ਾਰੀ!"

'ਪੂਰਨਮਾਸ਼ੀ' ਵਿਚਲਾ ਨਵਾਂ ਪਿੰਡ ਅਸਲ ਵਿਚ ਢੁੱਡੀਕੇ ਹੀ ਹੈ। ਨਾਵਲ ਦੇ ਸ਼ੁਰੂ ਵਿਚ ਜਿਸ ਵਗਦੇ ਖੂਹ ਦਾ ਜ਼ਿਕਰ ਹੈ ਉਹ ਹੁਣ ਬੰਦ ਹੋ ਗਿਐ। ਉਹ ਸਾਰਾ ਦ੍ਰਿਸ਼ ਹੁਣ ਪਿੰਡ 'ਚੋਂ ਅਲੋਪ ਹੈ। ਖੂਹ ਦੁਆਲੇ ਘਰ ਛੱਤੇ ਗਏ ਹਨ। ਕੰਵਲ ਦਾ ਘਰ ਵੀ ਬਦਲ ਗਿਐ ਤੇ ਖੇਤ ਵਿਚਲੀ ਕੋਠੜੀ ਕੋਠੀ ਬਣ ਚੁੱਕੀ ਹੈ। ਸੀਮਿੰਟ ਦਾ ਉਹ ਸੰਧੂਰੀ ਬੈਂਚ, ਜਿਸ ਉਤੇ ਬੈਠ ਕੇ ਇਨਕਲਾਬੀ ਗੱਲਾਂ ਹੁੰਦੀਆਂ ਸਨ ਤੇ ਕੰਵਲ ਨੇ ਮੈਨੂੰ ਦਿੱਲੀ ਤੋਂ ਢੁੱਡੀਕੇ ਕਾਲਜ ਆਉਣ ਲਈ ਕਿਹਾ ਸੀ, ਉਹਦਾ ਰੰਗ ਕਦੋਂ ਦਾ ਘਸਮੈਲਾ ਹੋ ਗਿਐ। ਬਲਰਾਜ ਸਾਹਨੀ ਉਹਦੇ 'ਤੇ ਬੈਠ ਕੇ ਚੰਦ ਵੇਖਦਾ ਤੇ ਟਾਹਲੀ 'ਚੋਂ ਛਣਦੀ ਚਾਨਣੀ ਉਤੇ ਲਟਬੌਰਾ ਹੋ ਜਾਂਦਾ। ਕੰਵਲ ਨੇ ਐਕਟਰ ਬਲਰਾਜ ਦੇ ਮੁੱਛਾਂ ਲਾ ਕੇ, ਭੇਸ ਬਦਲਾ ਕੇ ਮਾੜੀ ਦਾ ਮੇਲਾ ਵਿਖਾਇਆ ਸੀ ਤੇ ਤਲਵੰਡੀ ਸਾਬੋ ਦੀ ਵਿਸਾਖੀ ਵਿਖਾਈ ਸੀ ਪਰ ਉਸ ਨੂੰ ਕੋਈ ਸਿਆਣ ਨਹੀਂ ਸੀ ਸਕਿਆ।

'ਪੂਰਨਮਾਸ਼ੀ' ਵਿਚਲਾ ਪਾਤਰ ਰੂਪ, ਕੌਲੂ ਪੱਤੀ ਦਾ ਗੁਲਜ਼ਾਰਾ ਸੀ ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਸ ਦੇ ਪੁੱਤਰ ਬਾਅਦ ਵਿਚ ਮੈਥੋਂ ਪੜ੍ਹਦੇ ਰਹੇ ਤੇ ਹੁਣ ਕੈਨੇਡਾ ਵਿਚ ਰਹਿੰਦੇ ਹਨ। ਜਗੀਰ ਹੋਰੀਂ ਵੀ ਢੁੱਡੀਕੇ ਦੇ ਸਨ ਜਿਹੜੇ ਹਲ ਵਾਹੁੰਦੇ ਦਿਲ ਪਰਚਾਉਂਦੇ ਸਨ, "ਲੌਂਗ 'ਤੇ ਸੰਧੂਰ ਭੁੱਕ ਕੇ ਰੰਨ ਮਾਰਦੀ ਛੱਪੜ 'ਤੇ ਗੇੜੇ...। ਕਿਓਂ ਓਦਣ ਆਲੀ ਤਖਾਣੀ ਫੇਰ ਨੀਂ ਕਦੇ ਟੱਕਰੀ?" "ਜਾਹ ਸਾਲਿਆ, ਓਦਣ ਤਾਂ ਜੁੱਤੀਆਂ ਈ ਪੁਆਤੀਆਂ ਸੀ।" "ਕਿਓਂ ਤਖਾਣੀ ਪਈ ਆ ਲਾਲਤੀ ਵਰਗੀ ਕਿ ਨਹੀਂ?" "ਆਪਾਂ ਨੂੰ ਕੀ ਭਾਅ? ਆਪਣੇ ਨਾਲੋਂ ਤਾਂ ਟੁੱਟੀ ਜੀ ਕੱਛ ਆਲਾ ਤਖਾਣ ਈ ਚੰਗਾ ਜਿਹੜਾ ਵਿਆਹਿਆ ਤਾਂ ਗਿਆ। ਆਪਾਂ ਜੱਟਾਂ ਦੇ ਕਾਹਨੂੰ ਜੰਮਣਾ ਸੀ। ਕਿਸੇ ਤਖਾਣ ਦੇ ਘਰ ਜੰਮਦੇ, ਵਿਆਹੇ ਤਾਂ ਜਾਂਦੇ!" ਉਹ ਤਖਾਣ ਵੀ ਢੁੱਡੀਕੇ ਦਾ ਹੀ ਸੀ।

ਨਾਵਲ 'ਰਾਤ ਬਾਕੀ ਹੈ' ਨੇ ਜਿੰਨੇ ਮੁੰਡੇ ਕਮਿਊਨਿਸਟ ਬਣਾਏ ਉਨੇ ਸ਼ਾਇਦ ਕਮਿਊਨਿਸਟ ਪਾਰਟੀ ਨੇ ਵੀ ਨਾ ਬਣਾਏ ਹੋਣ। ਕੰਵਲ ਦੀ ਪਹਿਲੀ ਪ੍ਰਸਿੱਧੀ ਕਾਮਰੇਡ ਲੇਖਕ ਹੋਣ ਕਰਕੇ ਸੀ ਤੇ ਸੀ. ਪੀ. ਆਈ. ਉਸ ਨੂੰ ਆਪਣਾ ਬੰਦਾ ਸਮਝਦੀ ਸੀ। ਉਂਜ ਕੰਵਲ ਕਿਸੇ ਰਾਜਸੀ ਪਾਰਟੀ ਦਾ ਮੈਂਬਰ ਨਹੀਂ ਬਣਿਆ। ਕਦੇ ਕੰਵਲ ਨਕਸਲਬਾੜੀਆਂ ਦੀ ਪਿੱਠ 'ਤੇ ਆਇਆ ਤੇ ਕਦੇ ਖਾੜਕੂਆਂ ਦੀ ਪਿੱਠ ਥਾਪੜੀ। ਕਦੇ ਹੁਸਨ-ਇਸ਼ਕ ਦੀਆਂ ਬਾਤਾਂ ਪਾਈਆਂ ਤੇ ਕਦੇ ਕਿਸਾਨਾਂ ਦੀ ਹੋ ਰਹੀ ਲੁੱਟ-ਖਸੁੱਟ ਦੇ ਮਸਲੇ ਉਭਾਰੇ। ਕਦੇ ਪੰਜਾਬ ਨਾਲ ਹੋਏ ਧੱਕਿਆਂ ਦੀ ਬੂ-ਪਾਹਰਿਆ ਕੀਤੀ। ਕਦੇ ਸੈਕੂਲਰ ਹੋਇਆ ਕਦੇ ਪੰਥਕ। ਕਦੇ ਇਨਕਲਾਬੀ ਕਦੇ ਸੁਧਾਰਕ। ਕਦੇ ਕਾਮਰੇਡਾਂ ਨਾਲ, ਕਦੇ ਅਕਾਲੀਆਂ ਨਾਲ ਤੇ ਕਦੇ ਮਨਪ੍ਰੀਤ ਬਾਦਲ ਦਾ ਹਮਾਇਤੀ। ਕਦੇ ਕਿਰਤੀ ਕਾਮਿਆਂ ਦਾ ਹਮਾਇਤੀ, ਕਦੇ ਕਿਰਤੀ ਭੱਈਆਂ ਦਾ ਵਿਰੋਧੀ।

ਉਹ ਆਪਣੇ ਆਪ ਨੂੰ ਕਿਸੇ ਪਾਰਟੀ ਦਾ ਨਹੀਂ, ਲੋਕਾਂ ਦਾ ਲੇਖਕ ਕਹਿੰਦਾ ਹੈ। ਪੰਜਾਬ ਤੇ ਕਿਸਾਨੀ ਦਾ ਦਰਦ ਉਹਦੇ ਦਿਲੋਂ ਬੋਲਦੈ। ਉਸ ਦੀਆਂ ਅਜੋਕੀਆਂ ਕਿਤਾਬਾਂ ਦੇ ਨਾਂ ਪੜ੍ਹੋ 'ਪੰਜਾਬੀਓ! ਜੀਣਾ ਐ ਕਿ ਮਰਨਾ?' 'ਕੌਮੀ ਲਲਕਾਰ' ਤੇ 'ਪੰਜਾਬ! ਤੇਰਾ ਕੀ ਬਣੂੰ?' ਮੈਂ ਜਿੰਨੀ ਰੀਝ ਨਾਲ ਉਸ ਦੀਆਂ

***ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਹੈ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਹੈ। ਉਹ ਵਗਦੀਆਂ ਤੇ ਬਦਲਦੀਆਂ ਹਵਾਵਾਂ ਨਾਲ ਸਰੂ ਵਾਂਗ ਝੂੰਮਦੈ। ਕਦੇ ਖੱਬੇ ਲਹਿਰਾਉਂਦੈ, ਕਦੇ ਸੱਜੇ ਤੇ ਕਦੇ ਗੁਲਾਈ ਵਿਚ ਘੁੰਮਦੈ। ਉਹਦਾ ਤਣਾ ਮਜ਼ਬੂਤ ਹੈ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫ਼ਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਜਿੰਨਾ ਧਰਤੀ ਤੋਂ ਉਪਰ ਹੈ ਉਨਾ ਹੀ ਧਰਤੀ ਦੇ ਥੱਲੇ ਹੈ। ਉਹਦਾ ਕੱਦ-ਕਾਠ ਵੀ ਸਰੂ ਵਾਂਗ ਲੰਮਾ-ਝੰਮਾ ਹੈ ਤੇ ਉਮਰ ਦੇ ਬਾਨਵੇਂ ਸਾਲ ਪੂਰੇ ਕਰ ਕੇ ਵੀ ਉਹ ਪੂਰਾ ਸਿਹਤਯਾਬ ਹੈ।***

ਪਹਿਲੀਆਂ ਪੁਸਤਕਾਂ ਪੜ੍ਹਦਾ ਸਾਂ, ਉਨੀ ਦਿਲਚਸਪੀ ਨਾਲ ਮਗਰਲੀਆਂ ਨਹੀਂ ਪੜ੍ਹ ਹੁੰਦੀਆਂ। ਉਹ ਦਿਨੋ ਦਿਨ ਵਧੇਰੇ ਉਪਭਾਵਕ ਹੋਈ ਜਾਂਦੈ। ਨਿਰੋਲ ਜਜ਼ਬਾਤੀ। ਉਹਨੂੰ ਕਿਰਤੀਆਂ ਦੇ ਰਾਜ ਦੀ ਥਾਂ ਸਿੱਖ ਰਾਜ ਦਾ ਝੋਰਾ ਸਤਾਉਣ ਲੱਗ ਪਿਐ। ਉਹਦੀ ਅਜੋਕੀ ਲਿਖਤ ਦੇ ਨਮੂਨੇ ਵੇਖੋ:

-ਹੁਣ ਪੰਜਾਬ ਦੇ ਕਾਂਗਰਸੀ ਕੇਂਦਰ ਦੇ ਗੁਲਾਮ, ਜਿਥੇ ਮਰਜ਼ੀ ਅੰਗੂਠੇ ਲੁਆਉਣ, ਹੁੱਤ ਨਹੀਂ ਕਰਨਗੇ। ਅਕਾਲੀ ਤੇਰੇ ਪੈ ਗਏ ਜਨ ਸੰਘੀਆਂ ਦੀ ਝੋਲੀ, ਦੋਵੇਂ ਭੁੱਖੇ ਬਘਿਆੜ, ਪੰਜਾਬ ਕਿਵੇਂ ਬਚੇਗਾ? ਨੀਅਤ ਦੇ ਚੋਰਾਂ, ਪੰਜਾਬ ਦੇ ਦੁੱਧ ਤੋਂ ਤਰਦੀ ਤਰਦੀ ਮਲਾਈ ਲਾਹ ਲਈ; ਲੱਸੀ ਵੀ ਕੋਈ ਕਰਮਾਂ ਵਾਲਾ ਪੀ ਲਵੇ ਵਾਹ ਭਲੀ, ਨਹੀਂ ਹਾਲ ਕੋਈ ਨਹੀਂ। ਰਾਜਸੀ ਦਵਤ ਸੱਟ ਇਸ ਤਰ੍ਹਾਂ ਹੀ ਰਹੀ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਬੋਲੋ ਰਾਮ ਹੋ ਚੁੱਕਾ ਸਮਝੋ। ਜਿਸ ਪੰਜਾਬ ਵਿਚ ਦਰਿਆਵਾਂ ਦੀਆਂ ਲਹਿਰਾਂ ਝੱਲੀਆਂ ਨਹੀਂ ਸਨ ਜਾਂਦੀਆਂ, ਹਾੜ ਬੋਲਣ ਵਾਲਾ ਹੈ। ਮੈਨੂੰ ਦੋਸ਼ ਕਾਹਤੋਂ ਦੇਂਦਾ ਏਂ, ਆਪਣੇ ਦੋਸ਼ੀ ਕਾਂਗਰਸੀਆਂ, ਅਕਾਲੀਆਂ ਤੇ ਜਨ ਸੰਘੀਆਂ ਨੂੰ ਧੌਣੋਂ ਫੜ।

-ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਤਾਂ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤਕ ਛਾਂਗ ਸੁੱਟਿਆ। ਤੇਰਾਂ ਲੱਖ ਟਿਊਬਵੈਲਾਂ, ਤੇਰੀ ਤਾਂ ਅੱਡੀਆਂ ਤਕ ਰੱਤ ਚੂਸ ਲਈ। ਕਾਂਗਰਸੀ ਤਾਂ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਸ਼ਾਨਾਂ-ਮਾਨਾਂ ਨਿਰਾਲੀਆਂ ਹੀ ਹੋਣਗੀਆਂ। ਕਿਥੇ ਹੈ ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅੰਤ ਮੰਦੜਾ ਹਾਲ ਵੇਖ, ਮੇਰੀ ਕਲਮ ਦਾ ਸਾਹ-ਸਤ ਰੁਕਿਆ ਪਿਆ ਹੈ। ਤੇਰਾ ਹੁਣ ਕੀ ਬਣੂੰ ਭਾਨਿਆਂ?

-ਮੇਰੀ ਦੁੱਖਾਂ ਦਰਦਾਂ ਵਿਚ ਭਿੱਜੀ ਫਤਿਹ ਪ੍ਰਵਾਨ ਕਰਨੀ। ਤੁਹਾਡਾ ਆਪਣਾ, ਕੌਮੀ ਦੁੱਖਾਂ ਦਰਦਾਂ ਦਾ ਮਾਰਿਆ, ਆਪਣੇ ਪਾਠਕਾਂ ਦੇ ਦਰਦ ਦਾ ਭਾਈਵਾਲ: ਜਸਵੰਤ ਸਿੰਘ ਕੰਵਲ।

***

ਉਹਦੇ ਨਾਵਲ 'ਲਹੂ ਦੀ ਲੋਅ' ਦੀ ਬੜੀ ਪ੍ਰਸ਼ੰਸਾ ਹੋਈ ਸੀ ਤੇ ਉਨ੍ਹੀਂ ਹੀ ਦਿਨੀਂ ਧੀ ਦੇ ਕਤਲ ਪਿੱਛੋਂ ਕਈਆਂ ਨੇ ਉਹਦੀ ਹੱਦੋਂ ਵੱਧ ਬਦਖੋਈ ਵੀ ਕੀਤੀ ਸੀ। ਈਰਖਾਵਾਨਾਂ ਨੇ ਤੱਥਾਂ ਨੂੰ ਜਾਣੇ ਤੋਂ ਬਿਨਾਂ ਹੀ ਕੰਵਲ ਨੂੰ ਭੰਡ ਸੁੱਟਿਆ ਸੀ। ਉਸ ਕਤਲ ਵਿਚ ਉਸ ਦਾ ਕੋਈ ਹੱਥ ਨਹੀਂ ਸੀ। ਜਿਸ ਤਨ ਲੱਗੇ ਸੋ ਤਨ ਜਾਣੇ ਵਾਲੀ ਗੱਲ ਸੀ। ਉਨ੍ਹਾਂ ਦਿਨਾਂ 'ਚ ਮੈਂ ਉਹਨੂੰ ਬੇਹੱਦ ਦੁਖੀ ਤੇ ਧਾਰੋ-ਧਾਰ ਹੰਝੂ ਵਹਾਉਂਦੇ ਵੇਖਿਆ ਸੀ। ਨਵੇਂ ਜ਼ਮਾਨੇ ਵਿਚ ਛਿੜੀ ਨਿੰਦ ਚਰਚਾ ਆਖ਼ਰ ਮੇਰੇ ਲੇਖ 'ਲਹੂ ਦੀ ਲੋਅ ਨੇੜਿਓਂ' ਨਾਲ ਸਮਾਪਤ ਹੋਈ ਸੀ।

'ਲਹੂ ਦੀ ਲੋਅ' ਨੂੰ ਐਮਰਜੈਂਸੀ ਦੇ ਦਿਨੀਂ ਲੁਕਾ-ਛੁਪਾ ਕੇ ਮਲਾਇਆ, ਸਿੰਘਾਪੁਰ ਦੇ ਇਕ ਛਾਪੇਖਾਨੇ 'ਚੋਂ ਛਪਾਇਆ ਗਿਆ ਸੀ ਜਿਸ ਦੀ ਕੀਮਤ ਸੀ ਤੀਹ ਰੁਪਏ। ਪਹਿਲੀ ਛਾਪ ਦੀ ਕਿਤਾਬ ਮਸੀਂ ਮਿਲਦੀ ਸੀ ਜੋ ਇਕ ਇਕ ਕਾਪੀ ਸੌ ਸੌ ਜਣਿਆ ਨੇ ਪੜ੍ਹੀ। ਐਮਰਜੈਂਸੀ ਹਟੀ ਤਾਂ ਨਵਯੁਗ ਪਬਲਿਸ਼ਰਜ਼ ਨੇ ਦੂਜੀ ਐਡੀਸ਼ਨ ਛਾਪੀ ਤੇ ਕੀਮਤ ਰੱਖੀ ਪੰਦਰਾਂ ਰੁਪਏ। ਜ਼ਰਾਇਤੀ ਯੂਨੀਵਰਸਿਟੀ, ਲੁਧਿਆਣੇ ਦੇ ਮੇਲੇ ਵਿਚ ਲਹੂ ਦੀ ਲੋਅ ਖਰੀਦਣ ਲਈ ਲਾਈਨਾਂ ਲੱਗ ਗਈਆਂ। ਪਾਠਕ ਤੀਹਾਂ ਦੀ ਥਾਂ ਕੀਮਤ ਪੰਦਰਾਂ ਸੁਣਦੇ ਤਾਂ ਪੁੱਛਦੇ, "ਇਹ 'ਲਹੂ ਦੀ ਲੋਅ' ਕਿਤੇ ਨਕਲੀ ਤਾਂ ਨਹੀਂ!"

'ਲਹੂ ਦੀ ਲੋਅ' ਨੂੰ ਮਿਲਿਆ ਸਰਕਾਰੀ ਇਨਾਮ ਕੰਵਲ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਜਿਸ ਸਰਕਾਰ ਨੇ ਨਕਸਲੀ ਮੁੰਡੇ ਮਾਰੇ ਹਨ ਮੈਂ ਉਸ ਸਰਕਾਰ ਦਾ ਇਨਾਮ ਨਹੀਂ ਲੈ ਸਕਦਾ। ਪਰ ਪਿੱਛੋਂ ਸ਼੍ਰੋਮਣੀ ਸਾਹਿਤਕਾਰ ਦਾ ਸਭ ਤੋਂ ਵੱਡਾ ਸਰਕਾਰੀ ਇਨਾਮ ਲੈ ਵੀ ਲਿਆ। ਉਸ ਨੇ 'ਸਾਹਿਤ ਟਰਸਟ ਢੁੱਡੀਕੇ' ਬਣਾ ਕੇ ਡੇਢ-ਦੋ ਸੌ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਯਾਦਗਾਰੀ ਪੁਰਸਕਾਰ ਦਿੱਤੇ ਹਨ। ਉਹ ਸਖੀ ਵੀ ਹੈ ਤੇ ਸੂਮ ਵੀ। ਇਕ ਹੱਥ ਨਾਲ ਦਿੰਦੈ, ਦੂਜੇ ਨਾਲ ਲੈ ਵੀ ਲੈਂਦੈ। ਉਹ ਵਾਰਤਾਕਾਰ ਵੀ ਹੈ ਤੇ ਕਵੀ ਵੀ,

-ਸੱਜਣ ਵਸੇਂਦੇ ਪਾਰ ਓ ਯਾਰ,
ਸੱਜਣ ਵਸੇਂਦੇ ਪਾਰ!
ਜਾਣੇ ਕਿਤਰਾ ਹਾਲ ਮਨਾਂ ਦੇ,
ਪੁੱਠੇ ਚਾਲੇ ਏਸ ਝਨਾਂ ਦੇ,
ਡੋਬੇ ਅੱਧ ਵਿਚਕਾਰ ਓ ਯਾਰ,
ਸੱਜਣ ਵਸੇਂਦੇ ਪਾਰ ਓ ਯਾਰ!
ਆਸ਼ਕ ਵੇਖੋ ਮੁੜੇ ਨਾ ਮੋੜੇ,
ਸਿਦਕ ਉਨ੍ਹਾਂ ਦਾ ਸੂਲੀ ਤੋੜੇ,
ਪੀੜਾਂ ਰਹਿਣ ਉਧਾਰ ਓ ਯਾਰ,
ਸੱਜਣ ਵਸੇਂਦੇ ਪਾਰ...।

ਕੰਵਲ ਦੇ ਚਾਰ ਧੀਆਂ ਪਿੱਛੋਂ ਪੁੱਤਰ ਜੰਮਿਆ ਸੀ। ਧੀਆਂ ਸਾਰੀਆਂ ਹੀ ਐਮ. ਐਸ ਸੀ. ਕਰ ਗਈਆਂ ਪਰ ਪੁੱਤਰ ਦਸਵੀਂ ਨਾ ਲੰਘ ਸਕਿਆ। ਤਿੰਨ ਧੀਆਂ ਪਰਲੋਕ ਸਿਧਾਰ ਗਈਆਂ ਹਨ। ਉਹ ਪੋਤੀਆਂ, ਦੋਹਤਿਆਂ ਤੇ ਪੜਪੋਤਿਆਂ ਵਾਲਾ ਹੋ ਗਿਐ। ਪ੍ਰੋ. ਸੁਮੇਲ ਉਹਦਾ ਦੋਹਤਾ ਹੈ। ਫਿਲਮਾਂ ਦਾ ਡਾਇਰੈਕਟਰ ਮਨਮੋਹਨ ਸਿੰਘ ਉਹਦਾ ਭਾਣਜਾ ਹੈ। ਜੁਆਈ ਡਾਕਟਰ, ਪ੍ਰੋਫੈਸਰ ਤੇ ਇੰਜੀਨੀਅਰ ਹਨ। ਸਾਕ-ਸਕੀਰੀਆਂ ਦੁਆਬੇ ਤੋਂ ਹਰਿਆਣੇ ਤਕ ਹਨ। ਕੰਵਲ ਚਾਦਰਾ ਲਾ ਕੇ, ਹੱਥ 'ਚ ਕਿਤਾਬ ਫੜ ਕੇ, ਪੜ੍ਹਦਾ-ਪੜ੍ਹਦਾ ਪਿੰਡ ਦੀ ਫਿਰਨੀ 'ਤੋਂ ਦੀ ਗੇੜੇ ਦਿੰਦਾ ਰਿਹੈ ਤੇ ਜੁਆਕਾਂ ਦੇ ਸਿਰਾਂ 'ਚ ਠੋਲੇ ਮਾਰ ਕੇ ਖ਼ੁਸ਼ ਹੁੰਦਾ ਰਿਹੈ। ਘੋਨਿਆਂ ਦੇ ਬੋਦੇ ਮਰੋੜਦਾ ਰਿਹੈ ਤੇ ਬੱਚਿਆਂ ਨਾਲ ਕੌਡੀਆਂ-ਬੰਟੇ ਖੇਡਦਾ ਰਿਹੈ। ਤੁਰਿਆ ਜਾਂਦਾ ਥਾਪੀ ਮਾਰ ਕੇ ਜੁਆਕਾਂ ਨੂੰ ਕੌਡੀ ਖੇਡਣ ਲਈ ਵੰਗਾਰਦਾ ਰਿਹੈ। ਪੈਰਾਂ ਭਾਰ ਬਹਿ ਕੇ ਪੇਂਡੂਆਂ ਨਾਲ ਤਾਸ਼ ਖੇਡਦਾ ਤੇ ਸ਼ਤਰੰਜ ਦੀਆਂ ਬਾਜ਼ੀਆਂ ਲਾਉਂਦਾ ਰਿਹੈ। ਕਾਲਜ ਦੇ ਪ੍ਰੋਫੈਸਰਾਂ ਤੇ ਲੇਖਕਾਂ ਨਾਲ ਪੂਰਨਮਾਸ਼ੀਆਂ ਮਨਾਉਂਦਾ ਰਿਹੈ। ਉਹ ਇੰਗਲੈਂਡ ਗਿਆ ਦੋ ਮਹੀਨੇ ਨਾ ਮੁੜਿਆ ਤਾਂ ਸਾਨੂੰ ਚਿੱਠੀ ਲਿਖਣੀ ਪਈ, "ਹੁਣ ਸਾਡੀ ਅੱਸੂ ਦੀ ਪੂਰਨਮਾਸ਼ੀ ਦਾ ਕੀ ਬਣੂੰ?"

ਪੁੰਨਿਆਂ ਦੀ ਚਾਨਣੀ 'ਚ ਅਸੀਂ ਟਾਂਗੇ 'ਤੇ ਸਵਾਰ ਹੋ ਜਾਂਦੇ। ਸੁਰਮਈ ਸੜਕ ਉਤੇ ਘੋੜੇ ਦੇ ਪੌੜ ਖੜਕਦੇ। ਆਸੇ-ਪਾਸੇ ਰੁੱਖ ਝੂੰਮਦੇ ਤੇ ਵਾੜਾਂ 'ਚ ਟਟਹਿਣੇ ਜਗਦੇ। ਕੰਵਲ ਕਥਾ ਕਰੀ ਜਾਂਦਾ। ਚੂਹੜਚੱਕ ਲੰਘ ਕੇ ਸੂਏ ਦਾ ਪਾਣੀ ਲਿਸ਼ਕਦਾ ਦਿਸਦਾ। ਤਾਰੇ ਟਿਮ ਟਿਮਾਉਂਦੇ ਤੇ ਰਾਤ ਸ਼ਾਂ ਸ਼ਾਂ ਕਰਦੀ। ਕੰਵਲ ਕਹਿੰਦਾ, "ਆਪਾਂ ਓਥੇ ਮਹਿਫ਼ਲ ਲਾਵਾਂਗੇ ਜਿਥੇ ਪਾਣੀ 'ਚੋਂ ਚੰਦ ਦਿਸੇ।"

ਤੁਰਦੇ ਤੁਰਦੇ ਚੰਦ ਦਾ ਅਕਸ ਕਿਸੇ ਕੱਸੀ 'ਚੋਂ ਦਿਸਦਾ ਤਾਂ ਉਹਦੀ ਬੰਨੀ ਉਤੇ ਰਚਨਾਵਾਂ ਸੁਣਾਉਣ ਦੀ ਮਹਿਫ਼ਲ ਲੱਗ ਜਾਂਦੀ। ਪ੍ਰੋਫੈਸਰ ਆਪਸ ਵਿਚ ਉਲਝਦੇ ਤਾਂ ਕੰਵਲ ਕਹਿੰਦਾ, "ਕਰੋ ਚੁੱਪ, ਨਹੀਂ ਮੈਂ ਮਾਰਦਾਂ ਸੂਏ 'ਚ ਛਾਲ!"

'ਕੇਰਾਂ ਮੇਲੇ ਵਿਚ ਕਬੱਡੀ ਦੇ ਮੈਚ ਖਿਡਾਉਂਦਿਆਂ ਦਿਨ ਛਿਪ ਗਿਆ ਤੇ ਰੈਫਰੀ ਬਣਿਆ ਕੰਵਲ ਹਫਣ ਲੱਗਾ। ਮੈਂ ਕਿਹਾ, "ਹੈਗੀ ਆ ਬਾਹਰੋਂ ਆਈ ਬੋਤਲ। ਲਾਹਦੂ ਥਕੇਵਾਂ।" ਕਹਿੰਦਾ, "ਮਾਰਾਂ ਫੇਰ ਛਾਲ?" ਮੈਂ ਕਿਹਾ, "ਮਾਰ ਲਓ, ਪਰ ਮਾਰਿਓ ਬਚ ਕੇ, ਮੈਂ ਚੱਕਣਾ ਨੀਂ!"

"ਓ ਤੂੰ ਨੀਂ ਚੱਕੇਂਗਾ ਤਾਂ ਹੋਰ ਕੌਣ ਚੱਕੂ?" ਪੀਂਦਾ ਉਹ ਘੱਟ ਸੀ ਪਰ ਡਰਾਮਾ ਪੂਰਾ ਕਰਦਾ ਸੀ।

ਕੰਵਲ ਪਿੰਡ ਦਾ ਸਰਪੰਚ ਰਿਹੈ, ਸਾਹਿਤ ਸਭਾਵਾਂ ਦਾ ਪ੍ਰਧਾਨ ਅਤੇ ਸਾਧਾਂ ਤੇ ਵੈਲੀਆਂ ਦਾ ਸੰਗੀ ਸਾਥੀ। ਦਾਰੂ ਪੀਂਦਾ ਵੀ ਰਿਹੈ ਤੇ ਛੱਡਦਾ ਵੀ ਰਿਹੈ। ਇਕ ਵਾਰ ਤਾਂ ਕਹਿੰਦੇ ਬੇਸੁਰਤ ਈ ਹੋ ਗਿਆ ਸੀ। ਪਾਰਟੀਆਂ ਦੇ ਲੀਡਰਾਂ ਨੂੰ ਮਿਲਦਾ ਗਿਲਦਾ ਤੇ ਉਨ੍ਹਾਂ ਦੇ ਨਾਂ ਖੁੱਲ੍ਹੀਆਂ ਚਿੱਠੀਆਂ ਛਪਵਾਉਂਦਾ ਰਿਹੈ। ਕਦੇ ਚਿੱਠੀ ਦਾ ਨਾਂ ਜ਼ਫ਼ਰਨਾਮਾ, ਕਦੇ ਫਤਿਹਨਾਮਾ ਤੇ ਆਖ਼ਰ ਜਿੱਤਨਾਮਾ ਰੱਖਦਾ ਰਿਹੈ। ਖਹਿਬੜਦਾ ਰਿਹੈ, ਰੁੱਸਦਾ ਰਿਹੈ, ਮੰਨਦਾ ਰਿਹੈ ਅਤੇ ਪਾਰਟੀਆਂ ਤੇ ਧੜਿਆਂ ਦਾ ਵਿਚੋਲਾ ਬਣਦਾ ਰਿਹੈ। ਸਣੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸੰਤ ਲੌਂਗੋਵਾਲ, ਜਥੇਦਾਰ ਟੌਹੜਾ ਤੇ ਹੋਰ ਰਾਜਸੀ ਲੀਡਰਾਂ ਨੂੰ ਮਿਲਦਾ ਰਿਹੈ। ਉਹ ਏਨਾ ਕੁਛ ਕਰਦਾ ਰਿਹੈ ਕਿ ਇਕੋ ਲੇਖ 'ਚ ਸਾਰੀਆਂ ਗੱਲਾਂ ਨਹੀਂ ਦੱਸ ਹੁੰਦੀਆਂ। ਨੇੜੇ ਰਹਿੰਦਿਆਂ ਵੀ ਉਸ ਨੇ ਪਰਦਾ ਰੱਖਿਆ ਸੀ ਤੇ ਕਈ ਸਾਲਾਂ ਬਾਅਦ ਮੈਨੂੰ ਕਿਹਾ ਸੀ, "ਲਿਖ ਦੇ ਡਾ. ਜਸਵੰਤ ਗਿੱਲ ਮੇਰੀ ਪਤਨੀ ਐ।"

ਉਸ ਨੇ ਡਾ. ਜਸਵੰਤ ਗਿੱਲ ਨਾਲ ਆਪਣੇ




ਇਸ਼ਕ ਦੀ ਦਾਸਤਾਨ 'ਪੁੰਨਿਆਂ ਦਾ ਚਾਨਣ' ਲਿਖੀ ਜਿਸ ਨੂੰ ਸਵੈਜੀਵਨੀ ਦਾ ਨਾਂ ਦਿੱਤਾ ਗਿਆ। ਉਹਦੀ ਲਾਹੌਰ ਬੁੱਕ ਸ਼ਾਪ ਦੇ ਜੀਵਨ ਸਿੰਘ ਨਾਲ ਵਿਗੜੀ ਹੋਈ ਸੀ। ਵਰ੍ਹਿਆਂ ਪਿੱਛੋਂ ਮਰਹੂਮ ਜੀਵਨ ਸਿੰਘ ਦੇ ਪੁੱਤਰ ਤੇਜਿੰਦਰਬੀਰ ਨੇ ਟੁੱਟੀ ਗੰਢਣ ਲਈ ਅਰਜ਼ੋਈ ਕੀਤੀ ਕਿ 'ਪੁੰਨਿਆਂ ਦਾ ਚਾਨਣ' ਪ੍ਰਕਾਸ਼ਿਤ ਕਰਨ ਲਈ ਉਹਨੂੰ ਦੇ ਦਿੱਤੀ ਜਾਵੇ ਜੋ ਮੈਂ ਵਿਚ ਪੈ ਕੇ ਦੁਆ ਦਿੱਤੀ। ਤੇਜਿੰਦਰਬੀਰ ਵੀਹ ਹਜ਼ਾਰ ਰੁਪਏ ਜੇਬ 'ਚ ਪਾ ਕੇ ਢੁੱਡੀਕੇ ਗਿਆ ਸੀ ਪਰ ਕੰਵਲ ਨੇ ਪੈਸੇ ਨਹੀਂ ਸਨ ਫੜੇ। ਆਖ਼ਰ ਉਹਦੀ ਰਾਇਲਟੀ ਸੱਠ ਹਜ਼ਾਰ 'ਚ ਮੁੱਕੀ।

ਢੁੱਡੀਕੇ ਦੇ ਖੇਡ ਮੇਲੇ ਵਿਚ ਕੰਵਲ ਤੇ ਮੈਂ 'ਕੱਠੇ ਕੁਮੈਂਟਰੀ ਕਰਦੇ। ਉਹ ਖਿਡਾਰੀਆਂ ਦੇ ਲਾਲ ਰੰਗ ਦੇ ਕੱਛਿਆਂ 'ਚੋਂ ਇਨਕਲਾਬ ਭਾਲਦਾ। ਫਿਰ ਕਦੇ ਬੱਗਿਆਂ ਨੂੰ ਭੰਡਦਾ, ਕਦੇ ਨੀਲਿਆਂ ਨੂੰ ਤੇ ਹੁਣ ਲਾਲਾਂ ਨੂੰ ਵੀ ਨਹੀਂ ਬਖ਼ਸ਼ਦਾ। ਅਸੀਂ ਵਿਸਲਾਂ ਫੜ ਕੇ ਕਬੱਡੀ ਦਾ ਮੈਚ ਖਿਡਾ ਰਹੇ ਸਾਂ। ਕੰਵਲ ਇਕ ਧੱਕੜ ਧਾਵੀ ਦੀ ਫੇਟ ਵਿਚ ਆ ਗਿਆ ਜਿਸ ਨਾਲ ਹੌਲੇ ਫੁੱਲ ਕੰਵਲ ਦੀਆਂ ਲੋਟਣੀਆਂ-ਪੋਟਣੀਆਂ ਲੱਗ ਗਈਆਂ। ਉਹਦੀ ਪੱਗ ਲਹਿ ਗਈ, ਗੁਲੂਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ ਪਰ ਅਸ਼ਕੇ ਕੰਵਲ ਦੇ ਕਿ ਵਿਸਲ ਉਹਦੇ ਮੂੰਹ ਵਿਚ ਹੀ ਰਹੀ। ਉਸ ਨੇ ਵਿਸਲ ਵਜਾ ਕੇ ਪੁਆਇੰਟ ਦਿੱਤਾ ਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕਬੱਡੀ ਪੁਆਉਣ ਲੱਗਾ। ਇਹੋ ਜਿਹਾ ਸਿਰੜ ਹੈ ਬਾਈ ਕੰਵਲ ਦਾ!

ਕੰਵਲ ਬੁੱਢਾ ਹੋ ਕੇ ਵੀ ਬੁੱਢਾ ਨਹੀਂ ਹੋ ਰਿਹਾ। ਮੈਨੂੰ ਉਮੀਦ ਹੈ ਉਹਦਾ ਸਿਰੜ ਉਹਤੋਂ ਸੈਂਚਰੀ ਮਰਵਾ ਕੇ ਹੀ ਰਹੇਗਾ ਤੇ 'ਪੂਰਨਮਾਸ਼ੀ' ਵਰਗਾ ਹੋਰ ਸ਼ਾਹਕਾਰ ਵੀ ਲਿਖਵਾ ਸਕਦੈ!



# ਬਾਤਾਂ ਗਦਰ ਸੰਗਰਾਮ ਦੀਆਂ, ਗਦਰੀ ਬਾਬਿਆਂ ਦੀ ਜ਼ੁਬਾਨੀ

## ਸੁਭਾਸ਼ ਚੰਦਰ ਬੋਸ ਨੂੰ ਬਾਹਰ ਲਿਜਾਣਾ

***ਭਾਰਤੀ ਆਜ਼ਾਦੀ ਦੀ ਜੰਗ ਵਿਚ ਅਹਿਮ ਰੋਲ ਨਿਭਾਉਣ ਵਾਲੇ ਗਦਰ ਲਹਿਰ ਦੀ ਅਗਲੇ ਸਾਲ ਆ ਰਹੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਅਸੀਂ ਪੰਜਾਬ ਟਾਈਮਜ਼ ਵਿਚ ਗਦਰ ਲਹਿਰ ਬਾਰੇ ਲੇਖ ਲੜੀ ਅਰੰਭੀ ਹੋਈ ਹੈ। ਇਸੇ ਲੜੀ ਵਿਚ ਕਸ਼ਮੀਰ ਸਿੰਘ ਕਾਂਗਣਾ ਦੇ ਸਹਿਯੋਗ ਨਾਲ ਇਹ ਲੇਖ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

**ਗੁਰਚਰਨ ਸਿੰਘ ਸਹਿੰਸਰਾ**

ਸਾਡੇ ਬਰਵਾਲੇ ਸਾਥੀ ਨੇ ਕੇਂਦਰੀ ਘੋਰਨੇ ਨੂੰ ਆ ਕੇ ਦੱਸਿਆ ਕਿ ਸਰਹੱਦ ਵਿਚੋਂ ਇਕ ਸਾਥੀ ਮਿਲਣ ਆਇਆ ਹੈ। ਉਸ ਨਾਲ ਥਾਂ ਅਤੇ ਵੇਲਾ ਨਿਯਤ ਕਰਕੇ ਮੈਂ ਉਸ ਨੂੰ ਮਿਲਣ ਗਿਆ। ਉਹ ਸਾਡੇ ਅਫਗਾਨਿਸਤਾਨ ਨੂੰ ਲੰਘਣ-ਲੰਘਾਉਣ ਵਾਲੇ ਸਾਥੀ ਪ੍ਰਬੰਧਕਾਂ ਵੱਲੋਂ ਆਇਆ ਸੀ।

'ਸੁਭਾਸ਼ ਬਾਬੂ ਆ ਗਿਆ ਹੈ।' ਸੁਭਾਸ਼ ਬਾਬੂ? ਮੈਂ ਸੁਣ ਕੇ ਚਕਿਤ ਰਹਿ ਗਿਆ ਤੇ ਮੇਰੀਆਂ ਅੱਖਾਂ ਟੱਡੀਆਂ, ਤੇ ਹੋਰ ਸਰੀਰਕ ਹਰਕਤਾਂ ਖਲੋ ਗਈਆਂ। ਜਾਣੋ ਸੁਭਾਸ਼ ਦਾ ਨਾਂ ਮੇਰੇ ਖੂਨ ਵਿਚ ਰਲ ਕੇ ਮੇਰੇ ਅੰਗ-ਅੰਗ ਵਿਚ ਰੜਕਣ ਲੱਗ ਪਿਆ।

'ਹਾਂ ਜੀ! ਪੁੱਛਦੈ, ਛੀਨਾ ਕਿੱਥੇ ਹੈ? ਰਾਮ ਕਿਸ਼ਨ ਕਿੱਥੇ ਹੈ? ਉਨ੍ਹਾਂ ਮੈਨੂੰ ਰੂਸ ਲਿਜਾਣ ਨੂੰ ਕਿਹਾ ਸੀ', ਉਸ ਨੇ ਬੋਸ ਦਾ ਮੰਤਵ ਖੁੱਲ੍ਹ ਕੇ ਰੱਖ ਦਿੱਤਾ।

ਸੁਭਾਸ਼ ਆ ਗਿਆ। ਮੇਰੇ ਅੱਗੇ ਜਿਵੇਂ ਸਤ ਮਣ ਦਾ ਬੁਗਦਰ ਰੱਖ ਦਿੱਤਾ ਗਿਆ ਹੋਵੇ ਤੇ ਮੈਨੂੰ ਇਸ ਦਾ ਬਾਲਾ ਕੱਢਣਾ ਹੀ ਪੈਣਾ ਹੋਵੇ। ਇਹ ਠੀਕ ਹੈ ਕਿ ਉਹ ਦੇਸ਼ ਦਾ ਬਹੁਤ ਬੜਾ ਕੌਮੀ ਲੀਡਰ ਸੀ ਜਿਸ ਦੀ ਮਸ਼ਹੂਰੀ ਨਾ ਕੇਵਲ ਆਪਣੇ ਦੇਸ਼ ਵਿਚ ਹੀ ਸੀ ਸਗੋਂ ਪਰਦੇਸਾਂ ਵਿਚ ਵੀ ਪਹੁੰਚ ਚੁੱਕੀ ਸੀ। ਕੌਮੀ ਲਹਿਰ ਦੇ ਖੱਬੇ ਪੱਖ ਨੇ ਉਸ ਦੇ ਨਾਂ 'ਤੇ ਕਾਂਗਰਸ ਦੇ 1939 ਵਿਚ ਹੋਏ ਤ੍ਰਿਪੁਰਾ ਇਜਲਾਸ ਦੀ ਪ੍ਰਧਾਨਗੀ ਚੋਣ ਵਿਚ ਮਹਾਤਮਾ ਗਾਂਧੀ ਦੇ ਪ੍ਰਧਾਨਗੀ ਦੇ ਉਮੀਦਵਾਰ ਪਿਟਾ ਭਾਈ ਸੀਤਾ ਰਾਮੱਈਆ ਨੂੰ ਬੁਰੀ ਤਰ੍ਹਾਂ ਹਰਾਇਆ ਸੀ ਤੇ ਗਾਂਧੀ ਦੀ ਇਹ ਹਾਰ ਦਰਅਸਲ ਸਮੁੱਚੀ ਕੌਮੀ ਆਜ਼ਾਦੀ ਦੀ ਲਹਿਰ ਅੰਦਰਲੇ ਇਨਕਲਾਬੀ ਪੱਖ ਦੀ ਫਤਿਹ ਸੀ। ਅਸੀਂ ਮਾਰਕਸਵਾਦੀਆਂ ਪੂਰਾ ਟਿੱਲ ਲਾ ਕੇ ਸੁਭਾਸ਼ ਨੂੰ ਜਿਤਾਇਆ ਸੀ। ਇਹ ਮਹਾਤਮਾ ਗਾਂਧੀ ਦੀ ਸੁਧਾਰਵਾਦੀ ਤੇ ਸਹਿਜਧਾਰੀ ਨੀਤੀ 'ਤੇ ਜਿੱਤ ਪ੍ਰਾਪਤ ਕਰਕੇ ਕੌਮੀ ਲਹਿਰ ਦੇ ਖੱਬੇ ਧੜੇ ਜਿਸ ਵਿਚ ਅਸੀਂ ਸਮਾਜਵਾਦੀ ਲੋਕ ਵੀ ਸ਼ਾਮਲ ਸਾਂ, ਦਾ ਪੱਖ ਪੂਰਨ ਲੱਗ ਪਿਆ ਸੀ ਅਤੇ ਕੌਮੀ ਜਮਹੂਰੀ ਇਨਕਲਾਬ ਦੀਆਂ ਗਰਮ ਗਰਮ ਗੱਲਾਂ ਕਰਨ ਡਹਿ ਪਿਆ ਸੀ ਜਿਨ੍ਹਾਂ 'ਚੋਂ ਉਸ ਦਾ ਸਮਾਜਵਾਦ ਵੱਲ ਝੁਕਾ ਵੀ ਝਲਕ ਮਾਰ ਜਾਂਦਾ ਸੀ।

ਉਂਜ, ਉਸ ਦਾ ਪਿਛੋਕੜ ਹਾਲੇ ਅਜੇ ਦੂਰ ਨਹੀਂ ਸੀ ਗਿਆ। ਉਸ ਦੀ ਬੁਨਿਆਦੀ ਸਿਆਸਤ ਸਾਡੇ ਨਾਲੋਂ ਵੱਖਰੀ ਸੀ। ਅਸੀਂ ਕੱਟੜ ਮਾਰਕਸਵਾਦੀ ਤੇ ਲੈਨਿਨਵਾਦੀ ਸਾਂ ਅਤੇ ਉਹ ਫਾਸਿਸਟ ਜਰਮਨੀ ਵਰਗੇ ਕੱਟੜ ਕੌਮੀ ਸੁਭਾਅ ਦਾ ਸਿਧਾਂਤੀ ਸੀ। ਉਹ ਜਮਾਤੀ ਘੋਲ ਦੇ ਸੋਸ਼ਲਿਸਟ ਸਿਧਾਂਤ ਨੂੰ ਦੇਖਣਾ ਵੀ ਨਹੀਂ ਸੀ ਚਾਹੁੰਦਾ। ਉਹ ਟਾਟਾ ਨਗਰ 'ਚ ਸਾਡੀ ਮਜ਼ਦੂਰ ਯੂਨੀਅਨ ਅਤੇ ਇਸ ਦੇ ਘੋਲ ਵਿਰੁਧ ਹਮੇਸ਼ਾ ਹੀ ਟਾਟੇ ਦੀ ਸਰਕਾਰੀ ਯੂਨੀਅਨ ਦੀ ਤਰਫ਼ਦਾਰੀ ਤੇ ਅਗਵਾਈ ਕਰਦਾ ਹੁੰਦਾ ਸੀ। ਇਹ ਠੀਕ ਹੈ ਕਿ ਉਹ ਅੰਗਰੇਜ਼ੀ ਸਾਮਰਾਜ ਦਾ ਵਿਰੋਧੀ ਸੀ ਅਤੇ ਅਸੀਂ ਵੀ ਅੰਗਰੇਜ਼ੀ ਸਾਮਰਾਜ ਦੇ ਜਾਨੀ ਦੁਸ਼ਮਣ ਸਾਂ। ਇਸ ਨਾਤੇ ਅਸੀਂ ਕੌਮੀ ਆਜ਼ਾਦੀ ਦੀ ਲਹਿਰ ਅੰਦਰ ਹਮਤੋਰ ਤੇ ਹਮਘੋਲ ਸਾਂ। ਉਹਨੇ ਸਾਡੀ ਹੀ ਹਮਾਇਤ ਤੇ ਸਹਾਇਤਾ ਨਾਲ ਦੇਸ਼ ਦੇ ਮਹਾਨ ਆਗੂ ਮਹਾਤਮਾ ਗਾਂਧੀ ਨੂੰ ਹਰਾਇਆ ਸੀ। ਜਦ ਉਸ ਨੂੰ ਕਾਂਗਰਸ ਦੀ ਲੀਡਰਸ਼ਿਪ ਮੱਲੀ ਬੈਠੇ ਸਹਿਜਧਾਰੀ ਧੜੇ ਨੇ ਜਿੱਤੀ ਹੋਈ ਪ੍ਰਧਾਨਗੀ ਤੋਂ ਮੱਲੋ-ਮੱਲੀ ਹਟਾ ਦਿੱਤਾ ਤਾਂ ਅਸੀਂ ਉਸ ਨਾਲ ਰਲ ਕੇ ਫਾਰਵਰਡ ਬਲਾਕ ਬਣਾਉਣ ਵਿਚ ਬੜਾ ਤਕੜਾ ਹਿੱਸਾ ਪਾਇਆ। ਇਸ ਹਿੱਸੇ ਦੇ ਫਲਸਰੂਪ ਸਰਬ ਹਿੰਦ ਫਾਰਵਰਡ ਬਲਾਕ ਦੀ ਹਾਈ ਕਮਾਂਡ ਵਿਚ ਸਾਡੀ (ਕਿਰਤੀਆਂ ਦੀ) ਉਘੀ ਥਾਂ ਤੇ ਆਵਾਜ਼ ਸੀ।

ਬੋਸ ਨਾਲ ਸਾਡੇ ਇਸ ਨੇੜ ਨੇ ਉਸ ਨੂੰ ਸਾਡੀਆਂ ਸੁਣ ਲੈਣ ਲਈ ਪ੍ਰੇਰਿਆ ਅਤੇ ਉਹ ਮਾਰਕਸਵਾਦ ਤੇ ਲੈਨਿਨਵਾਦ ਵੱਲ ਕੁਝ ਕੁਝ ਝੁਕਣ ਤੇ ਕੰਮ ਦੇਣ ਲੱਗ ਪਿਆ। ਉਹਨੇ ਸਤੰਬਰ 1939 ਵਿਚ ਅੱਛਰ ਸਿੰਘ ਛੀਨਾ ਨਾਲ ਹੋਏ ਸਿਆਸੀ ਨਜ਼ਰੀਏ ਦੇ ਬਚਨ ਬਲਾਸਾਂ ਵਿਚ ਸਮਾਜਵਾਦ ਦੇ ਸੋਵੀਅਤ ਯੂਨੀਅਨ ਵਿਚ ਹੋ ਰਹੇ ਅਮਲ ਨੂੰ ਜਾ ਕੇ ਦੇਖਣ ਦਾ ਇਕਰਾਰ ਕਰ ਲਿਆ ਸੀ ਅਤੇ ਅਸੀਂ ਛੀਨੇ ਦੇ ਕਹਿਣ 'ਤੇ ਮਹਾਨ ਜਗਤ ਯੁੱਧ ਛਿੜ ਜਾਣ ਨਾਲ ਕੌਮੀ ਤੇ ਕੌਮਾਂਤਰੀ ਹਾਲਾਤ ਗੰਭੀਰ, ਖਰਾਬ ਤੇ ਮੁਸ਼ਕਿਲ ਹੋ ਜਾਣ ਦੇ ਬਾਵਜੂਦ ਅੰਗਰੇਜ਼ੀ ਸਾਮਰਾਜ ਤੇ ਉਸ ਦੀਆਂ ਕਠਪੁਤਲੀ ਹਕੂਮਤਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਉਸ ਨੂੰ ਮਾਸਕੋ ਲਿਜਾਣ ਦਾ ਬਚਨ ਦੇ ਦਿੱਤਾ ਸੀ। ਅਸਾਂ ਰਾਮ ਕਿਸ਼ਨ ਬੀ.ਏ. ਨੈਸ਼ਨਲ ਨੂੰ ਮਾਸਕੋ ਭੇਜਣ ਲੱਗਿਆਂ ਫੈਸਲਾ ਕੀਤਾ ਸੀ ਕਿ ਜੇ ਬੋਸ ਨੂੰ ਲਿਜਾਣਾ ਹੀ ਹੈ ਤਾਂ ਰਾਮ ਕਿਸ਼ਨ ਉਹਦੇ ਨਾਲ ਜਾਵੇ। ਜਦ ਰਾਮ ਕਿਸ਼ਨ ਨੇ ਸਾਡੀ ਅਪੀਲ ਲੈ ਕੇ ਮਾਸਕੋ ਜਾਣਾ ਸੀ ਤਾਂ ਛੀਨੇ ਨੇ ਜਾ ਕੇ ਬੋਸ ਨੂੰ ਤਿਆਰ ਕੀਤਾ ਤੇ ਉਸ ਨਾਲ ਜੂਨ 1940 ਵਿਚ ਜਾਣ ਦੀ ਸਲਾਹ ਬਣਾਈ ਪਰ ਬੰਗਾਲ ਵਿਚ ਹਾਲੋਵੈਲ ਯਾਦਗਾਰ ਜੋ ਅੰਗਰੇਜ਼ੀ ਸਾਮਰਾਜ ਦੇ ਬੰਗਾਲ 'ਤੇ ਕਬਜ਼ੇ ਨੂੰ ਚਿਤਾਰਨ ਵਾਸਤੇ ਅੰਗਰੇਜ਼ੀ ਹਕੂਮਤ ਨੇ ਕਲਕੱਤੇ ਵਿਚ ਬਣਾਈ ਹੋਈ ਸੀ, ਢਾਹੁਣ ਲਈ ਸੁਭਾਸ਼ ਚੰਦਰ ਬੋਸ ਨੇ ਲਹਿਰ ਚਲਾ ਦਿੱਤੀ। ਇਸ ਲਹਿਰ ਨੂੰ ਉਹ ਛੱਡ ਕੇ ਨਹੀਂ ਸੀ ਜਾ ਸਕਦਾ। ਇਸ ਲਈ ਜਦ ਰਾਮ ਕਿਸ਼ਨ ਨਾਲ ਤੋਰਨ ਲਈ ਬੋਸ ਨੂੰ ਲੈਣ ਲਈ ਛੀਨਾ ਕਲਕੱਤੇ ਗਿਆ ਤਾਂ ਉਸ ਨੇ ਨਾਂਹ ਕਰ ਦਿੱਤੀ। ਜਦ ਰਾਮ ਕਿਸ਼ਨ ਦੇ ਮਗਰੋਂ ਛੀਨਾ ਉਸ ਦੇ ਬਗੈਰ ਹੀ ਚਲੇ ਗਏ ਤਾਂ ਅਸਾਂ ਉਹਦੇ ਲਿਜਾਣ ਦੇ ਕਾਂਡ ਦਾ ਭੋਗ ਪੈ ਗਿਆ ਸਮਝਿਆ ਤੇ ਗਲੋਂ ਗਲਾਵਾਂ ਲੱਥੇ ਦਾ ਸ਼ੁਕਰ ਮਨਾ ਕੇ ਗੱਲ ਭੁਲਾ ਛੱਡੀ।

ਹੁਣ ਉਹ ਤਾਂ ਆ ਗਿਆ ਸੀ, ਹੁਣ ਕੀ ਕਰੀਏ? ਉਹਦੀ ਪਿਛਲੀ ਸਿਆਸਤ ਅਤੇ ਸਿਧਾਂਤੀ ਝੁਕਾਅ ਦੇਸ਼ ਵਿਚ ਟਾਟਿਆਂ ਦੇ ਨਾਲ ਸੀ ਤੇ ਬਾਹਰ ਜਰਮਨੀ, ਇਟਲੀ ਤੇ ਆਸਟਰੀਆ ਦੇ ਫਾਸਿਸਟੀ ਸਿਧਾਂਤਾਂ ਨਾਲ ਮਿਲਦੇ ਤੇ ਤੁਰਦੇ ਰਹੇ ਸਨ। ਉਹ ਯੂਰਪ ਗਿਆ ਤਾਂ ਇਨ੍ਹਾਂ ਹੀ ਦੇਸ਼ਾਂ ਵਿਚ ਗਿਆ ਤੇ ਫਿਰਿਆ ਅਤੇ ਰਾਜ ਕਰ ਰਹੇ ਫਾਸਿਸਟਾਂ ਤੇ ਨਾਜ਼ੀ ਲੀਡਰਾਂ ਨਾਲ ਮਿਲਿਆ-ਗਿਲਿਆ। ਇਸ ਲਈ ਉਸ ਦੇ ਇਸ ਪਿੱਛੇ ਦਾ ਡਰ ਸਾਨੂੰ ਮਾਰਦਾ ਸੀ।

ਹੁਣ ਉਹਦੇ ਸਾਡੇ ਆਪਣੇ ਵੱਲ ਝੁਕਾਅ ਨੂੰ ਭਾਵੇਂ ਅਸੀਂ ਝਟਕਦੇ ਤਾਂ ਨਹੀਂ ਸਾਂ ਪਰ ਇਸ ਨੂੰ ਬੜੀ ਸਾਵਧਾਨੀ ਨਾਲ ਦੇਖ ਰਹੇ ਸਾਂ। ਇਸ ਨੂੰ ਅਜੇ ਬੱਚਾ ਤੇ ਕੱਚਾ ਸਮਝਦੇ ਸਾਂ ਜਿਸ ਨੂੰ ਪਕਾਉਣ, ਜਵਾਨੀਏ ਚਾੜ੍ਹਨ ਤੇ ਅਜ਼ਮਾਉਣ ਲਈ ਸਮੇਂ ਦੀ ਲੋੜ ਸੀ। ਸਿਆਸੀ ਸਿਧਾਂਤ ਦਾ ਬਦਲਣਾ, ਚੋਲਾ ਬਦਲਣ ਵਾਲੀ ਗੱਲ ਨਹੀਂ ਹੁੰਦੀ ਕਿ ਇਕ ਲਾਹਿਆ ਤੇ ਦੂਸਰਾ ਪਾਇਆ। ਮਨਾਂ ਤੇ ਸਿਰਾਂ ਵਿਚ ਲੰਮੇ ਸਮੇਂ ਤੋਂ ਬੈਠੀਆਂ ਆ ਰਹੀਆਂ ਕੰਮ ਦੀਆਂ ਘਾਸਾਂ ਬਦਲੀ ਦੇ ਲੰਮੇ ਸਮੇਂ ਨਾਲ ਹੀ ਨਿਕਲਦੀਆਂ ਹਨ। ਇਸ ਲਈ ਅਸੀਂ ਬੋਸ ਨੂੰ ਸਮਾਜਵਾਦ ਦੇ ਉਪਦੇਸ਼ ਕਰ ਕਰਕੇ ਮੱਥਾ ਮਾਰਨ ਨਾਲੋਂ ਜੋ ਐਡੇ ਵੱਡੇ ਲੀਡਰ ਦੇ ਮਾਮਲੇ ਵਿਚ ਅਸੰਭਵ ਜਿਹੀ ਗੱਲ ਸੀ, ਮਾਸਕੋ ਲਿਜਾ ਕੇ ਸਮਾਜਵਾਦ ਵਿਚ ਖਲਿਆਰ ਦੇਣਾ ਚਾਹੁੰਦੇ ਸਾਂ ਜਿੱਥੇ ਉਸ ਨਾਲੋਂ ਵੀ ਵੱਡੇ ਅਤੇ ਉਚ ਪਾਏ ਦੇ ਲੀਡਰ ਮੌਜੂਦ ਸਨ।

ਫਿਰ ਇਹੋ ਜਿਹੇ ਵੱਡੇ ਤੇ ਵਿਰੋਧੀ ਪਿਛਾਖੜ ਵਾਲੇ ਲੀਡਰ ਨੂੰ ਜਿਸ ਨੇ ਸਾਡਾ ਹੁਕਮ ਹਦਾਇਤ ਮੰਨਣ ਦੀ ਥਾਂ ਆਪਣਾ ਹੁਕਮ ਚਲਾਉਣਾ ਸੀ, ਸਾਡੇ ਲਈ ਵੱਸ ਵਿਚ ਰੱਖਣਾ ਕੋਈ ਮਾਸੀ ਦਾ ਘਰ ਨਹੀਂ ਸੀ। ਇਸ ਲਈ ਉਹਦੇ ਨਾਲ ਕੋਈ ਉਹਦੇ ਪਾਏ ਦਾ ਜਾਂ ਸਮਾਜਵਾਦ ਦੇ ਸਿਧਾਂਤ ਤੇ ਲਹਿਰਾਂ ਦਾ ਹੰਢਿਆ-ਪੱਕਿਆ ਬੰਦਾ ਹੀ ਚਾਹੀਦਾ ਸੀ ਜੋ ਕੁੰਡੇ ਦੇ ਤੌਰ 'ਤੇ ਉਹਨੂੰ ਆਪਣੇ ਨਾਲ ਲੈ ਜਾਂਦਾ। ਇਸ ਤੋਂ ਬਿਨਾਂ ਇਹੋ ਜਿਹੇ ਸਰਮਾਇਆਦਾਰ ਸਿਧਾਂਤ ਦੇ ਲੀਡਰਾਂ ਨੂੰ ਆਪਣੀ ਤੋਰਨੀ ਤੋਰਨਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੁੰਦਾ ਹੈ।

ਸਾਡੇ ਬਹੁਤ ਸਾਰੇ ਮਾਰਕਸਵਾਦ ਤੇ ਲੈਨਿਨਵਾਦ ਵਿਚ ਸਿਆਣੇ ਤੇ ਕੌਮੀ ਲਹਿਰ ਅੰਦਰ ਪ੍ਰਸਿੱਧ ਬੰਦੇ ਅੰਗਰੇਜ਼ ਸਾਮਰਾਜ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਛੱਡੇ ਸਨ। ਰਾਮ ਕਿਸ਼ਨ ਤੇ ਛੀਨਾ ਉਹਨੂੰ ਉਡੀਕ ਕੇ ਤੁਰ ਗਏ ਸਨ। ਬਾਕੀ ਅਸੀਂ ਜੋ ਦੋ ਚਾਰ ਸਾਂ, ਸਾਡੀ ਇਥੇ ਬੜੀ ਲੋੜ ਸੀ। ਇਸ ਲਈ ਉਹਨੂੰ ਵੱਸ ਵਿਚ ਰੱਖਣ ਲਈ ਉਸ ਦੇ ਨਾਲ ਕੌਣ ਜਾਵੇ? ਇਹ ਸਾਡੇ ਅੱਗੇ ਸਭ ਤੋਂ ਔਖਾ ਸਵਾਲ ਸੀ। ਇਸੇ ਲਈ ਜਦ ਮੈਂ ਉਹਦਾ ਆਉਣਾ ਸੁਣਿਆ ਤਾਂ ਉਹ ਮੈਨੂੰ ਗੈਬੀ ਗੋਲੇ ਵਾਂਗ ਵੱਜਾ।



*ਸੁਭਾਸ਼ ਚੰਦਰ ਬੋਸ*

ਸਾਡੀ ਮੀਟਿੰਗ ਵਿਚ ਬੋਸ ਨੂੰ ਮਾਸਕੋ ਲਿਜਾਣ ਦੀ ਜਦ ਗੱਲ ਆਈ ਤਾਂ ਅਸਾਂ ਕੁਝ ਫੀਲਡ ਵਰਕਰਾਂ ਨੇ ਉਸ ਨੂੰ ਲਿਜਾਣ ਦਾ ਵਿਰੋਧ ਕੀਤਾ ਸੀ। ਕਿਉਂਕਿ ਸਾਡੇ ਲੀਡਰ ਉਸ ਨਾਲ ਬਚਨ ਕਰ ਆਏ ਸਨ, ਅਸਾਂ ਬਚਨ ਪਾਲਣ ਦੀ ਪੰਜਾਬੀ ਇਤਿਹਾਸਕ ਰੀਤ ਅਨੁਸਾਰ ਉਸ ਨੂੰ ਮੰਨ ਲਿਆ, ਪਰ ਉਸ ਦੇ ਰਾਮ ਕਿਸ਼ਨ ਤੇ ਛੀਨੇ ਨਾਲ ਨਾ ਜਾ ਸਕਣ 'ਤੇ ਸ਼ੁਕਰ ਮਨਾਇਆ ਸੀ। ਉਹ ਆਪ ਤਾਂ ਆ ਗਿਆ ਸੀ, ਉਹਨੂੰ ਹੁਣ ਕਿਸ ਤਰ੍ਹਾਂ ਭੇਜ ਸਕਦੇ ਹਾਂ? ਮੈਂ ਆਏ ਬੰਦੇ ਨੂੰ ਆਪਣੀ ਅਸਹਿਮਤੀ ਜਿਹੀ ਪ੍ਰਗਟ ਕੀਤੀ।

"ਜੀ ਉਹ ਆਖਦਾ ਹੈ ਕਿ ਛੀਨੇ ਨੇ ਮੇਰੇ ਮਾਸਕੋ ਲਿਜਾਣ ਦਾ ਸਾਰਾ ਇੰਤਜ਼ਾਮ ਕੀਤਾ ਹੋਇਆ ਹੈ।" ਉਸ ਨੇ ਬੋਸ ਦੀ ਚਲੇ ਜਾਣ ਦੀ ਦ੍ਰਿੜਤਾ ਦੱਸੀ।

"ਪਰ ਛੀਨਾ ਤਾਂ ਚਲੇ ਗਿਆ ਹੈ।" ਮੈਂ ਟਰਕਾਇਆ।

"ਅਸਾਂ ਬਥੇਰਾ ਆਖਿਆ ਹੈ ਪਰ ਉਹ ਬੋਲਦਾ ਹੈ, ਮੈਨੂੰ ਵੀ ਭੇਜੋ।" ਸੱਪ ਦੇ ਮੂੰਹ ਵਿਚ ਕੋਹੜ ਕਿਰਲੀ। ਮੈਂ ਉਸ ਵੇਲੇ ਤੇ ਇਕੱਲਾ, ਬੋਸ ਨੂੰ ਲਿਜਾਣ ਦੇ ਏਡੇ ਵੱਡੇ ਇਤਿਹਾਸਕ ਕੰਮ ਦੇ ਪੱਥਰ ਨੂੰ ਚੁੱਕਣ ਦੀ ਸਰਹੱਦੀ ਵਰਕਰਾਂ ਨੂੰ ਕਿਸ ਤਰ੍ਹਾਂ ਆਗਿਆ ਦੇ ਸਕਦਾ ਸਾਂ।

"ਚੰਗਾ ਅੱਜ ਠਹਿਰ! ਕੱਲ੍ਹ ਬਾਰਾਂ ਵਜੇ ਤੈਨੂੰ ਫੈਸਲਾ ਪੁੱਜ ਜਾਵੇਗਾ।"

ਜੰਗ ਭਖੀ ਨੂੰ ਸਵਾ ਸਾਲ ਹੋ ਚੁੱਕਾ ਸੀ। ਬਰਤਾਨੀਆ ਨੂੰ ਹਿਟਲਰ ਦੀਆਂ ਫੌਜਾਂ ਅੱਗੇ ਹਾਰਾਂ ਹੀ ਹਾਰਾਂ ਹੋ ਰਹੀਆਂ ਸਨ। ਦੁਨੀਆਂ ਵਿਚ ਅੰਗਰੇਜ਼ੀ ਸਾਮਰਾਜ ਦੇ ਤਾਰੇ ਦੇ ਡੁੱਬਣ ਦਾ ਯਕੀਨ ਬੱਝ ਰਿਹਾ ਸੀ ਤੇ ਹਰ ਗੁਲਾਮ ਦੇਸ਼ ਦੀ ਆਜ਼ਾਦੀ ਦੀ ਲਹਿਰ ਅੰਗਰੇਜ਼ੀ ਸਾਮਰਾਜ ਦੇ ਇਨ੍ਹਾਂ ਡੋਬਾਂ ਵਿਚ ਆਪਣੀ ਮੁਕਤੀ ਦੀਆਂ ਆਸਾਂ ਲਾ ਰਹੀ ਸੀ। ਕੌਮੀ ਤੰਗਨਜ਼ਰੀ ਦੇ 'ਦੁਸ਼ਮਣ ਦਾ ਦੁਸ਼ਮਣ ਦੋਸਤ' ਦੇ ਮੰਤਕ ਅਨੁਸਾਰ ਹਿੰਦੋਸਤਾਨ ਦੀ ਕੌਮੀ ਲਹਿਰ ਅੰਦਰ ਵੀ ਜਰਮਨੀ ਦੀਆਂ ਜਿੱਤਾਂ ਵੱਲ ਨਿਗਾਹਾਂ ਉਚੀਆਂ ਹੋ ਉਠੀਆਂ ਸਨ ਤੇ ਇਸੇ ਸਿਆਸੀ ਲਾਲਸਾ ਨੇ ਬੋਸ ਦੀ ਬਾਹਰ ਜਾਣ ਦੀ ਸੁੱਤੀ ਲਗਨ ਫੇਰ ਜਗਾ ਦਿੱਤੀ ਸੀ ਤੇ ਉਸ ਨੇ ਜਿੱਤ ਰਹੀਆਂ ਤਾਕਤਾਂ ਨਾਲ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਵਾਸਤੇ ਸਹਾਇਤਾ ਲੈਣ ਦੇ ਗਾਂਢੇ ਗੰਢਣ ਵਾਸਤੇ ਬਾਹਰ ਜਾਣ ਦਾ ਮਨ ਬਣਾ ਲਿਆ। ਇਸ ਲਈ ਉਹਨੇ ਹਾਲੋਵੈਲ ਦਾ ਬੁੱਤ ਹਟਾਉਣ ਦੀ ਲਹਿਰ ਦੇ ਸਿਲਸਿਲੇ ਵਿਚ ਹੋਈ ਕੈਦ ਤੋਂ ਛੁਟਕਾਰਾ ਪਾਉਣ ਲਈ 25 ਨਵੰਬਰ 1940 ਨੂੰ ਭੁੱਖ ਹੜਤਾਲ ਕਰ ਦਿੱਤੀ ਜਿਸ 'ਤੇ ਸਰਕਾਰ ਨੇ ਉਹਨੂੰ 5 ਦਸੰਬਰ 1940 ਨੂੰ ਰਿਹਾ ਕਰ ਦਿੱਤਾ। ਰਿਹਾ ਹੋ ਕੇ ਮਨ ਦੀ ਸ਼ੁੱਧੀ ਦਾ ਪੱਜ ਲਾ ਕੇ ਅੰਤਰ-ਧਿਆਨ ਹੋਣ ਲਈ ਆਪਣੇ ਕਮਰੇ ਵਿਚ ਬੰਦ ਰਹਿਣ ਲੱਗ ਪਿਆ। ਇਹ ਖ਼ਬਰ ਅਖ਼ਬਾਰਾਂ ਵਿਚ ਧੁਮਾ ਦਿੱਤੀ ਤੇ ਆਪਣੇ ਸਕੇ ਸਬੰਧੀਆਂ, ਯਾਰਾਂ ਮਿੱਤਰਾਂ ਤੇ ਮੇਲੀਆਂ ਗੇਲੀਆਂ ਨੂੰ ਮਿਲਣਾ ਮਿਲਾਉਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਡੇਢ ਮਹੀਨਾ ਛਿਲੇ ਵਿਚ ਰਹਿ ਕੇ ਉਸ ਨੇ ਚੋਰੀ-ਚੋਰੀ ਆਪਣੀ ਦਾੜ੍ਹੀ ਵਧਾ ਲਈ ਅਤੇ ਚੁੱਪ ਚੁਪੀਤਾ ਪਠਾਣੀ ਲਿਬਾਸ ਪਾ ਕੇ ਕਲਕੱਤਾ ਮੇਲ ਵਿਚ ਬੈਠ ਕੇ 1 ਜਨਵਰੀ 1941 ਨੂੰ ਪਿਸ਼ਾਵਰ ਛਾਉਣੀ ਪੁੱਜ ਗਿਆ।

ਇਹ ਕੁਝ ਉਹਨੇ ਆਪਣੇ-ਆਪ ਹੀ ਕੀਤਾ ਸੀ। ਉਹਨੂੰ ਉਮੀਦ ਸੀ ਕਿ ਅਸੀਂ ਉਹਦਾ ਜ਼ਰੂਰ ਬੰਦੋਬਸਤ ਕੀਤਾ ਹੋਣਾ ਹੈ। ਇਸ ਲਈ ਉਸ ਨੇ ਰਿਹਾ ਹੁੰਦਿਆਂ ਹੀ ਛਿਲੇ ਵਿਚ ਜਾਣ ਤੋਂ ਪਹਿਲਾਂ ਸਰਬ ਹਿੰਦ ਫਾਰਵਰਡ ਬਲਾਕ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸੱਦੀ ਜਿਸ ਵਿਚ ਸਾਡੇ ਸਰਹੱਦ ਦੇ ਵਰਕਰ ਮੀਆਂ ਅਕਬਰ ਸ਼ਾਹ ਵਕੀਲ ਨੂੰ ਉਚੇਚੇ ਤੌਰ 'ਤੇ ਸੱਦਿਆ ਜੋ ਹਿਜ਼ਰੀਆ ਨਾਲ ਮਾਸਕੋ ਤੋਂ ਇਨਕਲਾਬੀ ਸਿੱਖਿਆ ਲੈ ਕੇ ਆਇਆ ਹੋਇਆ ਸੀ। ਉਹ ਸਰਹੱਦ ਦੇ ਫਾਰਵਰਡ ਬਲਾਕ ਦਾ ਉਘਾ ਮੈਂਬਰ ਸੀ ਤੇ ਬੋਸ ਦੇ 1936 ਵਿਚ ਸਰਹੱਦ ਦੇ ਦੌਰੇ ਵੇਲੇ ਉਸ ਦੀ ਸਾਂਭ-ਸੂੰਭ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਕਰਕੇ ਬੋਸ ਦੀਆਂ ਨਜ਼ਰਾਂ ਤੇ ਯਾਦਾਂ ਵਿਚ ਆ ਚੁੱਕਾ ਸੀ। ਮੀਏਂ ਨਾਲ ਉਸ ਨੇ ਗੱਲ ਕੀਤੀ, ਉਸ ਨੂੰ ਸਾਡੇ ਬੰਦਿਆਂ ਨੂੰ ਤਿਆਰ ਕਰਨ ਲਈ ਆਖਿਆ ਤੇ ਉਸ ਨਾਲ ਪਿਸ਼ਾਵਰ ਪੁਜਣ ਦੀ ਤਾਰੀਖ ਤੇ ਥਾਂ ਮਿਥ ਲਈ।

ਮੀਏਂ ਨੇ ਉਥੋਂ ਆ ਕੇ ਆਪਣੇ ਨਾਲ ਦੇ ਵਰਕਰ ਭਗਤ ਰਾਮ ਤਲਵਾਰ ਅਤੇ ਆਬਾਦ ਖਾਂ ਨਾਲ ਗੱਲ ਕੀਤੀ ਜਿਨ੍ਹਾਂ ਦੱਸਿਆ ਕਿ ਉਹਨੂੰ ਲਿਜਾਣ ਦਾ ਇੰਤਜ਼ਾਮ ਤਾਂ ਕੀਤਾ ਸੀ, ਪਰ ਉਹ

**ਗਦਰ ਸ਼ਤਾਬਦੀ**

ਆਇਆ ਨਹੀਂ। ਹੁਣ ਵੀ ਹੋ ਸਕਦਾ ਹੈ, ਪਰ ਪਾਰਟੀ ਪਾਸੋਂ ਆਗਿਆ ਲੈਣੀ ਪਵੇਗੀ। ਉਨ੍ਹਾਂ ਆਪਸ ਵਿਚ ਸਲਾਹ ਕਰ ਕੇ ਬੋਸ ਨੂੰ ਸਭ ਅੱਛਾ ਦੀ ਤਾਰ ਦੇ ਦਿੱਤੀ ਤੇ ਉਹ ਨਿਯਤ ਤਾਰੀਖ 'ਤੇ ਪਿਸ਼ਾਵਰ ਪਹੁੰਚ ਗਿਆ। ਉਸ ਨੂੰ ਪਿਸ਼ਾਵਰ ਛਾਉਣੀ ਦੇ ਸਟੇਸ਼ਨ ਤੋਂ ਲੈ ਕੇ ਉਸ ਮਕਾਨ ਵਿਚ ਪਹੁੰਚਾ ਦਿੱਤਾ ਜੋ ਉਸ ਦੇ ਆਉਣ ਤੋਂ ਪਹਿਲਾਂ ਇਸੇ ਕੰਮ ਲਈ ਕਿਰਾਏ 'ਤੇ ਲਿਆ ਗਿਆ ਸੀ। ਉਸ ਨੂੰ ਸਾਂਭ ਕੇ ਉਨ੍ਹਾਂ ਸਾਡੀ ਆਗਿਆ ਲੈਣ ਲਈ ਇਕ ਬੰਦਾ ਲਾਹੌਰ ਭੇਜ ਦਿੱਤਾ।

ਅਸੀਂ ਮਹਿੰਦਰ ਸਿੰਘ ਸੋਢੀ ਨੂੰ ਸੱਦਿਆ ਜੋ ਗਦਰ ਪਾਰਟੀ ਵੱਲੋਂ ਅਮਰੀਕਾ ਤੋਂ ਮਾਸਕੋ ਹੋ ਕੇ ਆਇਆ ਸੀ ਤੇ ਬੋਸ-ਛੀਨੇ ਦੀ ਗੱਲਬਾਤ ਤੋਂ ਜਾਣੂ ਸੀ। ਸਾਡੀ ਪੋਲਿਟ ਬਿਊਰੋ ਦੀ ਮੀਟਿੰਗ ਸੋਢੀ ਨੂੰ ਲੈ ਕੇ ਬੈਠ ਗਈ। ਅਸੀਂ ਸੋਢੀ ਤੋਂ ਬੋਸ ਦੀਆਂ ਪਾਰਟੀ ਵਾਲਿਆਂ ਨਾਲ ਹੋਈਆਂ ਗੱਲਾਂ, ਕੀਤੇ ਕਰਾਰ ਤੇ ਜੋੜਾਂ ਦੀ ਰਿਪੋਰਟ ਲਈ। ਇਸ ਮੁਹਿੰਮ ਦਾ ਸਾਰਾ ਬੁਰਾ ਭਲਾ ਵਿਚਾਰਿਆ ਤੇ ਇਸ ਨਤੀਜੇ 'ਤੇ ਪਹੁੰਚੇ ਕਿ ਭਾਵੇਂ ਉਹਦੀ ਤੇ ਸਾਡੀ ਸਿਆਸੀ ਵਿਚਾਰਧਾਰਾ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ, ਭਾਵੇਂ ਉਸ 'ਤੇ ਯਕੀਨ ਨਹੀਂ ਸੀ ਕੀਤਾ ਜਾ ਸਕਦਾ ਕਿ ਉਹ ਕਾਬਲ ਜਾ ਕੇ ਜ਼ਰੂਰ ਹੀ ਮਾਸਕੋ ਜਾਏਗਾ, ਭਾਵੇਂ ਇਹ ਪੂਰਾ ਸ਼ੱਕ ਨਹੀਂ, ਸਗੋਂ ਯਕੀਨ ਸੀ ਕਿ ਉਹ ਮਾਸਕੋ ਦੀ ਥਾਂ ਨਾਜ਼ੀ ਜਰਮਨੀ ਜਾਂ ਫਾਸਿਸਟ ਇਟਲੀ ਜਾਣਾ ਚੰਗਾ ਸਮਝੇਗਾ; ਤਾਂ ਵੀ ਉਹਨੂੰ ਕਾਬਲ ਭੇਜਣ ਤੇ ਮਾਸਕੋ ਲਿਜਾਣ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹ ਭਾਵੇਂ ਸਾਡੇ ਵਾਂਗ ਮਾਰਕਸਵਾਦ ਲੈਨਿਨਵਾਦ ਦਾ ਪੂਰਾ ਰਹਿਤੀਆ ਤਾਂ ਨਹੀਂ ਸੀ ਪਰ ਅੰਗਰੇਜ਼ੀ ਸਾਮਰਾਜ ਦਾ ਕੱਟੜ ਵਿਰੋਧੀ ਤਾਂ ਸੀ। ਉਸ ਨੇ ਸਾਡੇ ਨਾਲ ਰਲ ਕੇ ਕਾਂਗਰਸ ਦੇ ਸਹਿਜਧਾਰੀ ਪੱਖ ਨੂੰ ਤਾਂ ਹਰਾਇਆ ਹੀ ਸੀ। ਉਸ ਨੇ ਮਾਸਕੋ ਜਾਣ ਅਤੇ ਮਾਰਕਸਵਾਦ ਦੇ ਅਮਲ ਨੂੰ ਜਾਚਣ ਲਈ ਸਾਡੇ ਲੀਡਰਾਂ ਨਾਲ ਬਚਨ ਤਾਂ ਕੀਤਾ ਸੀ, ਤੇ ਇਨ੍ਹਾਂ ਬਚਨਾਂ ਦੇ ਨਿਭਾਣ ਲਈ ਉਹ ਘਰੋਂ ਦੌੜ ਕੇ ਸਾਡੇ ਬੂਹੇ ਆ ਬੈਠਾ ਸੀ। ਇਸ ਲਈ ਫੈਸਲਾ ਕੀਤਾ ਗਿਆ ਕਿ ਉਸ ਨੂੰ ਘੱਲ ਤਾਂ ਦਿੱਤਾ ਜਾਵੇ ਪਰ ਉਸ ਨਾਲ ਕੋਈ ਅਜਿਹਾ ਸਮਾਜਵਾਦੀ ਸਿਧਾਂਤ ਤੇ ਲਹਿਰ ਵਿਚ ਹੰਢਿਆ ਵਰਤਿਆ ਕਾਮਰੇਡ ਜਾਵੇ ਜੋ ਉਸ ਨੂੰ ਕਾਬਲ ਤੋਂ ਨਾਜ਼ੀਆਂ ਵੱਲ ਨਾ ਜਾਣ ਦੇਵੇ ਤੇ ਮਾਸਕੋ ਲੈ ਜਾਵੇ।

ਇਸ ਕੰਮ ਲਈ ਅਸਾਂ ਸੋਢੀ ਮਹਿੰਦਰ ਸਿੰਘ ਦੀ ਡਿਊਟੀ ਲਾਈ ਤੇ ਉਸ ਨੂੰ ਪੱਕੀ ਕਰ ਦਿੱਤੀ ਕਿ ਉਹ ਬੋਸ ਨੂੰ ਇਕੱਲਿਆਂ ਜਾਂ ਕਿਸੇ ਹੋਰ ਗੋਚਰੇ ਨਾ ਛੱਡੇ ਕਿਉਂਕਿ ਇਹ ਬੜਾ ਖਤਰਾ ਸੀ ਕਿ ਉਸ ਵੇਲੇ ਦੇ ਕੌਮਾਂਤਰੀ ਹਾਲਾਤ ਅਨੁਸਾਰ ਬੋਸ ਜਿਹੇ ਨਿਰੋਲ ਕੌਮੀ ਕਟੜਤਾ ਦੇ ਸਿਧਾਂਤ ਵਾਲੇ ਵੱਡੇ ਲੀਡਰ ਵਾਸਤੇ ਮਾਸਕੋ ਨਾਲੋਂ ਜਰਮਨਾਂ ਪਾਸ ਜਾਣਾ ਜ਼ਿਆਦਾ ਸੰਭਵ ਸੀ, ਕਿਉਂਕਿ ਜਰਮਨੀ ਸਾਡੇ ਦੁਸ਼ਮਣ ਅੰਗਰੇਜ਼ੀ ਸਾਮਰਾਜ ਨੂੰ ਹਰਾ ਰਿਹਾ ਸੀ ਤੇ ਰੂਸ ਜਰਮਨਾਂ ਨਾਲ ਜੰਗ ਨਾ ਕਰਨ ਦਾ ਰਾਜ਼ੀਨਾਵਾਂ ਕਰੀ ਬੈਠਾ ਸੀ।

ਸੋਢੀ ਸਰਹੱਦ ਵਾਲੇ ਕਾਮਰੇਡਾਂ ਨਾਲ ਚਲਾ ਗਿਆ। ਉਹ 28 ਜਨਵਰੀ ਨੂੰ ਵਾਪਸ ਆਇਆ। ਉਹਨੇ ਦੱਸਿਆ ਕਿ ਬੋਸ ਨਾਲ ਭਗਤ ਰਾਮ ਤਲਵਾਰ ਗਿਆ ਸੀ ਤੇ ਸੋਢੀ ਦਾ ਜਾਣਾ ਇਸ ਕਰਕੇ ਸਹੀ ਨਾ ਸਮਝਿਆ ਗਿਆ ਕਿ ਉਹ ਪਸ਼ਤੋ ਨਹੀਂ ਸੀ ਜਾਣਦਾ ਤੇ ਬੋਸ ਨਾਲ ਪਸ਼ਤੋ ਤੇ ਫਾਰਸੀ ਜਾਨਣ ਵਾਲਾ ਬੰਦਾ ਚਾਹੀਦਾ ਸੀ। ਦੋ ਜਣਿਆਂ ਨੂੰ ਗੁੰਗਾ ਬਣਾ ਕੇ ਪਿੰਡਾਂ ਦੇ ਰਾਹ ਨਹੀਂ ਸੀ ਲਿਜਾਇਆ ਜਾ ਸਕਦਾ। ਇਹ ਸੁਣ ਕੇ ਅਸੀਂ ਤਾਂ ਜਿਵੇਂ ਸੱਥਰ ਲਹਿ ਗਏ। ਸਾਨੂੰ ਆਪਣੀ ਮੁਹਿੰਮ ਦੇ ਮੰਦੇ ਭਾਗ ਦਿਸ ਪਏ। ਅਸੀਂ ਸੋਢੀ ਨੂੰ ਬੜੇ ਗੁੱਸੇ ਹੋਏ ਕਿ ਉਹ ਨਾਲ ਕਿਉਂ ਨਹੀਂ ਗਿਆ ਤੇ ਜੇ ਉਹ ਨਾਲ ਨਹੀਂ ਸੀ ਜਾ ਸਕਦਾ ਤਾਂ ਰਾਮ ਕਿਸ਼ਨ ਤੇ ਛੀਨੇ ਵਾਂਗ ਵੱਖ ਕਾਬਲ ਚਲਿਆ ਜਾਂਦਾ ਤੇ ਉਥੇ ਉਨ੍ਹਾਂ ਨਾਲ ਜਾ ਰਲਦਾ, ਕਿਉਂਕਿ ਸਾਨੂੰ ਪਤਾ ਸੀ ਕਿ ਭਗਤ ਰਾਮ ਵਰਗਾ ਮਾਰਕਸੀ ਸਿਧਾਂਤ ਵਿਚ ਉਸ ਵੇਲੇ ਕੱਚਾ ਤੇ ਸਮਾਜਵਾਦੀ ਲਹਿਰ ਅੰਦਰ ਅਜੇ ਅਲੂੰਆਂ

***ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਦੇਸ਼ ਤੋਂ ਬਾਹਰ ਜਾਣ ਬਾਰੇ ਅਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਪਾਏ ਜਾਂਦੇ ਹਨ। ਹੁਣ ਜਦੋਂ ਕਿ ਗਦਰ ਲਹਿਰ ਦੀ ਸ਼ਤਾਬਦੀ (2012 ਵਿਚ) ਮਨਾਈ ਜਾ ਰਹੀ ਹੈ ਤਾਂ ਕਈ ਅਖੌਤੀ ਕਿਸਮ ਦੇ ਲੇਖਕ ਗਦਰ ਪਾਰਟੀ ਬਾਰੇ ਅਤੇ ਗਦਰ ਲਹਿਰ ਦੇ ਕਈ ਯੋਧਿਆਂ ਬਾਰੇ "ਅੰਨਾ, ਕੁੱਤਾ ਹਵਾ ਨੂੰ ਭੌਂਕੇ" ਦੇ ਅਖਾਣ ਵਾਂਗ ਊਟ-ਪਟਾਂਗ ਲਿਖੀ ਜਾ ਰਹੇ ਹਨ। ਇਸੇ ਤਰ੍ਹਾਂ ਹੀ ਸੁਭਾਸ਼ ਚੰਦਰ ਬੋਸ ਬਾਰੇ ਕਈ ਤੀਸ ਮਾਰ ਖਾਂ ਬੁੱਧੀਜੀਵੀ ਊਟ-ਪਟਾਂਗ ਆਖੀ ਜਾਂਦੇ ਰਹੇ ਹਨ। ਸੁਭਾਸ਼ ਚੰਦਰ ਬੋਸ ਕਿਸ ਤਰ੍ਹਾਂ ਹਿੰਦੋਸਤਾਨ ਤੋਂ ਬਾਹਰ ਗਏ ਅਤੇ ਉਨ੍ਹਾਂ ਨੂੰ ਬਾਹਰ ਭੇਜਣ ਲਈ ਕਿਨ੍ਹਾਂ ਲੋਕਾਂ ਨੇ ਵਿਸ਼ੇਸ਼ ਮਦਦ ਕੀਤੀ? ਇਹ ਸਵਾਲ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਹੈ। ਗਦਰੀ ਬਾਬਿਆਂ ਤੋਂ ਬਿਨਾ ਅਜਿਹਾ ਔਖਾ ਕੰਮ ਭਲਾ ਹੋਰ ਕੌਣ ਕਰ ਸਕਦਾ ਸੀ? ਨੇਤਾ ਜੀ ਦੀ ਮੌਤ ਕਿਸ ਤਰ੍ਹਾਂ ਹੋਈ? ਉਹ ਲਾਹੌਰ ਜੇਲ੍ਹ ਵਿਚ ਸ਼ਾਹੀ ਕੈਦੀ ਵਾਸਦੇਵ ਸਿੰਘ ਨੂੰ ਕਿਵੇਂ ਮਿਲੇ ਅਤੇ ਕਿਵੇਂ ਆਪਣੇ ਮਕਸਦ ਦੀ ਪੂਰਤੀ ਲਈ ਉਨ੍ਹਾਂ ਤੋਂ ਮਦਦ ਦੀ ਮੰਗ ਕੀਤੀ? ਇਹ ਸਭ ਇਕ ਵੱਖਰੇ ਲੇਖ ਰਾਹੀਂ ਪੇਸ਼ ਕਰਾਂਗੇ, ਹੁਣ ਇਥੇ ਪੇਸ਼ ਹੈ ਗਦਰ ਪਾਰਟੀ ਦੇ ਇਕ ਉਘੇ ਆਗੂ ਸ. ਗੁਰਚਰਨ ਸਿੰਘ ਸਹਿੰਸਰਾ ਦੀ ਜ਼ੁਬਾਨੀ ਕਿ ਕਿਵੇਂ ਨੇਤਾ ਜੀ ਨੂੰ ਹਿੰਦੋਸਤਾਨ ਤੋਂ ਬਾਹਰ ਭੇਜਿਆ ਗਿਆ?***

***ਪੇਸ਼ਕਾਰ: ਕਸ਼ਮੀਰ ਸਿੰਘ ਕਾਂਗਣਾ, ਫੋਨ:661-331-5651***

ਕਾਮਰੇਡ ਬੋਸ ਵਰਗੇ ਵੱਡੇ ਲੀਡਰ ਨੂੰ ਵੱਸ ਨਹੀਂ ਰੱਖ ਸਕੇਗਾ। ਇਸ ਵਿਚ ਸੋਢੀ ਦੀ ਨਰਮੀ ਤੇ ਸਰਹੱਦੀ ਕਾਮਰੇਡਾਂ ਦੀ ਸਿਆਸੀ ਸ਼ਤਰੰਜ ਦਾ ਖੇਡ 'ਚ ਅਗਿਆਨ ਜ਼ਿੰਮੇਵਾਰ ਸੀ।

ਸੋਢੀ ਦੇ ਆਉਣ ਤੋਂ ਪੰਦਰਾਂ ਕੁ ਦਿਨ ਬਾਅਦ ਮੈਂ ਬੋਸ ਮੁਹਿੰਮ ਦਾ ਪਤਾ ਸੁਰ ਕਰਨ ਲਈ ਸਰਹੱਦ ਗਿਆ। ਮੀਆਂ ਮੁਹੰਮਦ ਸ਼ਾਹ ਪੱਥੀ, ਮੀਰ ਗਜ਼ਨ ਸਵਾਬੀ, ਮੀਆਂ ਅਕਬਰ ਸ਼ਾਹ ਤੇ ਮੈਂ ਨੁਸ਼ਹਿਰੇ ਮੀਆਂ ਅਕਬਰ ਸ਼ਾਹ ਦੇ ਹੁਜਰੇ ਵਿਚ ਵਿਛੇ ਗਲੀਚੇ 'ਤੇ ਬੈਠੇ ਬਾਕਰਖਾਨੀਆਂ ਨਾਲ ਚਾਹ ਦੇ ਮਜ਼ੇ ਲੈ ਕੇ ਹਟੇ ਹੀ ਸੀ ਤੇ ਨੌਕਰ ਨੇ ਅਜੇ ਭਾਂਡੇ ਨਹੀਂ ਸੀ ਚੁੱਕੇ ਕਿ ਇਕ ਅਨਜਾਤਾ ਜਿਹਾ ਖੱਦਰਪੋਸ਼ ਬਾਕਾਇਦਾ ਗਾਂਧੀ ਟੋਪੀ ਆਦਮੀ, ਹੱਥ ਵਿਚ ਚੰਮ ਦਾ ਵੱਡਾ ਸਾਰਾ ਬੁਗਚਾ ਲਮਕਾਈ ਅੰਦਰ ਆ ਵੜਿਆ ਤੇ ਸਾਨੂੰ ਬੰਦੇ ਮਾਤਰਮ ਆ ਬੁਲਾਈ। ਅਸਾਂ ਸ਼ਰਮੋ-ਕੁਸ਼ਰਮੀ ਉਸ ਨਾਲ ਜੀ ਆਇਆਂ ਵਾਲੇ ਹੱਥ ਮਿਲਾਏ ਤੇ ਬੈਠਣ ਲਈ ਆਖਿਆ।

ਇਕ ਕਾਂਗਰਸੀ ਜਿਹੇ ਓਪਰੇ ਬੰਦੇ ਦਾ ਉਥੇ ਆ ਜਾਣਾ ਸਾਨੂੰ ਸਾਰਿਆਂ ਨੂੰ ਹੀ ਬੁਰਾ ਲੱਗਾ। ਅਸਾਂ ਓਪਰੀ 'ਜੀ ਆਇਆਂ' ਤਾਂ ਆਖੀ ਪਰ ਹੋਰ ਕੁਝ ਨਾ ਬੋਲੇ ਤੇ ਗੁੰਮ-ਸੁੰਮ ਹੋ ਕੇ ਉਹਦੀ ਥਾਂ ਆਪਸ ਵਿਚ ਹੀ ਇਕ ਦੂਜੇ ਦੇ ਮੂੰਹ ਵੱਲ ਇਹ ਜਾਨਣ ਲਈ ਬਿਟਰ ਬਿਟਰ ਦੇਖੀ ਜਾਈਏ ਕਿ ਮਤਾਂ ਸਾਡੇ ਵਿਚੋਂ ਉਸ ਨੂੰ ਕੋਈ ਜਾਣਦਾ ਹੋਵੇ। ਜਦ ਅਸੀਂ ਕਿੰਨਾ ਚਿਰ ਨਾ ਬੋਲੇ ਬੁਲਾਏ ਤਾਂ ਉਸ ਨੇ ਆਪੇ ਹੀ ਚੁੱਪ ਤੋੜੀ ਤੇ ਦੱਸਿਆ ਕਿ ਉਹ ਮਸ਼ਹੂਰ ਚਮਨ ਲਾਲ ਪੱਤਰਕਾਰ ਹੈ। ਮੈਨੂੰ ਤਾਂ ਉਹਦਾ ਨਾਂ ਸੁਣਦਿਆਂ ਹੀ ਅੱਗ ਲੱਗ ਗਈ, ਪਰ ਉਸ ਦੇ ਮੰਤਵ ਨੂੰ ਜਾਚਣ ਲਈ ਸੜਿਆ ਭੁਜਿਆ ਬੈਠਾ ਰਿਹਾ ਤੇ ਉਸ ਦੀਆਂ ਸੁਣੀ ਗਿਆ। ਉਹ ਤਾਂ ਉਹ ਚਮਨ ਲਾਲ ਸੀ ਜਿਸ ਨਾਲ ਹਿੰਦੋਸਤਾਨ ਦੇ ਸਾਰੇ ਕਮਿਊਨਿਸਟ ਤੇ ਸਾਮਰਾਜ ਵਿਰੋਧੀ ਖੱਬੇਪੱਖੀ ਲੋਕ ਇਸ ਕਰਕੇ ਕੌੜ ਕਰਦੇ ਸਨ ਕਿ ਉਸ ਨੇ ਬਿਰਲੇ ਦੇ 'ਹਿੰਦੋਸਤਾਨ ਟਾਈਮਜ਼' ਵਿਚ ਲੇਖ ਲਿਖ ਲਿਖ ਕੇ ਪਹਿਲਾਂ ਸਪੇਨ 'ਤੇ ਨਾਜ਼ੀ ਹਮਲੇ ਦੀ ਹਮਾਇਤ ਕੀਤੀ, ਜਦ ਕਿ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਲਹਿਰਾਂ ਨੇ ਇਸ ਹਮਲੇ ਦੀ ਨਿੰਦਿਆ ਕੀਤੀ ਤੇ ਸਪੇਨ ਦੇ ਲੋਕ ਜ਼ਮਹੂਰੀ ਹਕੂਮਤ ਦੀ ਹਮਾਇਤ ਤੇ ਸਹਾਇਤਾ ਕਰਦੇ ਸਨ। ਫਿਰ ਉਸ ਨੇ ਟੋਕੀਓ ਤੋਂ ਚੀਨ ਉਤੇ ਜਪਾਨ ਦੇ ਸਾਮਰਾਜੀ ਹਮਲੇ ਤੇ ਕਬਜ਼ੇ ਦੀ ਪ੍ਰੋੜਤਾ ਕੀਤੀ, ਹਾਲਾਂ ਕਿ ਹਿੰਦ ਦੀ ਕੌਮੀ ਲਹਿਰ ਦੇ ਨਾ ਕੇਵਲ ਇਨਕਲਾਬੀ ਅੰਗ ਨੇ, ਸਗੋਂ ਸਰਬ ਹਿੰਦ ਕਾਂਗਰਸ ਨੇ ਸਮੁੱਚੇ ਤੌਰ 'ਤੇ ਉਸ ਜਪਾਨੀ ਹਮਲੇ, ਕਬਜ਼ੇ ਤੇ ਸਾਮਰਾਜੀ ਨੀਤੀ ਦਾ ਵਿਰੋਧ ਕੀਤਾ ਸੀ। ਕਾਂਗਰਸ ਵੱਲੋਂ ਡਾ. ਕੁਟਨੀਸ ਦੀ ਅਗਵਾਈ ਹੇਠ ਡਾਕਟਰੀ ਮਿਸ਼ਨ ਵੀ ਜਪਾਨੀ ਹਮਲੇ ਦੇ ਜ਼ਖ਼ਮੀ ਕੀਤੇ ਚੀਨੀ ਆਜ਼ਾਦੀ ਦੇ ਸਿਪਾਹੀਆਂ ਦੇ ਦਵਾ ਦਾਰੂ ਵਾਸਤੇ ਚੀਨ ਭੇਜਿਆ ਗਿਆ ਸੀ। ਅਸੀਂ ਉਸ ਨੂੰ ਸਾਮਰਾਜ ਦਾ ਕੌਮਾਂਤਰੀ ਏਜੰਟ ਸਮਝਦੇ ਸਾਂ ਤੇ ਉਹ ਸਾਡੀਆਂ ਅੱਖਾਂ ਵਿਚ ਰੜਕਦਾ ਸੀ।

ਉਸ ਨੇ ਆਖਿਆ ਕਿ ਉਸ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਦੇਸ਼ੋਂ ਬਾਹਰ ਜਾਣ ਲਈ ਆਖਿਆ ਸੀ ਜਿਥੇ ਜਾ ਕੇ ਉਹ ਕਾਂਗਰਸ ਦੇ ਹੱਕ ਵਿਚ ਪ੍ਰਚਾਰ ਕਰੇਗਾ। ਇਸ ਲਈ ਅਸੀਂ ਉਸ ਨੂੰ ਕਾਬਲ ਵੱਲ ਬਾਹਰ ਕੱਢ ਦੇਈਏ।

ਇਹ ਸੁਣ ਕੇ ਸਾਡੀਆਂ ਆਪਸ ਵਿਚ ਫੇਰ ਅੱਖਾਂ ਵੱਜੀਆਂ ਪਰ ਕਿਸੇ ਦੀ ਤੱਕਣੀ ਵਿਚ ਉਸ ਦੀ ਅਰਜੋਈ ਨੇ ਥਾਂ ਨਾ ਬਣਾਈ ਤੇ ਸਾਰੀਆਂ ਅੱਖਾਂ ਵਿਚ ਉਪਰਾਮਤਾ ਦਿਸ ਰਹੀ ਸੀ।

ਮੈਨੂੰ ਵਰਕਿੰਗ ਕਮੇਟੀ ਤੇ ਉਸ ਦੇ ਕੰਮਾਂ-ਕਾਰਾਂ, ਪਾਲਸੀਆਂ ਤੇ ਨਿਯਮਾਂ ਦਾ ਸਾਰਾ ਪਤਾ ਸੀ। ਅਜੇ ਉਸ ਨੇ ਜੰਗ ਦੀ ਹਾਲਤ ਵਿਚ ਕੋਈ ਪੋਜੀਸ਼ਨ ਨਹੀਂ ਸੀ ਬਣਾਈ ਤੇ ਗਾਂਧੀ ਲੰਡਨ 'ਤੇ ਡਿੱਗ ਰਹੇ ਬੰਬਾਂ 'ਤੇ ਅੱਥਰੂ ਵਗਾ ਰਿਹਾ ਸੀ। ਇਸ ਲਈ ਕਾਂਗਰਸ ਦੇ ਬਾਹਰਲੇ ਪ੍ਰਾਪੇਗੰਡੇ ਦਾ ਅਜੇ ਸਵਾਲ ਹੀ ਪੈਦਾ ਨਹੀਂ ਸੀ ਹੋਇਆ ਪਰ ਜੇ ਉਸ ਨੇ ਪ੍ਰਾਪੇਗੰਡਾ ਕਰਨਾ ਹੀ ਸੀ ਤੇ ਜੋ ਉਹ ਪਹਿਲਾਂ ਵੀ ਕਰ ਰਹੀ ਸੀ ਤਾਂ ਉਸ ਦੀਆਂ ਇੰਗਲੈਂਡ ਤੇ ਅਮਰੀਕਾ ਵਿਚ ਆਪਣੀਆਂ ਕਮੇਟੀਆਂ ਸਨ ਤੇ ਇੰਗਲੈਂਡ ਵਿਚ ਕ੍ਰਿਸ਼ਨਾ ਮੈਨਨ ਅਤੇ ਅਮਰੀਕਾ ਵਿਚ ਡਾ. ਅਨੂਪ ਸਿੰਘ ਤੇ ਜੈ ਸਿੰਘ ਵਰਗੇ ਉਸ ਦੇ ਆਪਣੇ ਸਰਗਰਮ ਵਰਕਰ ਮੌਜੂਦ ਸਨ।

ਇਸ ਲਈ ਮੈਨੂੰ ਉਸ ਦੀ ਇਹ ਗੱਲ ਨਾ ਜਚੀ ਤੇ ਨਾ ਮੇਰੇ ਨਾਲਦਿਆਂ ਦੀ ਹੀ ਤਸੱਲੀ ਹੋਈ ਜਾਪੀ। ਮੈਨੂੰ ਦਾਲ ਵਿਚ ਕੁਝ ਕਾਲਾ ਦਿਸਿਆ ਕਿ ਮਤਾਂ ਉਹ ਬਾਹਰ ਫਾਸਿਸਟਾਂ ਤੋਂ ਪੈਸਾ ਮਾਠਣ ਜਾ ਰਿਹਾ ਹੋਵੇ ਜਿਸ ਤਰ੍ਹਾਂ ਉਹ ਪਹਿਲਾਂ ਕਰਦਾ ਰਿਹਾ ਸੀ। ਮੇਰਾ ਅੰਦਰ ਤਾਂ ਗੁੱਸੇ ਨਾਲ ਇਸ ਕਰਕੇ ਵੀ ਜ਼ਿਆਦਾ ਰਿੱਝਣ ਲੱਗ ਪਿਆ ਕਿ ਉਹ ਸਾਰੇ ਜੱਗ ਦੇ ਦੁਸ਼ਮਣ ਫਾਸਿਸਟਾਂ ਦੀ ਸੇਵਾ ਕਰਨ ਲਈ ਸਾਡੇ ਰਾਹੀਂ ਜਾਣਾ ਲੋੜਦਾ ਸੀ ਜੋ ਫਾਸਿਸਟਾਂ ਦਾ ਬੀ ਤੱਕ ਨਾਸ਼ ਕਰਨ ਲਈ ਤੁਰੇ-ਫਿਰਦੇ ਤੇ ਝਾਗਾਂ ਝਾਗ ਰਹੇ ਸਾਂ। ਨੌਕਰ ਭਾਂਡੇ ਲੈਣ ਆਇਆ। ਮੀਆਂ ਅਕਬਰ ਸ਼ਾਹ ਨੇ ਪਠਾਣੀ ਰੀਤ ਅਨੁਸਾਰ ਉਸ ਵਾਸਤੇ ਚਾਹ ਲਿਆਉਣ ਲਈ ਆਖਿਆ ਪਰ ਉਹ ਨਾਂਹ ਨੁਕਰ ਕਰਦਾ ਰਿਹਾ।

"ਤੁਹਾਡੇ ਪਾਸ ਕਾਂਗਰਸ ਕਮੇਟੀ ਦੀ ਅਧਿਕਾਰਤ ਚਿੱਠੀ ਹੈ", ਮੀਆਂ ਅਕਬਰ ਸ਼ਾਹ ਨੇ ਉਸ ਨੂੰ ਪੁੱਛਿਆ।

"ਨਹੀਂ! ਮੈਨੂੰ ਉਂਜ ਹੀ ਮੌਲਾਨਾ ਆਜ਼ਾਦ ਨੇ ਆਖਿਆ ਹੈ ਕਿ ਤੂੰ ਜਾਹ।" ਉਹਦਾ ਉਤਰ ਸੀ। ਇਸ ਜਵਾਬ ਤੇ ਅਸੀਂ ਹੋਰ ਸ਼ੱਕੀ ਹੋ ਗਏ। ਮੀਆਂ ਅਕਬਰ ਸ਼ਾਹ ਨੇ ਉਸ ਨੂੰ ਬਾਹਰ ਵਿਹੜੇ ਵਿਚ ਕੁਰਸੀ ਡੁਹਾ ਕੇ ਬਿਠਾ ਦਿੱਤਾ ਤੇ ਅਸੀਂ ਆਪ ਅੰਦਰ ਸਲਾਹ ਕਰਨ ਬੈਠੇ ਰਹੇ।

"ਇਹ ਤਾਂ ਸਰਕਾਰੀ ਸੁੰਘਾ ਹੈ ਜੋ ਸਰਕਾਰ ਵੱਲੋਂ ਬੋਸ ਬਾਬੂ ਦੀ ਸੁੰਧਕ ਕੱਢਣ ਭੇਜਿਆ ਗਿਆ ਹੈ।" ਮੀਆਂ ਅਕਬਰ ਸ਼ਾਹ ਨੇ ਉਹਦੇ ਬਾਹਰ ਜਾਂਦਿਆਂ ਫਟਾ ਫਟ ਕਹਿ ਦਿੱਤਾ।

"ਜਸੂਸ ਏ।" ਮੀਆਂ ਮੁਹੰਮਦ ਸ਼ਾਹ ਨੇ ਹਾਮੀ ਭਰੀ। ਮੈਂ ਉਨ੍ਹਾਂ ਨੂੰ ਉਹਦਾ ਪਿਛੋਕੜ ਦੱਸਿਆ ਕਿ ਕਿਸ ਤਰ੍ਹਾਂ ਆਜ਼ਾਦੀ ਦੀਆਂ ਜੰਗਾਂ ਵਿਰੁੱਧ ਫਾਸਿਸਟਾਂ ਤੇ ਸਾਮਰਾਜੀ ਤਾਕਤਾਂ ਦੀ ਹਮਾਇਤ ਕਰਦਾ ਰਿਹਾ ਸੀ। ਇਹ ਸੁਣ ਕੇ ਉਹ ਮੇਰੇ ਨਾਲੋਂ ਵੀ ਵੱਧ ਗੁੱਸੇ 'ਚ ਆ ਗਏ ਤੇ ਪੂਰੇ ਪਠਾਣੀ ਜੋਸ਼ ਵਿਚ ਪਸ਼ਤੋ 'ਚ ਗਾਲ੍ਹਾਂ ਕੱਢਣ ਲੱਗ ਪਏ।

"ਇਹਨੂੰ ਮੇਰੇ ਹਵਾਲੇ ਕਰੋ! ਮੈਂ ਖਨਜ਼ੀਰ (ਸੂਅਰ) ਨੂੰ ਆਜ਼ਾਦ ਇਲਾਕੇ ਵਿਚ ਲਿਜਾ ਕੇ ਗੋਲੀ ਮਾਰ ਦਿਆਂਗਾ", ਮੀਰ ਗਜ਼ਨ ਨੇ ਉਸ ਨੂੰ ਜਾਨੋਂ ਮਾਰ ਦਿੱਤੇ ਜਾਣ ਦਾ ਫਤਵਾ ਦੇ ਦਿੱਤਾ। ਅਕਬਰ ਸ਼ਾਹ ਨੇ ਗਦ ਗਦ ਹੋ ਕੇ ਤਾਈਦ ਕੀਤੀ। ਇਕ ਦਾਊਸ ਹਿੰਦੋਸਤਾਨ ਵਿਚੋਂ ਖ਼ਤਮ ਹੋਵੇਗਾ। ਮੁਹੰਮਦ ਸ਼ਾਹ ਵੀ ਉਸੇ ਰਾਇ ਦਾ ਸੀ। ਗੁੱਸੇ ਵਿਚ ਵਿਸ ਘੋਲਦਿਆਂ ਵੀ ਮੈਂ ਉਹਨੂੰ ਜਾਨੋ ਮਾਰਨ ਦਾ ਵਿਰੋਧ ਕੀਤਾ। ਮੈਂ ਓਹਦੇ ਮਾਰਨ ਦਾ ਪਾਪ ਆਪਣੀ ਪਾਰਟੀ ਦੇ ਜੁਮੇ ਨਹੀਂ ਸਾਂ ਲੈਣਾ ਚਾਹੁੰਦਾ। ਇਸ ਲਈ ਮੈਂ ਉਸ ਨੂੰ ਮਾਰਨ ਦਾ ਵਿਰੋਧ ਕਰਦਿਆਂ ਸਲਾਹ ਦਿੱਤੀ ਕਿ ਇਸ ਨੂੰ ਮੂੰਹ ਨਾ ਲਾਓ ਪਰ ਉਹ ਤਿੰਨੋ ਲੋਹੇ ਲਾਖੇ ਹੋਏ ਹੋਏ ਸਨ ਤੇ ਕਹਿੰਦੇ ਸਨ ਕਿ ਜਦ ਉਹ ਸਾਡਾ ਵਾਕਿਫ਼ ਨਹੀਂ ਤਾਂ ਉਸ ਨੂੰ ਸਾਡਾ ਪਤਾ ਕਿਸ ਨੇ ਦਿੱਤਾ? ਉਸ ਨੂੰ ਜ਼ਰੂਰ ਸੀ.ਆਈ.ਡੀ. ਨੇ ਭੇਜਿਆ ਹੈ। ਸਰਹੱਦ ਵਿਚ ਹੋਰ ਬੜੇ ਵੱਡੇ-ਵੱਡੇ ਕਾਂਗਰਸੀ ਪਠਾਣ ਹਨ। ਡਾ. ਖਾਂ ਸਾਹਿਬ ਹਨ। ਉਹ ਉਨ੍ਹਾਂ ਵੱਲ ਕਿਉਂ ਨਹੀਂ ਗਿਆ? ਖਾਸ ਇਥੇ ਕਿਉਂ ਆਇਆ? ਦਾਲ 'ਚ ਜ਼ਰੂਰ ਕੁਝ ਕਾਲਾ ਹੈ। ਅਕਬਰ ਸ਼ਾਹ ਤਾਂ ਸਰਬ ਹਿੰਦ ਮਸ਼ਹੂਰੀ ਦਾ ਬੰਦਾ ਨਹੀਂ। ਇਹ (ਚਮਨ ਲਾਲ) ਤਾਂ ਫਾਰਵਰਡ ਬਲਾਕੀਆ ਵੀ ਨਹੀਂ।

ਮੌਲਾਨਾ ਆਜ਼ਾਦ ਇਸ ਨੂੰ ਡਾਕਟਰ ਖਾਂ ਸਾਹਿਬ ਜਾਂ ਮੀਆਂ ਜਾਅਫ਼ਰ ਸ਼ਾਹ ਵੱਲ ਭੇਜਦਾ, ਮੇਰੇ ਵੱਲ ਕਿਉਂ? (ਇਹ ਦੋਵੇਂ ਸਰਹੱਦ ਦੇ ਮਸ਼ਹੂਰ ਕਾਂਗਰਸੀ ਪਠਾਣ ਲੀਡਰ ਸਨ) ਅਕਬਰ ਸ਼ਾਹ ਨੂੰ ਮੌਲਾਨਾ ਕਦੋਂ ਦਾ ਜਾਣਦਾ ਸੀ? ਇਹ ਜ਼ਰੂਰ ਸੀ.ਆਈ.ਡੀ. ਨੇ ਭੇਜਿਆ ਹੈ। ਉਹ ਤਿੰਨੇ ਇਸ ਤਰ੍ਹਾਂ ਦਾ ਗੁਬੇੜ ਲਾਈ ਜਾ ਰਹੇ ਸਨ ਤੇ ਅਖੀਰ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਹੁਣ ਸੁਨਹਿਰੀ ਮੌਕਾ ਹੱਥ ਲੱਗਾ ਹੈ, ਇਸ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸਮਝਾਇਆ ਕਿ ਉਸ ਨੂੰ ਜਾਨੋਂ ਮਾਰ ਕੇ ਅਸੀਂ ਸੀ.ਆਈ.ਡੀ. ਨੂੰ ਮਗਰੋਂ ਨਹੀਂ ਲਾਹ ਸਕਦੇ। ਮੈਂ ਵੀ ਮੰਨਦਾ ਹਾਂ ਕਿ ਉਹਨੂੰ ਸੀ.ਆਈ.ਡੀ. ਨੇ ਭੇਜਿਆ ਹੈ। ਹੁਣ ਸੀ.ਆਈ.ਡੀ. ਨੂੰ ਪਤਾ ਹੈ ਕਿ ਉਹ ਅਕਬਰ ਸ਼ਾਹ ਕੋਲ ਆਇਆ ਹੈ। ਸੀ.ਆਈ.ਡੀ. ਜ਼ਰੂਰ ਲੁਕ ਛਿਪ ਕੇ ਦੇਖੇਗੀ ਕਿ ਉਸ ਨੂੰ ਕਿੱਧਰ ਲਿਜਾਇਆ ਜਾ ਰਿਹਾ ਹੈ? ਜਦ ਅਸੀਂ ਉਹਨੂੰ ਲੈ ਕੇ ਤੁਰਦੇ ਹਾਂ ਤਾਂ ਸੀ.ਆਈ.ਡੀ. ਨੂੰ ਦੱਸਦੇ ਹਾਂ ਕਿ ਤੁਸੀਂ ਬੰਦਿਆਂ ਨੂੰ ਆਜ਼ਾਦ ਇਲਾਕੇ ਤੇ ਫਿਰ ਅਫ਼ਗਾਨਿਸਤਾਨ ਨੂੰ ਲੈ ਜਾਂਦੇ ਹੋ ਤੇ ਇਸ ਤਰ੍ਹਾਂ ਉਹ ਇਹ ਨਤੀਜਾ ਕੱਢੇਗੀ ਕਿ ਬੋਸ ਨੂੰ ਵੀ ਤੁਸੀਂ ਲੋਕ ਹੀ ਲੈ ਕੇ ਗਏ ਹੋ। ਇਸ ਤਰ੍ਹਾਂ ਜਿਸ ਭੇਤ ਨੂੰ ਨਿਕਲਣੋਂ ਬਚਾਉਣਾ ਚਾਹੀਦਾ ਹੈ, ਉਹ ਸਾਡੇ ਆਪਣੇ ਹੱਥੋਂ ਹੀ ਨਿਕਲ ਜਾਏਗਾ। ਅਸੀਂ ਆਪਣੇ ਹੱਥੀਂ ਆਪ ਕੁਹਾੜਾ ਮਾਰ ਬਹਾਂਗੇ।

ਮੇਰੀਆਂ ਇਹ ਦਲੀਲਾਂ ਉਨ੍ਹਾਂ ਦੇ ਮਨ ਲੱਗੀਆਂ ਤੇ ਉਹਦੀ ਜਾਨ ਬਖ਼ਸ਼ੀ ਹੋਈ, ਪਰ ਅਸਾਂ ਉਸ ਨੂੰ ਸਾਫ਼ ਦੱਸ ਦਿੱਤਾ ਕਿ ਉਹ ਝੂਠ ਬੋਲ ਰਿਹਾ ਸੀ। ਜੇ ਉਸ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਹੀ ਬਾਹਰ ਭੇਜਣਾ ਸੀ ਤਾਂ ਉਹਨੂੰ ਉਹ ਮੀਆਂ ਅਕਬਰ ਸ਼ਾਹ ਵਰਗੇ ਤਹਿਸੀਲ ਪੱਧਰ ਦੇ ਗੁੰਮਨਾਮ ਜਿਹੇ ਵਕੀਲ ਪਾਸ ਨਾ ਭੇਜਦੀ। ਡਾ. ਖਾਂ ਸਾਹਿਬ ਵਰਗੇ ਮਹਾਨ ਪਠਾਣ ਲੀਡਰਾਂ ਵੱਲ ਤੋਰਦੀ। ਮੈਂ ਉਹਨੂੰ ਉਸ ਦਾ ਪਿੱਛਾ ਵੀ ਜਤਾ ਦਿੱਤਾ।

ਉਹਨੂੰ ਚਾਹ ਪਿਆ ਦਿੱਤੀ ਗਈ ਤੇ ਮੀਆਂ ਅਕਬਰ ਸ਼ਾਹ ਨੇ ਉਸ ਨੂੰ ਇੱਥੋਂ ਤੱਕ ਦਬਕ ਦਿੱਤਾ ਕਿ ਉਹ ਮੁੜ ਨਾ ਕੇਵਲ ਅਕਬਰ ਸ਼ਾਹ ਵੱਲ ਸਗੋਂ ਸਾਰੇ ਸਰਹੱਦੀ ਸੂਬੇ ਵੱਲ ਮੂੰਹ ਨਾ ਕਰੇ। ਉਸ ਨੇ ਬੁਗਚਾ ਚੁੱਕਿਆ ਤੇ ਦਫ਼ਾ ਹੋ ਗਿਆ। ਇਸ ਤੋਂ ਬਾਅਦ ਰਸ਼ਨਈ ਵਾਲੇ ਵਾਰਸ ਖਾਂ ਦਾ ਸੀ. ਆਈ. ਡੀ. ਵਾਲਾ ਭਰਾ ਅਕਬਰ ਸ਼ਾਹ ਦੇ ਡੇਰੇ ਆਮ ਆਉਣ-ਜਾਣ ਲੱਗ ਪਿਆ ਜਿਸ 'ਤੇ ਸਾਨੂੰ ਯਕੀਨ ਹੋ ਗਿਆ ਕਿ ਕੇਂਦਰੀ ਸੀ.ਆਈ.ਡੀ. ਨੇ ਹੀ ਉਸ ਨੂੰ ਬੋਸ ਦੇ ਬਾਹਰ ਨਿਕਲਣ ਦੇ ਸਾਧਨਾਂ ਦਾ ਪਤਾ ਕਰਨ ਲਈ ਮੀਆਂ ਅਕਬਰ ਸ਼ਾਹ ਦੇ ਡੇਰੇ ਭੇਜਿਆ ਸੀ।

ਦੋ ਮਹੀਨੇ ਬਾਅਦ ਭਗਤ ਰਾਮ ਆ ਗਿਆ। ਉਸ ਨੇ ਦੱਸਿਆ ਕਿ 26 ਜਨਵਰੀ 1941 ਦੀ ਸਵੇਰੇ ਮੂੰਹ ਹਨੇਰੇ ਛੇ ਵਜੇ ਬੋਸ, ਭਗਤ ਰਾਮ, ਆਬਾਦ ਖਾਂ, ਇਕ ਸੂਹਾ ਤੇ ਇਕ ਡਰਾਈਵਰ ਕਾਰ ਵਿਚ ਬੈਠ ਕੇ ਕਾਬਲ ਵਾਲੀ ਸੜਕੇ ਪੈ ਗਏ। ਕਾਰ ਜਮਰੌਦ ਵਾਲਾ ਨਾਕਾ ਲੰਘ ਕੇ ਖ਼ਜ਼ੂਰੀ ਮੈਦਾਨ ਦੇ ਫੌਜੀ ਕੈਂਪ ਤੱਕ ਗਿਆਰਾਂ ਮੀਲ ਚਲੀ ਗਈ। ਉਥੋਂ ਸ਼ਿਨਵਾਰੀਆਂ ਦਾ ਆਜ਼ਾਦ ਇਲਾਕਾ ਡੇਢ ਫਰਲਾਂਗ ਉਤਰ ਵੱਲ ਸੀ ਤੇ ਫੌਜੀ ਕੈਂਪ ਇਕ ਫਰਲਾਂਗ ਦੱਖਣ ਵੱਲ। ਆਬਾਦ ਖਾਂ ਤੇ ਡਰਾਈਵਰ ਤਾਂ ਕਾਰ ਵਿਚ ਮੁੜ ਗਏ ਤੇ ਬੋਸ, ਭਗਤ ਰਾਮ ਤੇ ਸੂਹਾ ਪੈਦਲ ਹੀ ਆਜ਼ਾਦ ਇਲਾਕੇ ਵਿਚ ਜਾ ਵੜੇ। ਬੋਸ ਨੇ ਮਲੇਸ਼ੀਏ ਦਾ ਪਠਾਣਾਂ ਵਾਲਾ ਸਲਵਾਰ ਕਮੀਜ਼ ਦਾ ਪਹਿਰਾਵਾ ਪਾਇਆ ਹੋਇਆ ਸੀ ਤੇ ਕੁੱਲੇ 'ਤੇ ਅਸਮਾਨੀ ਰੰਗ ਦੀ ਪੇਸ਼ਵਾਨੀ ਲੁੰਗੀ ਬੰਧੀ ਹੋਈ ਸੀ। ਇੱਥੋਂ ਪਹਾੜਾਂ ਦੇ ਉਤਰਾਵਾਂ ਚੜ੍ਹਾਵਾਂ ਦਾ ਪਹਿਲੇ ਦਿਨ ਤੇ ਅਗਲੀ ਅੱਧੀ ਰਾਤ ਦਾ ਪੈਂਡਾ ਪੈਦਲ ਤੇ ਬਾਕੀ ਦਾ ਖੱਚਰ ਭਾੜੇ ਕਰਕੇ ਉਹ ਤੀਸਰੇ ਦਿਨ ਗਿਆਰਾਂ ਵਜੇ ਸਵੇਰੇ ਪਿਸ਼ਾਵਰ-ਕਾਬਲ ਸੜਕ 'ਤੇ ਅਫ਼ਗਾਨਿਸਤਾਨ ਦੀ ਹੱਦ ਅੰਦਰ ਗਰਦੀ ਦੇ ਪਿੰਡ ਪਹੁੰਚ ਗਏ। ਇੱਥੋਂ ਸੂਹਾ ਮੋੜ ਦਿੱਤਾ ਗਿਆ। ਹੁਣ ਭਗਤ ਰਾਮ ਤੇ ਬੋਸ ਬਾਕੀ ਰਹਿ ਗਏ। ਆਜ਼ਾਦ ਇਲਾਕੇ ਵਿਚ ਤਾਂ ਉਨ੍ਹਾਂ ਨੇ ਰਾਜਗੀਰੀ ਕਰਨ ਵਾਲੇ ਮਿਸਤਰੀ ਹੋਣ ਦਾ ਪੱਜ ਲਾਇਆ ਜੋ ਪਿਸ਼ਾਵਰੋਂ ਅਫਗਾਨਿਸਤਾਨ ਦੀ ਸਰਹੱਦ ਉਤਲੇ ਪਿੰਡ ਕੋਹੀ ਵਿਚ ਖਾਨ ਅਬਦੁਲ ਲਤੀਫ਼ ਦਾ ਮਕਾਨ ਬਣਾਉਣ ਲਈ ਸੱਦੇ ਜਾ ਰਹੇ ਸਨ। ਅਫਗਾਨਿਸਤਾਨ ਵਿਚ ਜਾ ਕੇ ਬੋਸ ਨੂੰ ਗੁੰਗਾ ਬਣਾਇਆ ਗਿਆ। ਭਗਤ ਰਾਮ ਜੋ ਰਹਿਮਤ ਖਾਂ ਸੀ, ਹਰ ਪੁੱਛਣ ਵਾਲੇ ਨੂੰ ਦੱਸਦਾ ਕਿ "ਇਹ (ਬੋਸ) ਉਸ ਦਾ ਵੱਡਾ ਭਾਈ ਜਿਆਉ ਦੀਨ ਸੀ। ਉਸ ਨੂੰ ਦੋ ਕੁ ਸਾਲ ਹੋਏ ਪਹਾੜ 'ਤੇ ਲੱਕੜ ਲੈਣ ਗਿਆਂ ਦੇਉ ਪੈ ਗਿਆ ਤੇ ਉਸ ਨੇ ਉਸ ਦੀ ਜ਼ੁਬਾਨ ਖਿੱਚ ਲਈ ਜਿਸ ਕਰਕੇ ਉਹ ਹੁਣ ਬੋਲ ਨਹੀਂ ਸਕਦਾ। ਸਿਆਣਿਆਂ ਦੇ ਦੱਸਣ 'ਤੇ ਉਸ ਨੂੰ ਅੱਡਾ ਸਰੀਫ਼ ਦੀ ਜ਼ਿਆਰਤ ਕਰਾਉਣ ਲਈ ਲਿਜਾਇਆ ਜਾ ਰਿਹਾ ਸੀ।"

ਜ਼ਿਆਰਤਾਂ ਦਾ ਇਹ ਪੱਜ ਪਛੜੇ ਹੋਏ ਮੁਸਲਮ ਇਲਾਕਿਆਂ ਵਿਚ ਸਾਨੂੰ ਸਿਆਸੀ ਭਗੌੜਿਆਂ ਨੂੰ ਬੜਾ ਕੰਮ ਦਿੰਦਾ ਸੀ ਤੇ ਇਸ ਨੂੰ ਅਸੀਂ ਫਿਰਦੇ-ਤੁਰਦੇ ਵਰਤ ਲੈਂਦੇ ਸਾਂ। ਕਿੱਥੋਂ ਆਏ ਹੋ, ਕਿਥੇ ਜਾਣਾ ਹੈ, ਪੁੱਛਣ ਵਾਲਿਆਂ ਤੋਂ ਉਸ ਪਾਸੇ ਦੀ ਕਿਸੇ ਜ਼ਿਆਰਤ ਦਾ ਨਾਂ ਲੈ ਕੇ ਛੇਤੀ ਹੀ ਪਿੱਛਾ ਛੁਡਾ ਲਈਦਾ ਸੀ। ਮਾਂਦਗੀ ਕੱਢੀ ਤੇ ਫਿਰ ਸੜਕ 'ਤੇ ਕਿਸੇ ਟਰੱਕ ਵਿਚ ਬੈਠ ਕੇ 31 ਜਨਵਰੀ ਨੂੰ ਤੜਕੇ ਤਿੰਨ ਵਜੇ ਕਾਬਲ ਦੇ ਨਾਕੇ ਬਡਖਾਕ ਪੁੱਜ ਗਏ। ਦੇਖ ਭਾਲ ਵਾਲੀ ਗਾਰਦ ਦੇ ਸਿਪਾਹੀ ਸੁੱਤੇ ਹੋਏ ਸਨ। ਸੋ ਉਹ ਪੁੱਛਗਿੱਛ ਤੋਂ ਬਚ ਗਏ ਤੇ ਸਵੇਰੇ ਮੂੰਹ ਹਨੇਰੇ ਗਾਰਦ ਦੇ ਉਠਣ ਤੋਂ ਪਹਿਲਾਂ ਤਾਂਗੇ ਵਿਚ ਬੈਠ ਕੇ ਕਾਬਲ ਜਾ ਵੜੇ।

ਭਗਤ ਰਾਮ ਦੱਸਦਾ ਹੈ ਕਿ ਉਨ੍ਹਾਂ ਨੇ ਬੜੀ ਵਾਹ ਲਾਈ ਕਿ ਸੋਵੀਅਤ ਵਾਲੇ ਬੋਸ ਨੂੰ ਸੁਭਾਸ਼ ਚੰਦਰ ਮੰਨ ਲੈਣ ਪਰ ਉਨ੍ਹਾਂ ਨਾ-ਮਾਨੀਆਂ ਨੇ ਕੋਈ ਪ੍ਰਵਾਹ ਨਾ ਕੀਤੀ। ਉਹ ਸ਼ਾਹੀ ਸੜਕ 'ਤੇ ਰੂਸੀ ਟਰੇਡ ਏਜੰਟ ਨੂੰ ਕਈ ਵਾਰ ਕਹਿਣ ਗਏ ਤੇ ਸੋਵੀਅਤ ਰਾਜਦੂਤ ਨੂੰ ਵੀ ਮਿਲੇ। ਉਨ੍ਹਾਂ ਦੁਕਾਨ 'ਤੇ ਸੌਦਾ ਖਰੀਦ ਰਹੀ ਸੋਵੀਅਤ ਰਾਜ ਨਿਵਾਸ ਦੀ ਇਕ ਇਸਤਰੀ ਨੂੰ ਵੀ ਰਾਜਦੂਤ ਦੇ ਨਾਂ ਚਿੱਠੀ ਦਿੱਤੀ ਪਰ ਉਨ੍ਹਾਂ ਨੇ ਕੋਈ ਕੰਨ ਨਾ ਕੀਤਾ ਤੇ ਉਲਟਾ ਉਸ ਔਰਤ ਦਾ ਬਾਜ਼ਾਰ ਜਾਣਾ ਬੰਦ ਕਰ ਦਿੱਤਾ।

ਅਖੀਰ ਸੋਵੀਅਤ ਵਾਲਿਆਂ ਤੋਂ ਮਾਯੂਸ ਹੋ ਕੇ ਬੋਸ 6 ਫਰਵਰੀ 1941 ਨੂੰ ਜਰਮਨ ਦੂਤਾਵਾਸ ਵਿਚ ਆਪ ਸਿੱਧਾ ਜਾ ਵੜਿਆ। ਜਰਮਨ ਆਉਂਦੀ ਸੀ। ਇਸ ਲਈ ਅੰਦਰਲੇ ਬੰਦਿਆਂ ਨਾਲ ਜਰਮਨ ਮਾਰ ਕੇ ਉਹ ਪਠਾਣ ਨੌਕਰਾਂ ਦੇ ਸ਼ੱਕ ਹੇਠ ਆਉਣੋਂ ਬਚ ਗਿਆ। ਜਰਮਨਾਂ ਨੇ ਉਸ ਨੂੰ ਉਸੇ ਵੇਲੇ ਬੋਸ ਮੰਨ ਲਿਆ ਤੇ ਆਪਣੀ ਸਰਕਾਰ ਨੂੰ ਵਾਇਰਲੈਸ ਕਰ ਦਿੱਤੀ। ਇੰਜ 23 ਫਰਵਰੀ ਤੱਕ ਉਹ ਤੇ ਭਗਤ ਰਾਮ ਜਰਮਨਾਂ ਨਾਲ ਤੀਜੇ ਚੌਥੇ ਦਿਨ ਮਿਲਦੇ ਰਹੇ ਅਤੇ ਉਨ੍ਹਾਂ ਦੀ ਸਰਕਾਰ ਦਾ ਜਵਾਬ ਤੇ ਉਹਨੂੰ ਇੱਥੋਂ ਲੈ ਜਾਣ ਦਾ ਪ੍ਰਬੰਧ ਉਡੀਕਦੇ ਰਹੇ।

ਅਖੀਰ 23 ਫਰਵਰੀ ਨੂੰ ਜਰਮਨਾਂ ਨੇ ਉਸ ਨੂੰ ਇਟਲੀ ਦੇ ਰਾਜ ਨਿਵਾਸ ਵਿਚ ਰਾਜਦੂਤ ਪੀਏਤਰੋ ਕੁਆਰਨੀ ਨਾਲ ਮਿਲਾਇਆ ਜਿਥੇ ਉਹ ਦੋ ਰਾਤਾਂ ਰਿਹਾ। ਗੱਲਾਂ ਬਾਤਾਂ ਹਿੰਦੋਸਤਾਨ ਨੂੰ ਅੰਗਰੇਜ਼ੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਵਿੱਢੀ ਜਾਣ ਵਾਲੀ ਹਥਿਆਰੀ ਲੜਾਈ ਵਾਸਤੇ ਫਾਸਿਸਟਾਂ ਤੋਂ ਫੌਜੀ ਸਹਾਇਤਾ ਲੈਣ ਤੇ ਇਸ ਦਿੱਤੀ ਜਾਣ ਵਾਲੀ ਸਹਾਇਤਾ ਦੇ ਸਮੇਂ ਤੇ ਹਿੰਦੋਸਤਾਨ ਦੀ ਆਜ਼ਾਦੀ ਜਿੱਤ ਲੈਣ ਤੋਂ ਬਾਅਦ, ਹਿੰਦ ਦੀ ਆਜ਼ਾਦ ਸਰਕਾਰ ਦੇ ਫਾਸਿਸਟਾਂ ਨਾਲ ਪੈਣ ਵਾਲੇ ਵਾਹ ਬਾਰੇ ਹੋਈਆਂ। ਬੋਸ ਨੇ ਤਜਵੀਜ਼ ਕੀਤਾ ਕਿ ਆਜ਼ਾਦ ਹੋ ਜਾਣ ਵਾਲੇ ਹਿੰਦੋਸਤਾਨ ਦੀ ਆਰਜ਼ੀ ਹਕੂਮਤ ਬਣਾ ਲਈ ਜਾਵੇ ਤੇ ਹੁਣ ਤੋਂ ਹੀ ਫਾਸਿਸਟ ਹਕੂਮਤਾਂ ਅੰਗਰੇਜ਼ੀ ਹਕੂਮਤ ਦੀ ਥਾਂ ਇਸ (ਆਰਜ਼ੀ ਹਕੂਮਤ) ਨੂੰ ਭਾਰਤ ਦੀ ਹਕੂਮਤ ਪ੍ਰਵਾਨ ਕਰਨ ਅਤੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ੀ ਹਕੂਮਤ ਵਿਰੁੱਧ ਜੰਗ ਵਿਚ ਇਸ ਹਕੂਮਤ ਦੀ ਰੁਪਏ ਪੈਸੇ, ਹਥਿਆਰ ਪੱਤੇ ਤੇ ਲੋੜ ਪਵੇ ਤਾਂ ਆਪਣੀਆਂ ਫੌਜਾਂ ਚਾੜ੍ਹ ਕੇ ਸਹਾਇਤਾ ਕਰਨ। ਕੁਆਰੋਨੀ ਨੇ ਬੋਸ ਨਾਲ ਹੋਈ ਸਾਰੀ ਗੱਲਬਾਤ ਤੇ ਉਸ ਦੀਆਂ ਤਜਵੀਜ਼ਾਂ ਫਾਸਿਸਟ ਹਕੂਮਤਾਂ ਨੂੰ ਭੇਜਣ ਤੇ ਉਨ੍ਹਾਂ ਦੀ ਮਨਜ਼ੂਰੀ ਆਉਣ ਤਕ ਉਡੀਕਣ ਲਈ ਆਖਿਆ।

ਫਾਸਿਸਟ ਹਕੂਮਤਾਂ ਵੱਲੋਂ ਅਜੇ ਜਵਾਬ ਤਾਂ ਕੋਈ ਨਾ ਆਇਆ, ਪਰ ਉਨ੍ਹਾਂ ਨੂੰ ਬੋਸ ਨੂੰ ਰੋਮ ਭੇਜ ਦੇਣ ਦਾ ਹੁਕਮ ਆ ਗਿਆ। ਇਟਲੀ ਦਾ ਰਾਜਦੂਤ ਪੀਏਤਰੋ ਕੁਆਰੋਨੀ ਬੜਾ ਹੰਢਿਆ ਵਰਤਿਆ ਚਲਦਾ ਪੁਰਜ਼ਾ ਸਿਆਸਤਦਾਨ ਸੀ। ਉਹਨੇ ਬੋਸ ਨੂੰ ਆਪਣੇ ਰਾਜ ਨਿਵਾਸ ਦੇ ਕਲਰਕ ਮਜੋਤਾ ਦਾ ਪਾਸਪੋਰਟ ਦੇ ਦਿੱਤਾ ਤੇ ਉਸ ਦੇ ਪਾਸਪੋਰਟ 'ਤੇ ਬੋਸ ਦੀਆਂ ਫੋਟੋਆਂ ਜੜ ਦਿੱਤੀਆਂ। ਉਹਨੂੰ ਉਹ 18 ਮਾਰਚ ਨੂੰ ਤੜਕੇ ਸਵੇਰੇ ਕਾਰ ਵਿਚ ਬਿਠਾ ਕੇ ਸੋਵੀਅਤ ਸਰਹੱਦ ਦੇ ਸ਼ਹਿਰ ਤਿਰਮੇਜ਼ ਲੈ ਗਏ ਜਿੱਥੋਂ ਉਹਨੂੰ ਹਵਾਈ ਜਹਾਜ਼ ਵਿਚ ਬਿਠਾ ਕੇ ਮਾਸਕੋ ਤੇ ਫਿਰ ਅਗਾਂਹ ਲਿਜਾਣਾ ਸੀ।

ਸੁਭਾਸ਼ ਨੂੰ ਸਰਹੱਦ ਵੱਲ ਤੋਰ ਕੇ ਭਗਤ ਰਾਮ 19 ਮਾਰਚ ਨੂੰ ਵਾਪਸ ਚੱਲ ਪਿਆ ਤੇ ਆਉਂਦਾ ਹੋਇਆ ਆਜ਼ਾਦ ਇਲਾਕੇ ਲਾਗੇ ਪਿਸ਼ਾਵਰ ਵਾਲੀ ਸੜਕ ਨੂੰ ਅਰਖੀ ਪਿੰਡ ਲਾਗਿਉਂ ਛੱਡ ਉਤਰ ਵੱਲ ਮਹਿਮੰਦਾਂ ਦੇ ਆਜ਼ਾਦ ਇਲਾਕੇ ਵਿਚ ਦੀ ਹੋ ਕੇ ਆਇਆ। ਇਧਰ ਦੀ ਰਾਹ ਵਿਚ ਸਾਡੇ ਆਪਣੇ ਕਾਮਰੇਡਾਂ ਦੀਆਂ ਠਾਹਰਾਂ ਤੇ ਟਿਕਾਣੇ ਸਨ। ਅਰਖੀ ਤੋਂ ਕੁੰਡਾ ਪੇਲ ਤੇ ਗੰਧਾਉ ਵਿਚ ਦੀ ਹੁੰਦਾ ਹੋਇਆ ਸੁਬਕਦਰ ਥਾਣੀਂ 23 ਮਾਰਚ ਨੂੰ ਪਿਸ਼ਾਵਰ ਪੁਜ ਗਿਆ। ਉਥੋਂ ਨੁਸ਼ਹਿਰੇ ਮੀਆਂ ਅਕਬਰ ਸ਼ਾਹ ਨੂੰ ਸਭ ਕੁਝ ਦੱਸ ਦਿੱਤਾ। 25 ਮਾਰਚ 1941 ਨੂੰ ਉਹ ਸਾਡੇ ਪਾਸੇ ਲਾਹੌਰ ਪੁੱਜ ਗਿਆ।

ਉਸ ਨੇ ਸਾਨੂੰ ਕਾਬਲ ਦੀ ਸਾਰੀ ਵਾਰਤਾ ਸੁਣਾਈ। ਇਸ ਵਾਰਤਾ ਵਿਚ ਬੋਸ ਦਾ ਮਾਸਕੋ ਜਾਣਾ ਨਾ ਸੁਣ ਕੇ ਸਾਡੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਸਾਡੇ ਬੋਸ ਬਾਰੇ ਸ਼ੱਕ ਸੱਚੇ ਨਿਕਲੇ। ਅਸੀਂ ਫਾਸਿਸਟਾਂ ਦੇ ਬਚਨਾਂ 'ਤੇ ਕਿਸ ਤਰ੍ਹਾਂ ਇਤਬਾਰ ਕਰ ਸਕਦੇ ਸੀ? ਅਸੀਂ ਛਲੇ ਗਏ ਸਾਂ। ਅਸੀਂ ਭਗਤ ਰਾਮ ਦੀ ਕਚਿਆਈ 'ਤੇ ਬੜਾ ਕਲਪੇ। ਅਸੀਂ ਸੋਵੀਅਤ ਰਾਜਦੂਤ ਨੂੰ ਵੀ ਗਾਲਾਂ ਕੱਢੀਆਂ, ਤੇ ਸੋਢੀ ਨੂੰ ਤਾਂ ਖਲੋਣ ਜੋਗਾ ਨਾ ਛੱਡਿਆ ਕਿ ਉਹ ਆਪ ਬੋਸ ਨਾਲ ਕਿਉਂ ਨਾ ਗਿਆ। ਸਾਨੂੰ ਧੀਰਜ ਦੇਣ ਲਈ ਭਗਤ ਰਾਮ ਨੇ ਆਖਿਆ ਕਿ "ਤੁਸੀਂ ਖ਼ਾਤਰ ਜਮ੍ਹਾਂ ਰੱਖੋ। ਬੋਸ ਨੇ ਮਨ ਬਣਾਇਆ ਹੋਇਆ ਹੈ ਕਿ ਜਦ ਫਾਸਿਸਟ ਉਸ ਨੂੰ ਲੈ ਕੇ ਮਾਸਕੋ ਜਾਣਗੇ ਤਾਂ ਅਗਾਂਹ ਨਹੀਂ ਜਾਵੇਗਾ ਤੇ ਮਾਸਕੋ ਹੀ ਰਹਿ ਜਾਵੇਗਾ।"

ਸਾਨੂੰ ਰੂਸ ਦੇ ਰਾਜਦੂਤ 'ਤੇ ਵੀ ਬੜਾ ਗੁੱਸਾ ਆਇਆ ਕਿ ਪਹਿਲਾਂ ਉਨ੍ਹਾਂ ਰਾਮ ਕਿਸ਼ਨ ਤੇ ਫਿਰ ਛੀਨੇ ਨਾਲ ਰੁੱਖਾ, ਬੇਲਿਹਾਜ਼ਾ ਤੇ ਗੈਰਾਂ ਵਾਲਾ ਰਵੱਈਆ ਧਾਰਨ ਕੀਤਾ, ਤੇ ਹੁਣ ਬੋਸ ਵਾਰੀ ਵੀ। ਸਾਨੂੰ ਸੋਵੀਅਤ ਹਕੂਮਤ ਦੀ ਇਸ ਕਚਿਆਈ 'ਤੇ ਬੜਾ ਰੰਜ ਹੋਇਆ ਕਿ ਇਸ ਨੇ ਇਹੋ ਜਿਹੇ ਡਰਾਕਲ ਤੇ ਕੰਡ ਬਚਾਊ ਰਾਜਦੂਤ ਹਿੰਦੋਸਤਾਨ ਦੀ ਸਰਹੱਦ ਲਾਗਲੇ ਦੇਸ਼ਾਂ ਵਿਚ ਲਾ ਛੱਡੇ ਸਨ ਜੋ ਸਾਡੀ ਆਜ਼ਾਦੀ ਦੇ ਘੋਲ ਤੇ ਇਸ ਵਿਚ ਘੁਲ ਰਹੇ ਤੇ ਜਾਨਾਂ ਖਤਰੇ ਵਿਚ ਪਾ ਕੇ ਕਾਬਲ ਜਾਣ ਵਾਲੇ ਸੂਰਮਿਆਂ ਦੀ ਬਾਂਹ ਨਹੀਂ ਫੜਦੇ। ਉਸ ਨਾਲੋਂ ਤਾਂ ਫਾਸਿਸਟਾਂ ਦੇ ਦੂਤ ਹੀ ਚੰਗੇ।

ਖ਼ੈਰ, ਬੋਸ ਦੇ ਮਾਸਕੋ ਉਤਰ ਜਾਣ ਦੇ ਦਮ ਦਿਲਾਸੇ 'ਤੇ ਅਸੀਂ ਕੁਝ ਪਰਚ ਗਏ ਪਰ ਬੋਸ ਦੀ ਖਸਲਤ ਤੋਂ ਪੁਰਾਣੇ ਜਾਣੂ ਹੋਣ ਕਰਕੇ ਯਕੀਨ ਨਾ ਕਰ ਸਕੇ ਤੇ ਸਾਡਾ ਧੁੜਕੂ ਦੂਰ ਨਾ ਹੋਇਆ। ਫੇਰ ਭਗਤ ਰਾਮ ਬੋਸ ਦੀਆਂ ਦੋ ਚਿੱਠੀਆਂ ਲਿਆਇਆ। ਇਕ ਫਾਰਵਰਡ ਬਲਾਕ ਦੇ ਖ਼ਜ਼ਾਨਚੀ ਸਰਦੂਲ ਸਿੰਘ ਕਵੀਸ਼ਰ ਦੇ ਨਾਂ, ਤੇ ਦੂਜੀ ਸੁਭਾਸ਼ ਦੇ ਭਾਈ ਸ਼ਰਤ ਚੰਦਰ ਬੋਸ ਦੇ ਨਾਂ, ਜਿਨ੍ਹਾਂ ਵਿਚ ਉਸ ਨੇ ਜਰਮਨ ਰਾਜਦੂਤ ਨਿਵਾਸ ਵਿਚ ਪਹੁੰਚਣ ਦੀ ਖ਼ਬਰ ਦਿੱਤੀ ਹੋਈ ਸੀ, ਅਤੇ ਕਵੀਸ਼ਰ ਦੇ ਨਾਂ ਇਕ ਹੋਰ ਰੁਕੇ 'ਚ ਖਰਚਾਂ ਲਈ ਰੁਪਏ ਮੰਗੇ ਸਨ।

ਬੋਸ ਨੇ ਇਹ ਮਤਾ ਪਕਾਇਆ ਸੀ ਕਿ ਜਦ ਤੱਕ ਫਾਸਿਸਟਾਂ ਨਾਲ ਹਿੰਦੋਸਤਾਨ ਦੀ ਆਜ਼ਾਦੀ ਨੂੰ ਪ੍ਰਵਾਨ ਕਰਕੇ ਆਪਸ ਵਿਚ ਬਰਾਬਰੀ ਦੀ ਬਿਨਾ 'ਤੇ ਕੋਈ ਪੱਕ-ਪਕਾਅ ਨਹੀਂ ਹੋ ਜਾਂਦਾ, ਉਨ੍ਹਾਂ ਤੋਂ ਖਰਚੇ ਵਾਸਤੇ ਪੈਸੇ ਨਹੀਂ ਲੈਣੇ। ਭਗਤ ਰਾਮ ਨੇ ਉਸ ਨਾਲ ਜੋੜ-ਜੋੜੀ ਰੱਖਣ ਵਾਸਤੇ ਪੰਜਾਬੋਂ ਕਾਬਲ ਜਾਇਆ, ਆਇਆ ਤੇ ਠਹਿਰਿਆ ਕਰਨਾ ਸੀ। ਰਾਹ ਦੀਆਂ ਠਾਹਰਾਂ ਨੂੰ ਵੀ ਖਰਚਾ ਦੇਣਾ ਪੈਣਾ ਸੀ। ਇਸ ਕੰਮ ਲਈ ਬੇਅੰਤ ਪੈਸਾ ਚਾਹੀਦਾ ਸੀ। ਇਹ ਪੈਸਾ ਹਾਲ ਦੀ ਘੜੀ ਉਸ ਨੇ ਕਵੀਸ਼ਰ ਪਾਸੋਂ ਮੰਗਿਆ ਸੀ ਜੋ ਫਾਰਵਰਡ ਬਲਾਕ ਦਾ ਖ਼ਜ਼ਾਨਚੀ ਸੀ ਤੇ ਬੋਸ ਦਾ ਬਹੁਤ ਨੇੜਲਾ ਸੀ।

ਭਗਤ ਰਾਮ ਤੇ ਮੈਂ, ਸਰਦੂਲ ਸਿੰਘ ਕਵੀਸ਼ਰ ਪਾਸ ਗਏ ਤੇ ਬੋਸ ਦੀ ਚਿੱਠੀ ਉਸ ਨੂੰ ਦਿੱਤੀ। ਉਸ ਨੇ ਚਿੱਠੀ ਤੋਂ ਪਹਿਲਾਂ ਹੀ ਸਾਡੇ ਨਾਲ ਅਜਿਹੀਆਂ ਗੱਲਾਂ ਕੀਤੀਆਂ ਤੇ ਸਾਥੋਂ ਵਾਕਫੀਆਂ ਮੰਗੀਆਂ ਜਿਸ ਤੋਂ ਅਸਾਂ ਜਾਤਾ ਕਿ ਉਸ ਨੂੰ ਬੋਸ ਦੇ ਬਾਹਰ ਜਾਣ ਦੀ ਸਕੀਮ ਦਾ ਪਤਾ ਸੀ। ਉਹ ਉਸ ਦੇ ਕਾਬਲ ਪਹੁੰਚਣ 'ਤੇ ਉਥੋਂ ਰੋਮ ਨੂੰ ਤੁਰ ਜਾਣ ਦੀ ਖ਼ਬਰ ਸੁਣ ਕੇ ਬਹੁਤ ਖੁਸ਼ ਹੋਇਆ।

ਉਸ ਨੇ ਚਿੱਠੀ ਪੜ੍ਹੀ, ਉਪਰੰਤ ਭਗਤ ਰਾਮ ਤੋਂ ਬਹੁਤ ਸਾਰੀ ਹੋਰ ਵਿਆਖਿਆ ਮੰਗੀ ਜੋ ਭਗਤ ਰਾਮ ਦੇਈ ਗਿਆ ਪਰ ਪੈਸਿਆਂ ਵਾਲਾ ਰੁੱਕਾ ਪੜ੍ਹਿਆ ਤਾਂ ਉਸ ਦਾ ਖੁਸ਼ੀ ਵਿਚ ਹਸੂੰ-ਹਸੂੰ ਕਰ ਰਿਹਾ ਚਿਹਰਾ ਇਕ ਦਮ ਉਤਰ ਗਿਆ ਤੇ ਜੁਲਾਹੇ ਦੇ ਰਛ ਵਰਗੀ ਦਾੜ੍ਹੀ ਨੂੰ ਖੱਬੇ ਹੱਥ ਵਿਚ ਫੜ ਕੇ ਡੂੰਘੀਆਂ ਸੋਚਾਂ ਵਿਚ ਪੈ ਗਿਆ। ਮੈਂ ਸਮਝ ਲਿਆ ਕਿ ਇਨ੍ਹਾਂ ਤਿਲਾਂ ਵਿਚੋਂ ਤੇਲ ਨਹੀਂ ਨਿਕਲਣਾ। ਅਸੀਂ ਪੰਜ ਕੁ ਮਿੰਟ ਉਡੀਕਿਆ, ਉਹ ਇਸ ਤਰ੍ਹਾਂ ਸਿਰ ਸੁੱਟੀ ਚੁੱਪ ਬੈਠਾ ਰਿਹਾ ਜਿਸ ਤਰ੍ਹਾਂ ਕਿਸੇ ਭੁਲੀ ਵਿਸਰੀ ਯਾਦ ਨੂੰ ਤਾਜ਼ਾ ਕਰਨ ਲਈ ਅੰਤਰ ਧਿਆਨ ਹੋ ਗਿਆ ਹੋਵੇ। ਅਖੀਰ ਮੈਂ ਅੱਕ ਕੇ ਪੁੱਛਿਆ, "ਕਿਉਂ ਸਰਦਾਰ ਜੀ?" ਬਾਹਰ ਬਰਾਂਡੇ ਵਿਚ ਤਰਕਾਲਾਂ ਦਾ ਕਾਫ਼ੀ ਹਨੇਰਾ ਹੋ ਗਿਆ ਸੀ। ਕਵੀਸ਼ਰ ਜਵਾਬ ਦੇਣ ਦੀ ਥਾਂ ਕੁਰਸੀ ਤੋਂ ਉਠਿਆ ਤੇ ਚੁੱਪ-ਚਾਪ ਅੰਦਰ ਚਲਾ ਗਿਆ। ਅਸਾਂ ਮਹਿੰ ਪਸਮ ਪਈ ਸਮਝੀ। ਅੰਦਰ ਬਿਜਲੀ ਦੀ ਬੱਤੀ ਜਲੀ ਤੇ ਦੋ ਕੁ ਮਿੰਟ ਬਾਅਦ ਕਵੀਸ਼ਰ ਬਾਹਰ ਆਇਆ। ਨੋਟਾਂ ਦੇ ਥੱਬੇ ਦੀ ਥਾਂ ਉਸ ਨੇ ਉਹੀ ਰੁੱਕਾ ਹੱਥ ਵਿਚ ਫੜਿਆ ਹੋਇਆ ਸੀ ਜੋ ਉਹਨੇ ਸ਼ਰਮਿੰਦਿਆਂ ਵਾਂਗ ਰੁਖਾ ਜਿਹਾ ਮੂੰਹ ਬਣਾ ਕੇ ਭਗਤ ਰਾਮ ਨੂੰ ਫੜਾਉਂਦਿਆਂ ਆਖਿਆ, "ਇਹ ਹੈਂਡਰਾਈਟਿੰਗ (ਲਿਖਤ) ਉਸ ਦਾ ਨਹੀਂ ਜਾਪਦਾ।" ਇਸ ਦਾ ਮਤਲਬ ਸੀ (ਸਾਡੇ ਭਾਣੇ) ਕਿ ਉਸ ਨੇ ਪੈਸੇ ਨਹੀਂ ਦੇਣੇ। ਉਹ ਇਹੋ ਜਵਾਬ ਸੋਚਣ ਲਈ ਅੰਦਰ ਗਿਆ ਸੀ।

ਭਗਤ ਰਾਮ ਨੇ ਰੁੱਕਾ ਫੜ ਲਿਆ। ਅਸੀਂ ਦੋਵੇਂ ਇਕ ਦਮ ਉਠ ਖਲੋਤੇ ਤੇ ਗੁੱਸੇ ਵਿਚ ਭਰੇ ਪੀਤੇ ਮੂੰਹ ਲੈ ਕੇ ਬਿਨਾ ਉਸ ਨੂੰ ਸਲਾਮ ਦੁਆ ਆਖਿਆਂ ਤੁਰ ਆਏ। ਇਹ ਸਨ ਬੋਸ ਦੀਆਂ ਸੱਜੀਆਂ ਬਾਹਵਾਂ। ਧਨੀਆਂ ਨੂੰ ਯਾਰ ਦੀ ਕੰਡ ਪਿੱਛੇ ਪੈਸਾ ਪਿਆਰਾ ਹੁੰਦਾ ਹੈ। ਉਹ ਬਿਪਤਾ ਵੇਲੇ ਯਾਰ ਦੀ ਵੱਢੀ ਉਂਗਲੀ 'ਤੇ ਵੀ ਨਹੀਂ ਮੂਤਦੇ। ਇਹੋ ਰੁੱਕਾ ਜਦ ਭਗਤ ਰਾਮ ਨੇ 28 ਮਾਰਚ ਨੂੰ ਕਲਕੱਤੇ ਜਾ ਕੇ ਬੋਸ ਦੇ ਭਾਈ ਸ਼ਰਤ ਚੰਦਰ ਬੋਸ ਨੂੰ ਦਿੱਤਾ ਤਾਂ ਉਸ ਨੇ ਹੁਤ ਨਾ ਕੀਤੀ, ਤੇ ਸੱਤ ਸੌ ਰੁਪਿਆ ਭਗਤ ਰਾਮ ਨੂੰ ਅਡੋਲ ਫੜਾ ਦਿੱਤਾ। ਬਾਕੀ ਪੈਸਾ ਅਸਾਂ ਆਪ ਪਾ ਕੇ ਭਗਤ ਰਾਮ ਨੂੰ ਮੁੜ ਕਾਬਲ ਤੋਰ ਦਿੱਤਾ। ਭਗਤ ਰਾਮ ਮਹੀਨੇ ਕੁ ਬਾਅਦ ਫੇਰ ਆਇਆ। ਉਸ ਨੇ ਦੱਸਿਆ ਕਿ ਬੋਸ ਵਾਅਦੇ ਅਨੁਸਾਰ ਮਾਸਕੋ ਨਹੀਂ ਉਤਰਿਆ, ਤੇ ਸਿੱਧਾ ਰੋਮ ਚਲਿਆ ਗਿਆ ਸੀ ਤੇ ਫਾਸਿਸਟਾਂ ਨੇ ਬੋਸ ਦੀਆਂ ਤਜਵੀਜ਼ਾਂ ਮੰਨ ਲਈਆਂ ਨੇ। ਉਹਨੇ ਹਿੰਦੋਸਤਾਨ ਵਾਸਤੇ ਜਿਹੜੀ ਹਕੂਮਤ ਦੀ ਵਜ਼ਾਰਤ ਪੇਸ਼ ਕੀਤੀ ਸੀ, ਉਹ ਉਨ੍ਹਾਂ ਪ੍ਰਵਾਨ ਕਰ ਲਈ ਸੀ। ਵਜ਼ਾਰਤ ਦੇ ਕੁਝ ਯਾਦ ਰਹਿ ਗਏ ਹੋਏ ਇਹ ਵਜ਼ੀਰ ਸਨ। ਅਜੇ ਲੋੜ ਵੀ ਏਨਿਆਂ ਕੁ ਦੀ ਸੀ:

1. ਪ੍ਰਧਾਨ ਮੰਤਰੀ-ਸੁਭਾਸ ਚੰਦਰ ਬੋਸ।
2. ਗ੍ਰਹਿ ਮਤਰੀ-ਸ਼ਰਤ ਚੰਦਰ ਬੋਸ
3. ਪੈਸਾ ਮੰਤਰੀ-ਸਰਦੂਲ ਸਿੰਘ ਕਵੀਸ਼ਰ
4. ਰੱਖਿਆ ਮੰਤਰੀ-ਨਰਿੰਜਨ ਸਿੰਘ ਤਾਲਿਬ

ਫਾਸਿਸਟ ਤਾਕਤਾਂ ਤੇ ਰੂਸ ਵਿਚਕਾਰ ਭਾਵੇਂ ਇਕ-ਦੂਸਰੇ 'ਤੇ ਹਮਲਾ ਨਾ ਕਰਨ ਦਾ ਇਕਰਾਰਨਾਮਾ ਹੋਇਆ ਹੋਇਆ ਸੀ ਤੇ ਜੰਗ ਫਿਲਹਾਲ ਪੱਛਮੀ ਸਾਮਰਾਜੀ ਤਾਕਤਾਂ ਤੇ ਫਾਸਿਸਟਾਂ ਵਿਚਕਾਰ ਹੀ ਹੋ ਰਹੀ ਸੀ, ਪਰ ਕਮਿਊਨਿਸਟ ਹੋਣ ਦੀ ਹੈਸੀਅਤ ਵਿਚ ਅਸੀਂ

(ਬਾਕੀ ਸਫਾ 37 'ਤੇ)

ਕਹਾਣੀ

# ਹਨੇਰੇ 'ਚ ਸੁਗੰਧ

***ਭਾਰਤ ਦੇ ਕੇਂਦਰੀ ਕਬਾਇਲੀ ਖੇਤਰਾਂ ਅੰਦਰ ਚੱਲ ਰਿਹਾ ਨਕਸਲੀ ਅੰਦੋਲਨ ਅੱਜ ਕੱਲ੍ਹ ਪੂਰੀ ਦੁਨੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੈਗਾਸਾਸੇ ਐਵਾਰਡ ਜੇਤੂ ਉਘੀ ਭਾਰਤੀ ਲੇਖਕ ਅਰੁੰਧਤੀ ਰਾਏ ਨੇ ਸਦੀਆਂ ਤੋਂ ਦੱਬੇ ਕੁਚਲੇ ਅਤੇ ਸਤਾਏ ਹੋਏ ਅਤਿ ਗਰੀਬ ਕਬਾਇਲੀ ਲੋਕਾਂ ਦੇ ਹੱਕ ਵਿਚ ਸ਼ਰ੍ਹੇਆਮ ਸਟੈਂਡ ਲੈ ਕੇ ਇਸ ਨੂੰ ਕੌਮੀ ਰਾਜਨੀਤਕ ਪ੍ਰਵਚਨ ਦੇ ਕੇਂਦਰ ਵਿਚ ਲੈ ਆਂਦਾ ਹੈ। ਇਸ ਵਿਵਾਦਪੂਰਨ ਅੰਦੋਲਨ ਦੀਆਂ ਜੜ੍ਹਾਂ ਤਲਾਸ਼ਣ ਦੀ ਕੋਸ਼ਿਸ਼ ਵਜੋਂ ਰੀਵਾ ਜ਼ਿਲ੍ਹੇ ਨਾਲ ਸਬੰਧਤ ਉਘੇ ਹਿੰਦੀ ਲੇਖਕ ਕੈਲਾਸ਼ ਚੰਦਰ ਨੇ 'ਜੰਗਲ ਵਿਚ ਸੁਗੰਧ' ਨਾਂ ਦੀ ਇਸ ਜ਼ੋਰਦਾਰ ਕਹਾਣੀ ਦੀ ਰਚਨਾ ਕੀਤੀ ਹੈ। ਪੰਜਾਬੀ ਰਸਾਲੇ 'ਕਹਾਣੀ ਪੰਜਾਬ' ਦੇ ਆਨਰੇਰੀ ਸੰਪਾਦਕ ਡਾ. ਕਰਾਂਤੀਪਾਲ ਦੇ ਸਹਿਯੋਗ ਨਾਲ ਅਸੀਂ ਇਹ ਕਹਾਣੀ ਸ੍ਰੀ ਮਹਿੰਦਰ ਸਿੰਘ ਬੇਦੀ (ਫੋਨ 94177-30600) ਕੋਲੋਂ ਤਰਜਮਾ ਕਰਵਾ ਕੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਚੇਚੇ ਤੌਰ 'ਤੇ ਪ੍ਰਕਾਸ਼ਿਤ ਕਰ ਰਹੇ ਹਾਂ। ਪਿੱਛੇ ਜਿਹੇ 'ਵਰਤਮਾਨ ਸਾਹਿਤਯ' ਨਾਂ ਦੇ ਅਦਾਰੇ ਵੱਲੋਂ ਕਰਵਾਏ ਗਏ 'ਕਮਲੇਸ਼ਵਰ ਕਹਾਣੀ ਮੁਕਾਬਲੇ' ਵਿਚ ਇਹ ਕਹਾਣੀ ਪਹਿਲਾ ਸਥਾਨ ਪ੍ਰਾਪਤ ਕਰ ਜਾਣ ਕਰਕੇ ਵੀ ਸਾਹਿਤਕ ਹਲਕਿਆਂ ਅੰਦਰ ਚਰਚਾ ਵਿਚ ਹੈ। ਪੇਸ਼ ਹੈ ਇਸ ਦਾ ਦੂਜਾ ਹਿੱਸਾ।-ਸੰਪਾਦਕ***

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਹੁਣ ਮੇਰੇ ਚਾਰੇ ਪਾਸੇ ਨਕਸਲੀ ਫੈਲੇ ਹੋਏ ਸਨ। ਹਨੇਰੇ ਵਿਚ ਹੀ ਉਨ੍ਹਾਂ ਦੀਆਂ ਨਜ਼ਰਾਂ ਮੇਰੇ ਉਤੇ ਟਿਕੀਆਂ ਹੋਈਆਂ ਸਨ। ਉਹ ਪੰਜ ਜਾਂ ਪੰਦਰਾਂ, ਕਿੰਨੇ ਵੀ ਹੋ ਸਕਦੇ ਨੇ, ਹਥਿਆਰਾਂ ਨਾਲ ਲੈਸ। ਚਿਤਾਵਨੀ ਸਾਂਵਲੀ ਨੇ ਹੀ ਦਿੱਤੀ ਹੈ, ਇਸ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ। ਮੇਰਾ ਅਹੁਦੇ, ਕੁਰਸੀ ਦਾ ਸਾਰਾ ਵਡੱਪਣ ਇਕ ਪਲ ਵਿਚ ਕਾਫ਼ੂਰ ਹੋ ਗਿਆ।

"ਤੂੰ ਮੈਨੂੰ ਮਿਲਣਾ ਚਾਹੁੰਦਾ ਏਂ, ਕਿਉਂ?" ਗੰਧ ਨੇ ਫੇਰ ਕਿਹਾ।

ਇਸ ਤੋਂ ਪਹਿਲਾਂ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਸੀ ਕਿ ਤੂੰ ਉਸ ਤੇਜ਼ ਗੰਧ ਵਾਲੇ ਫੁੱਲਾਂ ਦਾ ਨਾਂ ਦੱਸ ਸਾਂਵਲੀ, ਜਿਹੜੇ ਸ਼ਾਇਦ ਤੂੰ ਜੂੜੇ ਵਿਚ ਲਾਏ ਹੋਏ ਨੇ। ਹੁਣ ਇਥੇ ਨਾ ਤਾਂ ਕਾਇਰਤਾ ਦਿਖਾਈ ਜਾ ਸਕਦੀ ਸੀ ਤੇ ਨਾ ਹੈਂਕੜ। ਇਹ ਤੈਅ ਸੀ ਕਿ ਜੇ ਉਹ ਮਾਰਨਾ ਚਾਹੁੰਦੇ ਤਾਂ ਕਿਸੇ ਵੀ ਪਾਸਿਓਂ ਹਨੇਰੇ ਵਿਚ ਲੁਕੀ ਗੋਲੀ ਆਉਂਦੀ ਤੇ ਸੀਨੇ ਵਿਚ ਧਸ ਜਾਂਦੀ। ਉਨ੍ਹਾਂ ਇੰਜ ਨਹੀਂ ਕੀਤਾ। ਇਸ ਕਰਕੇ ਡਰ ਕੁਝ ਘਟ ਗਿਆ।

"ਹਾਂ! ਮੈਂ ਗੱਲ ਕਰਨਾ ਚਾਹੁੰਦਾ ਸਾਂ ਤੇਰੇ

**ਕੈਲਾਸ਼ ਚੰਦਰ**
**ਅਨੁਵਾਦ:ਮਹਿੰਦਰ ਬੇਦੀ, ਜੈਤੋ**

ਨਾਲ। ਮਿਲ ਬੈਠ ਕੇ ਅਸੀਂ ਕੁਝ ਤੈਅ ਕਰ ਲਈਏ...!"

"ਤੇਰਾ ਵਿਭਾਗ ਕੁਝ ਤੈਅ ਕਰਨਾ ਨਹੀਂ ਚਾਹੁੰਦਾ ਡਿਪਟੀ! ਫੇਰ ਵੀ, ਤੂੰ ਸਾਨੂੰ ਚੰਗਾ ਅਫ਼ਸਰ ਲੱਗਦਾ ਏਂ। ਤੂੰ ਜਿਸ ਤਰ੍ਹਾਂ ਸ਼ਿਵ ਰਾਮ ਕੁੰਠੇ ਦਾ ਕੇਸ ਸੁਲਝਾਇਆ ਏ, ਮੈਂ ਤੇਰੀ ਤਾਰੀਫ਼ ਕਰਦੀ ਆਂ।" ਗੰਧ ਨੇ ਕਿਹਾ ਤੇ ਹਨੇਰੇ ਦੇ ਪਰਦੇ ਨੂੰ ਚੀਰ ਕੇ ਸਾਂਵਲੀ ਤਿੰਨ ਕੁ ਫੁੱਟ ਦੇ ਫਾਸਲੇ 'ਤੇ ਆ ਖੜ੍ਹੀ ਹੋਈ।

ਉਹ ਫਾਸਲਾ ਭਾਵੇਂ ਕਿੰਨਾ ਵੀ ਹੋਵੇ, ਮੈਂ ਉਹਨੂੰ ਦੇਖ ਕੇ ਹੈਰਾਨੀ ਨਾਲ ਤ੍ਰਭਕਿਆ ਸਾਂ। ਏਨੇ ਘੱਟ ਚਾਨਣ ਵਿਚ ਠੋਸ ਜੋਬਨ ਤੇ ਦਲੇਰੀ ਦੀ ਸਾਕਾਰ ਮੂਰਤ ਸਾਂਵਲੀ ਖੜ੍ਹੀ ਸੀ। ਸਿੱਧਾ ਮੇਰੀਆਂ ਅੱਖਾਂ ਵਿਚ ਤੱਕਦੀ ਹੋਈ। ਯਕਸ਼ਣੀ (ਦੇਵ ਦਾਸੀ) ਵਰਗਾ ਸ਼ਿਆਮਲ ਰੂਪ। ਸਿਓ ਵਾਂਗ ਭਰੀ ਦੇਹ। ਸਾਧਾਰਨ ਕੱਦ ਦੀ ਨਕਸਲੀ। ਉਹਦੇ ਮੋਢੇ ਉਤੇ ਕਾਰਬਾਈਨ ਟੰਗੀ ਹੋਈ ਸੀ...ਠਾਹ! ਠਾਹ! ਠਾਹ! ਗੋਲੀਆਂ ਨਹੀਂ ਜਵਾਂਕੁਸਮ ਦੇ ਫੁੱਲ ਨਿਕਲਦੇ ਹੋਣਗੇ ਉਹਦੀ ਕਾਰਬਾਈਨ ਵਿਚੋਂ। ਸਹੀ ਕਿਹਾ ਐਸ.ਪੀ. ਸਾਹਬ ਨੇ। ਅਜਿਹਾ ਰੂਪ ਕਿ ਕਿਸੇ ਦਾ ਵੀ ਈਮਾਨ ਡੋਲ ਜਾਏ। ਸਿਰ ਉਤੇ ਸੰਘਣੇ ਕੇਸਾਂ ਦਾ ਜੂੜਾ...ਵਾਲਾਂ ਦੀ ਛਾਂ ਜਿਵੇਂ ਸਰਈ ਦੀ ਛਾਂ। ਰੂਪ ਤੇ ਆਤੰਕ ਦਾ ਅਦਭੁਤ ਸੰਗਮ...ਹਨੇਰੇ ਵਿਚ ਵੀ ਉਹ ਇਵੇਂ ਦਗ ਰਹੀ ਸੀ।

ਹੁਣੇ ਜਿਸ ਸ਼ਿਵ ਰਾਮ ਕੁੰਠੇ ਦੀ ਗੱਲ ਸਾਂਵਲੀ ਨੇ ਕੀਤੀ ਸੀ, ਉਹਦੇ 17-18 ਸਾਲ ਦੇ ਸਕੂਲ ਪੜ੍ਹਦੇ ਮੁੰਡੇ ਨੂੰ ਪੁਲਿਸ ਫੜ ਲਿਆਈ ਸੀ। ਸ਼ੱਕ ਸੀ ਕਿ ਇਹ ਮੁੰਡਾ ਨਕਸਲੀਆਂ ਲਈ ਕੰਮ ਕਰਦਾ ਹੈ। ਘਰੋਂ ਦੋ ਦੋ ਤਿੰਨ ਤਿੰਨ ਦਿਨ ਗਾਇਬ ਰਹਿ ਕੇ ਜੰਗਲ ਵਿਚ ਬੰਦੂਕ ਚਲਾਉਣ ਦੀ ਟਰੇਨਿੰਗ ਲੈਂਦਾ ਹੈ। ਮੈਂ ਜਾਣਦਾ ਸੀ ਕਿ ਜੇ ਇਸ ਮੁੰਡੇ ਨੂੰ ਟਾਰਚਰ ਕੀਤਾ ਗਿਆ ਤਾਂ ਇਹ ਪੱਕੇ ਤੌਰ 'ਤੇ ਜੰਗਲ ਦੀ ਰਾਹ ਫੜ ਲਵੇਗਾ। ਉਹਦੇ ਖ਼ਿਲਾਫ਼ ਪੁਲਿਸ ਕੋਲ ਕੋਈ ਠੋਸ ਸਬੂਤ ਨਹੀਂ ਹੈ। ਲਾਕਅੱਪ 'ਚੋਂ ਕੱਢ ਕੇ ਮੈਂ ਉਹਨੂੰ ਆਪਣੇ ਬੰਗਲੇ 'ਚ ਬੁਲਾਇਆ ਤੇ ਉਹਦੇ ਨਾਲ ਗੱਲਬਾਤ ਕੀਤੀ। ਮੁੰਡੇ ਨੇ ਦੱਸਿਆ ਕਿ ਆਪਣੇ ਟੋਲੇ ਵਿਚ ਸਿਰਫ਼ ਉਹੀ ਇਕੱਲਾ ਸਕੂਲ ਜਾਂਦਾ ਹੈ। ਉਹਨੂੰ ਸਕੂਲ ਜਾਣਾ ਚੰਗਾ ਲੱਗਦਾ ਹੈ, ਉਹਨੂੰ ਕਿਤਾਬਾਂ ਚੰਗੀਆਂ ਲੱਗਦੀਆਂ ਨੇ। ਸਭ ਤੋਂ ਵੱਧ ਚੰਗੀ ਉਹਨੂੰ ਨਰਸਰੀ ਵਾਲੀ ਕਿਤਾਬ ਲੱਗਦੀ ਹੈ। ਉਹ ਜੜ੍ਹੀ-ਬੂਟੀਆਂ ਦੀ ਭਾਲ ਵਿਚ ਕੁਝ ਦਿਨਾਂ ਲਈ ਜੰਗਲ ਵਿਚ ਚਲਾ ਜਾਂਦਾ ਹੈ। ਜੜ੍ਹੀਆਂ ਇਕੱਠੀਆਂ ਕਰ ਲਿਆਉਂਦਾ ਹੈ ਤੇ ਬਾਣੀਏ ਨੂੰ ਵੇਚ ਕੇ ਘਰ ਲਈ ਚੌਲ ਤੇ ਹੋਰ ਸਾਮਾਨ ਲੈ ਲੈਂਦਾ ਹੈ। ਇਸ ਨਾਲ ਪਿਤਾ ਨੂੰ ਕੁਝ ਸਹਾਰਾ ਮਿਲ ਜਾਂਦਾ ਏ। ਘਰ ਉਹਦੇ ਦੋ ਭਰਾ ਹੋਰ ਨੇ ਪਰ ਉਹ ਸਕੂਲ ਨਹੀਂ ਜਾਂਦੇ। ਮੈਂ ਪਿੰਡ ਦੇ ਬਾਣੀਏ ਨੂੰ ਬੁਲਾ ਕੇ ਮੁੰਡੇ ਦੀ ਗੱਲ ਦੀ ਪੁਸ਼ਟੀ ਕਰ ਲਈ ਤੇ ਉਹਨੂੰ ਛੱਡ ਦਿੱਤਾ।

"ਇਹ ਤੇਰੀ ਕੋਈ ਚਾਲ ਤਾਂ ਨਹੀਂ...ਮੈਨੂੰ ਫਤਨ ਦੀ ਜਾਂ ਗੋਲੀ ਚਲਾ ਕੇ ਮਾਰ ਦੇਣ ਦੀ?"

"ਯਕੀਨ ਕਰ ਸਕੇਂ ਤਾਂ ਅਜਿਹਾ ਕੁਝ ਵੀ ਨਹੀਂ।" ਮੈਨੂੰ ਲੱਗਿਆ, ਸਮਝੌਤਾ ਐਕਸਪ੍ਰੈਸ ਚੱਲਣ ਲਈ ਤਿਆਰ ਹੈ।

"ਤੂੰ ਓਹੋ-ਜਿਹਾ ਪੁਲਿਸ ਵਾਲਾ ਨਹੀਂ ਡਿਪਟੀ। ਖ਼ੈਰ, ਕੋਈ ਹਰਜ ਨਹੀਂ ਪਰ ਤੈਨੂੰ ਸਾਡੇ ਕੋਲ ਆਉਣਾ ਪਵੇਗਾ, ਇਕੱਲਾ ਤੇ ਨਿਹੱਥਾ। ਖ਼ਬਰਦਾਰ! ਕੋਈ ਚਲਾਕੀ ਨਾ ਕਰੀਂ, ਨਹੀਂ ਤਾਂ ਜਾਨ ਤੋਂ ਹੱਥ ਧੋ ਬੈਠੇਂਗਾ।...ਇੰਤਜ਼ਾਰ ਕਰ।" ਦੂਜੇ ਪਲ ਸਾਂਵਲੀ ਹਨੇਰੇ ਵਿਚ ਘੁਲਣ ਲੱਗੀ, ਫੇਰ ਪੂਰੀ ਤਰ੍ਹਾਂ ਲੋਪ ਹੋ ਗਈ। ਹੁਣ ਗੰਧ ਵੀ ਨਹੀਂ ਸੀ ਆ ਰਹੀ, ਹਨੇਰੇ ਤੋਂ ਡਰ ਵੀ ਨਹੀਂ ਸੀ ਲੱਗ ਰਿਹਾ ਕਿ ਮੈਂ ਬਿਲਕੁਲ ਇਕੱਲਾ ਖੜ੍ਹਾ ਹਾਂ।

ਵਾਪਸ ਆ ਕੇ ਸੁਕਯਾ ਨੂੰ ਮੈਂ ਕੁਝ ਨਹੀਂ ਦੱਸਿਆ।

ਇਸ ਮੁਲਾਕਾਤ ਪਿੱਛੋਂ ਮੈਂ ਕਈ ਰਾਤਾਂ ਬੇਚੈਨ ਰਿਹਾ। ਸੋਚਿਆ, ਇਸ ਮੁਲਾਕਾਤ ਬਾਰੇ ਆਪਣੇ ਅਫ਼ਸਰਾਂ ਨੂੰ ਦੱਸ ਦਿਆਂ। ਜੇ ਕਿਤੇ ਉਨ੍ਹਾਂ ਪੁੱਛ ਲਿਆ ਕਿ ਸਾਂਵਲੀ ਵਰਗੀ ਖ਼ਤਰਨਾਕ ਔਰਤ ਨਾਲ ਮੁਲਾਕਾਤ ਕਰਕੇ ਕੀ ਸਮਝਾਏਂਗਾ ਉਸ ਨੂੰ...ਤਾਂ ਉਨ੍ਹਾਂ ਨੂੰ ਕੀ ਜਵਾਬ ਦਿਆਂਗਾ? ਅਜੇ ਕੁਝ ਵੀ ਮੇਰੇ ਮਨ ਵਿਚ ਸਪਸ਼ਟ ਨਹੀਂ ਸੀ। ਇਹ ਵੀ ਪੱਕਾ ਨਹੀਂ ਕਿ ਉਹ ਮੇਰੀ ਕੋਈ ਗੱਲ ਮੰਨ ਲਏਗੀ। ਪੁਲਿਸ ਦੀਆਂ ਨਜ਼ਰਾਂ ਵਿਚ ਉਹ ਸਭ ਤੋਂ ਵੱਡੀ ਮੁਜਰਿਮ ਸੀ, ਕਿਉਂਕਿ ਉਹਨੇ ਪੁਲਿਸ ਵਾਲੇ ਦੀ ਹੱਤਿਆ ਕੀਤੀ ਸੀ। ਇਹ ਵੀ ਤੈਅ ਸੀ ਕਿ ਮੇਰੀ ਗੱਲ ਨੂੰ ਵਿਭਾਗ ਕੋਈ ਮਹੱਤਵ ਨਹੀਂ ਦਵੇਗਾ। ਪ੍ਰਸ਼ਾਸਨ ਵੱਲੋਂ ਵੀ ਕੋਈ ਸਹਿਯੋਗ ਮਿਲਣ ਦੀ ਸੰਭਾਵਨਾ ਨਹੀਂ ਸੀ। ਮੈਂ ਫੈਸਲਾ ਕਰ ਲਿਆ ਕਿ ਸਾਂਵਲੀ ਨਾਲ ਹੋਈ ਮੁਲਾਕਾਤ ਬਾਬਤ ਕਿਸੇ ਨੂੰ ਕੁਝ ਨਹੀਂ ਦੱਸਾਂਗਾ।

ਮੇਰੇ ਮਨ ਵਿਚ ਇਹ ਗੱਲ ਬਿਲਕੁਲ ਸਪਸ਼ਟ ਸੀ ਕਿ ਅਨਿਆਂ ਤੇ ਸ਼ੋਸ਼ਣ ਦੇ ਸਰੋਕਾਰਾਂ ਨੂੰ ਭਾਵੇਂ ਪੂਰੀ ਤਰ੍ਹਾਂ ਨਾ ਮਿਟਾਇਆ ਜਾ ਸਕੇ, ਪਰ ਜੇ ਉਨ੍ਹਾਂ 'ਤੇ ਲਗਾਮ ਕੱਸ ਦਿੱਤੀ ਜਾਏ ਤਾਂ ਨਕਸਲਵਾਦ ਉਤੇ ਕਾਫ਼ੀ ਹੱਦ ਤਕ ਕਾਬੂ ਪਾਇਆ ਜਾ ਸਕਦਾ ਹੈ। ਸਾਧਾਰਨ ਤੌਰ 'ਤੇ ਮਨੁੱਖ ਹੈ ਤਾਂ ਸਾਮਾਜਿਕ ਪ੍ਰਾਣੀ ਹੀ, ਤੇ ਸ਼ਾਂਤੀ ਅਤੇ ਸੁਰੱਖਿਆ ਦੀ ਛਾਂ ਵਿਚ ਰਹਿਣਾ ਚਾਹੁੰਦਾ ਹੈ। ਕਿਸੇ ਮਜਬੂਰੀ ਵਿਚ ਹੀ ਕੋਈ ਬੰਦਾ ਗ਼ੈਰ-ਸਮਾਜਿਕ ਬਣਦਾ ਹੈ। ਔਖੇ ਹਾਲਾਤ ਦੇ ਮੁਕਾਬਲੇ ਲਈ ਹੀ ਆਦਮੀ ਹਥਿਆਰ ਚੁੱਕਦਾ ਹੈ। ਜੇ ਉਹ ਹਾਲਾਤ ਮਿਟਾ ਦਿੱਤੇ ਜਾਣ ਤਾਂ ਨਕਸਲਵਾਦ ਰੁਕ ਸਕਦਾ ਹੈ। ਇਹ ਭਾਵੇਂ ਔਖਾ ਤੇ ਲੰਮਾ ਕਾਰਜ ਹੈ ਪਰ ਸ਼ੁਰੂਆਤ ਤਾਂ ਕੀਤੀ ਹੀ ਜਾ ਸਕਦੀ ਹੈ।

ਅਗਲੀ ਮੀਟਿੰਗ ਜਲਦੀ ਹੀ ਹੋ ਗਈ। ਮੈਂ ਪੁਲਿਸ ਕਪਤਾਨ ਸਾਹਵੇਂ ਮਾਲ ਵਿਭਾਗ ਦੇ ਸਹਿਯੋਗ ਦੀ ਗੱਲ ਰੱਖ ਦਿੱਤੀ। ਮੈਂ ਤਰਕ ਪੇਸ਼ ਕੀਤਾ ਕਿ ਆਦਿਵਾਸੀਆਂ ਦੇ ਕਲਿਆਣ ਲਈ ਜਿੰਨੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਨੇ, ਉਨ੍ਹਾਂ ਉਤੇ ਦੋਵੇਂ ਵਿਭਾਗ ਰਲ ਕੇ ਨਜ਼ਰ ਰੱਖਣ ਤਾਂ ਉਨ੍ਹਾਂ ਦਾ ਪੂਰਾ ਪੂਰਾ ਲਾਭ ਉਨ੍ਹਾਂ ਨੂੰ ਮਿਲ ਸਕਦਾ ਹੈ। ਉਹ ਆਪਣੀਆਂ ਸਮੱਸਿਆਵਾਂ 'ਚੋਂ ਨਿਕਲਣਗੇ ਤੇ ਆਪਣੀ ਹਾਲਤ ਨੂੰ ਬਿਹਤਰ ਬਣਾਉਣ ਵਿਚ ਕਾਮਯਾਬ ਹੋ ਜਾਣਗੇ। ਲੋੜ ਇਸ ਗੱਲ ਦੀ ਹੈ ਕਿ ਯੋਜਨਾਵਾਂ ਪੂਰੀ ਤਰ੍ਹਾਂ ਅਤੇ ਈਮਾਨਦਾਰੀ ਨਾਲ ਲਾਗੂ ਕੀਤੀਆਂ ਜਾਣ।

ਪੁਲਿਸ ਕਪਤਾਨ ਵੱਲੋਂ ਕੁਲੈਕਟਰ ਨੂੰ ਚਿੱਠੀ ਕੱਢ ਦਿੱਤੀ ਗਈ। ਕੁਲੈਕਟਰ ਨੇ ਵੀ ਤਤਪਰਤਾ ਦਿਖਾਈ, ਤੇ ਪੰਦਰਾਂ ਦਿਨਾਂ ਬਾਅਦ ਹੀ ਸਾਰੇ ਵਿਭਾਗਾਂ ਦੀ ਮੀਟਿੰਗ ਬੁਲਾ ਲਈ। ਉਸ ਮੀਟਿੰਗ ਵਿਚ ਪੁਲਿਸ ਵਿਭਾਗ ਪਹਿਲੀ ਵਾਰੀ ਸ਼ਾਮਿਲ ਹੋਇਆ ਸੀ। ਜਦੋਂ ਮੈਂ ਮੀਟਿੰਗ ਵਿਚ ਆਪਣੀ ਪੂਰੀ ਰਿਪੋਰਟ ਪੜ੍ਹੀ ਤਾਂ ਹਾਏ ਤੌਬਾ ਮੱਚ ਗਈ। ਰਿਪੋਰਟ ਵਿਚ ਮੈਂ ਇਹ ਸਪਸ਼ਟ ਕੀਤਾ ਸੀ ਕਿ ਪਿਛਲੇ ਤਿੰਨ ਸਾਲਾਂ ਵਿਚ ਕਿਸ ਯੋਜਨਾ ਨੂੰ ਲਾਗੂ ਕਰਨ ਵਿਚ ਕਿਹੜੀਆਂ ਕਿਹੜੀਆਂ ਖ਼ਾਮੀਆਂ ਰਹੀਆਂ ਨੇ ਜਿਸ ਕਰਕੇ ਯੋਜਨਾ ਦਾ ਪੂਰਾ ਲਾਭ ਨਹੀਂ ਮਿਲ ਸਕਿਆ। ਦੂਜੇ ਵਿਭਾਗਾਂ ਨੂੰ ਪੁਲਿਸ ਵਿਭਾਗ ਦਾ ਇਹ ਗ਼ੈਰ-ਜ਼ਰੂਰੀ ਦਖ਼ਲ ਲੱਗਿਆ। ਰਿਪੋਰਟ ਵਿਚ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਵਿਭਾਗਾਂ ਵੱਲ ਉਂਗਲ ਸਿੰਨ੍ਹੀ ਗਈ ਸੀ। ਕੁਲੈਕਟਰ ਨੇ ਇਸ ਰਿਪੋਰਟ ਦੀ ਤਾਰੀਫ਼ ਕੀਤੀ ਤੇ ਲਾਈਨ ਆਫ਼ ਐਕਸ਼ਨ ਬਣਾ ਦਿੱਤੀ ਤੇ ਸਖ਼ਤੀ ਨਾਲ ਅਮਲ ਕਰਨ ਲਈ ਇਕ ਮਹੀਨੇ ਦਾ ਸਮਾਂ ਦਿੱਤਾ। ਅਗਲੀ ਮੀਟਿੰਗ ਵਿਚ ਇਹਦੀ ਸਮੀਖਿਆ ਹੋਣੀ ਸੀ।

ਅਗਲੇ ਦੋ ਮਹੀਨੇ ਪੂਰੀ ਤਰ੍ਹਾਂ ਸ਼ਾਂਤ ਬੀਤੇ ਤੇ ਨਕਸਲੀਆਂ ਨੇ ਕੋਈ ਵਾਰਦਾਤ ਨਹੀਂ ਕੀਤੀ। ਇਸ ਦੌਰਾਨ ਮਾਂ ਦੀ ਬਿਮਾਰੀ ਦੀ ਖ਼ਬਰ ਮਿਲੀ। ਉਹਨੂੰ ਮਿਲ ਵੀ ਆਇਆ। ਉਹਨੂੰ ਨਾਲ ਰੱਖਣ ਦਾ ਮਨਸ਼ਾ ਜ਼ਾਹਿਰ ਕੀਤਾ ਪਰ ਮਾਂ ਵੱਡੇ-ਵਡੇਰਿਆਂ ਦੇ ਘਰ ਨੂੰ ਛੱਡਣ ਲਈ ਤਿਆਰ ਨਹੀਂ ਹੋਈ। ਉਹਦਾ ਤਰਕ ਸੀ ਕਿ ਉਹ ਆਪਣੇ ਘਰ ਵਿਚ ਹੀ ਆਪਣਾ ਅੰਤਮ ਸਮਾਂ ਬਿਤਾਉਣਾ ਚਾਹੁੰਦੀ ਏ। ਸੋ, ਇਕੱਲੇ ਹੀ ਵਾਪਸ ਆਉਣਾ ਪਿਆ।

ਵਾਪਸ ਆ ਕੇ ਮਾਲ ਵਿਭਾਗ ਦੇ ਐਸ.ਡੀ.ਓ. ਨਾਲ ਮੁਲਾਕਾਤ ਕੀਤੀ। ਉਹ ਠੁੱਸ ਜਿਹੇ ਆਦਮੀ ਲੱਗੇ। ਬੱਧੀ-ਰੁੱਝੀ ਸੋਚ ਸੀ ਉਨ੍ਹਾਂ ਦੀ, ਤੇ ਕੁਝ ਪੁਰਾਣੇ ਸੰਸਕਾਰ ਜਿਹਦੇ ਘੇਰੇ ਵਿਚੋਂ ਨਿਕਲਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਪੱਕੀ ਉਮਰ ਦੇ ਰੰਗੀਨ-ਮਿਜ਼ਾਜ ਅਫ਼ਸਰ ਸਨ ਉਹ। ਪੁੜਪੁੜੀਆਂ ਉਤੇ ਕਾਲੇ-ਚਿੱਟੇ ਵਾਲ, ਸਿਰ ਦੇ ਬਾਕੀ ਵਾਲ ਬਾਲਗਾਰਨੀਅਰ ਕਲਰ ਕਰਕੇ ਚਮਕਾਏ ਹੋਏ। ਭੂਰੇ ਭੂਰੇ...ਸ਼ਾਇਦ ਰੋਜ਼ ਸ਼ੈਂਪੂ ਕਰਦੇ ਸਨ। ਇਸ਼ਤਿਹਾਰ ਜਿੰਨੇ ਚਮਕਦਾਰ ਤੇ ਮਜ਼ਬੂਤ ਤਾਂ ਨਹੀਂ ਸਨ, ਪਰ ਉਨ੍ਹਾਂ ਨੂੰ ਸੈਕਸੀ ਅੰਦਾਜ਼ ਵਿਚ ਲਹਿਰਾਉਂਦੇ ਹੋਏ ਕਿਹਾ ਜਾ ਸਕਦਾ ਸੀ।

ਬੋਲੇ, "ਮਿਸਟਰ ਰੋਹਿਤ! ਅਜੇ ਤਾਂ ਤੁਸੀਂ ਜਵਾਨ ਓ। ਲਾਈਫ਼ ਇੰਜੁਆਏ ਕਰੋ। ਅਹਿ ਕੀ ਰਪੋਟਾਂ (ਰਿਪੋਰਟਾਂ) ਦਾ ਪੋਥਾ ਤਿਆਰ ਕਰਨ ਬੈਠ ਗਏ। ਸੱਚੀਂ, ਮੇਰੇ ਤਾਂ ਸਿਰ ਪੀੜ ਹੋਣ ਲੱਗ ਪੈਂਦੀ ਏ ਐਸੀਆਂ ਰਪੋਟਾਂ ਨਾਲ। ਏਥੇ ਤਾਂ ਸੈਕਸ ਈ ਸੈਕਸ ਐ, ਯਕਦਮ ਠੋਸ ਸੈਕਸ। ਸੌਂਹ ਪੁਆ ਲਓ। ਸੱਚੀਂ ਮਜ਼ਾ ਆ ਜਾਂਦੈ। ਕਿੱਥੇ ਸੁਧਾਰ ਦੇ ਪੰਗੇ 'ਚ ਪਏ ਓ ਯਾਰ! ਇਹ ਸਹੁਰੇ ਆਦਿਵਾਦੀ ਸੁਧਰਨ ਵਾਲੇ ਨਹੀਂ, ਲੱਖ ਯਤਨ ਕਰ ਲਓ। ਨਾਲੇ ਫੇਰ ਅਸੀਂ ਲੋਕਾਂ ਏਥੇ ਰਹਿਣਾ ਕਿੰਨੇ ਦਿਨ ਐ? ਮੈਂ ਤਾਂ ਕਦੋਂ ਦਾ ਫੁੱਟ ਲੈਂਦਾ ਇੱਥੋਂ...ਸ਼ਰਾਬ ਤੇ ਸ਼ਬਾਬ ਈ ਰੋਕੀ ਬੈਠੈ।" ਫੇਰ ਉਹ ਸੈਕਸ ਦਾ ਕੋਈ ਲੰਮਾ ਚੌੜਾ ਕਿੱਸਾ ਛੇੜ ਕੇ ਬੈਠ ਗਏ ਜਿਹੜਾ ਰਤਲਾਮ ਜਾਂ ਝਾਬੁਆ ਕਿਤੋਂ ਦਾ ਸੀ। ਉਹ ਉਸ ਰਸਮਈ ਕਿੱਸੇ ਵਿਚ ਮੈਨੂੰ ਡੁਬੋਣਾ ਚਾਹੁੰਦੇ ਸੀ। ਉਹ ਖ਼ੁਦ ਟੁੱਭੀਆਂ ਲਾਉਂਦੇ ਰਹੇ ਤੇ ਮੈਂ ਕਿਨਾਰੇ ਬੈਠਾ ਰਿਹਾ।

ਉਨ੍ਹਾਂ ਨੂੰ ਮਿਲ ਕੇ ਕੋਈ ਖ਼ੁਸ਼ੀ ਨਹੀਂ ਹੋਈ। ਉਮੀਦ ਨੂੰ ਥੋੜ੍ਹਾ ਧੱਕਾ ਜ਼ਰੂਰ ਲੱਗਾ, ਪਰ ਸੰਕਲਪ ਨਹੀਂ ਟੁੱਟਿਆ। ਮੈਂ ਜਾਣਦਾ ਸੀ ਕਿ ਆਪਣੀ ਸੋਚ ਵਾਲਾ ਮੈਂ ਇਕੱਲਾ ਅਫ਼ਸਰ ਹਾਂ ਤੇ ਕਿਤੋਂ ਵੀ ਕੋਈ ਬਹੁਤੀ ਮਦਦ ਨਹੀਂ ਮਿਲਣੀ। ਮਾਲ ਵਿਭਾਗ ਆਪਣੇ ਅਣਮੰਨੇ ਮਨ ਨਾਲ ਉਂਘ ਰਿਹਾ ਹੈ।

ਆਦਿਵਾਸੀਆਂ ਦੀਆਂ ਸਮੱਸਿਆਵਾਂ ਬੜੀਆਂ ਉਲਝੀਆਂ ਹੋਈਆਂ ਸਨ, ਤੇ ਉਨ੍ਹਾਂ ਨੂੰ ਸਮਝੇ ਬਿਨਾ ਉਨ੍ਹਾਂ ਦੇ ਹਿਤ ਵਿਚ ਕੰਮ ਨਹੀਂ ਸੀ ਕੀਤਾ ਜਾ ਸਕਦਾ। ਸਭ ਤੋਂ ਵੱਡੀ ਸਮੱਸਿਆ ਸੀ ਮਹਾਜਨ। ਇੱਥੇ ਜਿੰਨੇ ਵੀ ਮਹਾਜਨ ਸਨ, ਸਾਰੇ ਗ਼ੈਰ-ਆਦਿਵਾਸੀ ਸਨ। ਇੱਥੋਂ ਤਕ ਕਿ ਸਰਕਾਰੀ ਕਰਮਚਾਰੀ ਵੀ ਚੋਰੀ-ਛੁਪੇ ਮਹਾਜਨੀ ਕਰਦੇ ਸਨ। ਮਹਾਜਨ ਦਿੰਦਾ ਤਾਂ ਥੋੜ੍ਹਾ ਜਿਹਾ ਕਰਜ਼ਾ ਸੀ, ਪਤਾ ਨਹੀਂ ਕਿਹੜੇ ਕਿਹੜੇ ਕਾਗਜ਼ਾਂ ਉਤੇ ਉਸ ਭੁਪਤੀ ਆਦਿਵਾਸੀ ਦਾ ਅੰਗੂਠਾ ਲਗਵਾ ਲੈਂਦਾ ਸੀ। ਸਾਲ ਦੋ ਸਾਲ ਵਿਚ ਹੀ ਉਸ ਆਦਿਵਾਸੀ ਦੀ ਸਾਰੀ ਜ਼ਮੀਨ ਉਸ ਮਹਾਜਨ ਦੇ ਕਬਜ਼ੇ ਵਿਚ ਚਲੀ ਜਾਂਦੀ ਸੀ। ਸਰਕਾਰੀ ਕਾਗਜ਼ਾਂ ਵਿਚ ਨਾਂ ਉਸ ਆਦਿਵਾਸੀ ਦਾ ਹੀ ਚੜ੍ਹਿਆ ਹੁੰਦਾ ਸੀ। ਕਾਨੂੰਨ ਅਨੁਸਾਰ ਕੋਈ ਗ਼ੈਰ-ਆਦਿਵਾਸੀ ਬਿਨਾਂ ਕੁਲੈਕਟਰ ਦੀ ਮਨਜ਼ੂਰੀ ਦੇ ਆਦਿਵਾਸੀ ਦੀ ਭੋਇੰ ਨਹੀਂ ਸੀ ਖ਼ਰੀਦ ਸਕਦਾ। ਉਹ ਆਦਿਵਾਸੀ ਆਪਣੀ ਜ਼ਮੀਨ 'ਤੇ ਹੀ ਮਜ਼ਦੂਰ ਬਣ ਜਾਂਦਾ ਸੀ ਤੇ ਉਸ ਜ਼ਮੀਨ ਦਾ ਮਾਲਕ ਉਹ ਮਹਾਜਨ ਹੋ ਜਾਂਦਾ ਸੀ।

ਸਰਕਾਰ ਨੇ ਆਦਿਵਾਸੀਆਂ ਨੂੰ ਕਰਜ਼ਾ ਦੇਣ ਲਈ ਗ੍ਰਾਮੀਣ ਬੈਂਕ ਖੋਲ੍ਹੇ ਹੋਏ ਸਨ, ਪਰ ਬੈਂਕ ਦੇ ਕਰਮਚਾਰੀਆਂ ਦਾ ਰਵੱਈਆ ਆਦਿਵਾਸੀਆਂ ਲਈ ਕਤਈ ਹਮਦਰਦੀ ਭਰਿਆ ਨਹੀਂ ਸੀ ਹੁੰਦਾ। ਮਹੀਨਿਆਂ ਬੱਧੀ ਚੱਕਰ ਲੁਆਉਣ ਪਿੱਛੋਂ ਕਿਤੇ ਕਰਜ਼ਾ ਮਨਜ਼ੂਰ ਹੁੰਦਾ ਸੀ। ਇੱਥੇ ਵੀ ਉਹੀ ਮਹਾਜਨੀ ਪੈਂਤੜਾ! ਬੱਸ ਮਹਾਜਨ ਦੀ ਜਗ੍ਹਾ ਸਰਕਾਰੀ ਤੇ ਬੈਂਕ ਕਰਮਚਾਰੀ ਹੁੰਦੇ ਸਨ। ਕਰਜ਼ੇ ਦਾ ਰੁਪਈਆ ਜਦੋਂ ਤਕ ਆਦਿਵਾਸੀ ਦੇ ਹੱਥ ਤਕ ਪਹੁੰਚਦਾ, ਇਕ ਤਿਹਾਈ ਰਕਮ ਬਤੌਰ ਕਮਿਸ਼ਨ ਕੱਟੀ ਜਾਂਦੀ। ਮੈਂ ਇਕ ਦੋ ਬੈਂਕਾਂ ਵਿਚ ਜਾ ਕੇ ਜਾਇਜ਼ਾ ਲਿਆ ਤੇ ਉਨ੍ਹਾਂ ਨੂੰ ਸਮਝਾ ਵੀ ਆਇਆ। ਇਸ ਪਿੱਛੋਂ ਬੈਂਕ ਵਾਲੇ ਮੈਨੂੰ ਹੀ ਦੁਸ਼ਮਣ ਸਮਝਣ ਲੱਗ ਪਏ। ਮੈਂ ਕੁਝ ਨਿਰਾਸ਼ ਜਿਹਾ ਹੋਣ ਲੱਗਾ।

ਇਕ ਰਾਤ ਜਦੋਂ ਮੈਂ ਸੌਣ ਦੀ ਤਿਆਰੀ ਵਿਚ ਸਾਂ, ਸੁਕਯਾ ਨੇ ਆ ਕੇ ਖ਼ਬਰ ਦਿੱਤੀ, "ਸਾ'ਬ! ਕੋਈ ਦਰਵਾਜ਼ੇ 'ਤੇ ਖੜ੍ਹੈ। ਤੁਹਾਨੂੰ ਮਿਲਣਾ ਚਾਹੁੰਦਾ ਏ।" ਆਮ ਤੌਰ 'ਤੇ ਏਨੀ ਰਾਤ ਨੂੰ ਕੋਈ ਮਿਲਣ ਨਹੀਂ ਸੀ ਆਉਂਦਾ। ਵੈਸੇ ਵੀ ਪੁਲਿਸ ਵਾਲੇ ਨਕਸਲੀਆਂ ਦੇ ਭੈਅ ਕਾਰਨ ਵਧੇਰੇ ਸਾਵਧਾਨੀ ਵਰਤਦੇ ਨੇ, ਤੇ ਕਿਸੇ ਨੂੰ ਵੀ ਮਿਲਣ ਤੋਂ ਡਰਦੇ ਰਹਿੰਦੇ ਨੇ। ਕੌਣ ਹੋ ਸਕਦਾ ਸੀ ਜਿਹੜਾ ਏਨੀ ਰਾਤ ਗਏ ਮਿਲਣ ਆਇਆ ਸੀ? ਡਰ ਮੈਨੂੰ ਵੀ ਲੱਗਿਆ ਪਰ ਸੁਕਯਾ ਕੋਲ ਸੀ। ਮੈਂ ਮਿਲਣ ਦੀ ਇਜਾਜ਼ਤ ਦੇ ਦਿੱਤੀ।

ਜਿਹੜਾ ਮਿਲਣ ਆਇਆ ਸੀ, ਉਹਨੇ ਆਉਂਦਿਆਂ ਹੀ ਸੁਕਯਾ ਨੂੰ ਕਹਿ ਕੇ ਕਮਰੇ ਦੀ ਬੱਤੀ ਬੁਝਵਾ ਦਿੱਤੀ। ਵਰਾਂਡੇ ਵਿਚ ਜਗਦੇ ਬਲਬ ਦੀ ਰੌਸ਼ਨੀ ਸਰਕ ਕੇ ਕਮਰੇ ਵਿਚ ਆ ਗਈ। ਸਾਹਮਣੇ ਪਈ ਬੈਂਚ ਉਤੇ ਬੈਠਣ ਲਈ ਕਹਿਣ ਦੇ ਬਾਵਜੂਦ, ਉਹ ਕਮਰੇ ਦੇ ਫਰਸ਼ 'ਤੇ ਹੀ ਬੈਠ ਗਿਆ। ਮੈਲੀ ਜਿਹੀ ਲੰਗੋਟੀ ਉਹਦੇ ਨੰਗੇਜ਼ ਉਤੇ ਲਿਪਟੀ ਹੋਈ ਸੀ ਤੇ ਉਪਰ ਖੁਰਦਰੇ ਪਿੰਡੇ ਉਤੇ ਪਾਟੀ ਪੁਰਾਣੀ ਫਤੂਹੀ ਲਟਕ ਰਹੀ ਸੀ। ਪੱਕਾ ਕਾਲਾ ਰੰਗ। ਸਿਰ 'ਤੇ ਨਿੱਕੇ-ਨਿੱਕੇ ਵਾਲ। ਉਹਦੀ ਉਮਰ ਦਾ ਅੰਦਾਜ਼ਾ ਲਾਉਣਾ ਜ਼ਰਾ ਮੁਸ਼ਕਿਲ ਸੀ। ਜੰਗਲ ਦਾ ਆਦਮੀ ਵੈਸੇ ਵੀ ਬੜਾ ਸਿੱਧਤ ਤੇ ਭੋਲਾ ਪੰਛੀ ਹੁੰਦਾ ਹੈ। ਉਹਦੀਆਂ ਸੇਜਲ ਅੱਖਾਂ ਵਿਚ ਪੀੜ, ਆਸ ਪਰ ਕੁਝ ਨਾ ਕਹਿ ਸਕਣ ਦੀ ਹਿੰਮਤ ਕਰਕੇ ਟੁੱਟੇ-ਫੁੱਟੇ ਸ਼ਬਦਾਂ ਦੇ ਬਿੰਬ ਬੜੀ ਬੇਵੱਸੀ ਨਾਲ ਤੈਰ ਰਹੇ ਸਨ।

"ਕੀ ਨਾਂ ਏ ਤੇਰਾ, ਸਾ'ਬ ਪੁੱਛਦੇ ਨੇ।" ਸੁਕਯਾ ਉਹਨੂੰ ਪੁੱਛਦਾ ਹੈ।

"ਮਾਂਗਲੋ।" ਉਹ ਮੂੰਹ ਖੋਲ੍ਹਦਾ ਹੈ ਜਿਵੇਂ ਇਹ ਦੱਸਣਾ ਏਨਾ ਆਸਾਨ ਨਾ ਹੋਵੇ। ਆਦਿਵਾਸੀ ਦੇ ਬੁੱਲ੍ਹ, ਜੀਭ ਤੇ ਸੁਰ-ਧੁਨੀਆਂ ਸ਼ਿਕਾਇਤ ਦੇ ਹਿਸਾਬ ਨਾਲ ਨਹੀਂ ਬਣੀਆਂ ਹੁੰਦੀਆਂ। ਸੰਵੇਦੀ ਤੰਤਰ ਲਗਾਤਾਰ ਜ਼ੁਲਮ ਸਹਿਣ ਦੇ ਹਿਸਾਬ ਨਾਲ ਢਲ ਗਏ ਹੁੰਦੇ ਨੇ।

"ਕੀ ਕੰਮ ਏ?" ਮੈਂ ਪੁੱਛਦਾ ਹਾਂ।

ਉਹ ਅਟਕ ਅਟਕ ਕੇ ਆਪਣੀ ਬੋਲੀ ਵਿਚ ਦੱਸਦਾ ਹੈ। ਮੈਂ ਸੁਕਯਾ ਦੇ ਮੂੰਹ ਵੱਲ ਦੇਖਣ ਲੱਗ ਪੈਂਦਾ ਹਾਂ। ਸੁਕਯਾ ਉਹਦੇ ਇਕ ਇਕ ਵਾਕ ਦਾ ਖ਼ੁਲਾਸਾ ਕਰਕੇ ਦੱਸਦਾ ਰਹਿੰਦਾ ਹੈ।

ਉਸ ਨੇ ਦੱਸਿਆ ਕਿ ਸਾਂਵਲੀ ਦੇ ਭੇਜਣ 'ਤੇ ਉਹ ਇੱਥੇ ਸਾ'ਬ ਕੋਲ ਆਇਆ ਏ। ਉਹਨੇ ਕਿਹਾ ਏ ਕਿ ਉਹ ਅਫ਼ਸਰ ਨਿਆਂ ਕਰੇਗਾ। ਨਾਰਾਇਣ ਸਾਹੂ ਤੋਂ ਉਹਨੇ ਕਰਜ਼ਾ ਲਿਆ ਸੀ। ਬੱਤੀ ਰੁਪਏ। ਅੱਜ ਤਕ ਉਹ ਸਾਹੂ ਨੂੰ ਢਾਈ ਸੌ ਰੁਪਏ ਦੇ ਚੁੱਕਿਆ ਏ ਪਰ ਉਹਦਾ ਕਰਜ਼ਾ ਜਿਵੇਂ ਦਾ ਤਿਵੇਂ ਐ। ਇਸ ਸਾਲ ਉਹਨੂੰ ਖੇਤ ਨਹੀਂ ਵਾਹੁਣ ਦਿੱਤਾ ਗਿਆ। ਉਹਨੇ ਕਿਹੈ ਕਿ ਕਰਜ਼ਾ ਮੋੜ ਦੇ, ਨਹੀਂ ਤਾਂ ਖੇਤ ਡੁੱਬ ਜਾਵੇਗਾ। ਦੋ ਦਿਨਾਂ ਤੋਂ ਘਰ ਚੌਲ ਨਹੀਂ ਆਏ, ਨਾ ਮਹੂਆ, ਨਾ ਕੋਈ ਸਾਗ-ਭਾਜੀ।

ਮੇਰੇ ਕੋਲ ਉਹਨੂੰ ਸਾਂਵਲੀ ਨੇ ਇਸ ਆਸ ਨਾਲ ਭੇਜਿਆ ਹੈ, ਮੈਂ ਹੈਰਾਨ ਰਹਿ ਗਿਆ। ਥੋੜ੍ਹਾ ਮਾਣ ਵੀ ਮਹਿਸੂਸ ਹੋਇਆ। ਆਤੰਕ ਦਾ ਪ੍ਰਤੀਕ ਬਣ ਚੁੱਕੀ ਉਹ ਔਰਤ ਕਿਸੇ ਪੁਲਿਸ ਵਾਲੇ ਉਤੇ ਏਨਾ ਵਿਸ਼ਵਾਸ ਕਰਨ ਲੱਗ ਪਈ ਹੈ? ਮੁੱਢੋਂ ਮੂਲੋਂ ਹੀ ਇਹ ਕੋਈ ਅਣਹੋਣੀ ਘਟਨਾ ਲੱਗੀ ਸੀ। ਇਸ ਵਿਸ਼ਵਾਸ ਦਾ ਕਾਰਨ ਕੀ ਹੋ ਸਕਦਾ ਏ? ਮੈਨੂੰ ਲੱਗਿਆ ਉਸ ਦੀਆਂ ਅੱਖਾਂ ਚੀਜ਼ਾਂ ਨੂੰ ਸੁਰਾਖ ਕਰ ਰਹੀਆਂ ਨੇ, ਸਮੇਂ ਦੇ ਪਾਰ ਜਾ ਰਹੀਆਂ ਨੇ। ਉਹ ਦੀਆਂ ਅੱਖਾਂ ਮੇਰੇ ਵਿਚਾਰਾਂ ਨੂੰ ਪੜ੍ਹ ਰਹੀਆਂ ਨੇ, ਮੇਰੀ ਆਤਮਾ ਵਿਚ ਧਸ ਰਹੀਆਂ ਨੇ। ਮੈਨੂੰ ਲੱਗਿਆ ਜਿਵੇਂ ਉਹ ਆਸਪਾਸ ਹੀ ਹੈ। ਆਪਣੇ ਜੂੜੇ ਵਿਚ ਤੇਜ਼ ਗੰਧ ਵਾਲਾ ਪੁਸ਼ਪ-ਗੁੱਛਾ ਟੁੰਗੀ ਹਨੇਰੇ ਵਿਚ ਕਿਤੇ ਖਲੋਤੀ ਹੈ!



ਸਭ ਤੋਂ ਪਹਿਲਾਂ ਮੈਂ ਸੁਕਯਾ ਨੂੰ ਕਹਿ ਕੇ ਉਹਨੂੰ ਚੌਲ ਦਿਵਾਏ। ਫੇਰ ਉਸੇ ਵੇਲੇ ਹੈਡ ਮੁਨਸ਼ੀ ਨੂੰ ਬੁਲਾ ਕੇ ਉਹਦੀ ਰਿਪੋਰਟ ਲਿਖਵਾਈ। ਰਿਪੋਰਟ ਲਿਖਵਾਉਣ ਪਿੱਛੋਂ ਹੈਡ ਮੁਨਸ਼ੀ ਸਰਨ ਨੂੰ ਹੁਕਮ ਦਿੱਤਾ ਕਿ ਕਲ੍ਹ ਸਵੇਰੇ ਉਹ ਨਾਰਾਇਣ ਸਾਹੂ ਨੂੰ ਬੁਲਾਵੇ ਅਤੇ ਮੈਨੂੰ ਇਤਲਾਹ ਕਰੇ। ਏਨਾ ਸਭ ਹੁੰਦਿਆਂ-ਹੁੰਦਿਆਂ ਰਾਤ ਦਾ ਇਕ ਵੱਜ ਗਿਆ ਸੀ।

ਮਾਂਗਲੇ ਚਲਾ ਗਿਆ ਪਰ ਸਾਰੀ ਰਾਤ ਮੇਰੀਆਂ ਅੱਖਾਂ ਵਿਚ ਨੀਂਦ ਨਹੀਂ ਆਈ। ਦਿਮਾਗ਼ ਵਿਚ ਸਾਂਵਲੀ ਘੁੰਮ ਰਹੀ ਸੀ। ਫੇਰ ਉਹਦੇ ਖ਼ੁਦਦਾਰ ਕਾਰਨਾਮਿਆਂ ਦਾ, ਉਹਦੇ ਰੂਪ ਦੇ ਤਾਪ ਦਾ ਜਾਦੂ ਮੇਰੇ ਦਿਲ-ਦਿਮਾਗ਼ ਵਿਚ ਖੌਰੂ ਪਾਉਣ ਲੱਗਾ। ਉਹਨੇ ਮੈਨੂੰ ਪੁੱਛਿਆ ਸੀ, 'ਤੂੰ ਮੈਨੂੰ ਕਿਉਂ ਮਿਲਣਾ ਚਾਹੁੰਦਾ ਏਂ, ਡਿਪਟੀ?' ਇਸ ਸਵਾਲ ਦੀ ਓਟ ਵਿਚ ਲੁਕਿਆ ਖੜ੍ਹਾ ਸੁਕਯਾ ਮੈਨੂੰ ਸਾਫ ਦਿਖਾਈ ਦਿੱਤਾ। ਅਚਾਨਕ ਰਾਤ ਦੇ ਹਨੇਰੇ ਵਿਚ ਸੁਕਯਾ ਦਾ ਆਕਾਰ ਫੈਲਣ ਲੱਗਾ। ਉਹਨੇ ਹੀ ਮੇਰੀ ਇੱਛਾ ਉਸ ਤੱਕ ਪਹੁੰਚਾਈ ਹੋਵੇਗੀ ਤੇ ਮੇਰੀ ਸੋਚ ਵੀ। ਮੇਰੇ ਘੁੰਮਣ ਜਾਣ ਦੀ ਗੱਲ ਵੀ ਉਸੇ ਨੇ ਦੱਸੀ ਹੋਵੇਗੀ। ਮਾਂਗਲੇ ਨੂੰ ਮੇਰੇ ਬੰਗਲੇ ਵਿਚ ਏਨੀ ਰਾਤ ਭੇਜਣ ਪਿੱਛੇ ਵੀ ਸ਼ਾਇਦ ਉਹਦਾ ਹੀ ਹੱਥ ਹੋਵੇ।

ਮੇਰੇ ਦਿਮਾਗ਼ ਵਿਚ ਕਿਸੇ ਨੇ ਠੁੰਗਾ ਜਿਹਾ ਮਾਰਿਆ, 'ਇਹ ਸੁਕਯਾ ਸਾਂਵਲੀ ਦਾ ਮੁਖ਼ਬਰ ਹੈ।' ਅੱਗੇ ਮੈਂ ਕੁਝ ਸੋਚ ਨਹੀਂ ਸਕਿਆ। ਕੀ ਪੁਲਿਸ ਦੀਆਂ ਸਾਰੀਆਂ ਖ਼ਬਰਾਂ ਉਹੀ ਪਹੁੰਚਾਉਂਦਾ ਰਿਹਾ ਏ ਸਾਂਵਲੀ ਨੂੰ? ਪੁਲਿਸ ਦੇ ਕਿਲੇ ਵਿਚ ਸੰਨ੍ਹ ਲਾਉਣ ਵਾਲਾ ਸੁਕਯਾ ਹੈ। ਫੇਰ ਵੀ ਮੇਰੇ ਮਨ ਵਿਚ ਕੋਈ ਮੰਦਾ ਵਿਚਾਰ ਨਹੀਂ ਆਇਆ। ਸੁਕਯਾ ਦੇ ਮਨ ਵਿਚ ਕੋਈ ਖੋਟ ਨਹੀਂ। ਕੋਈ ਖੋਟ ਹੁੰਦਾ ਤਾਂ ਮੇਰੇ ਮਨ ਦੇ ਚੰਗੇ ਭਾਵ ਉਹ ਕਦੀ ਨਾ ਪੜ੍ਹ ਸਕਦਾ। ਖ਼ੁਦ ਉਹਦੇ ਮਨ ਵਿਚ ਵੀ ਮੈਨੂੰ ਜਾਣਨ-ਸਮਝਣ ਪਿੱਛੋਂ ਹੀ ਸ਼ਾਇਦ ਕੋਈ ਉਮੀਦ ਜਾਗੀ ਹੋਵੇ। ਏਨੇ ਵਰ੍ਹਿਆਂ ਦਾ ਪੁਲਿਸ ਮਹਿਕਮੇ ਵਿਚ ਹੈ। ਉਹਦੀਆਂ ਅਜਿਹੀਆਂ ਗਤੀਵਿਧੀਆਂ ਉਤੇ ਕਦੀ ਤਾਂ ਕਿਸੇ ਨੂੰ ਸ਼ੱਕ ਹੋਇਆ ਹੁੰਦਾ। ਮੈਨੂੰ ਲੱਗਿਆ, ਮੇਰੇ ਬਾਰੇ ਉਹਨੇ ਸੰਵਾਦ ਕਰਨ ਦੀ ਪਹਿਲ ਕੀਤੀ ਹੈ। ਆਖ਼ਰ ਨਕਸਲੀ ਜਿਸ ਕਾਰਨ ਕਰਕੇ ਨਕਸਲੀ ਬਣੇ ਨੇ, ਉਹ ਸਾਮਾਜਿਕ ਨਿਆਂ ਦੀ ਘਾਟ ਹੀ ਤਾਂ ਹੈ। ਉਨ੍ਹਾਂ ਦੀ ਧਰਤੀ ਉਤੇ ਉਨ੍ਹਾਂ ਦਾ ਹੀ ਸ਼ੋਸ਼ਣ ਹੋ ਰਿਹਾ ਹੈ!

ਨੀਂਦ ਸਾਰੀ ਰਾਤ ਸੁਕਯਾ, ਸਾਂਵਲੀ ਤੇ ਮਾਂਗਲੇ ਨਾਲ ਲੁਕਣ-ਮੀਟੀ ਖੇਡਦੀ ਰਹੀ। ਸਵੇਰ ਦੇ ਪਹਿਰ ਅੱਖ ਲੱਗੀ ਤਾਂ ਦਿਨ ਦੇ ਦਸ ਵਜੇ ਖੁੱਲ੍ਹੀ। ਤਿਆਰ ਹੁੰਦਿਆਂ-ਹੁੰਦਿਆਂ ਬਾਰਾਂ ਵੱਜ ਗਏ। ਉਦੋਂ ਹੀ ਹੈਡ ਮੁਨਸ਼ੀ ਦਾ ਫ਼ੋਨ ਆ ਗਿਆ ਕਿ ਉਹਨੇ ਨਾਰਾਇਣ ਸਾਹੂ ਨੂੰ ਬੁਲਾ ਕੇ ਥਾਣੇ ਬਿਠਾਇਆ ਹੋਇਆ ਏ। ਕੁਝ ਚਿਰ 'ਚ ਹੀ ਮੈਂ ਥਾਣੇ ਪਹੁੰਚ ਗਿਆ।

ਥਾਣੇ ਦੇ ਵਰਾਂਡੇ ਵਿਚ ਉਹ ਪੱਬਾਂ ਭਾਰ ਬੈਠਾ ਹੋਇਆ ਸੀ। ਛੋਟੇ ਕੱਦ ਦਾ ਪੰਜਾਹ-ਪਚਵੰਜਾ ਦੀ ਉਮਰ ਦਾ ਆਦਮੀ। ਮੈਲੀ ਜਿਹੀ ਧੋਤੀ ਤੇ ਉਸ ਨਾਲੋਂ ਕੁਝ ਸਾਫ ਕੁੜਤੇ ਉਤੇ ਉਹਨੇ ਹਲਕੇ ਹਰੇ ਰੰਗ ਦੀ ਬੰਡੀ ਪਾਈ ਹੋਈ ਸੀ। ਮੈਂ ਜਿਵੇਂ ਹੀ ਥਾਣੇਦਾਰ ਦੀ ਕੁਰਸੀ ਉਤੇ ਜਾ ਕੇ ਬੈਠਿਆ, ਹੈਡ ਮੁਨਸ਼ੀ ਨੇ ਸਾਹੂ ਨੂੰ ਮੇਰੇ ਸਾਹਮਣੇ ਪੇਸ਼ ਕਰ ਦਿੱਤਾ। ਉਹਨੇ ਕਮਰੇ ਵਿਚ ਆਉਂਦਿਆ ਹੀ ਮੇਰੀ ਮੇਜ਼ ਉਤੇ ਆਪਣੇ ਬਹੀਖਾਤੇ ਖਿਲਾਰ ਲਏ ਤੇ ਮਾਂਗਲੇ ਦੇ ਅੰਗੂਠੇ ਲੱਗੇ ਕਾਗਜ਼ ਕੱਢ ਕੱਢ ਦਿਖਾਉਣ ਲੱਗਾ। ਮਾਂਗਲੇ ਨੇ ਆਪਣੇ ਵੱਡੇ ਮੁੰਡੇ ਦੇ ਜਨਮ ਦਿਨ ਉਤੇ ਇਹ ਕਰਜ਼ਾ ਲਿਆ ਸੀ। ਇਕ ਕਾਗਜ਼ ਵਿਕਰੀ ਦਾ ਵੀ ਸੀ। ਉਸ ਵਿਚ ਲਿਖਿਆ ਸੀ ਕਿ ਜੇ ਕਰਜ਼ਾ ਸਮੇਂ 'ਤੇ ਵਾਪਸ ਨਾ ਕੀਤਾ ਗਿਆ ਤਾਂ ਖੇਤ ਦਾ ਮਾਲਕ ਨਾਰਾਇਣ ਸਾਹੂ ਹੋ ਜਾਵੇਗਾ। ਇਸ ਉਤੇ ਵੀ ਮਾਂਗਲੇ ਦਾ ਅੰਗੂਠਾ ਲੱਗਿਆ ਹੋਇਆ ਸੀ। ਵਿਆਜ਼ ਦਾ ਜ਼ਿਕਰ ਕਿਸੇ ਕਾਗਜ਼ ਵਿਚ ਨਹੀਂ ਸੀ। ਦਸ ਰੁਪਏ ਮਹੀਨਾ ਵਿਆਜ਼ ਸਾਢੇ ਬੱਤੀ ਰੁਪਏ ਕਰਜ਼ੇ ਉਤੇ ਲੱਗਣਾ ਸੀ।

ਮੈਂ ਕੇਨ ਨਾਲ ਕਾਗਜ਼ ਪਰ੍ਹਾਂ ਹਟਾ ਕੇ ਮੇਜ਼ 'ਤੇ ਜਗ੍ਹਾ ਬਣਾਈ ਤੇ ਕੂਹਣੀਆਂ ਟਿਕਾ ਕੇ ਹੱਥ ਉਤੇ ਆਪਣਾ ਚਿਹਰਾ ਟਿਕਾ ਲਿਆ ਤੇ ਨਾਰਾਇਣ ਸਾਹੂ ਵੱਲ ਇਕ ਟੱਕ ਘੂਰਨ ਲੱਗਾ ਪਰ ਉਹਦੀਆਂ ਚਲਾਕ ਅੱਖਾਂ ਜਿਵੇਂ ਅਜਿਹੀਆਂ ਨਜ਼ਰਾਂ ਦੀਆਂ ਆਦੀ ਹੋਈਆਂ ਹੋਈਆਂ ਸਨ। ਪਤਾ ਨਹੀਂ ਕਿੰਨੀ ਵਾਰੀ ਅਜਿਹੀ ਹਾਲਤ ਵਿਚੋਂ ਲੰਘਿਆ ਹੋਵੇਗਾ। ਇਸ ਲਈ ਪੂਰੀ ਤਰ੍ਹਾਂ ਲਾਪ੍ਰਵਾਹ ਨਜ਼ਰ ਆ ਰਿਹਾ ਸੀ।

ਮੈਂ ਪੁੱਛਿਆ, ਆਵਾਜ਼ ਦੋਸਤਾਨਾ ਸੀ, "ਤੁਹਾਡੇ ਕੋਲ ਮਹਾਜਨੀ ਕਰਨ ਦਾ ਲਾਈਸੈਂਸ ਤਾਂ ਹੋਵੇਗਾ ਈ?"

"ਹੁਕਮ ਸਰਕਾਰ।" ਉਹਨੇ ਫੌਰਨ ਬੰਡੀ ਦੀ ਅੰਦਰਲੀ ਜੇਬ ਵਿਚੋਂ ਲੈਮੀਨੇਟਿਡ ਲਾਈਸੈਂਸ ਕੱਢ ਕੇ ਸਾਹਮਣੇ ਰੱਖ ਦਿੱਤਾ। ਬੋਲਿਆ, "ਹੁਣ ਮੈਂ ਜਾਵਾਂ ਸਰਕਾਰ।"

"ਜਦੋਂ ਤੁਸੀਂ ਸਭ ਕੁਝ ਲਿਖਿਆ ਹੋਇਆ ਏ ਤਾਂ ਵਿਆਜ਼ ਬਾਬਤ ਕਰਜ਼ੇ ਦੇ ਕਾਗਜ਼ ਵਿਚ ਕਿਉਂ ਨਹੀਂ ਲਿਖਿਆ?"

"ਸਰਕਾਰ ਸੂਦ ਦੀ ਦਰ ਕਰਜ਼ੇ ਦੇ ਕਾਗਜ਼ ਵਿਚ ਨਹੀਂ ਲਿਖੀ ਜਾਂਦੀ, ਹੀ ਹੀ ਹੀ...ਓਹ ਇੰਜ ਏ ਜੀ ਸਰਕਾਰ, ਮਹਾਜਨੀ ਸੂਦ ਜ਼ਰਾ ਅਲਗ ਕਿਸਮ ਦਾ ਹੁੰਦਾ ਏ।" ਗੱਲ ਕਰਦਾ ਹੋਇਆ ਉਹ ਹੱਸਿਆ ਸੀ।

ਇਕ ਪਾਸੇ ਕਾਨੂੰਨੀ ਤੌਰ 'ਤੇ ਕਰਜ਼ਾ ਦੇਣ ਦਾ ਪੱਕਾ ਕੰਮ ਅਤੇ ਦੂਜੇ ਪਾਸੇ ਗ਼ੈਰ-ਕਾਨੂੰਨੀ ਰੂਪ ਵਿਚ ਮਨ ਚਾਹਿਆ ਵਿਆਜ਼ ਵਸੂਲ ਕਰਨਾ। ਮੈਂ ਤਿੱਖੀ ਆਵਾਜ਼ ਵਿਚ ਕਿਹਾ, "ਇੰਜ ਕਰਦੇ ਓ ਮਹਾਜਨੀ। ਕਿਸੇ ਗ਼ਰੀਬ ਆਦਿਵਾਸੀ ਦੀ ਜ਼ਮੀਨ ਹੜੱਪਣਾ ਚਾਹੁੰਦੇ ਓ?"

ਉਹਨੂੰ ਮੈਥੋਂ ਅਜਿਹੇ ਵਿਹਾਰ ਦੀ ਆਸ ਨਹੀਂ ਸੀ ਸ਼ਾਇਦ, ਜਾਂ ਇਸ ਤੋਂ ਪਹਿਲਾਂ ਅਜਿਹੇ ਹਾਲਾਤ ਨਾਲ ਉਹਦਾ ਕਦੀ ਵਾਸਤਾ ਨਹੀਂ ਸੀ ਪਿਆ। ਉਹ ਘਬਰਾ ਗਿਆ ਤੇ ਕੰਬਣੀ ਦੀ ਲਹਿਰ ਉਹਦੇ ਪੂਰੇ ਸਰੀਰ ਵਿਚ ਫਿਰ ਗਈ।

ਬੋਲਿਆ, "ਹੁਕਮ ਸਰਕਾਰ! ਓਹ...ਧੰਦਾ ਐ ਨਾ ਸਰਕਾਰ...ਕਰਨਾ ਪੈਂਦਾ ਐ...ਸਰਕਾਰ ਮਹਾਜਨੀ ਦਾ ਅਸੂਲ ਐ, ਸਾਰੇ ਇਵੇਂ ਚੱਲਦੈ ਜੀ।" ਉਹ ਰੋਣ ਹਾਕਾ ਹੋ ਗਿਆ ਸੀ।



"ਬੇਈਮਾਨੀ ਤੇ ਜਾਅਲਸਾਜ਼ੀ ਦਾ ਧੰਦਾ...।" ਮੈਂ ਗਰਜਿਆ, ਤੇ ਉਹਨੂੰ ਪਸੀਨੇ ਆਉਣ ਲੱਗ ਪਏ।

"ਮਨ-ਮੰਨਿਆਂ ਸੂਦ ਵਸੂਲੋ ਤੇ ਬਿਨਾਂ ਸਰਕਾਰੀ ਇਜ਼ਾਜਤ ਉਸ ਗ਼ਰੀਬ ਆਦਿਵਾਸੀ ਦੀ ਜ਼ਮੀਨ ਦੇ ਮਾਲਕ ਬਣ ਜਾਓ, ਕਰਜ਼ੇ ਦੀ ਓਟ ਵਿਚ?"

ਮੈਂ ਹੈਡ ਮੁਨਸ਼ੀ ਨੂੰ ਆਵਾਜ਼ ਦਿੱਤੀ। ਉਹਦੇ ਹਾਜ਼ਰ ਹੁੰਦਿਆਂ ਹੀ ਹੁਕਮ ਦਿੱਤਾ, "ਬੰਦ ਕਰ ਦਿਓ ਇਸ ਮਹਾਜਨ ਨੂੰ ਹਵਾਲਾਤ 'ਚ, ਤੇ ਇਸ 'ਤੇ ਮੁਕੱਦਮਾ ਦਾਇਰ ਕਰ ਲਓ।"

ਏਨਾ ਸੁਣਦਿਆਂ ਹੀ ਨਾਰਾਇਣ ਸਾਹੂ ਮੇਰੇ ਪੈਰਾਂ 'ਚ ਲਿਟਣ ਲੱਗਾ, ਤੇ 'ਹੁਕਮ ਸਰਕਾਰ...ਹੁਕਮ ਸਰਕਾਰ' ਦੀ ਰਟ ਲਾਉਣ ਲੱਗਾ। ਹੈਡ ਮੁਨਸ਼ੀ ਹੈਰਾਨ ਖੜ੍ਹਾ ਸੀ। ਇਸ ਤਰ੍ਹਾਂ ਦਾ ਦ੍ਰਿਸ਼ ਉਹ ਸ਼ਾਇਦ ਪਹਿਲੀ ਵਾਰੀ ਦੇਖ ਰਿਹਾ ਸੀ।

"ਇਹਨੂੰ ਚੁੱਕ ਕੇ ਖੜ੍ਹਾ ਕਰ ਦਿਓ।" ਮੈਂ ਹੈਡ ਮੁਨਸ਼ੀ ਨੂੰ ਤਾੜਿਆ। ਉਹਨੇ ਫੌਰਨ ਸਾਹੂ ਨੂੰ ਫੜ ਕੇ ਖੜ੍ਹਾ ਕਰ ਦਿੱਤਾ। ਨਾਰਾਇਣ ਸਾਹੂ ਪੱਤੇ ਵਾਂਗ ਕੰਬ ਰਿਹਾ ਹੈ। ਉਹਦੀਆਂ ਅੱਖਾਂ ਹੈਡ ਮੁਨਸ਼ੀ ਨਾਲ ਮਿਲੀਆਂ ਤੇ ਆਪਣੀ ਗਰਦਨ ਨੂੰ ਬੜਾ ਹਲਕਾ ਜਿਹਾ ਝਟਕਾ ਦੇ ਕੇ ਹੈਡ ਮੁਨਸ਼ੀ ਨੇ ਮਨ੍ਹਾਂ ਕਰ ਦਿੱਤਾ। ਕਮਰੇ ਦੇ ਦਰਵਾਜ਼ੇ ਦੇ ਬਾਹਰ ਪੰਜ ਕਿਲੋ ਦਾ ਪਲਾਸਟਿਕ ਦਾ ਕਨਸਤਰ ਅਤੇ ਦਰਮਿਆਨੇ ਸਾਈਜ਼ ਦਾ ਬੋਰਾ ਰੱਖਿਆ ਹੋਇਆ ਸੀ। ਦੋਵਾਂ ਦੀਆਂ ਨਜ਼ਰਾਂ ਉਸ ਸਾਮਾਨ ਨੂੰ ਛੋਂਹਦੀਆਂ ਪਰਤ ਆਈਆਂ। ਮੇਰੀ ਸਮਝ ਵਿਚ ਕਨਸਤਰ ਵਿਚ ਸ਼ੁੱਧ ਦੇਸੀ ਘਿਓ ਸੀ, ਤੇ ਬੋਰੇ ਵਿਚ ਚਿਰੌਂਜੀ ਜਾਂ ਛੁਹਾਰੇ ਭਰੇ ਹੋਏ ਸਨ। ਹਰ ਵਾਰ ਵਾਂਗ ਤੋਹਫ਼ਾ ਦੇਣ ਦਾ ਇਰਾਦਾ ਹੋਵੇਗਾ। ਇਸ ਵਾਰੀ ਜੁਗਾੜ ਫਿਟ ਨਹੀਂ ਸੀ ਬੈਠਿਆ।

"ਜੇ ਤੂੰ ਮਾਂਗਲੇ ਦਾ ਕਰਜ਼ਾ ਆਪਣੇ ਬਹੀਖਾਤੇ ਵਿਚੋਂ ਕੱਢ ਦਵੇਂ ਤੇ ਵਿਕਰੀ ਦੀ ਡੀਡ ਉਹਨੂੰ ਵਾਪਸ ਕਰ ਦਵੇਂ ਤਾਂ ਤੂੰ ਇੱਥੋਂ ਜਾ ਸਕਦਾ ਏਂ। ਵਰਨਾ ਮੈਂ ਤੈਨੂੰ ਜਾਅਲਸਾਜ਼ੀ ਤੇ ਬਿਨਾਂ ਇਜ਼ਾਜਤ ਗ਼ਰੀਬ ਆਦਿਵਾਸੀ ਦੀ ਜ਼ਮੀਨ ਖ਼ਰੀਦ ਲੈਣ ਦੇ ਜੁਰਮ ਵਿਚ ਹਵਾਲਾਤ 'ਚ ਬੰਦ ਕਰਵਾ ਦਿਆਂਗਾ।" ਮੈਂ ਆਪਣਾ ਦੋ ਟੁੱਕ ਫੈਸਲਾ ਸੁਣਾਇਆ।

ਨਾਰਾਇਣ ਸਾਹੂ ਨੇ ਫੌਰਨ ਮੇਰੇ ਸਾਹਮਣੇ ਬਹੀਖਾਤਾ ਖੋਲ੍ਹਿਆ ਤੇ ਮਾਂਗਲੇ ਦੇ ਕਰਜ਼ੇ ਦੇ ਸਾਹਮਣੇ 'ਚੁਕਤਾ' ਲਿਖ ਲਿਆ ਤੇ ਉਥੇ ਹੀ ਵਿਕਰੀ ਡੀਡ ਮੇਰੇ ਹਵਾਲੇ ਕਰ ਦਿੱਤੀ। ਜਦੋਂ ਉਹ ਉਥੋਂ ਬਿਨਾਂ ਆਪਣਾ ਸਾਮਾਨ ਲਏ ਜਾਣ ਲੱਗਾ ਤਾਂ ਮੈਂ ਉਹਨੂੰ ਵਾਪਸ ਬੁਲਾ ਕੇ ਉਹਦੇ ਲਿਆਂਦੇ ਸਾਮਾਨ ਦੀ ਯਾਦ ਕਰਵਾਈ। ਉਹਨੇ ਰਿਕਸ਼ਾ ਬੁਲਾਇਆ ਤੇ ਆਪਣਾ ਸਾਮਾਨ ਲੱਦ ਕੇ ਰਵਾਨਾ ਹੋ ਗਿਆ।

ਮੈਂ ਪੂਰੀ ਤਫ਼ਸੀਲ ਸੁਕਯਾ ਨੂੰ ਦੱਸੀ। ਤੀਜੇ ਦਿਨ ਮਾਂਗਲੇ ਮੇਰੇ ਕੋਲ ਆਇਆ। ਜਦੋਂ ਮੈਂ ਉਹਦੀ ਵਿਕਰੀ ਡੀਡ ਵਾਪਸ ਕੀਤੀ ਤਾਂ ਕਿੰਨਾ ਖ਼ੁਸ਼ ਹੋਇਆ, ਦੱਸ ਨਹੀਂ ਸਕਦਾ। ਉਹਦੇ ਚਿਹਰੇ ਉਤੇ ਦੁੱਖਾਂ ਦੀ ਏਨੀ ਕਾਲਖ਼ ਸੀ ਕਿ ਖ਼ੁਸ਼ੀ ਦੀ ਕੋਈ ਲਕੀਰ ਦਿਖਾਈ ਨਹੀਂ ਸੀ ਦਿੱਤੀ। ਇਹ ਵਾਕਿਆ ਸਾਂਵਲੀ ਤਕ ਜ਼ਰੂਰ ਪਹੁੰਚਿਆ ਹੋਵੇਗਾ। ਸਾਂਵਲੀ ਦੇ ਕਿਸੇ ਧੰਨਵਾਦੀ ਸੁਨੇਹੇ ਦੀ ਮੈਨੂੰ ਭਾਵੇਂ ਕੋਈ ਲੋੜ ਨਹੀਂ ਸੀ ਪਰ ਏਨਾ ਜ਼ਰੂਰ ਚਾਹੁੰਦਾ ਸਾਂ ਕਿ ਉਹ ਇਸ ਘਟਨਾ ਬਾਰੇ ਜਾਣ ਜਾਵੇ। ਮੈਂ ਜੋ ਕੀਤਾ ਸੀ, ਉਹ ਮੇਰੀ ਨਜ਼ਰ ਵਿਚ ਠੀਕ ਸੀ ਤੇ ਮੈਂ ਕਿਸੇ ਗ਼ਰੀਬ ਆਦਿਵਾਸੀ ਨੂੰ ਠੱਗਣ ਅਤੇ ਬੇਮੌਤ ਮਾਰੇ ਜਾਣ ਤੋਂ ਬਚਾ ਲਿਆ ਸੀ। ਮੈਂ ਜਾਣਦਾ ਸੀ ਕਿ ਮਾਂਗਲੇ ਜੇ ਠੱਗਿਆ ਜਾਂਦਾ ਤੇ ਆਪਣੀ ਜ਼ਮੀਨ ਤੋਂ ਬੇਦਖ਼ਲ ਕਰ ਦਿੱਤਾ ਜਾਂਦਾ ਤਾਂ ਮਜ਼ੂਰੀ ਕਰਨ ਲਈ ਮਜਬੂਰ ਹੋ ਜਾਂਦਾ। ਉਹ ਕਿਸੇ ਭੱਠੇ 'ਤੇ ਹੱਡ-ਭੰਨਵੀਂ ਮਜ਼ੂਰੀ ਕਰਦਾ। ਲੱਕੜੀ ਦੇ ਕਿਸੇ ਠੇਕੇਦਾਰ ਹੇਠ ਪਿਸਦਾ ਜਾਂ ਕਿਸੇ ਬੇਈਮਾਨ ਦੁਕਾਨਦਾਰ ਨੂੰ ਮਿਹਨਤ ਨਾਲ ਇਕੱਠੀਆਂ ਕੀਤੀਆਂ ਦੁਰਲੱਭ ਜੜੀ-ਬੂਟੀਆਂ ਸੇਰ ਕੁ ਚੌਲਾਂ ਤੇ ਚੁਟਕੀ ਭਰ ਲੂਣ ਬਦਲੇ ਦੇ ਕੇ ਠੱਗਿਆ ਜਾਂਦਾ ਰਹਿੰਦਾ।

ਮਾਂਗਲੇ ਵਾਲੇ ਮਾਮਲੇ ਪਿੱਛੋਂ ਸਟਾਫ਼ ਵਿਚ ਖਲਬਲੀ ਮੱਚ ਗਈ। ਦਰੋਗਾ ਬਾਪਟ ਸਿੰਘ ਨੇ ਤਾਂ ਇੱਥੋਂ ਤਕ ਕਹਿ ਦਿੱਤਾ, "ਸਾ'ਬ ਜਦੋਂ ਤੱਕ ਤੁਸੀਂ ਇੱਥੇ ਓ, ਇਨ੍ਹਾਂ ਵਿਚੋਂ ਇਕ-ਦੋ ਨੂੰ ਰਾਹਤ ਮਿਲ ਜਾਵੇਗੀ। ਤੁਹਾਡੇ ਤਬਾਦਲੇ ਪਿੱਛੋਂ ਫੇਰ ਉਹੀ ਬਾਹਾਂ-ਕੁਹਾੜੀ ਹੋਵੇਗੀ। ਇਹ ਸਾਲੇ ਇੱਥੋਂ ਦੇ ਮਹਾਜਨ ਨਹੀਂ, ਖ਼ੂਨ ਚੂਸਣ ਵਾਲੀਆਂ ਜੋਕਾਂ ਨੇ।"

ਮੈਂ ਜਾਣਦਾ ਸੀ ਕਿ ਥਾਣੇਦਾਰ ਇਸ ਤੋਂ ਇਲਾਵਾ ਹੋਰ ਕਹਿ ਵੀ ਕੀ ਸਕਦਾ ਸੀ। ਮੈਂ ਜਵਾਬ ਦਿੱਤਾ, "ਜਿੰਨੇ ਦਿਨ ਇੱਥੇ ਆਂ, ਓਨੇ ਦਿਨ ਈ ਸਹੀ। ਤੁਸੀਂ ਲੋਕ ਆਪਣੀ ਡਿਊਟੀ ਸਹੀ ਢੰਗ ਨਾਲ ਕਰਨ ਲੱਗ ਪਓ ਤਾਂ ਇਹ ਸੂਦਖੋਰੀ ਤਾਂ ਮਹੀਨੇ ਭਰ 'ਚ ਹੀ ਖਤਮ ਹੋ ਸਕਦੀ ਏ।"

ਥਾਣੇਦਾਰ ਬਾਪਟ ਸਿੰਘ ਨੀਵੀਂ ਪਾ ਗਿਆ। ਕੁੜੀ, ਕੱਚੀ ਦਾਰੂ, ਘੀ, ਚਿਰੌਂਜੀ, ਜੜ੍ਹੀ-ਬੂਟੀਆਂ ਤੇ ਫਰਨੀਚਰ ਲਈ ਸਾਗਵਾਨ। ਏਨੇ ਜੁਗਾੜ ਅੱਗੇ ਡਿਊਟੀ ਦਾ ਚੇਤਾ ਕਿਹਨੂੰ ਰਹਿੰਦਾ ਸੀ!

ਇਸ ਦੌਰਾਨ ਦੋ ਵਾਰੀ ਪੁਲਿਸ ਕਪਤਾਨ ਨਾਲ ਮੇਰੀ ਮੁਲਾਕਾਤ ਹੋਈ, ਤੇ ਮੈਂ ਘਟਨਾਵਾਂ ਦਾ ਸਿਲਸਿਲੇਵਾਰ ਬਿਓਰਾ ਉਨ੍ਹਾਂ ਸਾਹਵੇਂ ਪੇਸ਼ ਕਰ ਦਿੱਤਾ। ਉਨ੍ਹਾਂ ਬਿਓਰਾ ਪੜ੍ਹਿਆ ਪਰ ਕਿਹਾ ਕੁਝ ਨਹੀਂ। ਮੈਂ ਜਾਣਦਾ ਸੀ ਉਹ ਉਪਰੋਂ ਭਾਵੇਂ ਕਿੰਨੇ ਉਦਾਰ ਦਿਸਦੇ ਹੋਣ ਜਾਂ ਇਸ ਦਾ ਦਿਖਾਵਾ ਕਰਦੇ ਹੋਣ, ਪਰ ਉਨ੍ਹਾਂ ਦੀ ਸੋਚ ਦੀਆਂ ਚੂਲਾਂ ਵਿਭਾਗ ਦੀ ਮਸ਼ੀਨਰੀ ਦੇ ਖਾਂਚਿਆਂ ਵਿਚ ਪੂਰੀ ਤਰ੍ਹਾਂ ਫਿੱਟ ਬੈਠੀਆਂ ਹੋਈਆਂ ਸਨ।

ਇਕ ਦਿਨ ਨਕਸਲੀਆਂ ਨੇ ਕਿਸੇ ਸ਼ਾਹੂਕਾਰ ਨੂੰ ਅਗਵਾ ਕਰ ਲਿਆ ਅਤੇ ਉਹਦੇ ਬਹੀਖਾਤੇ ਸਾੜ ਦਿੱਤੇ ਪਰ ਇਹ ਨਕਲੀ ਖਾਤੇ ਸਨ। ਅਸਲੀ ਕਿਸੇ ਬੈਂਕ ਦੇ ਲਾਕਰ ਵਿਚ ਪਏ ਸਨ। ਸ਼ਾਹੂਕਾਰ ਨੂੰ ਅਗਵਾ ਕਰਨ ਦਾ ਕਾਰਨ ਵੀ ਇਹੀ ਸੀ। ਜਦੋਂ ਤੱਕ ਅਸਲੀ ਖਾਤੇ ਨਹੀਂ ਮਿਲਦੇ, ਸ਼ਾਹੂਕਾਰ ਨਕਸਲੀਆਂ ਦੇ ਕਬਜ਼ੇ ਵਿਚ ਰਹਿੰਦਾ। ਨਿਸ਼ਾਨੇ ਉਤੇ ਉਸ ਬੈਂਕ ਦਾ ਮੈਨੇਜਰ ਵੀ ਆ ਗਿਆ ਸੀ ਜਿਸ ਵਿਚ ਬਹੀਖਾਤੇ ਬੰਦ ਸਨ। ਸ਼ਾਹੂਕਾਰ ਮੰਤਰੀ ਦੇ ਖਾਸਮਖਾਸ ਆਦਮੀਆਂ ਦੀ ਢਾਣੀ ਵਿਚੋਂ ਸੀ ਜਿਨ੍ਹਾਂ ਨੂੰ ਈਮਾਨ ਦੀ ਬਦਹਜ਼ਮੀ ਹੋਈ ਹੁੰਦੀ ਹੈ। ਜ਼ਿਲ੍ਹੇ ਵਿਚ ਇਸੇ ਕਰਕੇ ਦਹਿਸ਼ਤ ਦਾ ਮਾਹੌਲ ਸੀ। ਜ਼ਿਲ੍ਹੇ ਦੇ ਬੇਈਮਾਨ ਬੜੀ ਬੁਰੀ ਤਰ੍ਹਾਂ ਡਰੇ ਹੋਏ ਸਨ।

ਅਗਵਾ ਦੀ ਵਾਰਦਾਤ ਭਾਵੇਂ ਦੂਜੇ ਡੀ.ਐਸ.ਪੀ. ਦੇ ਇਲਾਕੇ ਵਿਚ ਹੋਈ ਸੀ ਪਰ ਨਕਸਲੀਆਂ ਦੇ ਇਲਾਕੇ ਆਪਣੇ ਹਿਸਾਬ ਨਾਲ ਵੰਡੇ ਹੁੰਦੇ ਨੇ। ਅਲਰਟ ਰਹਿਣ ਦੇ ਆਦੇਸ਼ ਹਰ ਥਾਣੇ ਵਿਚ ਪਹੁੰਚ ਗਏ ਸਨ। ਸਾਰੇ ਆਪਣੇ ਵੱਲੋਂ ਅਲਰਟ ਹੁੰਦੇ ਹੋਏ ਵੀ ਠੁੱਸ ਸਨ। ਇਕ ਡਿਪਟੀ ਸੁਗਰੀਵ ਪਾਲੇ ਨੇ ਕਿਹਾ, "ਸਾਲ ਭਰ ਵਿਚ ਅਜਿਹੇ ਦਸ ਆਦੇਸ਼ ਆਉਂਦੇ ਨੇ ਤੇ ਇਨ੍ਹਾਂ ਆਦੇਸ਼ਾਂ ਨੂੰ ਫਾਇਲਾਂ ਵਿਚ ਨੱਥੀ ਕਰ ਕੇ ਅਸੀਂ ਭੁੱਲ-ਭੁਲਾ ਜਾਂਦੇ ਆਂ। ਇੱਥੇ ਪੁਲਿਸ ਵਿਭਾਗ ਵਿਚ ਕੌਣ ਚਾਹੁੰਦਾ ਏ ਨਕਸਲੀਆਂ ਹੱਥੋਂ ਸ਼ਹੀਦ ਹੋਣਾ। ਮਰਨ ਪਿੱਛੋਂ ਵਿਧਵਾ ਨੂੰ ਸਾਰੀ ਉਮਰ ਪੂਰੀ ਤਨਖ਼ਾਹ ਵੀ ਨਹੀਂ ਮਿਲਦੀ।"

ਨਕਸਲੀਆਂ ਦਾ ਕਹਿਣਾ ਹੈ, "ਅਸੀਂ ਨਿਆਂ ਕਰ ਰਹੇ ਹਾਂ। ਜਿਹੜਾ ਕੰਮ ਪੁਲਿਸ ਦਾ ਹੈ, ਪ੍ਰਸ਼ਾਸਨ ਦਾ ਹੈ, ਕੋਰਟ-ਕਚਹਿਰੀ ਦਾ ਹੈ, ਜਦੋਂ ਉਹ ਨਹੀਂ ਕਰ ਰਹੇ ਤਾਂ ਮਜਬੂਰਨ ਸਾਨੂੰ ਕਰਨਾ ਪੈ ਰਿਹਾ ਏ। ਤੁਰੰਤ ਨਿਆਂ ਹੁੰਦਾ ਹੈ, ਨਾ ਪੇਸ਼ੀ ਨਾ ਅਪੀਲ।"

ਸ਼ਾਹੂਕਾਰ ਦੇ ਘਰ ਵਾਲੇ ਬੜੇ ਘਬਰਾਏ ਹੋਏ ਨੇ। ਮੰਤਰੀ ਦੀ ਫਿਟਕਾਰ ਰਾਜਧਾਨੀ ਵਿਚ ਬੈਠੇ ਸਭ ਤੋਂ ਵੱਡੇ ਪੁਲਿਸ ਅਧਿਕਾਰੀ ਨੂੰ ਪੈ ਰਹੀ ਹੈ। ਐਸ.ਪੀ. ਘਬਰਾਏ ਹੋਏ ਨੇ। ਬੱਸ ਪੁਲਿਸ ਵਿਚ ਕੋਈ ਬੇਫਿਕਰ ਹੈ ਤਾਂ ਹੇਠਲਾ ਤਬਕਾ। ਕਿੱਥੇ ਸੰਘਣੇ ਜੰਗਲ ਵਿਚ ਰੇਡ ਮਾਰੀ ਜਾਏ, ਕਿਤੇ ਕੋਈ ਸੁਰਾਗ ਵੀ ਤਾਂ ਨਹੀਂ ਮਿਲ ਰਿਹਾ। ਉਹ ਨਾਲ ਦੀ ਖਹਿ ਕੇ ਲੰਘ ਜਾਂਦੇ ਨੇ, ਪੁਲਿਸ ਨੂੰ ਪਤਾ ਵੀ ਨਹੀਂ ਲੱਗਦਾ। ਫੰਦਾ ਸੁੱਟ ਕੇ ਖਿੱਚ ਲਮਕਾ ਦਿੰਦੇ ਨੇ ਜਾਂ ਬਾਰੂਦੀ ਸੁਰੰਗ ਨਾਲ ਉਡਾ ਦਿੰਦੇ ਨੇ। ਉਨ੍ਹਾਂ ਲਈ ਕੀ ਮੁਸ਼ਕਿਲ ਹੈ। ਜੰਗਲ ਤੇ ਬੀਹੜ ਦੇ ਚੱਪੇ-ਚੱਪੇ ਦੇ ਸਿਆਣੂ ਨੇ ਉਹ।

ਅਗਲੇ ਹਫ਼ਤੇ ਪਤਾ ਲੱਗਿਆ ਕਿ ਨਕਸਲੀ ਉਸ ਸ਼ਾਹੂਕਾਰ ਦਾ ਫੈਸਲਾ ਆਪਣੀ ਪੰਚਾਇਤ ਵਿਚ ਕਰਨ ਵਾਲੇ ਨੇ। ਪੰਚਾਇਤ ਕਿੱਥੇ ਹੋਵੇਗੀ? ਪੁਲਿਸ ਲੱਖ ਕੋਸ਼ਿਸ਼ ਕਰ ਲਏ, ਇਸ ਗੱਲ ਦਾ ਪਤਾ ਨਹੀਂ ਲਾ ਸਕਦੀ। ਪੁਲਿਸ ਦੇ ਕਪਤਾਨ ਨੇ ਜ਼ਿਲ੍ਹੇ ਦੇ ਪੂਰੇ ਮਹਿਕਮੇ ਨੂੰ ਟੁਣਕਾ ਕੇ ਕਹਿ ਦਿੱਤਾ ਸੀ ਕਿ ਜਿਸ ਦੇ ਇਲਾਕੇ ਵਿਚ ਪੰਚਾਇਤ ਹੋਈ, ਉਹਦੀ ਖ਼ੈਰ ਨਹੀਂ। ਨਕਸਲੀਆਂ ਨੂੰ ਇਹ ਅਧਿਕਾਰ ਨਹੀਂ ਕਿ ਉਹ ਕਿਸੇ ਨੂੰ ਕੋਈ ਸਜ਼ਾ ਦੇਣ ਪਰ ਇਹ ਸਾਰੀ ਝਾੜ-ਝੰਬ ਤੇ ਮੁਸਤੈਦੀ ਵਿਅਰਥ ਹੀ ਸੀ।

ਪੱਕਾ ਸੀ ਕਿ ਮਹਾਜਨ ਨੂੰ ਸਜ਼ਾ ਮਿਲੇਗੀ, ਤੇ ਸਜ਼ਾ ਵੀ ਮੌਤ ਤੋਂ ਘੱਟ ਕੀ ਹੋਵੇਗੀ? ਰਿਹਾਈ ਦੀ ਇਕੋ ਸੂਰਤ ਸੀ ਕਿ ਮਹਾਜਨ ਸਾਰੇ ਬਹੀਖਾਤੇ ਨਕਸਲੀਆਂ ਦੇ ਹਵਾਲੇ ਕਰ ਦੇਵੇ ਤੇ ਮਹਾਜਨੀ ਦਾ ਧੰਦਾ ਛੱਡ ਦਵੇ।

ਪੁਲਿਸ ਕਪਤਾਨ ਨੇ ਮਹਾਜਨ ਦੇ ਪਰਿਵਾਰ ਵਾਲਿਆਂ ਨੂੰ ਪੂਰੀ ਸੁਰੱਖਿਆ ਦੇਣ ਦੀ ਤਸੱਲੀ ਦਿੱਤੀ ਸੀ ਤੇ ਕਿਹਾ ਸੀ ਕਿ ਉਹ ਪੁਲਿਸ ਨੂੰ ਸਹਿਯੋਗ ਦੇਣ, ਤੇ ਲਗਾਤਾਰ ਉਸ ਦੇ ਸੰਪਰਕ ਵਿਚ ਰਹਿਣ, ਪਰ ਸ਼ਾਹੂਕਾਰ ਦੇ ਘਰ ਵਾਲਿਆਂ ਨੂੰ ਪੁਲਿਸ 'ਤੇ ਉਕਾ ਹੀ ਵਿਸ਼ਵਾਸ ਨਹੀਂ ਸੀ।

ਇਕ ਦਿਨ ਸ਼ਾਹੂਕਾਰ ਸਹੀ ਸਲਾਮਤ ਵਾਪਸ ਆ ਗਿਆ। ਸ਼ਾਹੂਕਾਰ ਦਾ ਮੁੰਡਾ ਬੈਂਕ ਦੇ ਲਾਕਰ 'ਚੋਂ ਬਹੀਖਾਤੇ ਕੱਢ ਕੇ ਨਕਸਲੀਆਂ ਨੂੰ ਸੌਂਪ ਆਇਆ ਸੀ। ਉਨ੍ਹਾਂ ਦੇ ਸਾਹਮਣੇ ਕਹਿ ਵੀ ਆਇਆ ਸੀ ਕਿ ਅੱਗੋਂ ਤੋਂ ਸ਼ਾਹੂਕਾਰੀ ਦਾ ਧੰਦਾ ਛੱਡ ਦਿਆਂਗੇ। ਪੁਲਿਸ ਲਈ ਇਹ ਕੋਈ ਘੱਟ ਸੰਤੋਖ ਵਾਲੀ ਗੱਲ ਨਹੀਂ ਸੀ ਕਿ ਸ਼ਾਹੂਕਾਰ ਦੀ ਜ਼ਿੰਦਗੀ ਬਚ ਗਈ ਸੀ ਤੇ ਉਹ ਉਹਦੀ ਮੌਤ ਦੇ ਕਲੰਕ ਤੋਂ ਬਚ ਗਏ ਸਨ। ਇਹ ਪੁਲਿਸ ਦੇ ਠੰਢੇਪਣ ਦੀ ਵੀਰ-ਗਾਥਾ ਸੀ ਤੇ ਇਸ ਵੀਰ-ਗਾਥਾ ਦੇ ਭੰਡ ਉਹ ਖ਼ੁਦ ਸਨ।

ਮੈਨੂੰ ਪੋਸਟਿੰਗ 'ਤੇ ਆਇਆਂ ਛੇ ਮਹੀਨੇ ਹੋ ਗਏ ਸਨ ਤੇ ਪਿਛਲੇ ਦੋ ਢਾਈ ਮਹੀਨਿਆਂ ਤੋਂ ਸਾਂਵਲੀ ਨੇ ਕੋਈ ਵਾਰਦਾਤ ਮੇਰੇ ਇਲਾਕੇ ਵਿਚ ਨਹੀਂ ਸੀ ਕੀਤੀ। ਇਲਾਕੇ ਵਿਚ ਸ਼ਾਂਤੀ ਸੀ, ਜਿਵੇਂ ਉਹਨੇ ਇਲਾਕਾ ਛੱਡ ਦਿੱਤਾ ਹੋਵੇ। ਕੋਈ ਆਹਟ ਉਸ ਵੱਲੋਂ ਨਹੀਂ ਸੀ ਹੋ ਰਹੀ। ਸ਼ਾਇਦ ਮੇਰੀ ਕਾਰਜ ਪ੍ਰਣਾਲੀ ਤੋਂ ਸੰਤੁਸ਼ਟ ਹੋ ਕੇ ਸਾਂਵਲੀ ਚੁੱਪ ਬੈਠੀ ਹੋਈ ਹੋਵੇ। ਜੇ ਇੰਜ ਹੈ, ਤਾਂ ਪਹਿਲੀ ਵਾਰੀ ਪੁਲਿਸ ਕਿਸੇ ਦਾ ਵਿਸ਼ਵਾਸ ਜਿੱਤਣ ਦੀ ਸਫਲਤਾ ਦੇ ਆਸਪਾਸ ਸੀ।

ਮਨ ਹੋਇਆ ਕਿ ਸੁਕਯਾ ਤੋਂ ਸਾਂਵਲੀ ਬਾਰੇ ਪੁੱਛਾਂ ਪਰ ਠੀਕ ਨਹੀਂ ਲੱਗਿਆ ਕਿ ਮੈਂ ਉਹਦੇ ਪ੍ਰਤੀ ਕਿਤੇ ਵੀ ਆਪਣੀ ਨੇੜਤਾ ਜ਼ਾਹਿਰ ਕਰਾਂ। ਆਖ਼ਰ ਮੈਂ ਪੁਲਿਸ ਅਧਿਕਾਰੀ ਹਾਂ ਤੇ ਉਹ ਸਾਂਵਲੀ ਮੁਜਰਿਮ। ਮੁਜਰਿਮ ਲਈ ਮੇਰੀ ਦਿਲਚਸਪੀ ਮੇਰੇ ਕੈਰੀਅਰ ਨੂੰ ਡੋਬ ਸਕਦੀ ਹੈ।

ਅਗਲੀ ਵਾਰੀ ਜਦੋਂ ਮੈਂ ਪੁਲਿਸ ਕਪਤਾਨ ਨੂੰ ਮਿਲਿਆ ਤਾਂ ਉਨ੍ਹਾਂ ਦੇ ਇਸ ਰਿਮਾਰਕ 'ਤੇ ਮੈਂ ਸਿੱਲ੍ਹ-ਪੱਥਰ ਹੋ ਗਿਆ ਜਿਹੜਾ ਉਨ੍ਹਾਂ ਮੇਰੇ ਉਤੇ ਕੀਤਾ ਸੀ, "ਸਾਂਵਲੀ ਨੂੰ ਤੁਹਾਡੇ ਨਾਲ ਇਸ਼ਕ ਹੋ ਗਿਆ ਏ ਮਿਸਟਰ ਰੋਹਿਤ।"

ਮੈਂ ਖਿਝ ਕੇ ਬੋਲਿਆ, "ਅਹਿ ਤੁਸੀਂ ਕੀ ਕਹਿ ਰਹੇ ਓ ਸਰ! ਮੇਰੀ ਡਿਊਟੀ ਵਿਚ ਕਿਤੇ ਕੋਈ ਕਮੀ ਰਹਿ ਗਈ ਏ ਕਿ...?" ਨੌਕਰੀ ਦਾ ਮੇਰਾ ਇਹ ਪਹਿਲਾ ਸਾਲ ਮੇਰੇ ਕੈਰੀਅਰ ਲਈ ਬੜਾ ਮਹੱਤਵਪੂਰਨ ਸੀ। ਕਿਤੇ ਐਡਵਰਸ ਰਿਮਾਰਕ ਚਲਾ ਗਿਆ ਫੇਰ...।

ਉਹ ਹੱਸੇ ਤੇ ਬੋਲੇ, "ਡੋਂਟ ਵਰੀ। ਮੈਂ ਤਾਂ ਇਹ ਕਹਿ ਰਿਹਾ ਸਾਂ ਕਿ ਆਸਪਾਸ ਦੇ ਜ਼ਿਲ੍ਹਿਆਂ ਵਿਚ ਇਹ ਨਕਸਲੀ ਕਿੰਨਾ ਉਪਦਰ ਮਚਾ ਰਹੇ ਨੇ। ਤੁਹਾਡਾ ਜ਼ਿਲ੍ਹਾ ਐਨ ਸ਼ਾਂਤ ਏ। ਤੁਹਾਡੇ ਆਉਂਦਿਆਂ ਹੀ ਉਸ ਨਕਸਲੀ ਔਰਤ ਦੀਆਂ ਗਤੀਵਿਧੀਆਂ ਡੈਡ ਹੋ ਗਈਆਂ ਨੇ। ਉਹ ਤਾਂ ਗ਼ਜ਼ਬ ਦੀ ਨਿੱਡਰ ਔਰਤ ਏ ਕਿ ਹਾਟ ਬਾਜ਼ਾਰਾਂ ਵਿਚ ਦਿਸ ਪੈਂਦੀ ਏ, ਜਦਕਿ ਆਮ ਤੌਰ 'ਤੇ ਨਕਸਲੀ ਅਜਿਹੇ ਰਿਸਕ ਨਹੀਂ ਲੈਂਦੇ। ਤੁਹਾਡੇ ਇਸ਼ਕ ਵਿਚ ਪੈ ਕੇ ਤਾਂ ਸ਼ਾਂਤ ਹੋ ਗਈ ਜਾਪਦੀ ਏ ਉਹ...।" ਉਹ ਫੇਰ ਹੱਸੇ।

ਮੇਰੀ ਜਾਨ ਵਿਚ ਜਾਨ ਆਈ ਕਿ ਇਹ ਸਿਰਫ ਮਜ਼ਾਕ ਸੀ। ਮਨ ਹੋਇਆ ਕਿ ਉਨ੍ਹਾਂ ਨੂੰ ਕਹਾਂ, 'ਸਰ ਜੀ! ਉਹ ਮੁਜਰਿਮ ਨਹੀਂ ਏ। ਉਹ ਤਾਂ ਸਮਾਜ ਦੇ ਉਨ੍ਹਾਂ ਮੁਜਰਿਮਾਂ ਦੇ ਖ਼ਿਲਾਫ਼ ਏ ਜਿਨ੍ਹਾਂ ਨੂੰ ਕੋਈ ਮੁਜਰਿਮ ਨਹੀਂ ਕਹਿੰਦਾ।' ਪਰ ਮੈਂ ਜਾਣਦਾ ਸੀ ਕਿ ਮੇਰਾ ਇੰਜ ਕਹਿਣਾ ਸਾਂਵਲੀ ਦੇ ਪੱਖ ਵਿਚ ਜਾਵੇਗਾ ਤੇ ਕਿਸੇ ਵੀ ਪੁਲਿਸ ਅਫ਼ਸਰ ਨੂੰ, ਭਾਵੇਂ ਉਹ ਕਿੰਨਾ ਹੀ ਉਦਾਰ ਹੋਣ ਦੇ ਦਾਅਵੇ ਕਿਉਂ ਨਾ ਕਰੇ, ਨਾਗਵਾਰ ਲੱਗੇਗਾ ਕਿ ਕਿਸੇ ਮੁਜਰਿਮ ਦੀ ਤਾਰੀਫ਼ ਕੀਤੀ ਜਾ ਰਹੀ ਹੈ।

"ਮੈਂ ਨਹੀਂ ਜਾਣਦਾ ਸਰ! ਇਹ ਜ਼ਰੂਰ ਏ ਕਿ ਇਨ੍ਹੀਂ ਦਿਨੀ ਉਹਦੀਆਂ ਗਤੀਵਿਧੀਆਂ ਜ਼ਰੂਰ ਸ਼ਾਂਤ ਨੇ।" ਮੈਂ ਨਿਮਰਤਾ ਭਰੇ ਸ਼ਬਦਾਂ ਵਿਚ ਆਪਣੀ ਗੱਲ ਆਖੀ।

"ਕਿਤੇ ਕਿਸੇ ਵੱਡੇ ਮਨਸੂਬੇ ਨੂੰ ਅੰਜਾਮ ਦੇਣ ਵਿਚ ਤਾਂ ਨਹੀਂ ਲੱਗੀ ਹੋਈ ਉਹ? ਬੀ ਅਲਰਟ ਮਿਸਟਰ ਰੋਹਿਤ! ਉਹ ਔਰਤ ਬੜੀ ਖ਼ਤਰਨਾਕ ਤੇ ਦਲੇਰ ਏ।...ਤੇ ਹਾਂ, ਅਗਲੇ ਮਹੀਨੇ ਵੀਹ ਬੈਡ ਵਾਲੇ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਏ, ਤੇ ਇੱਥੋਂ ਦੇ ਮੰਤਰੀ ਸੀ.ਐਮ. ਨੂੰ ਲਿਆਉਣ ਦੀ ਗੱਲ ਕਰ ਰਹੇ ਨੇ। ਅਜੇ ਨਕਸਲੀਆਂ ਦੇ ਰੁਖ਼ ਦਾ ਪਤਾ ਨਹੀਂ। ਜੇ ਉਨ੍ਹਾਂ ਠਾਣ ਲਈ ਤਾਂ ਫੇਰ ਪ੍ਰੋਗਰਾਮ ਨਹੀਂ ਹੋ ਸਕੇਗਾ। ਪੁਲਿਸ ਵਿਭਾਗ ਲਈ ਇਹ ਕੋਈ ਮਾਣ ਵਾਲੀ ਗੱਲ ਨਹੀਂ ਹੋਵੇਗੀ।" ਐਸ.ਪੀ. ਦੱਸ ਰਹੇ ਸਨ।

ਇਹ ਫਿਕਰ ਮੈਨੂੰ ਵੀ ਲੱਗ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਸਾਂਵਲੀ ਕੁਝ ਵੀ ਕਰ ਸਕਦੀ ਸੀ। ਉਸ ਲਈ ਕੁਝ ਵੀ ਕਰ ਦਿਖਾਉਣਾ ਔਖਾ ਨਹੀਂ ਸੀ। ਸੁਕਯਾ ਫੇਰ ਮੈਨੂੰ ਸਹਾਰੇ ਦੇ ਰੂਪ ਵਿਚ ਦਿਖਾਈ ਦਿੱਤਾ। ਸੋਚਿਆ, ਸੁਨੇਹਾ ਭੇਜ ਦਿਆਂ ਕਿ ਉਹ ਅੜਿੱਕਾ ਨਾ ਪਾਵੇ ਪਰ ਕੀ ਉਹ ਮੇਰੀ ਗੱਲ ਮੰਨ ਲਵੇਗੀ? ਅਜਿਹਾ ਸੁਨੇਹਾ ਭੇਜਣਾ ਪੁਲਿਸ ਦੀ ਕਮਜ਼ੋਰੀ ਨੂੰ ਹੀ ਜ਼ਾਹਿਰ ਕਰੇਗਾ।

ਠਿਕਾਣੇ 'ਤੇ ਪਹੁੰਚਦਿਆਂ ਹੀ ਇਲਾਕੇ ਦੇ ਥਾਣੇਦਾਰ ਬਾਪਟ ਸਿੰਘ ਤੇ ਸੁਨੀਲ ਸੇਂਗਰ ਨੂੰ ਮੈਂ ਹਾਜ਼ਰ ਕੀਤਾ ਤੇ ਆਪਣਾ ਫਿਕਰ ਉਨ੍ਹਾਂ ਦੋਵਾਂ ਨੂੰ ਦੱਸਿਆ। ਦੋਵਾਂ ਦਾ ਦੋ ਟੁੱਕ ਜਵਾਬ ਇਹੋ ਸੀ ਕਿ 'ਸਾਂਵਲੀ ਦੇ ਕਿਸੇ ਮਨਸੂਬੇ ਦਾ ਪਤਾ ਲਾਉਣਾ ਅਸੰਭਵ ਹੈ। ਉਹ ਪ੍ਰੋਗਰਾਮ ਦੀ ਤਾਰੀਖ਼ ਤੋਂ ਦੋ ਦਿਨ ਪਹਿਲਾਂ ਐਲਾਨ ਕਰਵਾਏਗੀ ਤੇ ਉਦੋਂ ਤੱਕ ਬੜੀ ਦੇਰ ਹੋ ਚੁੱਕੀ ਹੋਵੇਗੀ, ਕਿਉਂਕਿ ਇਕ ਵਾਰੀ ਸੀ.ਐਮ. ਦਾ ਪ੍ਰੋਗਰਾਮ ਤੈਅ ਹੋ ਗਿਆ ਤਾਂ ਇਸ ਕਾਰਨ ਕਰਕੇ ਕੈਂਸਲ ਕਰਵਾਉਣਾ ਬੜੀ ਵੱਡੀ ਬਦਨਾਮੀ ਦਾ ਸਬੱਬ ਬਣੇਗਾ।' ਉਨ੍ਹਾਂ ਦੀਆਂ ਗੱਲਾਂ

*(ਬਾਕੀ ਅਗਲੇ ਸਫੇ 'ਤੇ)*

ਵਿਚ ਦਮ ਸੀ।

ਮੈਂ ਪੁੱਛਿਆ, "ਉਹ ਹਸਪਤਾਲ ਦੇ ਨਿਰਮਾਣ ਦਾ ਵਿਰੋਧ ਵੀ ਕਰ ਸਕਦੀ ਏ?"

"ਹਾਂ ਸਰ! ਕਰ ਸਕਦੀ ਏ। ਜੇ ਉਹਦੇ ਦਿਮਾਗ਼ ਵਿਚ ਆ ਗਿਆ ਕਿ ਹਸਪਤਾਲ ਬਣਨ ਨਾਲ ਆਦਿਵਾਸੀਆਂ ਦੇ ਸਹਿਜ ਜੀਵਨ ਵਿਚ ਕੋਈ ਅੜਿੱਕਾ ਲੱਗੇਗਾ।" ਸੁਨੀਲ ਸੇਂਗਰ ਨੇ ਕਿਹਾ।

"ਪਰ, ਹਸਪਤਾਲ ਵਿਚ ਤਾਂ ਇਲਾਜ ਹੁੰਦਾ ਏ।" ਮੈਂ ਆਖਿਆ।

"ਸਰ! ਇੱਥੇ ਆਦਿਵਾਸੀਆਂ ਦੀ ਬੜੀ ਵੱਡੀ ਗਿਣਤੀ ਪਰੰਪਰਾਗਤ ਇਲਾਜ 'ਚ ਵਿਸ਼ਵਾਸ ਕਰਦੀ ਏ। ਜੜ੍ਹੀ-ਬੂਟੀਆਂ ਨਾਲ ਇਲਾਜ ਹੁੰਦਾ ਏ। ਉਨ੍ਹਾਂ ਦੇ ਆਪਣੇ ਵੈਦ ਤੇ ਓਝੇ ਨੇ ਜਿਨ੍ਹਾਂ ਨੂੰ ਬੈਗਾ ਕਹਿੰਦੇ ਨੇ। ਇੱਥੇ ਦੁਰਲੱਭ ਜੜ੍ਹੀ-ਬੂਟੀਆਂ ਹੈਨ। ਕੋਈ ਕੋਈ ਬੂਟੀ ਤਾਂ ਅਜਿਹੀ ਵੀ ਏ ਕਿ ਬੂਟੀ ਦਾ ਲੇਪ ਕਰਦਿਆਂ ਈ ਜ਼ਖ਼ਮ ਭਰ ਜਾਂਦਾ ਏ। ਇਸ ਜੰਗਲ ਵਿਚ ਅਜਿਹੀਆਂ ਚਮਤਕਾਰੀ ਬੂਟੀਆਂ ਵੀ ਹੁੰਦੀਆਂ ਨੇ। ਉਨ੍ਹਾਂ 'ਤੇ ਅਸਰ ਪਏਗਾ। ਦੂਜਾ ਆਦਿਵਾਸੀ ਇਹ ਮੰਨਦੇ ਨੇ ਕਿ ਹਸਪਤਾਲ ਸ਼ਾਹੂਕਾਰਾਂ, ਭੂ-ਮਾਫ਼ੀਆ, ਠੇਕੇਦਾਰਾਂ ਤੇ ਸਰਕਾਰੀ ਕਰਮਚਾਰੀਆਂ ਦੇ ਇਲਾਜ ਲਈ ਬਣਾਏ ਜਾਂਦੇ ਨੇ; ਯਾਨਿ ਹਸਪਤਾਲਾਂ ਨੂੰ ਉਹ ਸ਼ੋਸ਼ਣ ਦੇ ਕੇਂਦਰ ਦੇ ਰੂਪ ਵਿਚ ਈ ਦੇਖਦੇ ਨੇ।" ਥਾਣੇਦਾਰ ਬਾਪਟ ਸਿੰਘ ਨੇ ਦੱਸਿਆ।

ਮੇਰਾ ਫਿਕਰ ਦੂਰ ਨਹੀਂ ਹੋਇਆ। ਕਈ ਵਾਰੀ ਮਨ ਕਹਿੰਦਾ ਕਿ ਸੁਕਯਾ ਜ਼ਰੀਏ ਸਾਂਵਲੀ ਤੱਕ ਆਪਣਾ ਇਰਾਦਾ ਪਹੁੰਚਾ ਦਿਆਂ। ਵੱਧ ਤੋਂ ਵੱਧ ਉਹ ਇਨਕਾਰ ਕਰ ਦੇਵੇਗੀ। ਇਸ ਇਨਕਾਰ ਨਾਲ ਮੇਰੀ ਹਾਰ ਹੋ ਜਾਵੇਗੀ। ਗਨੀਮਤ ਰਹੀ ਕਿ ਨੀਂਹ ਪੱਥਰ ਵਾਲਾ ਪ੍ਰੋਗਰਾਮ ਟਲ ਗਿਆ।

ਮਹੀਨੇ ਕੁ ਬਾਅਦ ਅਚਾਨਕ ਨਵੇਂ ਫਿਕਰ ਨੇ ਘੇਰ ਲਿਆ, ਤੇ ਇਹ ਫਿਕਰ ਸਹਿਜ ਨਹੀਂ ਸੀ। ਦਿੱਕਤ ਇਹ ਸੀ ਕਿ ਇਹ ਫਿਕਰ ਮੈਂ ਕਿਸੇ ਨਾਲ ਸਾਂਝਾ ਵੀ ਨਹੀਂ ਸੀ ਕਰ ਸਕਦਾ। ਉਪਰੋਂ ਸਾਂਵਲੀ ਦੇ ਸਫਾਏ ਦਾ ਆਦੇਸ਼ ਆਇਆ ਸੀ ਤੇ ਇਸ ਮੁਹਿੰਮ ਨੂੰ ਨਾਂ ਦਿੱਤਾ ਗਿਆ ਸੀ 'ਓਪਰੇਸ਼ਨ ਬਿਜਲੀ'। ਅਗਲਾ ਵਰ੍ਹਾ ਚੋਣਾਂ ਦਾ ਵਰ੍ਹਾ ਸੀ। ਨਕਸਲੀ ਇਲਾਕੇ ਦੇ ਵਿਧਾਇਕ ਸੁਗਨਾ ਭਾਈ ਜਿਹੜਾ ਮੰਤਰੀ ਵੀ ਸੀ, ਦੇ ਖ਼ਿਲਾਫ਼ ਹੋ ਗਏ ਸਨ। ਨਕਸਲੀਆਂ ਨੂੰ ਰੋਸ ਸੀ ਕਿ ਉਹਨੇ ਆਦਿਵਾਸੀਆਂ ਦੇ ਹਿਤ ਲਈ ਕੋਈ ਕੰਮ ਨਹੀਂ ਸੀ ਕੀਤਾ। ਠੇਕੇਦਾਰਾਂ, ਸ਼ਾਹੂਕਾਰਾਂ ਤੋਂ ਪੈਸੇ ਖਾਣ ਲੱਗ ਪਿਆ ਹੈ। ਨਕਸਲੀਆਂ ਦੇ ਡਰ ਕਰਕੇ ਕੋਈ ਸੁਗਨਾ ਭਾਈ ਨੂੰ ਵੋਟ ਨਹੀਂ ਪਾਵੇਗਾ ਤੇ ਉਹਦੀ ਹਾਰ ਪੱਕੀ ਸੀ। ਮੁੱਖ ਮੰਤਰੀ ਨੂੰ ਹੱਥ 'ਤੇ ਚੜ੍ਹਾ ਕੇ ਉਸੇ ਨੇ ਇਹ ਆਦੇਸ਼ ਜਾਰੀ ਕਰਵਾਇਆ ਸੀ। ਹਰ ਹਾਲ ਵਿਚ ਸਾਂਵਲੀ ਦਾ ਸਫਾਇਆ ਕਰ ਦਿੱਤਾ ਜਾਏ। ਵੈਸੇ ਵੀ ਸਾਂਵਲੀ ਦਰੋਗੇ ਦੇ ਕਤਲ ਦੀ ਸਭ ਤੋਂ ਵੱਧ ਲੋੜੀਂਦੀ ਮੁਜਰਿਮ ਸੀ। ਇਸ ਕਰਕੇ ਆਦੇਸ਼ ਜਾਰੀ ਹੋਣ ਵਿਚ ਸਮਾਂ ਨਹੀਂ ਲੱਗਿਆ।

ਮੇਰੇ ਸਾਹਮਣੇ ਵੰਗਾਰ ਆਣ ਖੜ੍ਹੀ ਹੋਈ ਸੀ। ਪਤਾ ਨਹੀਂ ਕਿਉਂ, ਮੇਰੇ ਮਨ ਵਿਚ ਸਾਂਵਲੀ ਦੇ ਮਾਮਲੇ ਵਿਚ ਨਰਮੀ ਪੈਦਾ ਹੋ ਗਈ ਸੀ। ਮੇਰੀ ਜਵਾਬਦੇਹੀ ਮੇਰੇ ਸਾਹਵੇਂ ਸੀ। ਕਾਨੂੰਨ ਦੀਆਂ ਨਜ਼ਰਾਂ ਵਿਚ ਸਾਂਵਲੀ ਮੁਜਰਿਮ ਸੀ। ਮੈਨੂੰ ਨਹੀਂ ਸੀ ਲੱਗਦਾ ਕਿ ਸਾਂਵਲੀ ਕਿਤੇ ਗ਼ਲਤ ਹੈ। ਉਹਨੇ ਜੋ ਕੀਤਾ, ਉਹਦਾ ਪ੍ਰਤੀਕਰਮ ਸੀ। ਕਾਨੂੰਨ ਦਰੋਗੇ ਨੂੰ ਸਜ਼ਾ ਨਹੀਂ ਸੀ ਦੇ ਸਕਦਾ। ਅਨਿਆਂ ਦੇ ਜਵਾਬ ਵਿਚ ਉਸ ਸਿੱਧੀ-ਸਾਦੀ ਕੁੜੀ ਕੋਲ ਹੋਰ ਕੋਈ ਜਵਾਬ ਨਹੀਂ ਸੀ। ਕਾਨੂੰਨ ਹਰ ਨਾਗਰਿਕ ਨੂੰ ਆਤਮ ਸਨਮਾਨ ਤੇ ਸਿਰ ਉਚਾ ਰੱਖ ਕੇ ਜਿਉਣ ਦਾ ਹੱਕ ਦਿੰਦਾ ਹੈ ਪਰ ਇੱਥੇ ਤਾਂ ਕਾਨੂੰਨ ਦੇ ਰਾਖੇ ਨੇ ਹੀ ਮਰਿਆਦਾ ਦੀ ਉਲੰਘਣਾ ਕੀਤੀ ਸੀ; ਤਾਂ ਫੇਰ ਹੋਰ ਚਾਰਾ ਹੀ ਕੀ ਸੀ? ਪਰ ਮੈਂ ਆਪਣਾ ਕਰਤੱਵ ਦੇਖਣਾ ਸੀ ਜੋ ਸਭ ਤੋਂ ਉਪਰ ਸੀ। ਮੈਂ ਆਪਣੇ ਮਾਤਹਿਤਾਂ ਨੂੰ ਚੁਸਤ-ਦਰੁਸਤ ਕੀਤਾ। ਹਰ ਉਸ ਸੂਤਰ ਨੂੰ ਕੁਰੇਦਣਾ ਸ਼ੁਰੂ ਕਰ ਦਿੱਤਾ ਜਿਹੜਾ ਸਾਂਵਲੀ ਤੱਕ ਪਹੁੰਚ ਦਾ ਸੁਰਾਗ ਦੇ ਸਕੇ। ਅਰਧ ਸੈਨਿਕ ਬਲਾਂ ਦੀਆਂ ਦੋ ਬਟਾਲੀਅਨਾਂ 'ਓਪਰੇਸ਼ਨ ਬਿਜਲੀ' ਨੂੰ ਨੇਪਰੇ ਚੜ੍ਹਾਉਣ ਲਈ ਆ ਗਈਆਂ ਸਨ। ਇਕ ਸਕੂਲ ਦੇ ਵਰਾਂਡੇ ਵਿਚ ਤੇ ਦੂਜੀ ਪੁਰਾਣੇ ਮੰਦਰ ਵਿਚ ਟਿਕ ਗਈ ਸੀ। ਮੈਂ ਜਾਣ-ਬੁੱਝ ਕੇ ਸੁਕਯਾ ਸਾਹਵੇਂ ਇਨ੍ਹਾਂ ਗੱਲਾਂ ਦਾ ਕੋਈ ਜ਼ਿਕਰ ਨਹੀਂ ਸੀ ਕੀਤਾ ਤਾਂ ਕਿ ਇਧਰਲੀ ਕੋਈ ਖ਼ਬਰ ਖਿਸਕ ਕੇ ਸਾਂਵਲੀ ਵਾਲੀ ਧਿਰ ਵਿਚ ਨਾ ਪਹੁੰਚ ਜਾਵੇ।

ਇਕ ਦਿਨ ਦੁਪਹਿਰ ਪਿੱਛੋਂ ਪੱਕੀ ਖ਼ਬਰ ਮਿਲੀ ਕਿ 15-16 ਕਿਲੋਮੀਟਰ ਦੂਰ ਕਿਸੇ ਪਿੰਡ ਵਿਚ ਸਾਂਵਲੀ ਆ ਰਹੀ ਹੈ। ਦੋਵਾਂ ਬਟਾਲੀਅਨਾਂ ਨੂੰ ਖ਼ਬਰ ਕਰ ਦਿੱਤੀ ਗਈ। ਦਸ ਸਿਪਾਹੀ ਥਾਣੇ ਵਿਚ ਸਨ। ਥਾਣੇਦਾਰ ਬਾਪਟ ਸਿੰਘ ਤੇ ਉਨ੍ਹਾਂ ਨੇ ਮੇਰੇ ਇਰਦ-ਗਿਰਦ ਰਹਿਣਾ ਸੀ। ਹਨੇਰਾ ਘਿਰਦਿਆਂ ਹੀ ਅਸੀਂ ਜੀਪਾਂ ਤੇ ਟਰੱਕਾਂ ਵਿਚ ਕੂਚ ਕਰਨਾ ਸੀ। ਮੈਂ ਆਪਣੇ ਲਈ ਸਭ ਤੋਂ ਚੰਗੀ ਰਾਈਫ਼ਲ ਦਿਨੇ ਹੀ ਚੁਣ ਲਈ ਸੀ।

ਥਾਣੇਦਾਰ ਨੇ ਦੱਸਿਆ ਕਿ ਸੜਕ ਬੜੀ ਉਬੜ-ਖਾਬੜ ਜਿਹੀ ਏ। ਗੱਡੀਆਂ ਕੁਝ ਦੂਰ ਤੱਕ ਹੀ ਜਾ ਸਕਣਗੀਆਂ। ਬਾਕੀ ਰਸਤਾ ਚੁੱਪਚਾਪ ਪੈਦਲ ਹੀ ਤੈਅ ਕਰਨਾ ਪਵੇਗਾ। ਮੈਂ ਨਿਰਦੇਸ਼ ਦਿੱਤੇ ਕਿ ਸਿਪਾਹੀ ਰੇਡੀਅਮ ਡਾਇਲ ਵਾਲੀਆਂ ਘੜੀਆਂ ਨਾ ਬੰਨ੍ਹਣ ਅਤੇ ਨਾ ਉਹ ਸਿਪਾਹੀ ਇਸ ਓਪਰੇਸ਼ਨ ਵਿਚ ਹਿੱਸਾ ਲੈਣ ਜਿਨ੍ਹਾਂ ਨੂੰ ਬੀੜੀ ਜਾਂ ਸਿਗਰਟ ਪੀਣ ਦੀ ਆਦਤ ਹੈ। ਹਨੇਰੇ ਵਿਚ ਇਹ ਚੀਜ਼ਾਂ ਸਿਪਾਹੀ ਦੀ ਪੁਜੀਸ਼ਨ ਦੱਸ ਸਕਦੀਆਂ ਨੇ।

ਸੁਕਯਾ ਖਾਣੇ ਬਾਬਤ ਪੁੱਛਣ ਆਇਆ ਤਾਂ ਮੈਂ ਟਾਲ ਦਿੱਤਾ ਕਿ ਅੱਜ ਰਾਤ ਦਾ ਖਾਣਾ ਤਬੀਅਤ ਠੀਕ ਨਾ ਹੋਣ ਕਰਕੇ ਨਹੀਂ ਖਾਵਾਂਗਾ ਤੇ ਉਹਨੂੰ ਛੁੱਟੀ ਵੀ ਦੇ ਦਿੱਤੀ। ਪੂਰਾ ਦਿਨ ਅਜੀਬ ਜਿਹੀ ਘੁੰਮਣਘੇਰੀ ਵਿਚ ਬੀਤਿਆ। ਜਿਵੇਂ ਹੀ ਹਨੇਰਾ ਧਰਤੀ 'ਤੇ ਉਤਰਿਆ, ਸਾਡਾ ਕਾਫ਼ਲਾ ਕੂਚ ਕਰ ਗਿਆ। ਸੜਕ ਵਾਕਈ ਬੜੀ ਬੇਢੰਗੀ ਜਿਹੀ ਸੀ, ਤੇ ਵਾਹਨ ਬੁੜ੍ਹਕਦੇ-ਉਛਲਦੇ ਹੌਲੀ ਹੌਲੀ ਅੱਗੇ ਵਧ ਰਹੇ ਸਨ।

ਕਿੰਨੀ ਦੂਰ ਨਿਕਲ ਆਏ ਤੇ ਕਿੰਨਾ ਸਮਾਂ ਬੀਤ ਗਿਆ, ਇਸ ਦਾ ਅੰਦਾਜ਼ਾ ਕਿਸੇ ਨੂੰ ਨਹੀਂ ਸੀ ਹੋ ਰਿਹਾ। ਅਚਾਨਕ ਕਾਫ਼ਲਾ ਰੁਕ ਗਿਆ। ਹੈਡ ਮੁਨਸ਼ੀ ਨੇ ਦੱਸਿਆ ਕਿ ਬੱਸ ਇਸ ਤੋਂ ਅੱਗੇ ਪੈਦਲ ਰਸਤਾ ਹੈ। ਇੱਥੇ ਤਾਂ ਸਾਈਕਲ ਵੀ ਨਹੀਂ ਸੀ ਚੱਲ ਸਕਦਾ।

ਜਦੋਂ ਪੈਦਲ ਤੁਰੇ ਤਾਂ ਮੇਰੇ ਦਿਲ ਵਿਚ ਸਾਂਵਲੀ ਲਈ ਨਰਮ ਭਾਵਨਾ ਲਹਿਰਾ ਰਹੀ ਸੀ। ਮੈਂ ਮਨ ਹੀ ਮਨ ਅਰਦਾਸ ਕਰ ਰਿਹਾ ਸਾਂ ਕਿ ਸਾਡਾ ਕਾਫ਼ਲਾ ਪੁੱਜਣ ਤੋਂ ਪਹਿਲਾਂ ਹੀ ਉਹ ਉਸ ਪਿੰਡ ਵਿਚੋਂ ਚਲੀ ਜਾਵੇ। ਅਗਲਾ ਰਸਤਾ ਬੜਾ ਔਖਾ ਅਤੇ ਅਣਡਿੱਠਾ ਸੀ। ਬੂਝਿਆਂ-ਝਾੜੀਆਂ ਵਿਚੋਂ ਰਸਤਾ ਬਣਾਉਂਦੇ ਹੋਏ ਅਸੀਂ ਉਸ ਪਿੰਡ ਦੇ ਨੇੜੇ ਪਹੁੰਚ ਰਹੇ ਸਾਂ। ਤਿੰਨ ਚਾਰ ਘੰਟਿਆਂ ਤੋਂ ਘੱਟ ਕੀ ਲੱਗੇ ਹੋਣਗੇ? ਥਾਣੇਦਾਰ ਨੇ ਦੱਸਿਆ ਸੀ ਕਿ ਪਿੰਡ ਪਹਾੜੀ ਦੀ ਢਲਾਣ 'ਤੇ ਵੱਸਿਆ ਹੋਇਆ ਹੈ ਤੇ ਦੂਜੇ ਪਾਸੇ ਨਦੀ ਹੈ। ਪਿੰਡ ਵਿਚੋਂ ਭੱਜਣ ਦੇ ਸਿਰਫ਼ ਦੋ ਰਸਤੇ ਨੇ। ਘੇਰਾਬੰਦੀ ਇਨ੍ਹਾਂ ਦੋ ਰਸਤਿਆਂ ਦੀ ਹੀ ਕੀਤੀ ਜਾਵੇਗੀ।

ਦਸ ਬਾਰਾਂ ਘਰਾਂ ਦਾ ਪਿੰਡ ਗੂੜ੍ਹੇ ਹਨੇਰੇ ਤੇ ਚੁੱਪ ਵਿਚ ਡੁੱਬਿਆ ਹੋਇਆ ਸੀ। ਰੌਸ਼ਨੀ ਦਾ ਕੋਈ ਭੁੱਲਿਆ ਭਟਕਿਆ ਕਤਰਾ ਵੀ ਨਹੀਂ ਸੀ ਦਿਸ ਰਿਹਾ। ਦੋਹਾਂ ਰਸਤਿਆਂ ਉਤੇ ਥਾਣੇਦਾਰ ਬਾਪਟ ਸਿੰਘ ਨੇ ਘੇਰਾਬੰਦੀ ਕਰ ਦਿੱਤੀ ਸੀ। ਦੋਵੇਂ ਬਟਾਲੀਅਨਾਂ ਉਨ੍ਹਾਂ ਥਾਂਵਾਂ 'ਤੇ ਲਾਈਆਂ ਗਈਆਂ ਸਨ ਜਿੱਥੋਂ ਭੱਜਣ ਦੀ ਗੁੰਜਾਇਸ਼ ਸਭ ਤੋਂ ਘੱਟ ਸੀ ਕਿਉਂਕਿ ਭੱਜਣ ਲਈ ਪ੍ਰਚੱਲਤ ਰਸਤੇ ਛੱਡ ਦਿੱਤੇ ਜਾਂਦੇ ਨੇ। ਅੱਧੇ ਘੰਟੇ ਬਾਅਦ ਉਹਨੇ ਦੱਸਿਆ ਕਿ ਪਿੰਡ ਵਿਚੋਂ ਕੋਈ ਆਹਟ ਸੁਣਾਈ ਨਹੀਂ ਦੇ ਰਹੀ। 'ਕਿਤੇ ਸਹੁਰੀ ਨਿਕਲ ਤਾਂ ਨਹੀਂ ਗਈ!'

ਮੇਰੇ ਇਸ਼ਾਰੇ ਉਤੇ ਬਾਪਟ ਸਿੰਘ ਨੇ ਆਪਣੇ ਮੈਗਾਫ਼ੋਨ ਤੋਂ ਚਿਤਾਵਨੀ ਜਾਰੀ ਕਰ ਦਿੱਤੀ, 'ਪਿੰਡ ਨੂੰ ਚਾਰੇ ਪਾਸਿਓਂ ਪੁਲਿਸ ਨੇ ਘੇਰ ਲਿਆ ਹੈ। ਜਿਹੜੇ ਨਕਸਲੀ ਪਿੰਡ ਵਿਚ ਲੁਕੇ ਬੈਠੇ ਨੇ, ਉਹ ਆਪਣੇ ਹਥਿਆਰ ਸੁੱਟ ਦੇਣ ਤੇ ਆਪਣੇ ਦੋਵੇਂ ਹੱਥ ਸਿਰ ਦੇ ਪਿੱਛੇ ਰੱਖ ਕੇ ਇਕ-ਇਕ ਕਰਕੇ ਪਿੰਡ 'ਚੋਂ ਬਾਹਰ ਆ ਜਾਣ।' ਦੂਜੀ ਚਿਤਾਵਨੀ ਉਸ ਤੋਂ ਕੁਝ ਦੇਰ ਬਾਅਦ ਦਿੱਤੀ ਗਈ, ਫੇਰ ਤੀਜੀ...

ਪਿੰਡ ਵਿਚ ਕੋਈ ਹਿੱਲ-ਜੁਲ ਨਾ ਹੋਈ। ਥਾਣੇਦਾਰ ਨੇ ਝੁੱਗੀਆਂ ਨੂੰ ਅੱਗ ਲਾ ਦੇਣ ਦੀ ਧਮਕੀ ਦੇ ਦਿੱਤੀ, ਪਰ ਕੋਈ ਜਵਾਬ ਨਹੀਂ ਆਇਆ। ਬੀਤ ਦੇ ਪਲ ਬੜੇ ਅਕਾਊ ਹੋ ਗਏ ਸਨ। ਮੇਰੀ ਉਤੇਜਨਾ ਖਾਸੀ ਵਧ ਗਈ ਸੀ। ਮੈਂ ਬੇਚੈਨੀ ਵਿਚ ਟਹਿਲਣ ਲੱਗਾ। ਪਤਾ ਨਹੀਂ ਹਨੇਰੇ ਵਿਚ ਕਿਧਰੋਂ ਕੋਈ ਗੋਲੀ ਆਣ ਕੇ ਪੁੜਪੁੜੀ ਵਿਚ ਧਸ ਜਾਏ। ਕੋਈ ਨਹੀਂ ਸੀ ਜਾਣਦਾ ਕਿ ਸਾਂਵਲੀ ਪਿੰਡ ਵਿਚ ਹੈ ਜਾਂ ਨਹੀਂ।

ਬੜੀ ਦੇਰ ਬਾਅਦ ਪਿੰਡ ਦੇ ਸੀਨੇ ਵਿਚੋਂ ਤਿੱਖਾ ਸੁਰ ਫੁੱਟਿਆ ਜਿਹੜਾ ਸਾਂਵਲੀ ਦਾ ਸੀ, 'ਤੁਸੀਂ ਸਾਰੇ ਪੁਲਿਸ ਵਾਲੇ ਕੰਨ ਖੋਲ੍ਹ ਕੇ ਸੁਣ ਲਓ। ਅਸੀਂ ਗਰਭਵਤੀ ਔਰਤ ਨੂੰ ਹਸਪਤਾਲ ਭੇਜਣ ਦਾ ਜੁਗਾੜ ਕਰਨ ਆਏ ਆਂ। ਕੱਲ੍ਹ ਦੀ ਹੀ ਉਹਦੀ ਤਬੀਅਤ ਖ਼ਰਾਬ ਹੈ। ਔਰਤ ਦੇ ਦਿਨ ਟੱਪੇ ਹੋਏ ਨੇ। ਉਹਦਾ ਡੋਲਾ ਤਿਆਰ ਹੋ ਗਿਆ ਏ। ਇਸ ਡੋਲੇ ਨੂੰ ਲਿਜਾਣ ਵਿਚ ਕੋਈ ਪੁਲਿਸ ਵਾਲਾ ਅੜਿੱਕਾ ਨਾ ਲਾਵੇ, ਵਰਨਾ ਉਹਦਾ ਸੀਨਾ ਗੋਲੀਆਂ ਨਾਲ ਛਲਣੀ ਕਰ ਦਿਆਂਗੇ।'

**ਮੇਰੇ ਦਿਮਾਗ਼ ਵਿਚ ਕਿਸੇ ਨੇ ਠੁੰਗਾ ਜਿਹਾ ਮਾਰਿਆ, 'ਇਹ ਸੁਕਯਾ ਸਾਂਵਲੀ ਦਾ ਮੁਖ਼ਬਰ ਹੈ।' ਅੱਗੇ ਮੈਂ ਕੁਝ ਸੋਚ ਨਹੀਂ ਸਕਿਆ। ਕੀ ਪੁਲਿਸ ਦੀਆਂ ਸਾਰੀਆਂ ਖ਼ਬਰਾਂ ਉਹੀ ਪਹੁੰਚਾਉਂਦਾ ਰਿਹਾ ਏ ਸਾਂਵਲੀ ਨੂੰ? ਪੁਲਿਸ ਦੇ ਕਿਲੇ ਵਿਚ ਸੰਨ੍ਹ ਲਾਉਣ ਵਾਲਾ ਸੁਕਯਾ ਹੈ। ਫੇਰ ਵੀ ਮੇਰੇ ਮਨ ਵਿਚ ਕੋਈ ਮੰਦਾ ਵਿਚਾਰ ਨਹੀਂ ਆਇਆ।**

ਇਸ ਧਮਕੀ ਪਿੱਛੋਂ ਕਿਸੇ ਪੁਲਿਸ ਵਾਲੇ 'ਚ ਹਿੰਮਤ ਨਹੀਂ ਸੀ ਰਹੀ ਕਿ ਪਿੰਡ 'ਚ ਵੜਦਾ। ਇਸ ਤੋਂ ਲਗਭਗ ਦਸ ਮਿੰਟ ਬਾਅਦ ਸਾਂਵਲੀ ਦੀ ਆਵਾਜ਼ ਫੇਰ ਸੁਣੀ, 'ਡੋਲਾ ਰਵਾਨਾ ਹੋ ਰਿਹਾ ਏ...ਕੋਈ ਰੋਕੇ ਨਾ...ਕੋਈ ਰੋਕੇ ਨਾ...ਕੋਈ ਰੋਕੇ ਨਾ...!'

ਬਾਪਟ ਸਿੰਘ ਬਕਣ ਲੱਗਾ, 'ਸਾਲੀ ਬਕਵਾਸ ਕਰ ਰਹੀ ਏ। ਕਿਤੇ ਖ਼ੁਦ ਉਸ ਡੋਲੇ ਵਿਚ ਲੁਕ ਕੇ ਨਾ ਨਿਕਲ ਜਾਏ।' ਨਾਲ ਹੀ ਉਹਨੇ ਜਵਾਬ ਵਿਚ ਪੁੱਛਿਆ, 'ਕਿਵੇਂ ਪਤਾ ਲੱਗੇ ਕਿ ਡੋਲੇ ਵਿਚ ਉਹ ਔਰਤ ਹੀ ਹੈ, ਕੋਈ ਹੋਰ ਨਹੀਂ....'

'ਓਇ ਹਿਜੜਿਆ, ਇੰਜ।' ਸਾਂਵਲੀ ਨੇ ਲਲਕਾਰਿਆ ਤੇ ਨਾਲ ਹੀ ਆਸਮਾਨ ਵੱਲ ਨਿਸ਼ਾਨਾ ਸਿੰਨ੍ਹ ਕੇ ਗੋਲੀਆਂ ਚੱਲਣ ਲੱਗੀਆਂ, ਜਿਵੇਂ ਦਰਜਨਾਂ ਬਦੂੰਕਾਂ ਇਕੋ ਸਮੇਂ ਗਰਜ ਰਹੀਆਂ ਹੋਣ, 'ਜਦੋਂ ਤੱਕ ਡੋਲਾ ਪਿੰਡੋਂ ਬਾਹਰ ਨਹੀਂ ਚਲਾ ਜਾਂਦਾ, ਗੋਲੀਆਂ ਚਲਦੀਆਂ ਰਹਿਣਗੀਆਂ। ਅਸੀਂ ਦੱਸਦੇ ਰਹਾਂਗੇ ਕਿ ਅਸੀਂ ਪਿੰਡ ਵਿਚ ਹੀ ਆਂ।'

ਮੈਂ ਥਾਣੇਦਾਰ ਦੇ ਮੋਢੇ ਉਤੇ ਹੱਥ ਰੱਖ ਕੇ ਹੌਲੀ ਜਿਹੀ ਕਿਹਾ, 'ਡੋਲਾ ਜਾਣ ਦਿਓ। ਸਾਡੀ ਉਸ ਔਰਤ ਨਾਲ ਕੋਈ ਦੁਸ਼ਮਣੀ ਨਹੀਂ।'

ਕਹਿ ਨਹੀਂ ਸਕਦਾ ਕਿ ਬਾਪਟ ਸਿੰਘ ਨੂੰ ਇਤਬਾਰ ਹੋਇਆ ਜਾਂ ਨਹੀਂ, ਪਰ ਉਹਦਾ ਸ਼ੱਕ ਦੂਰ ਨਹੀਂ ਸੀ ਹੋਇਆ। ਇਸ ਗੋਲੀਬਾਰੀ ਨਾਲ ਸਿਪਾਹੀਆਂ ਦੀ ਹਿੰਮਤ ਟੁੱਟ ਜਿਹੀ ਗਈ ਸੀ। ਪੰਜ ਮਿੰਟ ਬਾਅਦ ਗੋਲੀਆਂ ਚੱਲਣੀਆਂ ਬੰਦ ਹੋ ਗਈਆਂ। ਡੋਲਾ ਪਿੰਡ ਤੋਂ ਬਾਹਰ ਚਲਾ ਗਿਆ ਸੀ, ਇਹ ਪੱਕਾ ਸੀ। ਬਾਪਟ ਸਿੰਘ ਕੁਝ ਨਿਰਾਸ਼ ਜਿਹਾ ਹੋ ਗਿਆ ਸੀ। ਡੋਲਾ ਰੋਕ ਕੇ ਉਹ ਕੋਈ ਸੌਦੇਬਾਜ਼ੀ ਕਰ ਸਕਦਾ ਸੀ। ਹੁਣ ਮੌਕਾ ਹੱਥੋਂ ਨਿਕਲ ਗਿਆ ਸੀ। ਮੇਰੇ ਮਨ ਵਿਚ ਵੀ ਸ਼ੱਕ ਹੋਇਆ ਕਿ ਉਸ ਡੋਲੇ ਵਿਚ ਲੁਕ ਕੇ ਸਾਂਵਲੀ ਨਿਕਲ ਹੀ ਨਾ ਗਈ ਹੋਵੇ।

ਹੁਣ ਗੂੜ੍ਹੀ ਚੁੱਪ ਛਾ ਗਈ ਸੀ। ਬਾਪਟ ਸਿੰਘ ਨੇ ਫੇਰ ਚਿਤਾਵਨੀ ਜਾਰੀ ਕੀਤੀ ਪਰ ਪਿੰਡ ਵਿਚੋਂ ਕੋਈ ਜਵਾਬ ਨਾ ਮਿਲਿਆ। ਹੁਣ ਇਕੋ ਉਪਾਅ ਸੀ ਕਿ ਸਾਰੀ ਰਾਤ ਪਿੰਡ ਨੂੰ ਘੇਰ ਕੇ ਬੈਠੇ ਰਹੋ ਤੇ ਦਿਨ ਦੇ ਉਜਾਲੇ ਵਿਚ ਪੁਜੀਸ਼ਨਾਂ ਲੈ ਕੇ ਪਿੰਡ 'ਚ ਵੜ ਜਾਓ। ਹਨੇਰੇ ਵਿਚ ਤਾਂ ਕੁਝ ਨਹੀਂ ਸੀ ਕੀਤਾ ਜਾ ਸਕਦਾ। ਪੁਲਿਸ ਪਾਰਟੀ ਕੋਲ ਭਾਵੇਂ ਸਰਚ ਲਾਈਟਾਂ ਸਨ ਪਰ ਖ਼ਤਰਾ ਵੀ ਸੀ, ਕਿਉਂਕਿ ਸਿਪਾਹੀਆਂ ਦੀ ਪੁਜੀਸ਼ਨ ਦਿਸ ਜਾਂਦੀ, ਤੇ ਨਕਸਲੀਆਂ ਵਾਲੇ ਪਾਸਿਓਂ ਅੰਨ੍ਹੇਵਾਹ ਗੋਲੀਆਂ ਦੀ ਵਾਛੜ ਸ਼ੁਰੂ ਹੋ ਜਾਂਦੀ, ਫਿਰ ਉਹਨੂੰ ਰੋਕਣਾ ਅਸੰਭਵ ਹੋ ਜਾਂਦਾ। ਉਹਦੀ ਓਟ ਵਿਚ ਹੀ ਉਹ ਨਿਕਲ ਜਾਂਦੇ।

ਪਿੱਛੇ ਪਹਾੜ 'ਤੇ ਨਦੀ ਵਾਲੇ ਰਸਤੇ 'ਤੇ ਦੋਵੇਂ ਬਟਾਲੀਅਨਾਂ ਲੱਗੀਆਂ ਸਨ। ਇਧਰਲੇ ਰਸਤੇ 'ਤੇ ਜਿਧਰੋਂ ਡੋਲਾ ਲੰਘ ਕੇ ਪਿੰਡੋਂ ਬਾਹਰ ਗਿਆ ਸੀ, ਸਾਡੀ ਪੁਲਿਸ ਪਾਰਟੀ ਤਾਇਨਾਤ ਸੀ। ਇਹ ਪ੍ਰਬੰਧ ਥਾਣੇਦਾਰ ਨੇ ਕੀਤਾ ਸੀ। ਇਸ ਗੱਲ ਨੂੰ ਸ਼ਾਇਦ ਸਾਂਵਲੀ ਨੇ ਤਾੜ ਲਿਆ ਸੀ।

ਅਚਾਨਕ ਉਸ ਗਾੜ੍ਹੇ ਹਨੇਰੇ ਵਿਚ ਤੇਜ਼ ਗੰਧ ਮੇਰੀ ਨੱਕ 'ਚ ਵੜ ਗਈ। ਜੰਗਲੀ ਫੁੱਲਾਂ ਦੀ ਗੰਧ ਜਿਹੜੇ ਸਾਂਵਲੀ ਆਪਣੇ ਜੂੜੇ ਵਿਚ ਲਾਉਂਦੀ ਹੈ। ਕਿਤੇ ਕੋਈ ਹੋਰ ਤਾਂ ਇਸ ਗੰਧ ਨੂੰ ਨਹੀਂ ਪਛਾਣਦਾ? ਉਹਨੂੰ ਸਾਂਵਲੀ ਦੀ ਮੌਜੂਦਗੀ ਦਾ ਪਤਾ ਲੱਗ ਸਕਦਾ ਹੈ। ਮੈਨੂੰ ਲੱਗਿਆ, ਮੇਰੇ ਨੇੜੇ ਜਾਂ ਐਨ ਕੋਲ ਸਾਂਵਲੀ ਕਿਤੇ ਬਿਲਕੁਲ ਨੇੜੇ ਹੀ ਹੈ। ਸ਼ਾਇਦ ਮੈਥੋਂ ਹੱਥ ਦੋ ਹੱਥ ਦੀ ਦੂਰੀ 'ਤੇ ਹੀ ਹੋਵੇ। ਘਬਰਾਹਟ ਵਿਚ ਰਾਈਫ਼ਲ ਵਾਲੇ ਹੱਥ ਨੂੰ ਪਤਾ ਨਹੀਂ ਕਿੰਨਾ ਕੁ ਪਸੀਨਾ ਆ ਗਿਆ ਸੀ ਤੇ ਲੱਗਿਆ ਕਿ ਹੁਣੇ ਤਿਲ੍ਹਕ ਕੇ ਡਿੱਗ ਜਾਏਗੀ। ਸਰਚ ਲਾਈਟ ਜਗਾ ਕੇ ਉਹਨੂੰ ਦੇਖਿਆ ਜਾ ਸਕਦਾ ਸੀ। ਬਾਪਟ ਸਿੰਘ ਨੂੰ ਜ਼ਰਾ ਵੀ ਆਹਟ ਮਿਲਦੀ ਤਾਂ ਉਹ ਬਿਨਾਂ ਸੋਚੇ ਸਮਝੇ ਝੱਟ ਸਵਿਚ ਆਨ ਕਰ ਦਿੰਦਾ। ਗਨੀਮਤ ਸੀ, ਉਹਨੂੰ ਕੁਝ ਪਤਾ ਨਹੀਂ ਸੀ ਲੱਗਿਆ। ਉਸ ਗਾੜ੍ਹੇ ਹਨੇਰੇ ਵਿਚ ਮੈਂ ਚੁੱਪਚਾਪ ਖੜ੍ਹਾ ਰਿਹਾ। ਮੇਰਾ ਪੁਲਸੀਆ ਕਰਤੱਵ-ਬੋਧ ਪਤਾ ਨਹੀਂ ਕਿੱਥੇ ਦੁਬਕ ਗਿਆ ਸੀ। ਕੁਝ ਕਰਨ ਦੀ ਇੱਛਾ ਨਹੀਂ ਸੀ ਹੋ ਰਹੀ। ਚਾਹੁੰਦਾ ਸੀ ਸਾਂਵਲੀ ਇਸ ਸੰਕਟ ਵਿਚੋਂ ਬਾਹਰ ਨਿਕਲ ਜਾਵੇ।

ਫੇਰ ਦੂਰ ਹੁੰਦੀ ਸੁਗੰਧ ਵੀ ਬੰਦ ਹੋ ਗਈ, ਤੇ ਕੁਝ ਪਲਾਂ ਬਾਅਦ ਕਿਧਰੇ ਵਲੀਨ ਹੋ ਗਈ। ਮੈਂ ਖੜ੍ਹਾ ਰਿਹਾ। ਬੁੱਝ ਲਿਆ ਕਿ ਸਾਂਵਲੀ ਪਿੰਡੋਂ ਬਾਹਰ ਨਿਕਲ ਚੁੱਕੀ ਹੈ। ਪਲ ਭਰ ਵਿਚ ਮੇਰਾ ਤਣਾਅ ਦੂਰ ਹੋ ਗਿਆ ਸੀ। ਕੁਝ ਦੇਰ ਬਾਅਦ ਹੀ ਪਹੁ-ਫੁੱਟਣ ਲੱਗ ਪਈ ਸੀ।

*(ਸਮਾਪਤ)*

---

# ਵਾਰਸ ਸ਼ਾਹ ਤੇ ਪੰਜਾਬੀ ਸ਼ਨਾਸੀ

■ ਤਾਰਕ ਗੁੱਜਰ

ਮਹਾਂਭਾਰਤ ਦੇ ਪੰਜ ਨਦ ਤੋਂ ਲੈ ਕੇ ਵਾਰਸ ਸ਼ਾਹ ਦੇ ਪੰਜਾਬ ਤੀਕ ਪੰਜਾਬ ਸ਼ਨਾਸੀ ਦਾ ਲੰਮਾ ਸਫ਼ਰ ਹੈ। ਆਰੀਆਵਾਂ ਨੇ ਦਰਿਆਵਾਂ ਦੇ ਆਰ-ਪਾਰ ਖਿਲਰੀ ਭੋਇੰ ਨੂੰ ਨਾਂ ਦਿੱਤਾ ਤਾਂ ਵਾਰਸ ਸ਼ਾਹ ਨੇ ਇਸ ਭੋਇੰ 'ਤੇ ਵਸਦੀ ਰਸਦੀ ਹਯਾਤੀ, ਰਹਿਤਲ, ਮੌਸਮਾਂ ਅਤੇ ਲੋਕਾਈ ਦੇ ਹਵਾਲੇ ਨਾਲ ਇਹਨੂੰ ਬਾਕੀ ਹਿੰਦੁਸਤਾਨ ਨਾਲੋਂ ਵੱਖਰੀ ਭੋਇੰ ਦੇ ਤੌਰ 'ਤੇ ਸਾਡੇ ਸਾਹਮਣੇ ਖੜ੍ਹਾ ਕਰ ਦਿੱਤਾ। ਪੰਜਾਬ ਦੀ ਵੱਖਰੀ ਸ਼ਨਾਖ਼ਤ ਅਤੇ ਅਲਹਿਦਾ ਮੁਲਕ ਵਜੋਂ ਪਛਾਣ ਸਾਨੂੰ ਵਾਰਸ ਨੇ ਹੀ ਕਰਾਈ। ਉਸ ਦੌਰ ਵਿਚ ਜਦੋਂ ਪੰਜਾਬ ਬਾਕੀ ਹਿੰਦ ਦੇ ਇਲਾਕਿਆਂ ਵਾਂਗ ਸੂਬਾ ਜਾਂ ਗਵਰਨਰੀ ਦੇ ਰੂਪ ਵਿਚ ਜਾਣਿਆ ਜਾ ਰਿਹਾ ਸੀ, ਵਾਰਸ ਨੇ ਨਾ ਇਹਨੂੰ ਸਿਰਫ਼ ਵਤਨ, ਦੇਸ ਤੇ ਮੁਲਕ ਦੇ ਤੌਰ 'ਤੇ ਆਪੂੰ ਜਾਣਿਆ ਸਗੋਂ ਪੰਜਾਬ ਵਾਸੀਆਂ ਨੂੰ ਵੀ ਇਹਦੀ ਪਛਾਣ ਕਰਵਾਉਣ ਦਾ ਜਤਨ ਕੀਤਾ। ਹੀਰ ਦੇ ਨੈਣਾਂ ਵਿਚ ਫੱਬ ਰਹੇ ਸੁਰਮੇ ਦੀ ਲੋਤ ਵਿਚ ਉਹ ਪੰਜਾਬੀਆਂ ਨੂੰ ਆਪਣੀ ਵੱਖਰੀ ਦੀ ਪਛਾਣ ਦਾ ਪਹਿਲਾ ਸਬਕ ਦੇ ਰਿਹਾ ਏ:

ਸੁਰਮਾ ਨੈਣਾਂ ਦੀ ਧਾਰ ਵਿਚ ਫੱਬ ਰਹਿਆ,<br>
ਚੜ੍ਹਿਆ ਹਿੰਦ 'ਤੇ ਕਟਕ ਪੰਜਾਬ ਦਾ ਜੀ।

ਇਥੇ ਹਿੰਦ ਅਤੇ ਪੰਜਾਬ ਦੋ ਧਿਰਾਂ ਵਾਂਗ ਆਹਮੋ-ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ। ਤਾਰੀਖ਼ ਦੇ ਹਰ ਦੌਰ ਵਿਚ ਭਾਵੇਂ ਹਿੰਦ, ਸਿੰਧ ਅਤੇ ਪਰਬਤ ਵੱਲੋਂ ਕਟਕ ਸਿਰਫ਼ ਪੰਜਾਬ ਉਤੇ ਈ ਚੜ੍ਹਦੇ ਰਹੇ ਤੇ ਪੰਜਾਬ ਵਾਰਸ ਦੇ ਸਮੇਂ ਤੀਕ ਸਹਿਮੇ ਹੋਏ ਬਾਲ ਵਾਂਗ ਆਪਣੀਆਂ ਕੱਛਾਂ ਵਿਚ ਈ ਵੜਿਆ ਰਿਹਾ ਪਰ ਹਿੰਦ ਉਤੇ ਪੰਜਾਬ ਦੇ ਕਟਕ ਚੜ੍ਹਾਉਣ ਦੇ ਸੁਫ਼ਨੇ ਤੱਕਣਾ ਵਾਰਸ ਸ਼ਾਹ ਦੇ ਪੰਜਾਬ ਨਾਲ ਅਟੁੱਟ ਪਿਆਰ ਵੱਲ ਸੈਨਤ ਕਰਦਾ ਹੈ।

ਵਾਰਸ ਨੇ ਸਿਰਫ਼ ਪੰਜਾਬ ਨੂੰ ਜਾਣਿਆ ਈ ਨਹੀਂ, ਉਹ ਕਿਸੇ ਮਹਿਬੂਬ ਤੇ ਮਾਸ਼ੂਕ ਵਾਂਗ ਇਹਦੇ ਨਾਲ ਹੱਸਿਆ ਤੇ ਰੋਇਆ ਵੀ। ਇਸ ਮਹਿਬੂਬਾਨਾ ਰੰਗ ਢੰਗ ਦੇ ਝਲਕਾਰੇ ਉਨ੍ਹਾਂ ਮਿਸਰਿਆਂ ਵਿਚ ਖ਼ਾਸ ਤੌਰ 'ਤੇ ਪੈਂਦੇ ਨੇ ਜਿੱਥੇ ਉਹ ਪੰਜਾਬੀ ਅਦਬ ਦੀ ਇਸ਼ਕੀਆ ਰੀਤ ਦੀ ਪਾਸਦਾਰੀ ਕਰਦਾ ਹੋਇਆ ਪੰਜਾਬ ਨੂੰ ਮੋਨਸ ਮਾਅਨਿਆਂ ਵਿਚ ਵਰਤਦਾ ਏ:

ਹੁਕਮ ਹੋਰ ਦਾ ਹੋਰ ਹੈ ਅੱਜ ਹੋਇਆ,<br>
ਮਿਲੀ ਪੰਜਾਬ ਕੰਧਾਰੀਆਂ ਨੂੰ।<br>
ਵਾਰਸ ਸ਼ਾਹ ਜਿਓਂ ਮੁਗਲਾਂ ਪੰਜਾਬ ਲੁੱਟੀ,<br>
ਤਿਵੇਂ ਜੋਗੀ ਦੀ ਰਸਦ ਉਜਾੜਿਓ ਨੇ।

ਵਾਰਸ ਦੇ ਦੌਰ ਵਿਚ ਸ਼ਾਇਦ 'ਪੰਜਾਬ ਸ਼ਨਾਸੀ' ਦੀ ਲਹਿਰ ਸੀ। ਪੰਜਾਬ ਦਾ ਦਾਨਸ਼ਵਰ ਤਬਕਾ ਲੋਕਾਈ ਦੇ ਦੁੱਖ ਰੋਵਣ ਦੇ ਨਾਲ ਨਾਲ ਪੰਜਾਂ ਨਦੀਆਂ ਦੀ ਜੁਗਰਾਫ਼ਿਆਈ ਵਾਹਦਤ ਨਾਲ ਵੀ ਮਾਨੂਸ ਹੁੰਦਾ ਜਾ ਰਿਹਾ ਸੀ। ਇਹ ਕਿਸੇ ਧਰਤੀ 'ਤੇ ਕਿਸੇ ਕੌਮ ਦੀ ਨੀਂਹ ਦੀਆਂ ਅਲਾਮਤਾਂ ਸਨ। ਬੁੱਲ੍ਹੇ ਸ਼ਾਹ ਨੇ ਉਨ੍ਹਾਂ ਦਿਨਾਂ ਵਿਚ ਈ ਆਖਿਆ ਸੀ:

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ,<br>
ਬੁਰਾ ਹਾਲ ਹੋਇਆ ਪੰਜਾਬ ਦਾ।

ਹਿੰਦ ਨਾਲੋਂ ਵਖਰੇਵੇਂ ਉੱਤੋਂ ਪੰਜਾਬ ਦੀ ਅਲਹਿਦਾ ਸਿਆਣ ਦੀ ਲਹਿਰ ਦਾ ਸਾਰਾ ਫਾਇਦਾ ਰਣਜੀਤ ਸਿੰਘ ਨੇ ਚੁੱਕਿਆ। ਪੰਜਾਬ ਦੀ ਲੋਕਾਈ ਵਿਚ ਪੁੰਗਰੇ ਸ਼ਊਰ ਹਮਲਾਵਰ ਹਾਕਮਾਂ ਤੋਂ ਅਵਾਮ ਦੀ ਨਫ਼ਰਤ ਦਾ ਇਜ਼ਹਾਰ ਰਣਜੀਤ ਸਿੰਘ ਦੇ ਰੂਪ ਵਿਚ ਜ਼ਾਹਰ ਹੋਇਆ। ਗੁਰੂਆਂ ਨਾਲ ਮੁਗਲਾਂ ਦੀ ਜੰਗ ਮਜ਼੍ਹਬੀ ਨਹੀਂ ਸੀ, ਇਹ ਮੁਕਾਮੀ ਅਤੇ ਹਮਲਾਵਰ ਤਬਕਿਆਂ ਦੀ ਖਿੱਚ-ਧੂਹ ਸੀ। ਮੁਸਲਮਾਨ ਅਵਾਮ ਦਾ ਸਿੱਖ ਗੁਰੂਆਂ ਨੂੰ ਪਨਾਹ ਦੇਣਾ ਅਤੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖਲੋਣਾ ਇਹਨੂੰ ਕਿਸੇ ਵੀ ਮਜ਼੍ਹਬੀ ਝਗੜੇ ਤੋਂ ਮੀਲਾਂ ਦੂਰ ਲੈ ਜਾਂਦਾ ਹੈ। ਹਮਲਾਵਰ ਹਾਕਮਾਂ ਲਈ ਚਾਹੇ ਜਸਰਥ ਹੋਵੇ, ਚਾਹੇ ਦੁੱਲਾ ਹੋਵੇ, ਚਾਹੇ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ, ਇਕੋ ਡਾਂਗ ਨਾਲ ਹੱਕਿਆ ਜਾਣ ਵਾਲਾ ਮਾਲ ਸੀ। ਤੇ ਉਨ੍ਹਾਂ ਹੱਕਿਆ ਵੀ, ਉਦੋਂ ਤੀਕ ਰਣਜੀਤ ਸਿੰਘ ਨੇ ਉਸੇ ਡਾਂਗ ਨਾਲ ਉਨ੍ਹਾਂ ਦਾ 'ਬੈਕ ਗੇਅਰ' ਨਹੀਂ ਲਵਾ ਦਿੱਤਾ।

ਰਣਜੀਤ ਸਿੰਘ ਦੇ ਖ਼ਿਲਾਫ਼ ਪੰਜਾਬ ਵਿੱਚੋਂ ਬਗਾਵਤ ਨਾ ਹੋਣਾ ਦੱਸਦਾ ਏ ਕਿ ਲੋਕਾਈ ਨੇ ਅੰਦਰਲੇ ਤੇ ਬਾਹਰਲੇ ਦਾ ਫਰਕ ਜਾਣ ਲਿਆ ਸੀ। ਤੇ ਬਾਹਰੋਂ ਸਪਾਂਸਰ ਕੀਤੀ ਬਗਾਵਤ ਹੋਈ ਵੀ ਤਾਂ ਪੰਜਾਬ ਵਿਚੋਂ ਕਿਸੇ ਉਸ ਵੱਲ ਮੂੰਹ ਨਾ ਕੀਤਾ।

ਬਾਹਰਲੇ ਹਮਲਾਵਰ ਫੇਰ ਅੱਜ ਸਾਡੇ ਨਿਸਾਬ ਮੂਜਬ 'ਹੀਰੋ ਤੇ ਨਿਜਾਤ ਦਹਿੰਦਾ' ਨੇ। ਵਾਰਸ ਤੇ ਉਸ ਦੌਰ ਦੀ ਲੋਕਾਈ, ਉਨ੍ਹਾਂ ਨੂੰ ਲੁਟੇਰਾ ਕਹਿ ਰਹੀ ਏ। ਕੀ ਨਿਸਾਬ ਬਣਾਉਣ ਵਾਲਿਆਂ ਨੂੰ ਇਹ ਮਿਸਰੇ ਤੇ ਅਖਾਣ ਨਹੀਂ ਦਿਸਦੇ:

ਅਹਿਮਦ ਸ਼ਾਹ<br>
ਅੱਜ ਗਇਬ ਥੀ ਆਣ ਪਾਉਸੀ,<br>
ਰੱਬ ਰਾਖਾ ਜੰਡਿਆਲੇ ਨੂੰ ਜਾਸੀਆ ਵੇ।<br>
ਵਾਰਸ ਸ਼ਾਹ ਜਿਉਂ ਮੁਗਲਾਂ ਪੰਜਾਬ ਲੁੱਟੀ,<br>
ਤਿਵੇਂ ਜੋਗੀ ਦੀ ਰਸਦ ਉਜਾੜਿਓ ਨੇ।

ਲਗਦਾ ਏ ਵਾਰਸ ਦੀ ਪੰਜਾਬ ਸ਼ਨਾਸੀ ਤੋਂ ਮੁੜ ਸੇਧ ਲੈਣ ਦੀ ਲੋੜ ਏ। ਘਰਦਿਆਂ ਅਤੇ ਬਾਹਰਲਿਆਂ ਵਿਚ ਫਰਕ ਹੋਣਾ ਜ਼ਰੂਰੀ ਏ। ਤੇ ਜੇ ਅੱਜ ਇੰਝ ਨਾ ਕੀਤਾ ਤਾਂ ਪੰਜਾਬ ਸਮੇਂ ਦੀ ਧੂੜ ਹੇਠ ਦੱਬ ਕੇ ਰਹਿ ਜਾਵੇਗਾ।

## ਗੁਆਂਢ ਮੱਥਾ

# ਨੈਣ-ਨਕਸ਼

(ਸਫਾ 29 ਦੀ ਬਾਕੀ)

"ਭੂਆ ਅੰਨਾ ਹਜ਼ਾਰੇ ਨੇ ਡਰਾਏ ਪਏ ਐ ਸਰਕਾਰ ਆਲੇ, ਲੱਤਾਂ ਮਾਰਦਾ ਰੁਪਈਏ ਖਾਣ ਵਾਲਿਆਂ ਦੇ ਢਿੱਡ 'ਚ।"

"ਬੁੜ੍ਹਾ ਜਿਹੜਾ ਟੋਪੀ ਆਲਾ, ਟੈਲੀਵਿਜ਼ਨ 'ਤੇ ਦੇਖਿਆ ਤੀ। ਪਰ ਲੱਤਾਂ ਭਾਵੇਂ ਇਨ੍ਹਾਂ ਦੇ ਜੋੜ ਕੇ ਮਾਰੇ, ਢਿੱਡ ਪਾਟ ਵੀ ਗਏ ਤਾਂ ਵਿਚੋਂ ਗੰਦ ਈ ਨਿਕਲਣੈ! ਰੁਪਈਏ ਤਾਂ ਇਨ੍ਹਾਂ ਦੇ ਬਾਹਰਲੀਆਂ ਬੈਂਕਾਂ 'ਚ ਆ।"

"ਭੂਆ, ਫੂੰਫੜ ਕਦੇ ਆਇਆ ਸੁਪਨੇ 'ਚ?"

"ਲੀਰਾਂ ਲਾਹੁਣੀਆਂ ਉਹਦੀਆਂ ਏਥੇ। ਜੁਗਾੜੀ ਤੀ। ਧਰਮ ਰਾਜ ਨਾ ਪਾ ਲੀ ਹੋਣੀ ਐ ਟੁੱਟ ਪੈਣੇ ਨੇ ਗੰਢ। ਰੋਟੀ ਤਾਂ ਉਥੇ ਚੰਗੀ ਖਾਂਦਾ ਹੋਊ। ਐਥੇ ਤਾਂ ਜਾਂ ਲੀਡਰ ਖਾਂਦੇ ਆ ਜਾਂ ਅਫਸਰ। ਸਾਡਾ ਤਾਂ ਭੁੱਖਾ ਢਿੱਡ ਵਿਲਕਦੈ। ਕੋਈ ਹੋਰ ਮੁਲਕ ਹੁਣ ਲੁੱਟ ਲਓ ਪਾਪੀਓ।"

"ਭੂਆ ਅੰਨਾ ਹਜ਼ਾਰੇ ਨੂੰ ਮਿਲਣੈ?"

"ਵੇ ਤੂੰ ਲਹੌਰ ਦੀ ਜੁੱਤੀ ਆਡੂੰ ਗਾਹਾਂ ਈ ਤੁਰੀ ਜਾਨੈਂ। ਮੈਂ ਹੱਡ ਤੁੜਾਉਣੇ ਐਂ। ਦਿੱਲੀ ਆਲੇ ਤਾਂ ਰਾਮ ਦੇਵ ਨਾਲ ਗਈਆਂ ਬੁੜ੍ਹੀਆਂ ਵੀ ਖੜਕਾਉਂਦੇ ਤੀ। ਹੁਣ ਫੇਰ ਨਾ ਆਈਂ ਕਦੇ। ਕੰਨ ਖਾਂਦਾ ਰਹਿੰਦੈ ਗਰਕ ਜਾਣਾ ਵਿਹਲਾ ਨਖੱਟੂ।"

...ਤੇ ਭੂਆ ਨੇ ਅੱਜ ਬਿਨਾ ਦਾਣੇ ਭੁੰਨੇ ਹੀ ਭੱਠੀ ਪੁੱਟ ਲੀ।

**ਅੰਤਿਕਾ:**

ਲਾਸ਼ ਬਾਪ ਦੀ ਵਿਹੜੇ ਪਈ<br>
ਅੱਗ ਦੇ ਸੇਕ ਨੂੰ ਤਰਸੇ<br>
ਮੇਰਾ ਕਿੰਨਾ ਤੇਰਾ ਕਿੰਨਾ<br>
ਪੁੱਤਰ ਕਰਨ ਹਿਸਾਬ।<br>
ਗੱਲ ਲੋਕਾਂ ਦੀ ਸਮਝੋਂ ਬਾਹਰ<br>
ਕਹੇ ਦੋਹਾਂ 'ਚੋਂ ਕੋਈ<br>
ਭਾਵੇਂ ਨਾਨਕ ਆਖ ਦੇਣ<br>
ਚਾਹੇ ਕਹੇ ਰਬਾਬ।

*(ਬਲਕਾਰ ਦਾਨਿਸ਼ ਦੀ ਪੁਸਤਕ "ਤੂੰ" 'ਚੋਂ)*

# ਪੰਜਾਬਣਾਂ ਦਾ ਅਕਸ ਵਿਗਾੜਨ ਲਈ ਗਾਇਕਾਵਾਂ ਬਰਾਬਰ ਜ਼ਿੰਮੇਵਾਰ

ਪੰਜਾਬੀ ਸੰਗੀਤ ਵਿਚ ਨਫਰਤ, ਪਿਆਰ, ਵੈਰ, ਖੁਸ਼ੀ, ਗ਼ਮੀ ਸਭ ਦਾ ਆਧਾਰ 'ਮੁਟਿਆਰ' ਹੈ। ਗੀਤਾਂ ਮੁਤਾਬਕ ਜੇ ਝੋਲੀ ਦੁੱਖਾਂ ਨਾਲ ਭਰ ਜਾਵੇ ਤਾਂ ਉਸ ਲਈ ਕੁੜੀ ਜ਼ਿੰਮੇਵਾਰ ਹੈ, ਜੇ ਦਾਰੂ ਵੱਧ ਪੀਤੀ ਜਾਵੇ ਤਾਂ ਵੀ ਤੇ ਜੇ ਲੜਾਈ-ਝਗੜਾ ਹੋ ਜਾਵੇ ਤਾਂ ਵੀ ਇਹੀ, ਗੱਲ ਕੀ ਹਰ ਕਾਰੇ ਲਈ ਜ਼ਿੰਮੇਵਾਰ ਕੁੜੀ ਹੀ ਹੈ। ਪਰ ਸਵਾਲ ਹੈ ਕਿ ਕੀ ਸਭ ਕੁੱਝ ਏਦਾਂ ਹੀ ਹੈ? ਹੈਰਾਨੀ ਦੀ ਗੱਲ ਹੈ ਕਿ ਅੱਜ ਤੱਕ ਪੰਜਾਬੀ ਗੀਤਾਂ ਵਿਚ 'ਮੁਹੱਬਤ' ਅਤੇ 'ਅੱਯਾਸ਼ੀ' ਵਿਚਾਲੇ ਫਰਕ ਨਹੀਂ ਕੀਤਾ ਗਿਆ। ਚੈਨਲਾਂ 'ਤੇ ਚੱਲਦੇ ਗੀਤਾਂ ਨੂੰ ਗ਼ੌਰ ਨਾਲ ਸੁਣੋ, ਸ਼ਾਇਦ ਹੀ ਕੋਈ ਅਜਿਹਾ ਹੋਵੇ, ਜਿਸ ਜ਼ਰੀਏ 'ਮੁਹੱਬਤ' 'ਚ ਕੁਰਬਾਨੀ ਦੀ ਮਹਾਨਤਾ ਬਿਆਨ ਕੀਤੀ ਹੋਵੇ, ਨਹੀਂ ਤਾਂ ਗਾਉਣ ਵਾਲਿਆਂ ਦੇ ਸਿਰ 'ਕਾਮ' ਚੜ੍ਹਿਆ ਅਕਸਰ ਨਜ਼ਰ ਆਵੇਗਾ।

ਇਸ ਨਾਲੋਂ ਵੀ ਵੱਡੀ ਹੈਰਾਨੀ ਇਹ ਹੈ ਕਿ ਇੱਕ ਪਾਸੇ ਔਰਤਾਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਲਾਹਨਤਾਂ ਪੈ ਰਹੀਆਂ ਨੇ, ਦੂਜੇ ਪਾਸੇ ਕੁਝ ਪੰਜਾਬੀ ਗਾਇਕਾਵਾਂ ਖੁਦ ਹੀ ਅਜਿਹੇ ਗੀਤ ਗਾਉਂਦੀਆਂ ਨੇ, ਜਿਨ੍ਹਾਂ ਤੋਂ ਜਾਪਣ ਲੱਗਦੈ ਕਿ ਮਰਦਾਂ ਦੀ ਛੱਡੋ, ਔਰਤਾਂ ਖੁਦ ਵੀ ਆਪਣੀ ਪੱਤ ਪ੍ਰਤੀ ਗੰਭੀਰ ਨਹੀਂ। ਕਈ ਵਾਰ ਉਨ੍ਹਾਂ ਦੇ ਗੀਤਾਂ 'ਚੋਂ ਪੰਜਾਬਣਾਂ ਵਾਲਾ ਘੱਟ ਤੇ ਮਹਾਂਨਗਰਾਂ ਦੀਆਂ ਵਿਗੜੈਲਾਂ ਵਾਲਾ ਝੌਲਾ ਵੱਧ ਪੈਂਦੈ। ਦਰਜਨ ਤੋਂ ਵੱਧ ਗਾਇਕਾਵਾਂ ਅਜਿਹੀਆਂ ਨੇ, ਜਿਨ੍ਹਾਂ ਸਮੇਂ-ਸਮੇਂ ਅਜਿਹੇ ਗੀਤ ਪੇਸ਼ ਕੀਤੇ ਕਿ ਮਰਦਾਂ ਸਿਰ ਮੜ੍ਹੇ ਜਾਣ ਵਾਲੇ ਦੋਸ਼ ਬੌਣੇ ਹੋ ਗਏ। ਸਿੱਟੇ ਵਜੋਂ ਗਾਇਕਾਂ ਕੋਲ ਵੀ ਸੋਹਣਾ ਬਹਾਨਾ ਆ ਗਿਆ ਕਿ ਸਾਨੂੰ ਕਿਹੜੀ ਗੱਲੋਂ ਭੰਡਿਆ ਜਾ ਰਿਹੈ, ਜਦੋਂ ਇਸ ਖੇਤਰ ਦੀਆਂ ਕੁੜੀਆਂ ਵੀ ਔਰਤ ਵਿਰੋਧੀ ਗੀਤ ਗਾ ਰਹੀਆਂ ਨੇ।

ਇਨ੍ਹੀਂ ਦਿਨੀਂ ਟੀ.ਵੀ. ਚੈਨਲਾਂ 'ਤੇ ਇੱਕ ਗੀਤ ਸਭਨਾਂ ਦਾ ਧਿਆਨ ਖਿੱਚ ਰਿਹੈ। ਸ਼ਾਇਦ ਗਾਉਣ ਵਾਲੀ ਨੇ ਗਾਇਆ ਵੀ ਏਸੇ ਕਰਕੇ ਕਿ ਸਭ ਪਾਸੀਂ ਉਸੇ ਦੀਆਂ ਗੱਲਾਂ ਹੋਣ। ਕੱਲ੍ਹ ਤੱਕ ਕੁੜੀਆਂ ਦੀ ਤੁਲਨਾ ਬੱਸਾਂ ਨਾਲ ਕਰਨ ਕਰਕੇ ਸ਼ੈਰੀ ਮਾਨ ਵਰਗਿਆਂ ਖਿਲਾਫ਼ ਅਵਾਜ਼ ਉਠਦੀ ਰਹੀ, ਪਿੰਡਾਂ ਦੀਆਂ ਧੀਆਂ-ਧਿਆਣੀਆਂ ਨੂੰ ਮਿੱਤਰਾਂ ਦੇ ਪਿੰਡ ਦੇ ਪਟੋਲੇ ਕਹਿਣ ਵਾਲਿਆਂ ਦੀ ਛਿੱਤਰ-ਪਰੇਡ ਹੁੰਦੀ ਰਹੀ, ਪਰ ਹੁਣ ਜਦੋਂ ਅਨਮੋਲ ਵਿਰਕ ਵਰਗੀਆਂ ਗਾਇਕਾਵਾਂ ਕਹਿ ਰਹੀਆਂ ਹੋਣ,

ਕਚਹਿਰੀਆਂ 'ਚ ਪੈਣ ਭੰਗੜੇ,
ਯਾਰ ਜਿੱਤਿਆ ਮੁਕੱਦਮਾ ਮਾਸ਼ੂਕ ਦਾ...

ਤਾਂ ਦੱਸੋ ਗ਼ਲਤ ਸਿਰਫ਼ ਗਾਇਕਾਂ ਨੂੰ ਕਿਹਾ ਜਾਵੇ ਜਾਂ ਗਾਇਕਾਵਾਂ ਨੂੰ ਵੀ? ਜਾਪਦੈ ਇਹ ਗੀਤ ਉਨ੍ਹਾਂ ਲਈ ਹੈ, ਜਿਹੜੇ ਕੁੜੀਆਂ ਨਾਲ ਜੁੜੀ ਹਰ ਗੱਲ ਚਟਕਾਰਾ ਲੈ ਕੇ ਸੁਣਨ ਦੇ ਆਦੀ ਨੇ। ਕੁਲਵਿੰਦਰ ਢਿੱਲੋਂ ਦੀ 'ਕਚਹਿਰੀਆਂ 'ਚ ਮੇਲੇ ਲੱਗਦੇ, ਜਦੋਂ ਪੈਂਦੀ ਆ ਤਰੀਕ ਕਿਸੇ ਜੱਟ ਦੀ' ਗੀਤ ਗਾਉਣ ਕਰਕੇ ਦੱਬੀ ਸੁਰ 'ਚ ਖਿਲਾਫ਼ਤ ਹੁੰਦੀ ਰਹੀ ਕਿ ਉਸ ਨੇ ਜੱਟਾਂ ਦੀ ਅਸਲ ਹਾਲਤ ਬਿਆਨਣ ਦੀ ਥਾਂ ਉਨ੍ਹਾਂ ਨੂੰ ਨਾਜਾਇਜ਼ ਫੂਕ ਛਕਾਈ ਹੈ ਪਰ ਹੁਣ ਗੱਲ ਬਣਾਉਟੀ ਗ਼ੈਰਤ ਤੋਂ ਅੱਗੇ ਲੰਘ ਇੱਜ਼ਤ ਨੂੰ ਦਾਅ 'ਤੇ ਲਾਉਣ ਤੱਕ ਪਹੁੰਚ ਗਈ ਏ। ਭਲਾ ਪੰਜਾਬ ਦੀ ਕਿਹੜੀ ਅਜਿਹੀ ਮੁਟਿਆਰ ਹੋਵੇਗੀ, ਜਿਹੜੀ 'ਮਾਸ਼ੂਕ' ਦਾ ਮੁਕੱਦਮਾ 'ਯਾਰ' ਦੇ ਹੱਕ 'ਚ ਹੋਣ 'ਤੇ ਭੰਗੜੇ ਪਵਾਉਂਦੀ ਹੋਵੇਗੀ? ਜਿਹੜੀ ਆਪਣੀ ਪੱਤ ਦੀ ਪ੍ਰਵਾਹ ਦੀ ਥਾਂ ਇਸ ਗੱਲ 'ਤੇ ਖੁਸ਼ ਹੋਵੇਗੀ ਕਿ ਉਸ ਦਾ 'ਅਲਬੇਲਾ ਯਾਰ' ਉਹ ਜੰਗ ਜਿੱਤ ਆਇਆ, ਜਿਸ ਦੀ ਉਮੀਦ ਨਹੀਂ ਸੀ।



ਪੰਜਾਬ ਦੀਆਂ 'ਮਾਣਮੱਤੀਆਂ ਗਾਇਕਾਵਾਂ' ਦੇ ਅਜਿਹੇ ਆਪਾ ਵਿਰੋਧੀ ਗੀਤ ਨਵੀਂ ਗੱਲ ਨਹੀਂ, ਆਏ ਸਾਲ 5-7 ਗੀਤ ਕੰਨੀਂ ਪੈ ਜਾਂਦੇ ਨੇ, ਜੋ ਗਾਇਕਾਂ ਦੇ ਨਾਲ ਨਾਲ ਗਾਇਕਾਵਾਂ 'ਤੇ ਵੀ ਥੂਹ-ਥੂਹ ਕਰਾ ਜਾਂਦੇ ਨੇ। ਇਨ੍ਹੀਂ ਦਿਨੀਂ ਟੀ.ਵੀ. 'ਤੇ ਇੱਕ ਗੀਤ ਚੱਲ ਰਿਹੈ, 'ਮੇਰੇ ਪਿਆਰ ਦਾ ਸੂਟਾ ਖਿਚ ਮੁੰਡਿਆ, ਮਿੰਟਾਂ ਵਿਚ ਕਰ ਦਿਆਂ ਸੈਟ ਮੁੰਡਿਆ।'

ਕੀ ਇਹ ਗੱਲ ਹੈਰਾਨੀ ਵਾਲੀ ਨਹੀਂ ਕਿ ਇੱਕ ਪਾਸੇ ਪੰਜਾਬੀ ਗਾਇਕਾਂ 'ਤੇ ਨਸ਼ਖੋਰੀ ਨੂੰ ਉਤਸ਼ਾਹਤ ਕਰਨ ਦਾ ਦੋਸ਼ ਲੱਗ ਰਿਹੈ, ਦੂਜੇ ਪਾਸੇ ਗਾਉਣ ਵਾਲੀਆਂ ਵੀ ਕਹਿ ਰਹੀਆਂ ਨੇ ਕਿ ਉਨ੍ਹਾਂ ਨੂੰ ਮਿੰਟਾਂ-ਸਕਿੰਟਾਂ 'ਚ ਸੈਟ ਕਰਨ ਦਾ ਅਜਿਹਾ ਗੁਰ ਆਉਂਦੈ, ਜਿਹੜਾ ਹਾਰੀ-ਸਾਰੀ ਦੇ ਹਿੱਸੇ ਨਹੀਂ ਆਇਆ। ਮੰਨਿਆ ਕਿ ਮੁਕਾਬਲੇ ਦੇ ਇਸ ਦੌਰ ਵਿਚ ਵੱਖਰੀ ਗੱਲ ਕਰਨੀ ਮਜਬੂਰੀ ਬਣ ਗਈ ਹੈ ਪਰ ਜਦੋਂ ਤੇਰ੍ਹਵੀਆਂ ਕਰ-ਕਰ ਆਪਣੀ ਇੱਜ਼ਤ ਦਾ ਮਲੀਆਮੇਟ ਕਰ ਛੱਡਣਾ ਕਿੱਥੋਂ ਦੀ ਸਿਆਣਪ ਹੈ? ਜੇ ਗਾਉਣ ਵਾਲੀਆਂ, ਜਿਨ੍ਹਾਂ ਨੇ ਗਾਇਕਾਂ ਵੱਲੋਂ ਪੇਸ਼ ਕੂੜੇ ਨੂੰ ਹਕੀਕਤ ਬਿਆਨੀ ਨਾਲ ਹੂੰਝਣਾ ਹੈ, ਖੁਦ ਹੀ ਮਰਦਾਂ ਦਾ ਰਿਕਾਰਡ ਤੋੜਨ ਲੱਗਣਗੀਆਂ ਤਾਂ ਮਾੜਾ ਕਿਸ ਨੂੰ ਕਿਹਾ ਜਾਵੇ?

ਕੁੱਝ ਸਾਲ ਪਹਿਲਾਂ ਪੰਜਾਬ ਦੀ ਇੱਕ ਉਭਰਦੀ ਗਾਇਕਾ ਨੇ ਅਜਿਹਾ ਗੀਤ ਗਾ ਛੱਡਿਆ ਸੀ, ਜਿਸ ਦੀ ਚੌਤਰਫ਼ੀ ਆਲੋਚਨਾ ਹੋਈ ਸੀ। ਰਿਲੀਜ਼ ਕਰਨ ਵਾਲੀ ਕੰਪਨੀ ਦੇ ਮਾਲਕ ਨੂੰ ਜਦੋਂ ਪੱਤਰਕਾਰਾਂ ਨੇ ਸਵਾਲ ਕੀਤਾ, 'ਕੁੜੀ ਮੂੰਹੋਂ ਏਦਾਂ ਦਾ ਭੱਦਾ ਗਾਣਾ ਕਿਉਂ ਗਵਾਇਐ, ਏਦਾਂ ਉਹਦਾ ਆਪਣਾ ਅਕਸ ਵੀ ਤਾਂ ਖਰਾਬ ਹੁੰਦੈ' ਤਾਂ ਉਸ ਖਿਝ ਕੇ ਜਵਾਬ ਦਿੱਤਾ, 'ਜੇ ਚੰਗਾ ਗਾਉਂਦੀ ਤਾਂ ਕਿਸੇ ਨੇ ਨਹੀਂ ਸੀ ਸੁਣਨਾ, ਹੁਣ ਉਸ ਜੱਗੋਂ ਵੱਖਰੀ ਗੱਲ ਕੀਤੀ ਏ ਤਾਂ ਤੁਸੀਂ ਵੀ ਫੋਨ ਕਰ ਰਹੇ ਓ, ਸਾਨੂੰ ਖੁਸ਼ੀ ਹੈ ਕਿ ਸਭ ਦਾ ਧਿਆਨ ਖਿਚਿਆ ਗਿਆ।' ਪਰ ਸਵਾਲ ਹੈ ਕਿ ਜੇ ਸਫ਼ਲਤਾ ਇਹੋ ਜਿਹੇ ਗਾਣਿਆਂ ਨਾਲ ਮਿਲਦੀ ਏ ਤਾਂ ਹੁਣ ਗਾਉਣ ਵਾਲੀ ਕਿੱਥੇ ਹੈ? ਕੰਪਨੀ ਮਾਲਕ ਕਿੱਥੇ ਹੈ?

ਉਸ ਗਾਇਕਾ ਦੇ ਬੋਲਿਨੁਮਾ ਗੀਤ ਦੇ ਬੋਲ ਸਨ, 'ਮੇਰੇ ਪੀਤ ਹੁੰਦੀ ਐ, ਨੀਂ ਮੇਰੇ ਪੀਤ ਹੁੰਦੀ ਐ।' ਅੱਗੋਂ ਕੋਰਸ ਬੋਲਣ ਵਾਲੇ ਆਖਦੇ ਸੀ, 'ਤੇਰੇ ਕਿੱਥੇ ਹੁੰਦੀ ਐ, ਨੀਂ ਤੇਰੇ ਕਿੱਥੇ ਹੁੰਦੀ ਐ।' ਫੇਰ ਹਰ ਅੰਤਰੇ ਵਿਚ ਉਹ ਸਰੀਰ ਦੇ ਵੱਖ-ਵੱਖ ਅੰਗਾਂ ਵਿਚਲੀ ਪੀੜ ਇਸ ਢੰਗ ਨਾਲ ਬਿਆਨਦੀ ਸੀ ਕਿ ਗਾਣਾ ਘਰਾਂ ਦੀ ਥਾਂ ਮੋਟਰਾਂ 'ਤੇ ਜਾ ਕੇ ਸੁਣਨ ਲਾਇਕ ਰਹਿ ਗਿਆ। ਉਦੋਂ ਇਹ ਕਿਹਾ ਗਿਆ ਕਿ ਇਹ ਬੋਲੀਆਂ ਸਾਡੇ ਸੱਭਿਆਚਾਰ ਦਾ ਹਿੱਸਾ ਨੇ ਤੇ ਜੇ ਇਨ੍ਹਾਂ ਨੂੰ ਅਸ਼ਲੀਲ ਕਿਹਾ ਜਾਂਦੈ ਤਾਂ ਫਿਰ ਸਾਡਾ ਸੱਭਿਆਚਾਰ ਹੀ ਗੰਧਲਾ ਹੈ। ਸਵਾਲਾਂ ਤੋਂ ਬਚਣ ਲਈ ਘੜਿਆ ਇਹ ਜਵਾਬ ਠੀਕ ਸੀ, ਪਰ ਜੇ ਕੱਲ੍ਹ ਨੂੰ ਕੋਈ ਗਵੱਈਆ ਅਸ਼ਲੀਲ ਬੋਲੀਆਂ ਗਾ ਕੇ ਕਹਿ ਛੱਡੇ ਕਿ ਇਹ ਤਾਂ ਮੈਂ ਸ਼ੰਕਰ ਪਿੰਡ ਪੈਂਦੀਆਂ ਬੋਲੀਆਂ ਤੋਂ ਲਈਆਂ ਨੇ, ਤਾਂ ਉਸ ਦਾ ਗੁਨਾਹ ਛੋਟਾ ਨਹੀਂ ਹੋ ਜਾਏਗਾ।

ਸਮੇਂ ਦੀ ਲੋੜ ਹੈ ਕਿ ਪੰਜਾਬੀ ਗਾਇਕਾਵਾਂ ਅਜਿਹੇ ਗੀਤ ਗਾਉਣ ਕਿ ਮਰਦ ਗਾਇਕਾਂ ਵੱਲੋਂ ਪੰਜਾਬ ਦੀਆਂ ਧੀਆਂ ਦਾ ਵਿਗਾੜਿਆ ਅਕਸ ਹੋਰ ਖਰਾਬ ਹੋਣ ਦੀ ਥਾਂ ਸੁਧਰੇ। ਪੰਜਾਬ ਦੇ ਕਲਾਕਾਰਾਂ ਨੇ ਪੈਰ ਦੀ ਅੱਡੀ ਤੋਂ ਸਿਰ ਦੇ ਵਾਲਾਂ ਤੱਕ ਮੁਟਿਆਰਾਂ ਦਾ ਸਭ ਕੁੱਝ ਵਲੂੰਧਰ ਛੱਡਿਆ ਹੈ, ਕਾਮੁਕਤਾ ਦੀਆਂ ਅਜਿਹੀਆਂ ਖੇਡਾਂ ਪੇਸ਼ ਕੀਤੀਆਂ ਨੇ ਕਿ ਇਸ ਖੇਤਰ ਨੂੰ ਸਿਵਾਏ 'ਕੰਜਰ ਕਿੱਤੇ' ਦੇ ਹੋਰ ਕੁੱਝ ਨਹੀਂ ਸਮਝਿਆ ਜਾਂਦਾ, ਪਰ ਜੇ ਗਾਉਣ ਵਾਲੀਆਂ ਹੀ ਉਨ੍ਹਾਂ ਵੱਲੋਂ ਪੇਸ਼ ਗੀਤਾਂ 'ਤੇ ਸੱਚਾਈ ਦੀ ਮੋਹਰ ਲਾਉਣ ਲੱਗਣਗੀਆਂ ਤਾਂ ਫਿਰ ਕੀ ਬਣੇਗਾ?

ਕੁੱਝ ਸਾਲ ਪਹਿਲਾਂ ਦੋਗਾਣਿਆਂ ਜ਼ਰੀਏ ਚਮਕਣ ਵਾਲੀ ਮਿਸ ਪੂਜਾ ਨੇ ਕਈ ਅਜਿਹੇ ਗੀਤ ਪੇਸ਼ ਕੀਤੇ, ਜਿਨ੍ਹਾਂ ਤੋਂ ਪਤਾ ਲੱਗ ਗਿਆ ਸੀ ਕਿ ਉਸ ਦਾ ਗੀਤ ਚੋਣ ਨਾਲ ਨਹੀਂ, ਸਿਰਫ਼ ਪੈਸੇ ਨਾਲ ਮਤਲਬ ਹੈ। ਉਹ ਨੇ ਗਾਇਆ, 'ਬਣ ਗਈ ਬੇਰੀ ਦੇ ਮਿੱਠੇ ਬੇਰ ਵਰਗੀ ਮੈਨੂੰ ਮੂੰਹ 'ਚ ਸੋਹਣਿਆਂ ਪਾ ਲੈ', 'ਮਿਲੇ ਨੇ ਫ਼ਰੀ ਦੇ ਗੰਨਮੈਨ ਗੱਭਰੂ, ਰਹਿਣ ਵੱਜਦੇ ਸਲੂਟ ਮੌਜ ਲੱਗੀ ਹੋਈ ਆ।' ਕੀ ਇਹੋ ਜਿਹੇ ਗੀਤ ਕੁੜੀ ਮੂੰਹੋਂ ਸ਼ੋਭਦੇ ਨੇ, ਕੀ ਇਹ ਗੀਤ ਸੁਣ ਕੇ ਗਾਇਕਾਵਾਂ 'ਤੇ ਮਾਣ ਕੀਤਾ ਜਾ ਸਕਦੈ?

ਪੰਜਾਬ ਦੀ ਇੱਕ ਗਾਇਕਾ ਨੂੰ ਦਸ ਕੁ ਸਾਲ ਪਹਿਲਾਂ ਕਾਫ਼ੀ ਪ੍ਰੋਗਰਾਮ ਮਿਲਦੇ ਸਨ। ਗਾਉਂਦੀ ਉਹ ਠੀਕ-ਠਾਕ ਹੀ ਸੀ ਪਰ ਭੀੜ ਨੂੰ ਆਪਣੇ ਵੱਲ ਖਿੱਚਣ ਲਈ ਉਹਨੇ ਨਵਾਂ ਫਾਰਮੂਲਾ ਈਜਾਦ ਕਰ ਲਿਆ ਸੀ। ਖੁੱਲ੍ਹੇ ਗਲਮੇ ਵਾਲਾ ਸੂਟ ਪਾ ਉਹ ਪ੍ਰੋਗਰਾਮ ਲਾਉਣ ਜਾਂਦੀ ਸੀ ਤੇ ਦੋ ਕੁ ਗੀਤਾਂ ਮਗਰੋਂ ਸਾਜ਼ੀਆਂ ਵੱਲ ਮੂੰਹ ਕਰਕੇ ਜਿਮਨਾਸਟਿਕ ਖਿਡਾਰਣਾਂ ਵਾਂਗ ਪਿਛਾਂਹ ਨੂੰ ਝੁਕ ਜਾਂਦੀ। ਨੰਗੇਜ ਦਿਸਣ ਕਰਕੇ ਸ਼ਰਾਬੀ ਚੀਕਾਂ ਮਾਰਦੇ ਤੇ ਉਸ 'ਤੇ ਨੋਟ ਵਰ੍ਹਨ ਲੱਗਦੇ। ਪਰ ਅੱਜ ਉਹ ਗਾਉਣ ਵਾਲੀ ਕਿੱਥੇ ਹੈ? ਕਿੱਥੇ ਹੈ ਉਸ ਦਾ ਫ਼ਾਰਮੂਲਾ? ਭਾਵੇਂ ਉਸ ਨੇ ਚਾਰ ਛਿੱਲੜ ਕਮਾ ਲਏ ਹੋਣ ਪਰ ਇੱਜ਼ਤ ਕਿੰਨੀ ਕੁ ਹੋਈ ਉਸ ਦੀ? ਜਿਨ੍ਹੀਂ ਦਿਨੀਂ ਉਹ ਸਟੇਜਾਂ 'ਤੇ ਜਾਂਦੀ ਸੀ, ਉਨ੍ਹੀਂ ਦਿਨੀਂ ਉਹ ਨੂੰ 'ਪਾਕਿਸਤਾਨੀ ਡਰਾਮਿਆਂ ਵਿਚਲੀ ਡਾਂਸਰ' ਦਾ ਖਿਤਾਬ ਦਿੱਤਾ ਜਾਣ ਲੱਗਾ ਸੀ, ਪਰ ਉਹ ਜਗ ਦੀਆਂ ਗੱਲਾਂ ਤੋਂ ਬੇਖ਼ਬਰ ਰਹੀ ਤੇ ਹੁਣ ਜਗ ਨੂੰ ਉਸ ਦੀ ਕੋਈ ਖ਼ਬਰ ਨਹੀਂ।

ਵਰਤਮਾਨ ਵੱਲ ਦੇਖ ਲਵੋ ਜਾਂ ਪਿਛਾਂਹ ਵੱਲ, ਪੰਜਾਬ ਦੀਆਂ ਬਹੁਤ ਸਾਰੀਆਂ ਗਾਇਕਾਵਾਂ ਨੇ ਆਪਾ ਵਿਰੋਧੀ ਗੀਤ ਗਾਏ ਨੇ। ਪਹਿਲੇ ਗੀਤਾਂ ਵੱਲ ਧਿਆਨ ਇਸ ਕਰਕੇ ਘੱਟ ਜਾਂਦੈ, ਕਿਉਂਕਿ ਉਦੋਂ ਵੀਡੀਓ ਦਾ ਦੌਰ ਨਹੀਂ ਸੀ, ਸਿਰਫ਼ ਤਵਿਆਂ ਵਾਲੇ ਰਿਕਾਰਡ ਹੁੰਦੇ ਸਨ, ਜਿਸ ਨੇ ਖਰੀਦ ਲਿਆ, ਸਿਰਫ਼ ਉਸੇ ਨੂੰ ਗੀਤ ਬਾਰੇ ਪਤਾ ਲੱਗਦਾ, ਪਰ ਅੱਜ ਜਦੋਂ ਵੀਡੀਓ ਵੀ ਬਣਦੇ ਨੇ ਤੇ ਚਾਰ-ਚਾਰ ਚੈਨਲਾਂ 'ਤੇ ਐਡ ਵੀ ਚੱਲਦੀ ਹੈ ਤਾਂ ਬੱਚਿਆਂ-ਬੁੱਢਿਆਂ, ਨਿਆਣਿਆਂ-ਸਿਆਣਿਆਂ ਦਾ ਧਿਆਨ ਇਕਦਮ ਇਨ੍ਹਾਂ ਵੱਲ ਖਿੱਚਿਆ ਜਾਂਦੈ।

ਭਗਵੰਤ ਮਾਨ ਪੰਜਾਬੀ ਗਾਇਕਾਂ ਦੀ ਸੋਚ 'ਤੇ ਸਵਾਲੀਆ ਨਿਸ਼ਾਨ ਲਾਉਂਦਾ ਆਖਦੈ, 'ਪੰਜਾਬ ਵਿਚ ਇੱਕ ਵੀ ਜੱਟ ਅਜਿਹਾ ਦਿਖਾ ਦਿਓ, ਜੋ ਗੀਤਾਂ ਵਿਚਲੀ ਪੇਸ਼ਕਾਰੀ ਨਾਲ ਮੇਲ ਖਾਂਦਾ ਹੋਵੇ।' ਪਰ ਹੁਣ ਇਹ ਵੀ ਕਹਿਣਾ ਪਵੇਗਾ ਕਿ ਪੰਜਾਬ ਦੀ ਇੱਕ ਵੀ ਮੁਟਿਆਰ ਅਜਿਹੀ ਦਿਖਾਓ ਜੋ ਪੀਤ ਹੋਣ ਮੌਕੇ ਬੌਕਸਿੰਗ ਰਿੰਗ 'ਚ ਖੜ ਕੇ ਗੀਤ ਗਾਉਂਦੀ ਹੋਵੇ, ਜੋ 'ਯਾਰ' ਦੇ ਬਰੀ ਹੋਣ 'ਤੇ ਕਚਹਿਰੀ 'ਚ ਭੰਗੜੇ ਪਾਉਂਦੀ ਹੋਵੇ, ਜਿਹੜੀ ਮਿੱਠੇ ਬੇਰ ਵਰਗੀ ਬਣ ਕੇ ਲੋਕਾਂ ਨੂੰ ਮੂੰਹ 'ਚ ਪਾਉਣ ਲਈ ਪ੍ਰੇਰਦੀ ਹੋਵੇ।

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ: 91-98141-78883

# ਬਾਤਾਂ ਗਦਰ ਸੰਗਰਾਮ ਦੀਆਂ

(ਸਫਾ 33 ਦੀ ਬਾਕੀ)

ਫਾਸਿਸਟਾਂ ਦੀਆਂ ਨੀਤਾਂ ਅਤੇ ਛਲਾਂ ਨੂੰ ਜਾਣਦੇ ਸਾਂ ਕਿ ਉਹ ਸੋਵੀਅਤ ਨਾਲ ਹੋਏ ਬਚਨ ਤੋੜ ਨਹੀਂ ਨਿਭਾਉਣਗੇ, ਤੇ ਜਦ ਵੀ ਪੱਛਮ ਵਾਲੇ ਪਾਸਿਓਂ ਰਾਹ ਮਿਲਿਆ, ਉਹ ਸੋਵੀਅਤ 'ਤੇ ਹਮਲਾ ਕਰ ਦੇਣਗੇ। ਅਸੀਂ "ਦੁਸ਼ਮਣ ਦਾ ਦੁਸ਼ਮਣ ਮਿੱਤਰ" ਦੇ ਕੌਮੀ ਤੰਗ ਨਜ਼ਰੀ ਦੇ ਗੁਰ ਦੇ ਅੰਨ੍ਹੇ ਭਗਤ ਨਹੀਂ ਸਾਂ ਤੇ ਫਿਰ ਉਦੋਂ ਜਦੋਂ ਦੋਵੇਂ ਦੁਸ਼ਮਣ ਸਾਡੀ ਹੀ ਭੂਰੀ 'ਤੇ ਆਪਸ ਵਿਚ ਲੜ ਰਹੇ ਹੋਣ ਤਾਂ ਉਨ੍ਹਾਂ ਵਿਚੋਂ ਸਾਡਾ ਕਿਹੜਾ ਦੋਸਤ ਸੀ?

ਇਸੇ ਸੋਚ ਦੇ ਚਾਨਣ ਵਿਚ ਅਸਾਂ ਬੋਸ ਨਾਲ ਕੀਤੇ ਉਨ੍ਹਾਂ ਦੇ ਬਚਨਾਂ ਨੂੰ ਦੇਖਿਆ, ਜਾਚਿਆਂ ਤੇ ਸਮਝਿਆ ਕਿ ਉਹ ਹਿੰਦੋਸਤਾਨ ਨੂੰ ਅੰਗਰੇਜ਼ਾਂ ਪਾਸੋਂ ਖੋਹ ਕੇ ਸਾਡੇ ਹਵਾਲੇ ਕਰਨ ਲਈ ਸਾਡੀ ਮਾਲੀ ਤੇ ਫੌਜੀ ਸਹਾਇਤਾ ਕਦੇ ਨਹੀਂ ਕਰਨਗੇ, ਸਗੋਂ ਇਸ ਬਹਾਨੇ ਸਾਡਾ ਦੇਸ਼ ਖੋਹ ਕੇ ਆਪਣੇ ਕਬਜ਼ੇ ਵਿਚ ਲੈ ਲੈਣਗੇ। ਇਸ ਖੋਹਾਮਾਰੀ ਵਿਚ ਬੋਸ ਅਤੇ ਸਾਡੇ ਕੌਮੀਪ੍ਰਸਤੀ ਤੇ ਆਜ਼ਾਦੀ ਦੇ ਜਜ਼ਬਾਤ ਨੂੰ ਵਰਤਣਗੇ। ਅਸੀਂ ਇਹ ਨਹੀਂ ਸਾਂ ਹੋਣ ਦੇਣਾ ਚਾਹੁੰਦੇ, ਭਾਵੇਂ ਸਾਨੂੰ ਬੋਸ ਨਾਲ ਵਿਗਾੜਨੀ ਹੀ ਪੈਂਦੀ। ਅਸੀਂ ਆਪਣੇ ਪਿਆਰੇ ਦੇਸ਼ ਨੂੰ ਭੱਠ ਵਿਚੋਂ ਕਢਵਾ ਕੇ ਤੰਦੂਰ ਵਿਚ ਨਹੀਂ ਸਾਂ ਸੁੱਟਣਾ ਚਾਹੁੰਦੇ।

ਇਸ ਤੋਂ ਅੱਗੇ ਜਦ ਭਗਤ ਰਾਮ ਨੇ ਇਹ ਦੱਸਿਆ ਕਿ ਬੋਸ ਅਫਗਾਨਿਸਤਾਨ ਸਰਹੱਦ ਤੋਂ ਮਾਸਕੋ ਤੱਕ ਰੇਲ ਵਿਚ ਗਿਆ ਤੇ ਮਾਸਕੋ ਵਿਚ ਦੋ ਦਿਨ ਰਹਿ ਕੇ ਹਵਾਈ ਜਹਾਜ਼ 'ਤੇ ਬਰਲਿਨ ਪਹੁੰਚਿਆ ਤਾਂ ਸਾਡੇ ਮਾਪੇ ਹੀ ਮਰ ਗਏ। ਸਾਡੇ ਸ਼ੱਕ ਸੱਚੇ ਨਿਕਲੇ ਕਿ ਬੋਸ ਨੇ ਸਾਨੂੰ ਦਾਅ ਲਾ ਜਾਣਾ ਸੀ, ਸੋ ਲਾ ਗਿਆ। ਜੇ ਉਸ ਨੇ ਸਾਡੇ ਨਾਲ ਅਤੇ ਫਿਰ ਭਗਤ ਰਾਮ ਨਾਲ ਕੀਤੇ ਬਚਨਾਂ 'ਤੇ ਸੱਚਾ ਰਹਿਣਾ ਹੁੰਦਾ ਤਾਂ ਉਹ ਸੋਵੀਅਤ ਸਰਹੱਦ ਅੰਦਰ ਵੜ ਕੇ, ਮਾਸਕੋ ਦੇ ਬਿਸਰਾਮ ਵੇਲੇ ਰੂਸ ਵਿਚ ਰਹਿ ਸਕਦਾ ਸੀ। ਉਹਨੂੰ ਕੋਈ ਮੱਲੋ-ਮੱਲੀ ਬਰਲਿਨ ਨਹੀਂ ਲਿਜਾ ਸਕਦਾ ਸੀ।

ਅਸੀਂ ਭਗਤ ਰਾਮ ਦੀ ਬੜੀ ਲਾਹ ਪਾਹ ਕੀਤੀ ਤੇ ਸੋਚੀ ਦੀ ਤਾਂ ਉਹ ਬਾਬ ਕੀਤੀ ਕਿ ਉਹ ਉਤਾਂਹ ਮੂੰਹ ਚੁੱਕਣ ਜੋਗਾ ਨਾ ਰਿਹਾ। ਅਸੀਂ ਛੀਨੇ ਤੇ ਦੂਸਰਿਆਂ ਨੂੰ ਮੰਦਾ ਬੋਲਣੋਂ ਨਾ ਰਹਿ ਸਕੇ ਜਿਨ੍ਹਾਂ ਬੋਸ ਨੂੰ ਜਾਣਦਿਆਂ ਬੁੱਝਦਿਆਂ ਹੋਇਆਂ ਵੀ ਐਡਾ ਵੱਡਾ ਜੂਆ ਖੇਡ ਲਿਆ ਜਿਸ ਦੀ ਹਾਰ ਸਾਡੇ ਮੱਥੇ ਲੱਗੀ। ਇਸ ਹੋਣੀ ਦੇ ਕੀਰਨੇ ਪਾ ਕੇ ਜਦ ਅਸੀਂ ਥੱਕ ਗਏ ਤੇ ਜ਼ਰਾ ਸਾਹ ਆਇਆ ਤਾਂ ਡੁੱਲ੍ਹੇ ਬੇਰਾਂ ਨੂੰ ਹੀ ਚੁਗਣ ਤੇ ਝਾੜ ਪੂੰਝ ਕੇ ਖਾਣ ਦੀ ਫਿਰ ਸਲਾਹ ਕਰ ਲਈ। ਅਸਾਂ ਇਹ ਸਾਰੀ ਰਿਪੋਰਟ ਲਿਖ ਕੇ ਤੇਜਾ ਸਿੰਘ ਸੁਤੰਤਰ ਨੂੰ ਕੈਮਲਪੁਰ ਜੇਲ੍ਹ ਵਿਚ ਭੇਜੀ ਤੇ ਪੁੱਛਿਆ ਕਿ ਜੇ ਛਲ ਉਤੇ ਛਲ ਚਲਾ ਲਈਏ, ਕੋਈ ਹਰਜ਼ ਤੇ ਨਹੀਂ? ਅਸੀਂ ਬੋਸ ਨੂੰ ਭੇਜਣ ਵੇਲੇ ਵੀ ਸੁਤੰਤਰ ਦੀ ਸਲਾਹ ਲਈ ਸੀ ਤੇ ਉਸ ਨੇ ਸਾਡੇ ਡਰਾਂ ਦੀ ਪੁਸ਼ਟੀ ਕੀਤੀ ਸੀ ਤੇ ਬਹੁਤ ਹੀ ਸਾਵਧਾਨੀ ਵਰਤਣ ਲਈ ਆਖਿਆ ਸੀ।

# ਬੀਬੀ ਸੁਰਜੀਤ ਕੌਰ ਦਾ ਸਟੈਂਡ ਸ਼ਲਾਘਾਯੋਗ ਅਤੇ ਜ਼ਬਰਦਸਤ

## ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ 3 ਸਤੰਬਰ ਦੇ ਅੰਕ ਵਿਚ 'ਸ਼੍ਰੋਮਣੀ ਕਮੇਟੀ ਦੇ ਉਮੀਦਵਾਰਾਂ ਦੀਆਂ ਸੇਲਾਂ ਲੱਗੀਆਂ' ਸਿਰਲੇਖ ਹੇਠ ਛਪੇ ਲੇਖ ਵਿਚ ਬੀਬੀ ਸੁਰਜੀਤ ਕੌਰ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵਿਕਾਊ ਅਕਾਲੀ ਉਮੀਦਵਾਰਾਂ ਦੇ ਕਿਰਦਾਰ ਬਾਰੇ ਬਹੁਤ ਸਹੀ ਅਤੇ ਬੇਬਾਕ ਗੱਲਾਂ ਕਹੀਆਂ ਹਨ। ਅੱਜ ਸਾਡੀ ਕੌਮ ਨੂੰ ਅਜਿਹੇ ਬੇਬਾਕ ਕਲਮਕਾਰਾਂ ਦੀ ਹੀ ਲੋੜ ਹੈ। ਪਰ ਜਦ ਬਾਦਲ ਢੀਠ ਹੋ ਜਾਵੇ ਤਾਂ ਜੁੱਤੀਆਂ ਵੀ ਮੌਜੇ ਹੀ ਲੱਗਦੇ ਹਨ। ਉਹ ਕਿਹੜੀ ਅਖ਼ਬਾਰ ਹੈ ਜਿਸ ਵਿਚ ਬਾਦਲ ਐਂਡ ਕੰਪਨੀ ਨੂੰ ਲਾਹਨਤਾਂ ਨਹੀਂ ਪਈਆਂ ਪਰ ਮਜਾਲ ਹੈ ਕਿ ਬੜਾ ਬਾਦਲ ਜਾਂ ਛੋਟਾ ਬਾਦਲ ਉਸ ਦੀ ਸ਼ਰਮ ਮੰਨ ਕੇ ਆਪਣੇ ਵਿਚ ਕੁਝ ਸੁਧਾਰ ਕਰ ਲੈਣ। ਇਥੇ ਉਨ੍ਹਾਂ ਦੇ ਹਮਾਇਤੀਆਂ ਦੀ ਸੰਗ ਸ਼ਰਮ ਬਾਰੇ ਸੋਚ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਉਪਰ ਲਾਹਨਤਾਂ ਦਾ ਕੋਈ ਅਸਰ ਹੀ ਨਹੀਂ ਹੁੰਦਾ।

ਦਰਬਾਰ ਸਾਹਿਬ ਦਾ ਘਾਟੇ ਵਿਚ ਜਾਣਾ ਜਾਂ ਕਮੇਟੀ ਦੇ ਪ੍ਰਧਾਨ ਵਲੋਂ ਗੱਡੀ ਵਿਚ ਕਰੋੜਾਂ ਦਾ ਤੇਲ ਫੂਕ ਦੇਣਾ, ਸਾਰਾ ਪੰਜਾਬ ਘੋਨ ਮੋਨ ਹੋ ਜਾਣਾ, ਸਕੂਲਾਂ ਤੋਂ ਵੱਧ ਸ਼ਰਾਬ ਦੇ ਠੇਕੇ ਖੋਲ੍ਹ ਦੇਣੇ, ਦੇਹਧਾਰੀਆਂ ਦੇ ਡੇਰਿਆਂ ਨਾਲ ਸਾਂਝਾਂ, ਕੁਰਪਟ, ਸ਼ਰਾਬੀ ਅਤੇ ਕੁਕਰਮੀ ਕਮੇਟੀ ਮੈਂਬਰਾਂ ਬਾਰੇ ਹਰ ਰੋਜ਼ ਹੁੰਦੇ ਖੁਲਾਸੇ, ਗੁੰਡਾਗਰਦ ਟਾਸਕ ਫ਼ੋਰਸਾਂ ਆਦਿ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਇਨ੍ਹਾਂ ਮਹਾਪੁਰਖਾਂ ਦੀਆਂ ਪ੍ਰਾਪਤੀਆਂ ਹਨ। ਲਗਦਾ ਹੈ ਸਭ ਕੁਝ ਬੇਕਾਬੂ ਹੋਇਆ ਪਿਆ ਹੈ। ਕੁਰਪਟ ਅਫ਼ਸਰਸ਼ਾਹੀ, ਪੁਲਿਸ, ਬਾਦਲਦਲੀਏ ਅਤੇ ਕੁਰਪਟ ਡੇਰੇਦਾਰਾਂ ਦਾ ਪੂਰੀ ਤਰ੍ਹਾਂ ਚੌਕੋਨਾ ਨਾਪਾਕ ਗੱਠਜੋੜ ਬਣ ਚੁੱਕਿਆ ਹੈ। ਇਸ ਸਾਰੇ ਮਾਮਲੇ ਵਿਚ ਵੋਟਰ ਵੀ ਘੱਟ ਜ਼ਿੰਮੇਵਾਰ ਨਹੀਂ ਜਿਨ੍ਹਾਂ ਵਿਚੋਂ ਬਹੁਤੇ ਖੁਦ ਵਿਕਾਊ ਬਣੇ ਹੋਏ ਹਨ। ਜੇ ਵੋਟਰ ਜ਼ਿੰਮੇਵਾਰੀ ਤੋਂ ਕੰਮ ਲੈਣ ਤਾਂ ਸਿਰਫ ਇਮਾਨਦਾਰ ਅਤੇ ਮਿਹਨਤੀ ਬੰਦੇ ਨੂੰ ਵੋਟ ਪਾਉਣ ਅਤੇ ਇੰਜ ਖੂਨ ਪੀਣੀਆਂ ਜੋਕਾਂ ਤੋਂ ਬਚੇ ਰਹਿਣ।

ਭਾਈ ਮਝੈਲ ਸਿੰਘ ਨੇ ਵੀ ਬਾਦਲ ਲਾਣੇ ਦੇ ਡੇਰੇਦਾਰਾਂ ਨਾਲ ਚੋਣ ਸਮਝੌਤੇ ਨੂੰ ਖ਼ਾਲਸਾ ਪੰਥ ਲਈ ਖਤਰੇ ਦੀ ਘੰਟੀ ਦੱਸਿਆ ਹੈ। ਭਾਈ ਤਰਲੋਚਨ ਸਿੰਘ ਆਪਣੇ ਢੰਗ ਨਾਲ ਲੋਕਾਂ ਨੂੰ ਆਪਣੇ ਫਰਜ਼ਾਂ ਤੋਂ ਜਾਣੂ ਕਰਾਉਂਦੇ ਰਹਿੰਦੇ ਹਨ।

*-ਕਰਨੈਲ ਸਿੰਘ ਖ਼ਾਲਸਾ*
*ਗੁਰਮਤਿ ਚੇਤਨਾ ਸੇਵਾ ਲਹਿਰ, ਅਮਰੀਕਾ।*

# 'ਜਾਗੋ ਹੁਆ ਸਵੇਰਾ' ਦਾ ਨਿਊ ਯਾਰਕ 'ਚ ਪ੍ਰਦਰਸ਼ਨ

ਫ਼ੈਜ਼ ਅਹਿਮਦ ਫ਼ੈਜ਼ ਦੀ ਲਿਖੀ ਅਤੇ ਏ ਜੇ ਕਾਰਦਾਰ ਦੀ ਡਾਇਰੈਕਟ ਕੀਤੀ 1950 ਵਿਚ ਪਾਕਿਸਤਾਨ ਵਿਚ ਬਣੀ ਫ਼ਿਲਮ 'ਜਾਗੋ ਹੁਆ ਸਵੇਰਾ' ਦਾ ਕੁਈਨਜ਼ ਮਿਊਜ਼ੀਅਮ ਆਫ਼ ਆਰਟ ਵਿਚ ਪ੍ਰਦਸ਼ਨ ਕੀਤਾ ਗਿਆ। ਉਰਦੂ ਦੀ ਇਹ ਫ਼ਿਲਮ ਅੰਗਰੇਜ਼ੀ ਸਬ-ਟਾਈਟਲਾਂ ਸਮੇਤ ਪ੍ਰਦਰਸ਼ਿਤ ਕੀਤੀ ਗਈ, ਜਿਸ ਨੂੰ ਬੰਗਲਾਦੇਸ਼ੀ, ਪਾਕਿਸਤਾਨੀ, ਭਾਰਤੀ ਦਰਸ਼ਕਾਂ ਤੋਂ ਇਲਾਵਾ ਅਮਰੀਕਨ ਲੋਕਾਂ ਨੇ ਵੀ ਦੇਖਿਆ। ਪਾਕਿਸਤਾਨੀ ਮੂਲ ਦੇ ਕਹਾਣੀਕਾਰ, ਚਿੱਤਰਕਾਰ ਅਤੇ ਫ਼ਿਲਮਸਾਜ਼ ਮੁਮਤਾਜ਼ ਹੁਸੈਨ ਦੇ ਯਤਨਾਂ ਸਦਕਾ ਇਹ ਫ਼ਿਲਮ ਦਾ ਪ੍ਰਦਰਸ਼ਨ ਸੰਭਵ ਹੋ ਸਕਿਆ। ਇਹ ਫ਼ਿਲਮ ਬੰਗਾਲੀ ਮਛੇਰੇ ਦੇ ਸੰਘਰਸ਼ ਨੂੰ ਪੇਸ਼ ਕਰਦੀ ਹੈ, ਜਿਹੜਾ ਸਾਰੀ ਉਮਰ ਆਪਣੀ ਕਿਸ਼ਤੀ ਖ਼ਰੀਦਣ ਲਈ ਸਿਰਤੋੜ ਯਤਨ ਕਰਦਾ ਹੈ ਤਾਂ ਕਿ ਉਹ ਸ਼ਾਹੂਕਾਰ ਦੇ ਕਬਜ਼ੇ ਵਿਚੋਂ ਨਿਕਲ ਸਕੇ।



*ਮੁਮਤਾਜ਼ ਹੁਸੈਨ*

ਮਾਸਕੋ ਫ਼ਿਲਮ ਫ਼ੈਸਟੀਵਲ ਵਿਚ ਇਨਾਮ ਜਿੱਤਣ ਤੋਂ ਇਲਾਵਾ ਇਸ ਫ਼ਿਲਮ ਨੂੰ ਹੋਰ ਵੀ ਬਹੁਤ ਸਾਰੇ ਐਵਾਰਡ ਮਿਲੇ ਸਨ। ਪਾਕਿਸਤਾਨ ਦੇ ਸਿਨਮਿਆਂ ਵਿਚ ਇਹ ਫ਼ਿਲਮ ਸਿਰਫ਼ ਇਕ ਹਫ਼ਤਾ ਚੱਲ ਸਕੀ ਸੀ। ਘਾਟੇ ਦਾ ਸੌਦਾ ਜਾਣ ਕੇ ਇਸ ਦੇ ਨਿਰਮਾਤਾ ਨੇ ਇਸ ਨੂੰ ਡੱਬੇ ਵਿਚ ਬੰਦ ਕਰ ਦਿੱਤਾ ਸੀ। ਇੰਜ ਇਹ ਫ਼ਿਲਮ ਸਮੇਂ ਦੇ ਗੇੜ ਵਿਚ ਗੁੰਮ ਹੋ ਗਈ। ਅਚਾਨਕ ਇਹ ਫ਼ਿਲਮ ਇਕ ਬਰਤਾਨਵੀ ਫ਼ਿਲਮ-ਮੇਕਰ ਦੇ ਹੱਥ ਲੱਗ ਗਈ। ਉਸ ਤੋਂ ਇਜਾਜ਼ਤ ਲੈ ਕੇ ਮੁਮਤਾਜ਼ ਹੁਸੈਨ ਨੇ ਇਸ ਫ਼ਿਲਮ ਦੇ ਪ੍ਰਦਰਸ਼ਨ ਦਾ ਪ੍ਰਬੰਧ ਕੁਈਨਜ਼ ਮਿਊਜ਼ੀਅਮ ਆਫ਼ ਆਰਟ, ਨਿਊ ਯਾਰਕ ਵਿਚ ਕੀਤਾ। ਇਹ ਪ੍ਰਦਰਸ਼ਨ ਇਕ ਇਤਿਹਾਸਕ ਪਲ ਹੋ ਨਿਬੜਿਆ।

ਮੁਮਤਾਜ਼ ਹੁਸੈਨ ਦਾ ਕਹਿਣਾ ਹੈ ਕਿ ਇਕ ਤਰ੍ਹਾਂ ਨਾਲ ਇਸ ਫ਼ਿਲਮ ਦਾ ਪੁਨਰ-ਜਨਮ ਹੋਇਆ ਹੈ। ਮੁਮਤਾਜ਼ ਹੁਸੈਨ ਮੁਤਾਬਕ ਇਸ ਫ਼ਿਲਮ ਦੇ ਦੁਬਾਰਾ ਪਰਦੇ 'ਤੇ ਆਉਣ ਦੇ ਇਸ ਸਬਬ ਨੇ ਇਸ ਧਾਰਨਾ ਨੂੰ ਹੋਰ ਵੀ ਪੱਕਿਆਂ ਕਰ ਦਿੱਤਾ ਹੈ ਕਿ ਕਲਾ ਵਿਚ ਜਾਨ ਹੋਵੇ ਅਤੇ ਸਿਰਜੀ ਕਲਾਤਮਕ ਰਚਨਾ ਮਨੁੱਖੀ ਕਦਰਾਂ ਨਾਲ ਜੁੜੀ ਹੋਈ ਹੋਵੇ ਤਾਂ ਉਹ ਸਮੇਂ ਦੇ ਪਰਦੇ ਪਾੜ ਕੇ ਇਕ ਨਾ ਇਕ ਦਿਨ ਸਾਹਮਣੇ ਆ ਹੀ ਜਾਂਦੀ ਹੈ।

*-ਸੁਰਿੰਦਰ ਸੋਹਲ, ਨਿਊ ਯਾਰਕ*

# ਪੰਜਾਬੀ ਸਿਨੇਮੇ ਦਾ ਸੁਨਹਿਰੀ ਯੁੱਗ

ਫਿਲਮੀ ਦੁਨੀਆਂ

ਅੱਜ ਦਾ ਪੰਜਾਬੀ ਸਿਨੇਮਾ ਸੂਝਵਾਨ ਨਿਰਮਾਤਾ, ਨਿਰਦੇਸ਼ਕ, ਪਟਕਥਾ, ਸੰਵਾਦ ਅਤੇ ਉਚ ਤਕਨੀਕ ਕਾਰਨ ਸਿਖਰਾਂ ਨੂੰ ਛੋਹ ਰਿਹਾ ਹੈ। ਅੱਜ ਪੰਜਾਬੀ ਫਿਲਮਾਂ ਦਾ ਬਜਟ ਵੀ ਪਹਿਲਾਂ ਨਾਲੋਂ ਕਈ ਗੁਣਾ ਵਧ ਗਿਆ ਹੈ। ਇਸੇ ਕਰਕੇ ਪੰਜਾਬੀ ਫਿਲਮਾਂ ਦੀ ਮੰਗ ਪਰਦੇਸਾਂ ਵਿਚ ਵੀ ਬਹੁਤ ਹੈ।

ਪੰਜਾਬੀ ਫਿਲਮਾਂ ਦਾ ਇਤਿਹਾਸ ਬੜਾ ਪੁਰਾਣਾ ਹੈ। 1930-32 ਦੇ ਦਹਾਕੇ ਦੀਆਂ ਫਿਲਮਾਂ 'ਹੀਰ ਰਾਂਝਾ', 'ਚਮਨ' ਅਤੇ 'ਪਿੰਡ ਦੀ

**ਭੁਪਿੰਦਰ ਪੰਧੇਰ, ਫਰਿਜ਼ਨੋ**

ਕੁੜੀ' ਤੋਂ ਕਿੰਨੇ ਹੀ ਸਾਲਾਂ ਬਾਅਦ ਜਦੋਂ ਕਮਲਾ ਮੂਵੀਟੋਨ ਦੀ 'ਮੰਗਤੀ' ਰਿਲੀਜ਼ ਹੋਈ, ਉਸ ਨੇ ਪੰਜਾਬੀ ਫਿਲਮਾਂ ਦਾ ਨਵਾਂ ਇਤਿਹਾਸ ਸਿਰਜਿਆ। ਇਸ ਫਿਲਮ ਦੀ ਸਫਲਤਾ ਨਾਲ ਪੰਜਾਬੀ ਸਿਨੇਮਾ ਨੂੰ ਬਹੁਤ ਹੁਲਾਰਾ ਮਿਲਿਆ। ਉਸ ਸਮੇਂ ਫਿਲਮਾਂ ਵਿਚ ਗੀਤ-ਸੰਗੀਤ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ। 1944 ਵਿਚ ਬਣੀ 'ਗੁਲ ਬਲੋਚ' ਵਿਚ ਮੁਹੰਮਦ ਰਫੀ ਪਹਿਲੀ ਵਾਰ ਪਿੱਠਵਰਤੀ ਗਾਇਕ ਬਣਿਆ ਸੀ। ਉਨ੍ਹਾਂ ਸਮਿਆਂ ਵਿਚ ਪਿੱਠਵਰਤੀ ਗਾਇਕਾਂ ਵਜੋਂ ਮਹਿੰਦਰ ਕਪੂਰ, ਸੁਰਿੰਦਰ ਕੋਹਲੀ, ਜਸਪਾਲ ਸਿੰਘ, ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਸੁਮਨ ਕਲਿਆਣਪੁਰ, ਕ੍ਰਿਸ਼ਨਾ ਕੱਲੇ ਅਤੇ ਬਾਅਦ ਵਿਚ ਦਿਲਰਾਜ ਕੌਰ, ਮੀਨੂੰ ਪ੍ਰਸ਼ੋਤਮ ਅਤੇ ਸਵਿਤਾ ਸਾਥੀ ਦੇ ਨਾਂ ਵਰਣਨਯੋਗ ਹਨ।

ਪੰਜਾਬੀ ਫਿਲਮਾਂ ਲਈ ਪਹਿਲਾ ਪੁਰਸਕਾਰ ਲੈਣ ਦਾ ਮਾਣ ਬਲਰਾਜ ਸਾਹਨੀ ਦੀ 1964 ਵਿਚ ਬਣੀ ਫਿਲਮ 'ਸਤਲੁਜ ਦੇ ਕੰਢੇ' ਨੂੰ ਪ੍ਰਾਪਤ




ਹੋਇਆ। ਇਸ ਤੋਂ ਬਾਅਦ ਇਸੇ ਕੜੀ ਵਿਚ 'ਨਾਨਕ ਨਾਮ ਜਹਾਜ਼ ਹੈ', 'ਚੰਨ ਪਰਦੇਸੀ', 'ਮੜ੍ਹੀ ਦਾ ਦੀਵਾ', 'ਕਚਹਿਰੀ', 'ਦੇਸ ਹੋਇਆ ਪਰਦੇਸ', 'ਮੈਂ ਮਾਂ ਪੰਜਾਬ ਦੀ', 'ਸ਼ਹੀਦ ਉਧਮ ਸਿੰਘ' ਅਤੇ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ ਪਰ ਸਭ ਤੋਂ ਵੱਧ ਪੁਰਸਕਾਰ ਜਿੱਤਣ ਵਾਲੀ ਫਿਲਮ ਦਾ ਨਾਂ ਹੈ 'ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ' ਜਿਸ ਨੇ ਨਵੀਂਆਂ ਪੈੜਾਂ ਪਾ ਕੇ ਚਾਰ ਪੁਰਸਕਾਰ ਇਕੱਠੇ ਜਿੱਤੇ।


ਪੁਰਾਣੀਆਂ ਫਿਲਮਾਂ ਦੇ ਗੀਤ ਸੰਗੀਤ ਵੱਲ ਖਾਸ ਮਿਹਨਤ ਹੋਣ ਕਾਰਨ ਉਸ ਸਮੇਂ ਦੇ ਗੀਤ ਅੱਜ ਵੀ ਸਾਡੇ ਚੇਤਿਆਂ ਵਿਚ ਵਸੇ ਹੋਏ ਹਨ। ਸ਼ਮਸ਼ਾਦ ਬੇਗਮ ਦਾ 'ਗੁੱਡੀ' ਫਿਲਮ ਦਾ ਗੀਤ 'ਕੱਚੀ ਟੁੱਟ ਗਈ ਜਿਨ੍ਹਾਂ ਦੀ ਯਾਰੀ', 'ਯਮਲਾ ਜੱਟ' ਦਾ ਗੀਤ 'ਲੰਬਾ ਲੰਬਾ ਬਾਜਰੇ ਦਾ ਸਿੱਟਾ', 'ਭੰਗੜਾ' ਦਾ ਗੀਤ 'ਰੱਬ ਨਾ ਕਰੇ', 'ਲੱਛੀ' ਦਾ ਗੀਤ 'ਕਾਲੀ ਕੰਘੀ ਨਾਲ ਮੈਂ ਵਾਲ ਪਈ ਵਾਹੁਨੀ ਆਂ' ਵਗੈਰਾ ਨੂੰ ਅੱਜ ਵੀ ਬਹੁਤ ਸ਼ਿੱਦਤ ਨਾਲ ਸੁਣਿਆ ਜਾਂਦਾ ਹੈ। ਇਸ ਦੀ ਤਾਜ਼ਾ ਮਿਸਾਲ ਅੱਜ ਡੀ.ਜੇ. 'ਤੇ ਵੱਜਦਾ ਗੀਤ 'ਤੇਰੀ ਕਣਕ ਦੀ ਰਾਖੀ ਮੁੰਡਿਆ, ਵੇ ਹੁਣ ਮੈਂ ਨਹੀਂ ਬਹਿੰਦੀ' ਹੈ।

ਜਦੋਂ 'ਨਾਨਕ ਨਾਮ ਜਹਾਜ਼ ਹੈ' ਨੂੰ ਬੇਹਿਸਾਬ ਸਫਲਤਾ ਮਿਲੀ ਤਾਂ ਉਸ ਤੋਂ ਬਾਅਦ ਕਈ ਧਾਰਮਿਕ ਫਿਲਮਾਂ ਹਿੱਟ ਹੋਈਆਂ ਜਿਨ੍ਹਾਂ ਵਿਚ 'ਨਾਨਕ ਦੁਖੀਆ ਸਭੁ ਸੰਸਾਰੁ', 'ਸੱਚਾ ਮੇਰਾ ਰੂਪ ਹੈ', 'ਮਿੱਤਰ ਪਿਆਰੇ ਨੂੰ', 'ਦੁੱਖ ਭੰਜਨ ਤੇਰਾ ਨਾਮੁ', 'ਮਨ ਜੀਤੇ ਜਗੁ ਜੀਤੁ', 'ਸਵਾ ਲਾਖ ਸੇ ਏਕ ਲੜਾਊਂ', 'ਗੁਰੂ ਮਾਨਿਓ ਗ੍ਰੰਥ', 'ਸਤਿ ਸ੍ਰੀ ਅਕਾਲ', 'ਭਗਤ ਧੰਨਾ ਜੱਟ', 'ਪਾਪੀ ਤਾਰੇ ਅਨੇਕ' ਅਤੇ ਕਾਫੀ ਸਮੇਂ ਬਾਅਦ ਆਈ 'ਉਚਾ ਦਰ ਬਾਬੇ ਨਾਨਕ ਦਾ' ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਧਾਰਮਿਕ ਫਿਲਮਾਂ ਦੇ ਸ਼ਬਦਾਂ ਦੇ ਨਾਲ ਇਨ੍ਹਾਂ ਵਿਚਲੇ ਸਮਾਜਿਕ ਗੀਤਾਂ ਨੂੰ ਵੀ ਬਹੁਤ ਪਸੰਦ ਕੀਤਾ ਗਿਆ। ਇਨ੍ਹਾਂ ਵਿਚ 'ਨਾਨਕ ਦੁਖੀਆ ਸਭੁ ਸੰਸਾਰੁ' ਦਾ 'ਮੇਰੇ ਮਨ ਵਿਚ ਤੂੰਬਾ ਵੱਜਦਾ ਏ', 'ਨਾਨਕ ਨਾਮ ਜਹਾਜ਼' ਦਾ 'ਕਰਤਾਰੋ ਦੀ ਅੱਖ ਮੁੰਡਿਆ, ਜਿਵੇਂ ਇੱਲ ਦੇ ਆਲ੍ਹਣੇ ਆਂਡਾ', 'ਮਨ ਜੀਤੇ ਜਗ ਜੀਤੁ' ਦਾ 'ਜਦੋਂ ਜਦੋਂ ਵੀ ਬਨੇਰੇ ਬੋਲੇ ਕਾਂ', 'ਮਿੱਤਰ ਪਿਆਰੇ ਨੂੰ' ਦਾ 'ਧਰਤੀ ਨੂੰ ਕਲੀ ਕਰਾ ਦੇ ਵੇ, ਨੱਚੂੰਗੀ ਸਾਰੀ ਰਾਤ', 'ਸਵਾ ਲਾਖ ਸੇ ਏਕ ਲੜਾਊਂ' ਦੀ ਕੱਵਾਲੀ, 'ਭਗਤ ਧੰਨਾ ਜੱਟ' ਦਾ 'ਸੱਪ ਦੀ ਤੋਰ ਨਾ ਤੁਰੀਏ ਨੀ ਕੁੜੀਏ' ਅਤੇ 'ਉਚਾ ਦਰ ਬਾਬੇ ਨਾਨਕ ਦਾ' ਫਿਲਮ ਦਾ ਗਿੱਧਾ-'ਮਹਿੰਦੀ ਮਹਿੰਦੀ ਗਿੱਧੇ ਵਿਚ ਨੱਚਦੀ' ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ।

ਜਦੋਂ ਇੰਦਰਜੀਤ ਹਸਨਪੁਰੀ ਵਰਗੇ ਸੁਲਝੇ ਹੋਏ ਇਨਸਾਨ ਇਸ ਖੇਤਰ ਨਾਲ ਜੁੜੇ ਤਾਂ ਫਿਲਮਾਂ ਦਾ ਮੁਹਾਂਦਰਾ ਹੋਰ ਵੀ ਸੋਹਣਾ ਹੋ ਗਿਆ। ਜਿਥੇ ਉਨ੍ਹਾਂ ਸਹੀ ਪੰਜਾਬੀ ਉਚਾਰਨ ਵਾਲੇ ਕਲਾਕਾਰ ਸਾਹਮਣੇ ਲਿਆਂਦੇ, ਉਥੇ ਗੀਤਾਂ ਵਿਚ ਵੀ ਪੰਜਾਬੀ ਗਾਇਕ ਕਲਾਕਾਰਾਂ ਨੂੰ ਮੌਕਾ ਦਿੱਤਾ। ਜਿਥੇ ਉਨ੍ਹਾਂ ਵਰਿੰਦਰ ਅਤੇ ਦਲਜੀਤ ਕੌਰ ਵਰਗੇ ਠੇਠ ਪੰਜਾਬੀ ਬੋਲਣ ਵਾਲੇ ਕਲਾਕਾਰਾਂ ਨੂੰ ਮੌਕਾ ਦਿੱਤਾ, ਉਥੇ ਨਰਿੰਦਰ ਬੀਬਾ ਵਰਗੀ ਉਚ ਕੋਟੀ ਦੀ ਗਾਇਕਾ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਦਾਜ' ਵਿਚ ਪੇਸ਼ ਕੀਤਾ। 'ਤੇਰੀ ਮੇਰੀ ਇਕ ਜਿੰਦੜੀ', 'ਦਾਜ' ਅਤੇ 'ਸੁਖੀ ਪਰਿਵਾਰ' ਵਰਗੀਆਂ ਹਿੱਟ ਫਿਲਮਾਂ ਬਣਾਉਣ ਦੇ ਨਾਲ ਨਾਲ ਉਨ੍ਹਾਂ ਅਣਗਿਣਤ ਫਿਲਮਾਂ ਦੇ ਗੀਤ ਲਿਖੇ। ਭਾਖੜੀ ਭਰਾਵਾਂ ਦੀ ਪੰਜਾਬੀ ਫਿਲਮ ਜਗਤ ਨੂੰ ਦੇਣ ਵੀ ਭੁਲਾਈ ਨਹੀਂ ਜਾ ਸਕਦੀ। ਉਨ੍ਹਾਂ ਦੀਆਂ ਜ਼ਿਆਦਾ ਫਿਲਮਾਂ ਦੇ ਹੀਰੋ ਹੀਰੋਇਨ ਬੇਸ਼ਕ ਗੈਰ-ਪੰਜਾਬੀ ਕਲਾਕਾਰ ਸਤੀਸ਼ ਕੌਲ ਅਤੇ ਭਾਵਨਾ ਭੱਟ ਰਹੇ ਪਰ ਇਹ ਵੀ ਸੱਚ ਹੈ ਕਿ ਸਭ ਤੋਂ ਵੱਧ ਉਨ੍ਹਾਂ ਦੀਆਂ ਫਿਲਮਾਂ ਹਿੱਟ ਹੋਈਆਂ।

ਵਰਿੰਦਰ ਦੇ ਫਿਲਮਾਂ ਵਿਚ ਪ੍ਰਵੇਸ਼ ਤੋਂ ਬਾਅਦ ਫਿਲਮਾਂ ਹੋਰ ਵੀ ਜ਼ਿਆਦਾ ਵਧੀਆ ਬਣਨ ਲੱਗੀਆਂ। ਵਰਿੰਦਰ ਨੇ ਹਮੇਸ਼ਾ ਵਕਤ ਦੀ ਨਬਜ਼ ਪਛਾਣ ਕੇ ਫਿਲਮਾਂ ਦੇ ਵਿਸ਼ੇ ਦੀ ਚੋਣ ਕੀਤੀ ਅਤੇ ਉਹ ਬੇਹੱਦ ਸਫਲ ਵੀ ਰਿਹਾ। ਉਸ ਸਮੇਂ ਜ਼ਿਆਦਾਤਰ ਅਭਿਨੇਤਰੀਆਂ ਹਿੰਦੀ ਫਿਲਮਾਂ 'ਚੋਂ ਲਈਆਂ ਜਾਂਦੀਆਂ ਸਨ। ਉਨ੍ਹਾਂ ਦਾ ਵਾਰਤਾਲਾਪ ਪੱਖ ਬੇਸ਼ਕ ਗੈਰ-ਪੰਜਾਬੀ ਹੋਣ ਕਰਕੇ ਕਮਜ਼ੋਰ ਸੀ ਪਰ ਨਾਚ-ਗਾਣਿਆਂ ਲਈ ਉਹ ਪੂਰੀ ਤਰ੍ਹਾਂ ਸੰਪੂਰਨ ਸਨ। ਇਸ ਦੌਰ ਦੀਆਂ ਸ਼ੁਰੂ ਦੀਆਂ ਜ਼ਿਆਦਾ ਸਫਲ ਫਿਲਮਾਂ 'ਧਰਮਜੀਤ', 'ਸੈਤੋ-ਬੰਤੋ' ਅਤੇ 'ਲੰਬੜਦਾਰਨੀ' ਵਗੈਰਾ ਹਿੰਦੀ ਫਿਲਮਾਂ ਦੀ ਉਘੀ ਨ੍ਰਿਤਕੀ ਤੇ ਅਭਿਨੇਤਰੀ ਅਰੁਣਾ ਇਰਾਨੀ ਨਾਲ ਆਈਆਂ। ਹੋਰ ਕਈ ਫਿਲਮਾਂ ਸੋਮਾ ਆਨੰਦ, ਸੋਭਨੀ ਸਿੰਘ, ਭਾਵਨਾ ਭੱਟ, ਅਰਪਨਾ ਚੌਧਰੀ, ਕੋਮਿਲਾ ਵਿਰਕ ਅਤੇ ਦਲਜੀਤ ਨਾਲ ਆਈਆਂ। ਉਂਜ, ਉਹਦੀ ਸਭ ਤੋਂ ਹਿੱਟ ਜੋੜੀ ਪ੍ਰੀਤੀ ਸਪਰੂ ਨਾਲ ਬਣੀ। ਇਨ੍ਹਾਂ ਦੋਵਾਂ ਨੇ 'ਸਰਪੰਚ', 'ਦੁਸ਼ਮਣੀ ਦੀ ਅੱਗ' ਅਤੇ 'ਯਾਰੀ ਜੱਟ ਦੀ' ਤੋਂ ਬਿਨਾਂ ਵੀ ਬਹੁਤ ਸਾਰੀਆਂ ਹਿੱਟ ਫਿਲਮਾਂ ਦਿੱਤੀਆਂ।

ਉਦੋਂ ਕੁ ਹੀ ਪੰਜਾਬੀ ਗਾਇਕ ਕਲਾਕਾਰਾਂ ਨੂੰ ਫਿਲਮਾਂ ਵਿਚ ਲੈ ਕੇ ਆਉਣ ਦਾ ਰੁਝਾਨ ਸ਼ੁਰੂ ਹੋਇਆ। ਗੁਰਦਾਸ ਮਾਨ ਦਾ ਫਿਲਮ 'ਲੌਂਗ ਦਾ ਲਿਸ਼ਕਾਰਾ' ਵਿਚ ਛੋਟਾ ਜਿਹਾ ਪਰ ਪ੍ਰਭਾਵਸ਼ਾਲੀ ਰੋਲ ਦੇਖਣ ਨੂੰ ਮਿਲਿਆ ਜਿਸ ਨੂੰ ਦਰਸ਼ਕਾਂ ਨੇ





ਬਹੁਤ ਭਰਵਾਂ ਹੁੰਗਾਰਾ ਦਿੱਤਾ। ਗੁਰਦਾਸ ਮਾਨ ਦੀ ਹੀਰੋ ਵਜੋਂ ਪਹਿਲੀ ਫਿਲਮ 'ਮਾਮਲਾ ਗੜਬੜ ਹੈ', ਜੋ ਦਲਜੀਤ ਕੌਰ ਨਾਲ ਸੀ, ਬਹੁਤ ਸਫਲ ਹੋਈ। ਇਸ ਫਿਲਮ ਦੀ ਸਫਲਤਾ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਸਨ। ਇਸ ਤੋਂ ਬਾਅਦ 'ਗੱਭਰੂ ਪੰਜਾਬ ਦਾ' ਅਤੇ 'ਕੀ ਬਣੂ ਦੁਨੀਆਂ ਦਾ' ਵਿਚ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਹੀਰੋਇਨ ਆਈ। ਫਿਰ 'ਕੁਰਬਾਨੀ ਜੱਟ ਦੀ' ਅਤੇ 'ਪ੍ਰਤਿਗਿਆ' ਫਿਲਮਾਂ ਪ੍ਰੀਤੀ ਸਪਰੂ ਨਾਲ ਆਈਆਂ। ਮਤਲਬ ਇਨ੍ਹਾਂ ਦੀਆਂ ਮੁਢਲੇ ਸਮੇਂ ਤੋਂ ਬੇਹੱਦ ਖੂਬਸੂਰਤ ਫਿਲਮਾਂ ਆਈਆਂ। ਇਨ੍ਹਾਂ ਤੋਂ ਪਹਿਲਾਂ ਮੁਹੰਮਦ ਸਦੀਕ, ਰਣਜੀਤ ਕੌਰ, ਕੁਲਦੀਪ ਮਾਣਕ, ਕੇ. ਦੀਪ, ਜਗਮੋਹਣ ਕੌਰ, ਸੁਰਿੰਦਰ ਸ਼ਿੰਦਾ ਅਤੇ ਨਰਿੰਦਰ ਬੀਬਾ ਦੀ ਕਿਸੇ ਨਾ ਕਿਸੇ ਤਰ੍ਹਾਂ ਫਿਲਮਾਂ ਵਿਚ ਐਂਟਰੀ ਹੋ ਚੁੱਕੀ ਸੀ। ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦਾ 'ਸੈਦਾਂ ਜੋਗਣ', 'ਪੁੱਤ ਜੱਟਾਂ ਦੇ', 'ਗੁੱਡੋ' ਅਤੇ 'ਰਾਣੋ' ਵਰਗੀਆਂ ਫਿਲਮਾਂ 'ਚ ਸਫਲ ਦਾਖਲਾ ਹੋ ਚੁੱਕਾ ਸੀ। ਉਨ੍ਹਾਂ ਦਿਨਾਂ ਵਿਚ ਸੁਰਿੰਦਰ ਛਿੰਦਾ ਦੇ ਗੀਤ ਨੇ 'ਲੰਬੜਦਾਰਨੀ' ਵਿਚ 'ਜੀ ਟੀ ਰੋਡ 'ਤੇ ਦੁਹਾਈਆਂ' ਪਾ ਕੇ ਆਪਣਾ ਨਾਂ ਫਿਲਮਾਂ ਵਿਚ ਪੱਕਾ ਕਰ ਲਿਆ ਸੀ। ਫਿਰ ਚਰਚਿਤ ਫਿਲਮ 'ਬਲਵੀਰੋ ਭਾਬੀ' ਦੇ ਸਾਰੇ ਗੀਤ ਹੀ ਕੁਲਦੀਪ ਮਾਣਕ ਦੇ ਗਾਏ ਹੋਏ ਸੀ। ਗਾਇਕਾਂ ਵਿਚ ਸੁਰਿੰਦਰ ਸ਼ਿੰਦਾ 'ਪਟੋਲਾ' ਵਿਚ, ਮਲਕੀਤ ਸਿੰਘ ਤੇ ਹੰਸ ਰਾਜ 'ਮਹਿੰਦੀ ਸ਼ਗਨਾਂ ਦੀ' ਵਿਚ ਹੀਰੋ ਆ ਚੁੱਕੇ ਹਨ। ਉਨ੍ਹਾਂ ਸਮਿਆਂ ਵਿਚ ਦਰਸ਼ਕਾਂ ਨੂੰ ਆਪਣੇ ਮਹਿਬੂਬ ਕਲਾਕਾਰਾਂ ਨੂੰ ਫਿਲਮੀ ਪਰਦੇ 'ਤੇ ਦੇਖਣ ਦਾ ਬਹੁਤ ਚਾਅ ਹੁੰਦਾ ਸੀ।

ਜਦੋਂ 'ਸੈਦਾਂ ਜੋਗਣ' ਰਿਲੀਜ਼ ਹੋਈ ਸੀ ਤਾਂ ਉਸ ਦੀਆਂ ਟਿਕਟਾਂ ਹੀ ਨਹੀਂ ਮਿਲਦੀਆਂ ਸਨ, ਹਮੇਸ਼ਾ ਸਾਰੇ ਸ਼ੋਅ ਹਾਊਸਫੁੱਲ ਜਾਂਦੇ ਸਨ। ਜਦੋਂ ਪਹਿਲੀ ਵਾਰ ਦੀਦਾਰ ਸੰਧੂ ਅਤੇ ਅਮਰ ਨੂਰੀ ਦਾ ਅਖਾੜਾ 'ਗੱਭਰੂ ਪੰਜਾਬ ਦਾ' ਵਿਚ ਫਿਲਮਾਇਆ ਗਿਆ ਤਾਂ ਦਰਸ਼ਕਾਂ ਦੀ ਭੀੜ ਇਨ੍ਹਾਂ ਨੂੰ ਪਰਦੇ 'ਤੇ ਦੇਖਣ ਲਈ ਟੁੱਟ ਪਈ ਸੀ। ਇਸ ਫਿਲਮ ਦੀ ਸਫਲਤਾ ਦੇਖ ਕੇ ਤਾਂ ਫਿਰ ਫਿਲਮਾਂ ਵਿਚ ਅਖਾੜੇ ਫਿਲਮਾਉਣ ਦਾ ਰਿਵਾਜ਼ ਹੀ ਚੱਲ ਪਿਆ ਸੀ। ਇਸੇ ਕੜੀ ਵਿਚ ਅਮਰਜੋਤ ਅਤੇ ਅਮਰ ਸਿੰਘ ਚਮਕੀਲੇ ਦੇ ਅਖਾੜੇ ਨੂੰ 'ਪਟੋਲਾ' ਫਿਲਮ ਵਿਚ ਪਾਇਆ ਗਿਆ ਸੀ। ਸੁਰਜੀਤ ਬਿੰਦਰਖੀਆ ਅਤੇ ਦਿਲਸ਼ਾਦ ਅਖਤਰ ਦਾ ਅਖਾੜਾ 'ਬਦਲਾ ਜੱਟੀ ਦਾ' ਵਿਚ ਫਿਲਮਾਇਆ ਗਿਆ। ਫਿਰ ਤਾਂ ਇਹ ਹਿੱਟ ਫਿਲਮਾਂ ਦਾ ਫਾਰਮੂਲਾ ਬਣ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਜਦੋਂ 'ਪੁੱਤ ਜੱਟਾਂ ਦੇ', 'ਬਦਲਾ ਜੱਟੀ ਦਾ', 'ਅਣਖ ਜੱਟਾਂ ਦੀ' ਅਤੇ 'ਜੱਟ ਤੇ ਜ਼ਮੀਨ' ਵਗੈਰਾ ਫਿਲਮਾਂ ਸਫਲ ਹੋਈਆਂ ਤਾਂ ਧੜਾਧੜ 'ਜੱਟ' ਸ਼ਬਦ ਨਾਲ ਫਿਲਮਾਂ ਦਾ ਨਾਂ ਰੱਖ ਕੇ ਪਾਕਿਸਤਾਨੀ ਫਿਲਮਾਂ ਦੀ ਨਕਲ ਕਰਕੇ ਹੂ-ਬ-ਹੂ ਪਹਿਰਾਵਾ, ਵਾਰਤਾਲਾਪ ਅਤੇ ਸੰਗੀਤ ਚੋਰੀ ਕਰਕੇ ਫਿਲਮਾਂ ਬਣਨ ਲੱਗੀਆਂ। ਸੂਝਵਾਨ ਦਰਸ਼ਕ ਇਸ ਤਰ੍ਹਾਂ ਦੀ ਮਾਰ-ਧਾੜ, ਬੇਹੂਦਾ ਗਾਲੀ-ਗਲੋਚ, ਡਾਂਗਾਂ-ਸੋਟੇ ਦੀਆਂ ਲੜਾਈਆਂ ਦੇਖਣ ਤੋਂ ਅੱਕ ਕੇ ਫਿਲਮਾਂ ਤੋਂ ਦੂਰ ਹੋ ਗਿਆ। ਇਸ ਤਰ੍ਹਾਂ ਲੱਗਣ ਲੱਗਾ ਸੀ ਕਿ ਪੰਜਾਬੀ ਫਿਲਮਾਂ ਦਾ ਵਿਨਾਸ਼ ਸ਼ੁਰੂ ਹੋ ਗਿਆ ਹੈ। ਇਸ ਵਿਚ ਸ਼ੱਕ ਵੀ ਕੋਈ ਨਹੀਂ ਸੀ ਪਰ ਜਦੋਂ 1999 ਵਿਚ ਗੁਰਦਾਸ ਮਾਨ ਅਤੇ ਦਿਵਿਆ ਦੱਤਾ ਦੀ ਫਿਲਮ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਰਿਲੀਜ਼ ਹੋਈ ਤਾਂ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਦੇਖ ਕੇ ਫਿਰ ਆਸ ਦੀ ਕਿਰਨ ਜਾਗੀ।


ਆਸ ਦੀ ਇਸ ਕਿਰਨ ਨੂੰ ਮਨਮੋਹਨ ਸਿੰਘ ਅਤੇ ਹਰਭਜਨ ਮਾਨ ਦੀ ਜੋੜੀ ਨੇ ਆਪਣੀ ਪਹਿਲੀ ਹੀ ਢਾਈ ਕਰੋੜ ਰੁਪਏ ਦੇ ਬਜਟ ਵਾਲੀ ਫਿਲਮ 'ਜੀ ਆਇਆਂ ਨੂੰ' ਤੋਂ ਸੱਚ ਕਰ ਦਿਖਾਇਆ।




ਇਸ ਫਿਲਮ ਦਾ ਉਸ ਮੌਕੇ ਦੇ ਲਿਹਾਜ ਨਾਲ ਨਾਂ ਬੜਾ ਢੁੱਕਵਾਂ ਸੀ ਕਿਉਂਕਿ ਇਸ ਫਿਲਮ ਨੂੰ ਹੀ ਪੰਜਾਬੀ ਫਿਲਮਾਂ ਤੋਂ ਮੂੰਹ ਮੋੜ ਚੁੱਕੇ ਦਰਸ਼ਕਾਂ ਨੂੰ 'ਜੀ ਆਇਆਂ ਨੂੰ' ਕਿਹਾ। ਜੋ ਸੱਚੇ ਦਿਲੋਂ ਆਪਣੀ ਮਾਂ ਬੋਲੀ ਨੂੰ ਪਿਆਰ ਕਰਦੇ ਹਨ, ਉਹ ਸਚਮੁਚ ਇਤਿਹਾਸ ਸਿਰਜਦੇ ਹਨ। ਅੱਜ ਹਰਭਜਨ ਮਾਨ ਦੀਆਂ ਫਿਲਮਾਂ ਦੀ ਲਿਸਟ 'ਜੀ ਆਇਆਂ ਨੂੰ' ਤੋਂ ਲੈ ਕੇ 'ਯਾਰਾ ਓ ਦਿਲਦਾਰਾ' ਤੱਕ ਬਹੁਤ ਲੰਮੀ ਹੈ। ਇਨ੍ਹਾਂ ਦੀ ਟੀਮ ਨੇ ਆਮ ਲੀਕ ਤੋਂ ਹਟ ਕੇ ਪੰਜਾਬੀ ਫਿਲਮਾਂ ਦਰਸ਼ਕਾਂ ਦੀ ਝੋਲੀ ਵਿਚ ਪਾਉਣ ਅਤੇ ਨਵੇਂ ਵਿਸ਼ੇ ਲੈ ਕੇ ਤਜਰਬੇ ਕੀਤੇ ਜੋ ਸਫਲ ਵੀ ਹੋਏ।

ਅੱਜ ਪੰਜਾਬੀ ਸਿਨੇਮਾ ਕਿਥੇ ਦਾ ਕਿਥੇ ਪਹੁੰਚ ਗਿਆ ਹੈ। ਕਿਸੇ ਸਮੇਂ ਫਿਲਮਾਂ ਦੇ ਗੀਤ ਨਹਿਰਾਂ, ਪੁਲਾਂ, ਸਰ੍ਹੋਂ, ਕਮਾਦ ਜਾਂ ਫਿਰ ਹਰ ਭਰੀਆਂ ਕਣਕਾਂ ਵਿਚ ਫਿਲਮਾਂ ਲਏ ਜਾਂਦੇ ਸੀ ਪਰ ਅੱਜ ਦੀਆਂ ਫਿਲਮਾਂ ਵਿਚ ਗਲੈਮਰ ਹਾਵੀ ਹੋ ਗਿਆ ਹੈ। ਫਿਲਮਾਂ ਦੀ ਵਧੇਰੇ ਸ਼ੂਟਿੰਗ ਕੈਨੇਡਾ, ਆਸਟਰੇਲੀਆ, ਇੰਗਲੈਂਡ ਅਤੇ ਅਮਰੀਕਾ ਦੀਆਂ ਦਿਲ ਮੋਹ ਲੈਣ ਵਾਲੀਆਂ ਲੋਕੇਸ਼ਨਾਂ 'ਤੇ ਕੀਤੀ ਜਾਂਦੀ ਹੈ। ਇਸੇ ਕਰਕੇ ਪੰਜਾਬੀ ਫਿਲਮਾਂ ਦਾ ਬਜਟ ਹਿੰਦੀ ਫਿਲਮਾਂ ਦੇ ਬਰਾਬਰ ਪਹੁੰਚਦਾ ਹੋ ਗਿਆ ਹੈ। ਅੱਜ ਦੀਆਂ ਫਿਲਮਾਂ ਇਕੋ ਸਮੇਂ ਕਈ ਕਈ ਦੇਸ਼ਾਂ ਵਿਚ ਰਿਲੀਜ਼ ਹੁੰਦੀਆਂ ਹਨ।

ਸਾਨੂੰ ਇਸ ਗੱਲ ਦਾ ਵੀ ਮਾਣ ਹੈ ਕਿ




ਅਜੋਕੀਆਂ ਫਿਲਮਾਂ ਹਿੰਦੀ ਫਿਲਮਾਂ ਤੋਂ ਵੀ ਵਧੀਆ ਬਣਨ ਲੱਗੀਆਂ ਹਨ। ਇਸ ਦੀ ਤਾਜ਼ਾ ਮਿਸਾਲ ਹੁਣੇ ਹੁਣੇ ਗਿਪੀ ਗਰੇਵਾਲ, ਦਿਲਜੀਤ, ਨੀਰੂ ਬਾਜਵਾ ਅਤੇ ਬੀਨੂੰ ਢਿਲੋਂ ਦੀ ਰਿਲੀਜ਼ ਹੋਈ ਫਿਲਮ 'ਜਿਨ੍ਹੇ ਮੇਰਾ ਦਿਲ ਲੁੱਟਿਆ' ਹੈ। ਇਸ ਫਿਲਮ ਨੇ ਹਲਕੀ ਫੁਲਕੀ ਕਾਮੇਡੀ, ਸਸਪੈਂਸ, ਮਨਮੋਹਣੇ ਦ੍ਰਿਸ਼ਾਂ ਅਤੇ ਗੀਤ ਸੰਗੀਤ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਹੈ। ਬਹੁਤ ਹੀ ਸਾਫ ਸੁਥਰੀ ਮਨੋਰੰਜਕ ਫਿਲਮ ਹੈ ਇਹ, ਜਦ ਕਿ ਕਾਮੇਡੀ ਦੇ ਨਾਂ 'ਤੇ ਬਣਨ ਵਾਲੀਆਂ ਹਿੰਦੀ ਫਿਲਮਾਂ ਅਸ਼ਲੀਲ ਵਾਰਤਾਲਾਪ, ਘਟੀਆ ਕਾਮੇਡੀ ਅਤੇ ਬੇਹੂਦਾ ਅਸ਼ਲੀਲ ਦ੍ਰਿਸ਼ਾਂ ਨਾਲ ਭਰੀਆਂ ਪਈਆਂ ਹਨ ਜੋ ਪਰਿਵਾਰ ਵਿਚ ਬੈਠ ਕੇ ਦੇਖੀਆਂ ਵੀ ਨਹੀਂ ਜਾ ਸਕਦੀਆਂ।

ਅੱਜ ਪੰਜਾਬੀ ਮਾਂ ਬੋਲੀ ਦੀਆਂ ਬੇਹੱਦ ਖੂਬਸੂਰਤ ਫਿਲਮਾਂ ਬਣਨ ਲਗੀਆਂ ਹਨ। ਸਭ ਤੋਂ ਵਧੀਆ ਗੱਲ ਕਿ ਫਿਲਮਾਂ ਲਈ ਕਲਾਕਾਰ ਵੀ ਪੰਜਾਬ ਦੇ ਜੰਮਪਲ ਠੇਠ ਪੰਜਾਬੀ ਬੋਲਣ ਵਾਲੇ ਲਏ ਜਾ ਰਹੇ ਹਨ। ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਇੱਥੇ ਇਹ ਵੀ ਜ਼ਰੂਰੀ ਨਹੀਂ ਕਿ ਚਰਚਿਤ ਗਾਇਕ ਜਾਂ ਗਾਇਕਾਵਾਂ ਨੂੰ ਲੈ ਕੇ ਹਰ ਪੰਜਾਬੀ ਫਿਲਮ ਸਫਲ ਹੋਣ ਦੀ ਗਰੰਟੀ ਹੈ। ਇਸ ਸੱਚਾਈ ਦਾ ਪ੍ਰਮਾਣ ਸਾਨੂੰ ਪ੍ਰਸਿੱਧ ਗਾਇਕਾ ਮਿਸ ਪੂਜਾ ਨੂੰ ਲੈ ਕੇ ਬਣਾਈਆਂ ਫਿਲਮਾਂ ਦੇ ਹਸ਼ਰ ਤੋਂ ਮਿਲ ਜਾਂਦਾ ਹੈ।

ਅੱਜ ਪੰਜਾਬੀ ਸਿਨੇਮਾ ਬੇਸ਼ਕ ਲੀਹ 'ਤੇ ਚੜ੍ਹ ਚੁੱਕਾ ਹੈ ਪਰ ਅਜੇ ਵੀ ਪੰਜਾਬੀ ਸਿਨੇਮੇ ਲਈ ਬਹੁਤ ਕੁਝ ਕਰਨਾ ਬਾਕੀ ਹੈ। ਸੰਨ 2010 ਦੀਆਂ ਫਿਲਮਾਂ ਨੂੰ ਫਿਲਮਸਾਜ਼ਾਂ ਨੇ ਗਿਣਤੀ ਅਤੇ ਵਿਸ਼ੇ ਪੱਖ ਤੋਂ ਇਸ ਨੂੰ ਅਮੀਰ ਬਣਾਇਆ ਹੈ ਪਰ ਵਖਰੇਵੇਂ ਅਤੇ ਬਹੁਲਤਾ ਹੋਣ ਦੇ ਬਾਵਜੂਦ ਕਲਾਤਮਿਕ ਦ੍ਰਿਸ਼ਟੀਕੋਣ ਤੋਂ ਇਹ ਅਜੇ ਵੀ ਮਾਤ ਖਾ ਰਹੇ ਹਨ।


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Still Better!!!

5/1, 7/1 ARM are also attractive

Refinance Now At Zero Cost

**Call Sukhi Gill @ 510-207-9067**


CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.


### Hot Listing




3721 Ashwood Drive
Pleasanton CA
4 Bedrooms, 2.5 Baths,
2 Car Garage
Area 2337 Sq. Ft.
Lot 8710 Sq. Ft.
Offered at $515,000



4300 Gibraltar
Fremont CA 94536
4 Bedrooms, 2 Baths,
1 Car Garage
Area 1800 Sq. Ft.
Lot 6400 Sq. Ft.
Offered at $420,000



1921 Delafield Way
Sacramento, CA 95835
4 Bedrooms, 3.5 Baths,
3 Car Garage
Area 2734 Sq. Ft.
Lot 6100 Sq. Ft.
Offered at $249,000




18940 Loree Ave.
Cupertino, CA 95014
3 Bedrooms, 2 Baths,
1 Car Garage
Area 1078 Sq. Ft.
Lot 6014 Sq. Ft.
Offered at $590,000




34782 Klondike Court
Union City, CA 94587
4 Bedrooms, 3 Baths,
2 Car Garage
Area 1320 Sq. Ft.
Lot 3526 Sq. Ft.
Offered at $499,000

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



**Jaswinder Gill** M.Sc (PAU)
CA DRE# 00966763
Broker/Owner/Notary

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings